ਸਿੱਖਾਂ ਦਾ ਰਾਜ ਕਿਵੇਂ ਗਿਆ

ਸੋਧਕ

ਗਿਆਨੀ ਸੋਹਣ ਸਿੰਘ ਜੀ

ਪ੍ਰਕਾਸ਼ਕ !

ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ

ਪੁਸਤਕਾਂ ਛਾਪਣ ਤੇ ਵੇਚਣ ਵਾਲੇ,

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

੧ ਓ ਸਤਿਗੁਰਪ੍ਰਸਾਦਿ ॥

ਖਾਲਸਾ ਰਾਜ ਕਿਵੇਂ ਗਿਆ ?

-:ਰਚਿਤ:-

ਸ੍ਰੀ ਮਾਨ ਗਜ਼ਾਨੀ ਲਾਲ ਸਿੰਘ ਜੀ

ਸੰਗਰੂਰ ਵਾਲੇ

ਕਰਤਾ:-ਸਿਖ ਕਾਨੂੰਨ ਆਦਿ

ਇਸ ਐਡੀਸ਼ਨ ਦੇ ਪ੍ਰਕਾਸ਼ਕ:-

[illegible] ਸਿੰਘ ਕ੍ਰਿਪਾਲ ਸਿੰਘ

[illegible] ਮਾਈ ਸੇ[illegible] ਅਮ੍ਰਿਤਸਰ

ਸਰਦਾਰ ਬੁਧ ਸਿੰਘ ਵਾਲੇ
ਸ੍ਰੀ ਗੁਰਮਤ ਪ੍ਰੈਸ ਅਮ੍ਰਿਤਸਰ ਵਿਖੇ ਛਪਿਆ
ਪ੍ਰਿੰਟਰ–ਗਜਾਨੀ ਮਹਿੰਦਰ ਸਿੰਘ "ਰਤਨ"

ਪੰਜਵੀਂ ਵੇਰ ੧੦੦੦, ਫਰਵਰੀ ੧੯੪੭

ਖਾਲਸਾ ਰਾਜ

ਕਿਵੇਂ ਬਣਿਆਂ ਤੇ ਕਿਵੇਂ ਗਿਆ ?

ਇਸ ਪ੍ਰਸ਼ਨ ਦਾ ਉੱਤਰ ਦੇਣ ਵਾਸਤੇ ਸਿਖ ਪੰਥ ਦੀ ਮੁਢ ਤੋਂ ਲੈਕੇ ਅਖੀਰ ਤੱਕ ਤਵਾਰੀਖ ਦੇ ਪੱਤਰੇ ਫੋਲਣ ਦੀ ਜ਼ਰੂਰਤ ਹੈ।

ਪ੍ਰਿਥਮ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਵਿਖੇ ਵਿਚਰਕੇ ਸੱਚ ਦਾ ਝੰਡਾ ਝੁਲਾਯਾ ਅਰ ਸ਼ਾਂਤ, ਵੈਰਾਗ, ਗਜਾਂਨ, ਉਪਦੇਸ਼ ਭਿੰਨੀ ਬਾਣੀ ਦੁਆਰਾ ਕੂੜ ਪਾਖੰਡ ਦਾ ਟਾਕਰਾ ਕੀਤਾ। ਇਸੇ ਤਰਾਂ ਦੂਜੇ, ਤੀਜੇ ਚੌਥੇ ਤੇ ਪੰਜਵੇਂ ਸਰੂਪ ਵਿਖੇ ਸੰਸਾਰ ਭਰਦੇ ਭੁਲੇ ਭਟਕੇ ਜੀਵਾਂ ਨੂੰ ਸ਼ਾਂਤ ਸਰੂਪ ਤੇਗ ਦੀ ਧਾਰ ਨਾਲ ਸਿਧੇ ਰਾਹੇ ਪਾਯਾ।

ਛੇਵੇਂ ਸਰੂਪ ਵਿਚ ਤਲਵਾਰ ਦੇ ਮੁਠੇ ਉਪਰ ਹੱਥ ਧਰਿਆ ਤੇ ਪਾਪੀਆਂ ਪਖੰਡੀਆਂ ਨੂੰ ਸੋਧਕੇ ਸਿਧੇ ਰਾਹੇ ਪੌਣ ਦਾ ਯਤਨ ਅਰੰਭਿਆ।

ਸਤਵੇਂ, ਅਠਵੇਂ ਤੇ ਨੌਵੇਂ ਸਰੂਪ ਵਿਚ ਸੀਸ ਤਲੀ ਪਰ ਧਰਕੇ ਇਸ ਮੋਰਚੇ ਨੂੰ ਸਰ ਕਰਣ ਲਈ ਤੇਰੇ ਭਾਣੇ ਵਿਚ ਕੁਰਬਾਨੀਆਂ ਕੀਤੀਆਂ ਤੇ ਦਸਮ ਸਰੂਪ ਵਿਚ ਜਮਾਂਦਰੂ ਹੀ ਏਹ ਗੁੜਤੀ ਲਿਤੀ ਕਿ ਯੋਗ ਕਮੌਦੇ ਹੋਏ ਰਾਜ ਪ੍ਰਵਿਰਤੀ ਵਿਚ ਪਰਵਿਰਤ ਹੋਣਾ ਭੀ ਅਵੱਸ਼ ਹੈ। —ਯਾਂਤੇ--

ਦਸਮ ਗੁਰੂ ਜੀ ਨੇ ਜਿਥੇ ਪੰਡਤਾਂ, ਪਾਧਿਆਂ ਦੇ ਪਖੰਡ ਖੰਡਣ ਹਿਤ ਦੇਵੀ ਪੂਜਾ ਦਾ ਭਰਮ ਨਿਵਿਰਤ ਕੀਤਾ ਓਥੇ ਸ੍ਰੀ

ਸਾਹਿਬ ਦੀ ਉਪਮਾ ਦਵਾਰਾ ਸੰਸਾਰਕ ਬਿਭੂਤੀਆਂ ਇਸੇ ਦੀ ਧਾਰ ਅਗੇ ਹੀ ਨਿਰੂਪਣ ਕਰਕੇ ਜੋ ਪੰਜ ਸਤ ਬਰਸਾਂ ਵਿਚ ਇਸ ਨਾਲ ਕੰਮ ਕਰ ਵਿਖਾਏ ਉਹ ਕਹਿਣ ਸੁਣਨ ਤੋਂ ਪਰੇਡੇ ਹਨ।

ਸੈਂਕੜੇ ਸਾਲਾਂ ਤੋਂ ਮੁਗਲੀਆ ਸਲਤਨਤ ਦੀਆਂ ਮਜ਼ਬੂਤ ਜੜਾਂ ਹਿਲਾ ਕੇ ਖਾਰੇ ਸਮੁੰਦਰ ਵਿਚ ਸੁਟ ਦੇਣੀਆਂ ਏਹ ਕੋਈ ਮਾਮੂਲੀ ਜੇਹੀ ਗਲ ਨਹੀਂ ।

ਬਾਬਾ ਬੰਦਾ ਬਹਾਦਰ ਦੀਆਂ ਘਾਲਾਂ ਤੇ ਗੁਰੂ ਪਿਆਰੇ ਸ਼ਹੀਦਾਂ ਸਿੰਘਾਂ ਦੀ ਅਥੱਕ ਮੇਹਨਤ ਨਾਲ 'ਖਾਲਸਾ ਰਾਜ' ਕਾਇਮ ਹੋਯਾ ਪਰੰਤੂ ਅਫਸੋਸ ਕਿ ਚੜ੍ਹਦੀਆਂ ਕਲਾਂ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਜੀ ਦੀ ਚੜ੍ਹਾਈ ਕਰ ਜਾਣ ਕਾਰਣ ਜਿਥੇ ਖਾਲਸਾ ਰਾਜ ਦਾ ਅੰਤ ਹੋਯਾ ਉਹ ਅਤਿਅੰਤ ਦੁਖਦਾਈ ਸਮਾਂ ਹੈ।

ਇਸ ਪੁਸਤਕ ਵਿਚ ਉਸੇ ਦੁਖਦਾਈ ਸਮੇਂ ਦੀ ਝਾਕੀ ਵਿਖੌਣ ਦੀ ਕੋਸ਼ਸ਼ ਕੀਤੀ ਗਈ ਹੈ, ਆਸ ਹੈ ਆਪ ਇਸ ਨੂੰ ਪੜ ਕੇ ਚੰਗੀ ਤਰਾਂ ਜਾਣ ਜਾਓਗੇ ਕਿ:-

'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ',
ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਜੀ।

ਕਿਵੇਂ ਠੀਕ ਹੈ।

ਦਾਸ 'ਕਰਤਾ'

ੴ ਸਤਿਗੁਰਪ੍ਰਸਾਦਿ ॥

ਹਿੰਦ ਵਿੱਚ ਅੰਗ੍ਰੇਜ਼ੀ ਰਾਜ ਦੀ ਬਣਤਰ

ਸਾਧਾਰਨ ਤੌਰ ਪਰ ਇੰਗਲੈਂਡ ਵਾਲੇ ਅੰਗਰੇਜ਼ ਫਰਾਂਸੀਸੀ, ਇਟਾਲੀਅਨ, ਪੁਰਤਗਾਲੀ ਆਦਿ ਕਾਫੀ ਸਮੇਂ ਤੋਂ ਹਿੰਦ ਵਿਚ ਬਪਾਰ ਕਰਨ ਲਈ ਔਂਦੇ ਸਨ ਪਰ ਉਸ ਵੇਲੇ ਇਨ੍ਹਾਂ ਪਰ ਹਿੰਦੀ ਰਾਜਿਆਂ ਨੂੰ ਰਾਜ ਕਰਨੇ ਦਾ ਐਸਾ ਸ਼ੱਕ ਨਹੀਂ ਸੀ, ਸ਼ੁਰੂ ਵਿਚ ਬਪਾਰ ਕਰਨ ਦੀ ਖੁਲ੍ਹ ਪ੍ਰਾਪਤ ਕਰਨ ਨੂੰ ਹੀ ਗਨੀਮਤ ਸਮਝਦੇ ਸਨ। ਖਾਸ ਤੌਰ ਪਰ ਸੰਨ ੧੬੧੫ ਈ: ਵਿਚ ਇੰਗਲੈਂਡ ਦੇ ਬਾਦਸ਼ਾਹ ਜੇਮਜ਼ ਦੇ ਸਮੇਂ ਹਿੰਦ ਵਿਚ ਇਨ੍ਹਾਂ ਦੀ ਆਮਦ ਹੋਈ। ਸਰ ਟਾਮਸਰੋ ਪਹਿਲਾਂ ਅੰਗਰੇਜ਼ ਦੂਤ ਹੋਕੇ ਆਇਆ, ਦੋ ਸਾਲਾਂ ਵਿਚ ਉਸ ਨੇ ਫਿਰ ਤੁਰ ਕੇ ਵਾਪਾਰ ਵਿਚ ਕਈਕੁ ਰਿਆਇਤਾਂ ਲਿਤੀਆਂ ਜਿਨ੍ਹਾਂ ਨਾਲ ਈਸਟ ਇੰਡੀਆ ਬਪਾਰਕ ਕੰਪਨੀ ਦੇ ਕਾਫੀ ਪੈਰ ਬੱਝ ਗਏ। ਉਸ ਵੇਲੇ ਪੁਰਤਗਾਲੀ, ਫਰਾਂਸੀਸੀ, ਹਾਲੈਂਡ ਤੇ ਡਨਮਾਰਕ ਦੇ ਲੋਕ ਭੀ ਏਧਰ ਬਪਾਰ ਕਰਦੇ ਸਨ ਪਰ 'ਈਸਟ ਇੰਡੀਆ ਕੰਪਨੀ' ਦੀ ਤਾਕਤ ਨਾਲ ਅੰਗਰੇਜ਼ਾਂ ਨੇ

ਸੰਨ ੧੬੬੪ ਤੇ ੭੦ ਦੇ ਵਿਚਕਾਰ ਸੇਵਾ ਜੀ ਮਰਹੱਟੇ ਨਾਲ ਝੜਪ ਕੀਤੀ, ਸੂਰਤ ਦੀ ਕੋਠੀ ਪਰ ਹਮਲਾ ਹੋਇਆ। ਬਾਦਸ਼ਾਹ ਔਰੰਗਜ਼ੇਬ ਸੇਵਾ ਜੀ ਮਰਹੱਟੇ ਦਾ ਦੁਸ਼ਮਨ ਹੋਣ ਕਰਕੇ ਮਨ ਵਿਚ ਖੁਸ਼ ਰਿਹਾ, ਉਪਰੰਤ ਤਾਕਤ ਹੋਣ ਪਰ ਅੰਗਰੇਜ਼ਾਂ ਨੇ ਬਾਨਾਂ ਲੜਾਕੇ ਜਹਾਜ਼ ਲਿਆ ਕੇ ਚਿਟਾ ਕਾਂਗ ਪਰ ਹਮਲਾ ਕੀਤਾ, ਸਫਲਤਾ ਨਾਂ ਹੋਣ ਕਰਕੇ ੧੬੮੮ ਵਿਚ ਬੰਗਾਲ ਛਡਣ ਲਗੇ ਹੀ ਸਨ ਕਿ ਸ਼ਾਹ ਔਰੰਗਜ਼ੇਬ ਨੇ ਇਕ ਹੱਲਾ ਕਰਕੇ ਸੂਰਤ ਦੀ ਕੋਠੀ ਪਰ ਕਬਜ਼ਾ ਕਰਕੇ ਅੰਗਰੇਜ਼ਾਂ ਨੂੰ ਹਿੰਦ ਵਿਚੋਂ ਨਿਕਲ ਜਾਣ ਦਾ ਹੁਕਮ ਦੇ ਦਿਤਾ ਪਰ ਬਾਦਸ਼ਾਹ ਨੂੰ ਅੰਗਰੇਜ਼ਾਂ ਨੇ ਠੰਢਾ ਕਰ ਲਿਆ, ਔਰੰਗਜ਼ੇਬ ਦੇ ਮਰਨ ਪਰ ਰਾਜ ਰੌਲਾ ਪੈ ਗਿਆ, ਪੰਜਾਬ ਵਿਚ ਸਿਖਾਂ ਦੀ ਤਾਕਤ ਵਧ ਰਹੀ ਸੀ ਪਰ ਮੁਗਲ ਇਨ੍ਹਾਂ ਪਿਛੇ ਹਥ ਧੋ ਕੇ ਪਏ ਸਨ, ਉਧਰ ਬੰਗਾਲ ਵਿਚ ਕੰਪਨੀ ਦੀ ਤਾਕਤ ਵਧਦੀ ਗਈ। ਸੰਨ ੧੬੭੫ ਈ: ਵਿਚ ਬੰਗਾਲ ਦੀ ਹਕੂਮਤ ਵਿਚ ਸਹੂਲਤਾਂ ਹਾਸਲ ਕਰਨ ਲਈ ਅੰਗਰੇਜ਼ ਨੇ ਸਾਢੇ ਚਾਰ ਲਖ ਰੁਪਿਆ ਦਿੱਲੀ ਪਤਿ ਫੱਰੁਖਸੀਅਰ ਦੀ ਭੇਟਾ ਵਜੋਂ ਦਿਤਾ। ਬਾਦਸ਼ਾਹ ਪਿੱਠ ਦੇ ਫੋੜੇ ਨਾਲ ਬੀਮਾਰ ਸੀ, ਅੰਗਰੇਜ਼ ਡਾਕਟਰ ਹਿਮਲਟਨ ਨੇ ਫੋੜਾ ਰਾਜੀ ਕਰਕੇ ਕੰਪਨੀ ਲਈ ਕਾਫੀ ਸਹੂਲਤਾਂ ਹਾਸਲ ਕਰ ਲਈਆਂ। ਬੰਗਾਲ ਵਿਚ ਮਹਿਸੂਲ ਮੁਆਫ ਹੋ ਗਿਆ, ਅੰਗਰੇਜ਼ ਕੰਪਨੀ ਵਧਦੀ ਗਈ, ਮੁਗਲ ਹਾਕਮ ਵੱਢੀਆਂ ਖਾ ਕੇ ਰਿਆਇਤਾਂ ਦਿੰਦੇ ਰਹਿੰਦੇ ਸਨ। ਕਈ ਸੂਬੇ ਵਿਗੜ ਭੀ ਗਏ! ਐਸੇ ਮੌਕੇ ਅੰਗਰੇਜ਼ਾਂ ਨੂੰ ਭੀ ਇਲਾਕੇ ਮੱਲਣ ਦੀ ਸੂਝ ਪਈ, ਇਨ੍ਹਾਂ ਨੇ ਹਿੰਦ ਵਿਚ ਵਧ

ਰਹੀ ਫਰਾਂਸੀਸੀ ਤਾਕਤ ਨੂੰ ਕੁਚਲ ਕੇ ਆਪਣਾ ਅੱਡਾ ਤਕੜਾ ਜਮਾ ਲਿਆ। ਫਰਾਂਸੀਸੀਆਂ ਪਾਸ ਬੰਗਾਲ ਵਿਚ ਚੰਦਰ ਨਗਰ ਅਤੇ ਮਦਰਾਸ ਵਿਖੇ ਪਾਂਡੀ ਚਰੀ ਹੀ ਰਹਿ ਗਏ ਸਨ। ਔਰੰਗਜ਼ੇਬ ਤੇ ਸੇਵਾ ਜੀ ਮਰ ਚੁਕੇ ਸਨ। ਅੰਗਰੇਜ਼ ਲਾਰਡ ਕਲਾਈਵ ਨੇ ਰਾਜ ਕਰਨ ਦੀ ਸਕੀਮ ਘੜੀ, ਬੰਗਾਲ ਦਾ ਨਵਾਬ ਅਲੀ ਵਰਦੀ ਖਾਂ ਸੁਤੰਤ੍ਰ ਰਾਜਾ ਹੋ ਗਿਆ ਸੀ।

ਅੰਗਰੇਜ਼ਾਂ ਨੇ ਦਿਲੀ ਪਤਿ ਨੂੰ ਰੁਪਏ ਭਰਨੇ ਬੰਦ ਕਰ ਦਿਤੇ ਉਸ ਵੇਲੇ ਅੰਗਰੇਜ਼ ਵਧੇ ਫੁਲੇ ਸਨ। ੧੭੫੬ ਵਿਚ ਅਲੀ ਵਰਦੀ ਦੇ ਮਰਨ ਪਰ ਉਸ ਦਾ ਜਵਾਈ ਸੁਰਾਜੁਦੌਲਾ ਬੰਗਾਲ ਦਾ ਨਵਾਬ ਬਣਿਆਂ, ਇਸ ਨੇ ਅੰਗ੍ਰੇਜ਼ਾਂ ਨੂੰ ਬੁਰੀ ਤਰਾਂ ਮਾਰ ਕੇ ਬੰਗਾਲ ਵਿਚੋਂ ਨਿਕਾਲ ਦਿਤਾ ਜਿਸ ਪਰ ਵਾਰਟਨ ਤੇ ਕਲਾਇਵ ਨੇ ਸੰਨ੧੭੫੭ ਵਿਚ ਕਿਲੇ ਪਰ ਧਾਵਾ ਕਰਕੇ ਕਲਕੱਤਾ ਮਾਰ ਲਿਆ, ਪਿਛੋਂ ਹੁਗਲੀ ਮਾਰੀ ਪਰ ਸੁਰਾਜਦੌਲਾ ਰਾਜਸੀ ਝਗੜਿਆਂ ਕਰਕੇ ਕਲਕੱਤੇ ਫੌਜਾਂ ਲੈ ਕੇ ਨਾਂ ਪਹੁੰਚ ਸਕਿਆ। ਸੁਰਾਜ ਦੌਲਾ ਦੇ ਕੀਤੇ ਅਤਿਆ-ਚਾਰਾਂ ਨੂੰ ਬੁਰਾ ਮੰਨ ਕੇ ਰਾਠੌਰ ਦੀ ਰਾਣੀ ਭਵਾਨੀ ਅਤੇ ਮੁਰਸ਼ਦਾ ਬਾਦ ਦੇ ਸੇਠ ਨੇ ਅੰਗਰੇਜ਼ਾਂ ਦੀ ਕਾਫੀ ਮਦਦ ਕੀਤੀ, ਅਲੀਵਰਦੀ ਖਾਂ ਦਾ ਦੂਜਾ ਜਵਾਈ ਅਮੀਰ ਜ਼ਾਫਰ ਜੋ ਫੌਜਾਂ ਦਾ ਸੈਨਾਪਤੀ ਸੀ ਓਹ ਭੀ ਅੰਗਰੇਜ਼ਾਂ ਨਾਲ ਮਿਲ ਗਿਆ। ਕਲਾਈਵ ਨੇ ਪਲਾਸੀ ਦੇ ਮੁਕਾਮ ਪਰ ਜੰਗ ਕੀਤੀ ਸੈਨਾ ਪਤੀ ਵਢੀ ਖੋਰ ਦੀ ਕ੍ਰਿਪਾ ਨਾਲ ਅੰਗਰੇਜ਼ ਜਿੱਤ ਗਏ। ਸੁਰਾਜਦੌਲਾ ਨੂੰ ਮੀਰ ਜਾਫਰ ਅਲੀ ਦੇ ਲੜਕੇ ਨੇ ਹੀ ਕਤਲ ਕਰ ਦਿਤਾ। ਲਾਰਡ ਕਲਾਇਵ ਨੇ ਮੀਰ ਜਾਫ਼ਰ ਅਲੀ ਨੂੰ ਪੰਦਰਾਂ ਲਖ

ਨਕਦ ਅਤੇ ਸਾਢੇ ਚਾਰ ਲਖ ਦੀ ਜਗੀਰ ਨਾਲ ਖੁਸ਼ ਕਰ ਲਿਆ ਅਤੇ ਉਸ ਪਾਸੋਂ ਅਗਲੀਆਂ ਸਹੂਲਤਾਂ ਲਿਖਵਾ ਲਈਆਂ ਇਸ ਮੌਕੇ ਫੇਰ ਈਸਟ ਇੰਡੀਆ ਕੰਪਨੀ ਦੇ ਚੰਗੇ ਪੈਰ ਜੰਮ ਗਏ, ਰਾਜਸੀ ਠਾਠ ਬਣਨ ਲਗਿਆ। ਉਸ ਵੇਲੇ ਤੋਂ ਮੁਗਲਾਂ ਦੇ ਰਾਜ ਦੀ ਇਹ ਚਾਲ ਚਲ ਪਈ ਕਿ ਦੇਸੀਆਂ ਨੂੰ ਮਾਰਨਾ ਤੇ ਬਦੇਸੀਆਂ ਪਾਸੋਂ ਇਨਾਮ ਵਢੀਆਂ ਲੈਕੇ ਮਹੂਲਤਾਂ ਦੇਣੀਆਂ ਜਿਸ ਦਾ ਫਲ ਬੰਗਾਲ ਵਿਚ ਅੰਗਰੇਜ਼ ਕਾਫੀ ਜਗ੍ਹਾ ਪਰ ਕਾਬਜ਼ ਹੋ ਗਏ। ਲਾਰਡ ਕਲਾਈਵ ਦੀ ਜਗ੍ਹਾ ਸੰਨ ੧੭੫੯ ਈ: ਵਿਚ ਅੰਗਰੇਜ਼ ਵੈਨਸਟੂਟ ਬੰਗਾਲ ਦਾ ਗਵਰਨਰ ਹੋ ਕੇ ਆਇਆ ਉਸ ਨੇ ਫੌਜ ਵਧਾ ਲਿਤੀ। ਸੰਨ ੧੭੬੦ ਈ: ਵਿਚ ਬੰਗਾਲ ਦੇ ਨਵਾਬ ਮੀਰ ਜਾਫਰ ਨੂੰ ਜਿਸ ਨੇ ਕਿ ਅੰਗਰੇਜਾਂ ਨੂੰ ਜਿਤਾਇਆ ਸੀ ਗੱਦੀਓਂ ਉਤਾਰ ਕੇ ਮੀਰ ਕਾਸਮ ਨੂੰ ਗੱਦੀ ਤੇ ਬਿਠਾ ਕੇ ਉਸ ਪਾਸੋਂ ਚਿਟਾ ਗਾਉਂ, ਮਿਚਨਾ ਅਤੇ ਬਰਦਵਾਨ ਸਿਲੇ ਵਿਚ ਲੈ ਲਿਤੇ। ਜਦੋਂ ਮੀਰ ਕਾਸਮ ਦੀ ਅੰਗਰੇਜਾਂ ਨਾਲ ਵਿਗੜੀ ਮੁੜ ਉਸੀ ਜਾਫਰ ਨੂੰ ਕੰਪਨੀ ਨੇ ਗੱਦੀ ਦਲਵਾ ਦਿਤੀ, ਇਸ ਦੇ ਪੁਤ੍ਰਾਂ ਦੇ ਰੌਲੇ ਰਪੇ ਵਿਚ ਚਨਾਰ ਤੇ ਪ੍ਰਯਾਗ ਲੈ ਲਿਤੇ । ੧੭੬੫ ਵਿਚ ਫਿਰ ਕਲਾਇਵ ਲਾਰਡ ਬਣ ਕੇ ਵਲੈਤੋਂ ਆ ਗਿਆ ।

ਈਸਟ ਇੰਡੀਆ ਕੰਪਨੀ ਦੀ ਸ਼ੁਰੂ ਤੋਂ ਈਹੋ ਪਾਲਿਸੀ ਰਹੀ ਹੈ ਕਿ ਇਕ ਦੂਸਰੇ ਨੂੰ ਚੁਕ ਕੇ ਜੰਗ ਥੀਂ ਲਾਭ ਲੈਣਾ, ਸਿਧੇ ਟਾਕਰੇ ਨਾਲ ਰਾਜ ਲੈਣ ਦਾ ਸਾਧਨ ਘਟ ਕਰਨਾ, ਪਾੜੇ ਤੇ ਮਾਰੋ ਨਾਲ ਜਾਨ ਮਾਲ ਦਾ ਨੁਕਸਾਨ ਬਹੁਤ ਘਟ ਹੁੰਦਾ ਸੀ। ਬੰਗਾਲ ਦਾ ਨਵਾਬ ਨਾਮ ਮਾਤ੍ਰ ਸੀ ਉਸ ਪਰ

ਈਸਟ ਇੰਡੀਆ ਕੰਪਨੀ ਦਾ ਚੰਗਾ ਦਾਬਾ ਬੈਠ ਗਿਆ। ਅੰਗਰੇਜ਼ਾਂ ਨੇ ਦਿਲੀ ਪਤਿ ਨੂੰ ਪਚੀਸ ਛਪੀਸ ਲਖ ਰੁਪਿਆ ਸਾਲਾਨਾ ਭਰਨਾ ਆਰੰਭ ਦਿਤਾ, ਅਨੇਕਾਂ ਤੋਹਫੇ ਦਿੰਦੇ ਰਹਿੰਦੇ ਸਨ। ਇਲਾਕਾ ਬਾਦਸ਼ਾਹ ਨੇ ਬਿਹਾਰ, ਉੜੀਸਾ ਬਿਲਕੁਲ ਹੀ ਵਿਸਾਰ ਛਡਿਆ। ਇਨ੍ਹਾਂ ਨੇ ਉਥੇ ਆਪਣੀ ਕਚਹਿਰੀਆਂ ਭੀ ਪਾਈਆਂ, ਅੰਗਰੇਜ਼ਾਂ ਦਾ ਇਨਸਾਫ ਲੋਕਾਂ ਨੂੰ ਪਸੰਦ ਆ ਗਿਆ। ਮੁਗਲਾਂ ਦੀਆਂ ਕਚਹਿਰੀਆਂ ਮੁੱਲਾਂ ਮੁਲਾਣਿਆਂ ਦੇ ਫਤਵਿਆਂ ਨਾਲ ਇਕਤਰਫੇ ਜ਼ਬਰ ਦਾ ਨਮੂਨਾ ਹੁੰਦੀਆਂ ਗਈਆਂ। ਬੰਗਾਲ ਵਿਚ ਕਟਕ ਵਲ ਮਰਹਟੇ ਰਾਜੇ ਰਹਿ ਗਏ ਬੰਗਾਲ ਵਿਚ ਕਾਫੀ ਤਾਕਤ ਅੰਗਰੇਜ਼ਾਂ ਦੀ ਹੋ ਗਈ, ਈਸਟ ਇੰਡੀਆ ਕੰਪਨੀ ਦਾ ਮੁਖ ਮੰਤਵ ਤਾਂ ਵਾਪਾਰ ਸੀ। ਅੰਗਰੇਜ਼ ਰਾਜ ਨਾਲੋਂ ਵਾਪਾਰ ਨੂੰ ਤਰਜੀਹ ਦਿੰਦੇ ਸਨ। ਬੰਗਾਲ ਵਿਚ ਸਭ ਦੇ ਵਾਪਾਰ ਮਾਤ ਪਾ ਦਿਤੇ। ਵਲਾਇਤ ਦਾ ਮਾਲ ਬਿਨਾਂ ਮਹਿਸੂਲ ਦੇ ਸਸਤਾ ਤੇ ਹਿੰਦੀ ਮਾਲ ਪਰ ਟੈਕਸ ਲਗਾ ਛਡੇ ਸਨ। ਅਜਾਂ ਤੀਕਰ ਅੰਗਰੇਜ਼ਾਂ ਵਿਚ ਈਹੋ ਪਾਲਿਸੀ ਔਂਦੀ ਹੈ। ਦੂਜੇ ਦੀ ਤਜਾਰਤ ਫੇਹਲ ਕਰਨਾਵਲੈਤ ਦੇ ਮਾਲ ਨੂੰ ਵਧੇਣਾ ਤੇ ਸਸਤਾ ਰਖਣਾ। ਲਾਰਡ ਕਲਾਈਵ ਜੋ ਵਡਾ ਹੁਸ਼ਿਆਰ ਅੰਗਰੇਜ਼ ਸੀ, ਸੰਨ ੧੭੬੭ ਵਿਚ ਫਿਰ ਵਲਾਇਤ ਨੂੰ ਵਾਪਸ ਹੋ ਗਿਆ। ਕ੍ਰੋੜਾਂ ਰੁਪਏ ਨਿਜ ਲਈ ਭੀ ਕਮਾ ਕੇ ਲੈ ਗਿਆ ਪਰ ਬਦਨਾਮ ਹੋਣ ਪਰ ਆਤਮ ਘਾਤ ਕਰਕੇ ਮੋਇਆ। ਸੰਨ ੧੭੭੨ ਈਸਵੀ ਵਿਚ ਬੰਗਾਲ ਦਾ ਗਵਰਨਰ ਵਾਰਨਹੇਸਟਿੰਗਜ਼ ਹੋਕੇ ਆਇਆ।

ਨੋਟ—ਇਥੇ ਇਹ ਜਾਣਨਾ ਭੀ ਜ਼ਰੂਰੀ ਹੈ ਕਿ ਅੰਗ੍ਰੇਜ਼ਾਂ

ਦੀ ਬੰਗਾਲ ਵਿਚ ਰਾਜਸੀ ਤਾਕਤ ਪੈਦਾ ਕਰਨ ਵੇਲੇ ਦਸਮ ਗੁਰੂ ਜੀ ਨੇ ਖਾਲਸਾ ਪੰਥ ਪ੍ਰਗਟ ਕਰ ਦਿਤਾ ਸੀ ਅਤੇ ਖਾਲਸਾ ਪਾਰਲੀਮੈਂਟ ਦੀ ਕਾਇਮੀ ਹੋ ਚੁਕੀ ਸੀ, ਬੰਦਾ ਬਹਾਦਰ ਦੇ ਜੰਗ ਸ਼ੁਰੂ ਸਨ ਮਿਸਲਾਂ ਦੇ ਰਾਜ ਦੀ ਕਾਇਮੀ ਦੇ ਬਾਨ੍ਹਣੂ ਬਝ ਰਹੇ ਸਨ, ਲਾਰਡ ਹੇਸਟਿੰਗਜ਼ ਵਡਾ ਕਾਬਲ ਅੰਗਰੇਜ਼ ਸੀ, ਉਸ ਨੇ ਨਿਜ ਲਾਭਾਂ ਦੀ ਬਜਾਏ ਕੌਮੀ ਲਾਭਾਂ ਵਲ ਅੰਗਰੇਜ਼ਾਂ ਨੂੰ ਪ੍ਰੇਰਨਾ ਕੀਤੀ। ਇਸ ਨੇ ਮੁਰਸ਼ਦਾ ਬਾਦ ਦੀ ਰਾਜਧਾਨੀ ਬਦਲਕੇ ਕਲਕਤੇ ਕਰ ਲਿਤੀ ਅਤੇ ਕੰਪਨੀ ਨੂੰ ਰਾਜ ਕਰਨ ਦੀ ਢਾਲਣਾਂ ਵਿਚ ਲਿਆਂਦਾ, ਵਖਰੇ ਲਾਭਾਂ ਨੂੰ ਚੁਕ ਕੇ ਅੰਗਰੇਜ਼ ਕੌਮ ਦਾ ਲਾਭ ਕੱਠਾ ਬਣਾ ਲਿਆ।

ਮੁਸਲਮਾਨ ਹਾਕਮਾਂ ਦਾ ਵਧ ਕੰਮ ਲੁੱਟਣਾ ਮਾਰਨਾ ਤੇ ਜ਼ਬਰਨ ਮੁਸਲਮਾਨੀ ਮਜ਼੍ਹਬ ਵਿਚ ਸ਼ਾਮਲ ਕਰਨਾ ਸੀ ਜਿਸ ਕਾਰਨ ਸਤੇ ਹੋਏ ਲੋਕੀਂ ਅੰਗ੍ਰੇਜ਼ੀ ਰਾਜ ਨੂੰ ਪਸੰਦ ਕਰਨ ਲਗ ਪਏ ।

ਅੰਗ੍ਰੇਜ਼ ਆਪ ਲੜਨ ਦੀ ਥਾਂ ਦੂਜਿਆਂ ਨੂੰ ਆਪਸ ਵਿਚ ਲੜਾ ਕੇ ਇਕ ਵਲ ਆਪ ਹੋਕੇ ਲਾਭ ਉਠੌਂਦੇ। ਅਵੱਧ ਦੇ ਹਾਕਮ ਨੇ ਰੁਹੇਲ੍ਹਿਆਂ ਨੂੰ ਦਬੌਣ ਲਈ ਅੰਗਰੇਜ਼ਾਂ ਪਾਸੋਂ ਮਦਦ ਲਿਤੀ। ਉਧਰੋਂ ਤਾਂ ਰੁਹੇਲੇ ਆਪਣੇ ਦੁਸ਼ਮਨ ਮਟ-ਵਾਏ ਏਧਰ ਨਵਾਬ ਪਾਸੋਂ ਚਾਲੀ ਲੱਖ ਰੁਪਿਆ ਲੈਕੇ ਉਸ ਪਰ ਆਪਣਾ ਸਿੱਕਾ ਜਮਾ ਲਿਆ । ਇਸਨੂੰ ਅਲਾਹਾਬਾਦ ਤੇ ਕੋੜਾ ਦਲਾ ਕੇ ਹੋਰ ਅਹਿਸਾਨ ਮੰਦ ਕਰ ਲਿਆ । ਇਸ ਤਰਾਂ ਲਾਰਡ ਹੇਸਟਿੰਗਜ਼ ਕਿਧਰੇ ਢਾਹ ਕਿਧਰੇ ਉਸਾਰ ਨਾਲ ਵਧਦਾ ਫੁਲਦਾ ਜਾਂਦਾ। ਅਹਿਮਦਾਬਾਦ ਆਪ ਮਾਰਕੇ ਬੜੌਦਾ

ਤੇ ਗਾਇਕਵਾੜ ਨਾਲ ਸੁਲ੍ਹਾ ਕਰ ਕੇ ਸੰਨ ੧੮੮੨ ਵਿਚ ਮਹਹੱਟਿਆਂ ਨਾਲ ਸੰਧੀ ਪੱਤ੍ਰ ਲਿਖਕੇ ਪ੍ਰਤਾਪੀ ਤੇ ਤਾਕਤਵਰ ਬਣ ਗਏ। ਬੰਬਈ ਦੇ ਇਲਾਕੇ ਮਾਰ ਲਏ, ਏਸੇ ਤਰਾਂ ਪਟਨਾ ਦੇ ਰਾਜਾ ਚੇਤ ਸਿੰਹ ਨੂੰ ਗੱਦੀ ਤੋਂ ਉਤਾਰ ਕੇ ਇਸਨੂੰ ਅਖੀਰ ਅਧੀਨ ਕਰ ਲਿਆ। ਉਸ ਵੇਲੇ ਅਵਧ ਵਿਚ ਛੋਟੇ ਛੋਟੇ ਰਜਵਾੜੇ ਕਾਫੀ ਸਨ, ਕਈ ਥਾਂ ਬੇਗਮਾਂ ਦਾ ਰਾਜ ਸੀ। ਇਤਫਾਕ ਨਾ ਹੋਣ ਕਰਕੇ ਕੱਲੇ ਕੱਲੇ ਢਹਿੰਦੇ ਰਹਿੰਦੇ। ਸਿਟਾ ਕੀ ਲਾਰਡ ਹੇਸਟਿੰਗਜ ਨੇ ਸੰਨ ੧੭੮੪ ਤੀਕਰ ਮੈਸੂਰ ਦੇ ਸੁਲਤਾਨ ਹੈਦਰ ਅਲੀ ਆਦਿਕਾਂ ਨਾਲ ਜੰਗ ਭੀ ਕੀਤੇ, ਲਾਰਡ ਹੇਸਟਿੰਗਜ ਦੇ ਲੜਾਈ ਵਿਚ ਇਸਤੀਫਾ ਦੇਕੇ ਚਲੇ ਜਾਣ ਪਰ ਵਲਾਇਤ ਜਾਕੇ ਇਸਨੇ ਸ਼ਰਮਿੰਦਗੀ ਖੱਟੀ। ਉਪਰੰਤ ਸਰਜਾਨ ਮੈਕਫਰਸਨ ਜਨਰਲ ਗਵਰਨਰ ਦਾ ਕੰਮ ਕਰਦਾ ਰਿਹਾ, ਸੰਨ ੧੭੮੬ ਵਿਚ ਲਾਰਡ ਕਾਰਨਵਾਲਸ ਆਇਆ। ਉਸ ਵੇਲੇ ਮੈਸੂਰ ਦਾ ਟੀਪੂ ਸੁਲਤਾਨ ਹਾਰ ਗਿਆ ਸੀ, ਕੁਰਗ, ਮਾਲਾਬਾਗ ਆਦਿ ਅੰਗਰੇਜ਼ਾਂ ਦੇ ਹੱਥ ਆਏ। ਮਰਹੱਟੇ ਅਰ ਨਿਜਾਮ ਹੈਦਰਾ ਬਾਦ ਦੱਖਣ ਉਸ ਵੇਲੇ ਅੰਗ੍ਰੇਜ਼ਾਂ ਨਾਲ ਮਿਲਕੇ ਖੱਟੀਆਂ ਕਰਦੇ ਸਨ। ਲਾਰਡ ਕਾਰਨਵਾਲਸ ਨੇ ਚੰਗਾ ਪ੍ਰਬੰਧ ਕਰਕੇ ਪ੍ਰਸਿੱਧੀ ਪਾਈ, ੧੭੯੩ ਈ: ਵਿਚ ਸਰ ਜਾਨ ਸ਼ੋਰ ਗਵਰਨਰ ਹੋ ਕੇ ਆਇਆ, ਸਾਢੇ ਕੁ ਚਾਰ ਸਾਲ ਪਿਛੋਂ ਇਸਦੀਆਂ ਕਈ ਕਮਜ਼ੋਰੀਆਂ ਤੱਕ ਕੇ ਵਲਾਇਤ ਵਿਚ ਵਾਪਸ ਕਰ ਲਿਤਾ ਗਿਆ।

ਅਵਧ ਦੇ ਨਵਾਬ ਆਸਫਕਉਲਾ ਦੀ ਮੌਤ ਪਰ ਵਜ਼ੀਰਅਲੀ ਨਵਾਬ ਹੋਇਆ, ਇਸ ਨੂੰ ਪਹਿਲਾਂ ਗੱਦੀ ਤੋਂ

ਉਤਾਰਕੇ ਪਿਛੋਂ ਆਪਣੀਆਂ ਸ਼ਰਤਾਂ ਮਨਾਕੇ ਅੰਗਰੇਜ਼ਾਂ ਨੇ ਬਹੁਤ ਲਾਭ ਉਠਾਏ। ਸਰਜਾਨ ਸ਼ੋਰ ਦੇ ਜਾਣ ਪਿਛੋਂ ਸੰਨ ੧੭੯੮ ਵਿਚ ਲਾਰਡ ਵਿਲਜ਼ਲੀ ਆਇਆ ਜਿਸਨੇ ਅੰਗ੍ਰੇਜ਼ੀ ਰਾਜ ਦੀਆਂ ਜੜ੍ਹਾਂ ਪੱਕੀਆਂ ਕਰਨ ਹਿਤ ਬਹੁਤ ਯਤਨ ਕੀਤੇ, ਇਸਨੇ ਨਿਜ਼ਾਮ ਨੂੰ ਕਮਜ਼ੋਰ ਕਰਕੇ ੧੭੯੯ ਈ: ਵਿਚ ਸੁਲਤਾਨ ਟੀਪੂ ਨੂੰ ਮਾਰਕੇ ਮਸੂਰ ਦੇ ਇਲਾਕੇ ਮਲ ਲਿਤੇ, ਨਵਾਬ ਤਾਂਜੋਰ ਨੂੰ ਭੀ ਗੱਦੀ ਤੋਂ ਉਤਾਰ ਦਿਤਾ।

ਨੋਟ–ਲਾਰਡ ਵਿਲਜ਼ਲੀ ਦੇ ਸਮੇਂ ਵਿਚ ਖਾਲਸਾ ਦਰਬਾਰ ਲਾਹੌਰ ਦੀ ਬੁਨਿਆਦ ਰਖੀ ਗਈ ਸੀ, ੧੭੯੯ ਈ: ਵਿਖੇ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਪਰ ਕਬਜ਼ਾ ਕੀਤਾ। ਲਾਰਡ ਬਿਲਜਲੀ ੧੮੦੧ ਤੀਕਰ ਜਮਨਾ ਦੇ ਨੇੜੇ ਪਹੁੰਚ ਗਿਆ ਸੀ ਗੰਗਾ ਜਮਨਾ ਦੇ ਗਿਰਦੇ ਦੇ ਇਲਾਕੇ ਅਤੇ ਰੁਹੇਲ ਖੰਡ ਗੋਰਖ ਪੁਰ ਦੇ ਇਲਾਕੇ ਵਿਚ ਛਾਵਨੀ ਡਾਲ ਲਿਤੀ। ਇਸਤਰਾਂ ਬ੍ਰਿਟਿਸ਼ ਰਾਜ ਦਾ ਹਿੰਦੁਸਤਾਨ ਪਰ ਜ਼ਬਰਦਸਤ ਗਲਬਾ ਪੈਂਦਾ ਗਿਆ। ਮੁਗਲਸ਼ਾਹੀ ਤਾਂ ਨਾਮ ਕਰਕੇ ਹੀ ਰਹਿ ਗਈ ਸੀ । ਕੁਝ ਨਾਦਰ ਦੇ ਹਲਿਆਂ ਨੇ ਲੁਟ ਖਾਧੀ ਅਤੇ ਨਵਾਬ ਥਾਂ ਥਾਂ ਆਕੀ ਹੋ ਬੈਠੇ ਵਿਲਜ਼ਲੀ ਨੇ ਨਵਾਬਾਂ ਦੀਆਂ ਫੌਜਾਂ ਤੋੜਕੇ ਆਪ ਰਖਿਆ ਦੇ ਬਹਾਨੇ ਅੰਗ੍ਰੇਜ਼ੀ ਫੌਜਾਂ ਰਖਦਾ, ਨਵਾਬ ਦੂਜੇ ਦੀ ਰਖਿਆ ਨਾਲ ਕਮਜ਼ੋਰ ਹੁੰਦੇ ਗਏ। ਮਰਹਟੇ ਭੀ ਪਹਿਲਾਂ ਮਿੱਤ੍ਰਤਾ ਨਾਲ ਫੁਲੇ ਰਹੇ ਪਰ ਪਿਛੋਂ ਸਿਧੇ ਕਰਨ ਲਈ ੧੮੦੨ ਨੂੰ ਦੌਲਤਰਾਉ ਸੇਂਧਿਆ ਅਤੇ ਪੇਸ਼ਵਾਵਾਂ ਦੇ ਨਾਲ ਹੁਲਕਰ ਦੀ ਜੰਗ ਹੋਈ ਅੰਗਰੇਜ਼ ਨਿਰਪੱਖ ਰਹੇ, ਅਖੀਰ ਹੁਲਕਰ ਜਿੱਤ ਗਿਆ, ਨੱਸੇ ਜਾਂਦੇ

ਪੇਸ਼ਵਾਂ ਨੇ ਅੰਗਰੇਜ਼ਾਂ ਨਾਲ ਗੰਢ ਤਰੁਪ ਕਰ ਲਿਤੀ ਤੇ ਹਰ ਸਾਲ ਛੱਤੀ ਲੱਖ ਰੁਪਿਆ ਕੰਪਨੀ ਨੂੰ ਦੇਣ ਦੀਆਂ ਸ਼ਰਤਾਂ ਮੰਨ ਲਈਆਂ ਪੇਸ਼ਵਾਂ ਨੇ ਅੰਗ੍ਰੇਜ਼ਾਂ ਨੂੰ ਲਿਖ ਦਿਤਾ ਕਿ ਅੰਗ੍ਰੇਜ਼ਾਂ ਦੀ ਆਗਿਆ ਬਿਨਾ ਮੈਂ ਹੋਰ ਕਿਸੇ ਰਾਜੇ ਨਾਲ ਗਲ ਬਾਤ ਨਹੀਂ ਕਰਾਂਗਾ।

ਲਾਰਡ ਵਿਲਜਲੀ ਨੇ ਪੇਸ਼ਵਾਂ ਨੂੰ ਮੁੜ ਗੱਦੀ ਦਲਾ ਦਿਤੀ, ਪਹਿਲੇ ਪੇਸ਼ਵਾਂ ਨੂੰ ਪਿਨਸ਼ਨੀਆ ਕਰਕੇ ਬਨਾਰਸ ਘਲਾ ਦਿਤਾ। ਪਰ ਸੇਂਧੀਆਂ ਬਰਾਰ ਤੇ ਹੁਲਕਰ ਨੇ ਸੰਧੀ ਪੱਤ੍ਰ ਦੀਆਂ ਸ਼ਰਤਾਂ ਨਾ ਮੰਨੀਆਂ, ਜਿਸ ਕਾਰਨ ਇਨ੍ਹਾਂ ਨਾਲ ਜੰਗ ਛਿੜ ਪਈ। ਨਾਗਪੁਰ ਭੌਂਸਲਿਆ ਨੇ ਅੰਗ੍ਰੇਜ਼ੀ ਸੈਨਾਂ ਦੀ ਮਦਦ ਲਿਤੀ। ਸਿਟਾ ਕੀ ! ਪਾੜੋ ਮਾਰੋ ਤੇ ਰਾਜ ਕਰੋ ਨਾਲ ਸਾਰੇ ਫਟ ਮਰੇ ਤੇ ਬ੍ਰਿਟਿਸ਼ ਰਾਜ ਦਾ ਝੰਡਾ ਉਤਰੀ ਹਿੰਦ ਵਿਚ ਬਲੰਦ ਹੋ ਗਿਆ, ਦਿਲੀ ਪਤਿ ਸ਼ਾਹ ਆਲਮ ਮੁੜ ਗੱਦੀ ਪਰ ਬਿਠਾ ਦਿਤਾ ਗਿਆ, ਆਗਰਾ ਅੰਗਰੇਜ਼ਾਂ ਨੇ ਸੰਭਾਲ ਲਿਤਾ, ਇਸ ਵੇਲੇ ਵਸਤ ਹਿੰਦ ਵਿਚ ਭੀ ਅੰਗਰੇਜ਼ੀ ਦਬਾਉ ਪੈ ਗਿਆ। ਦਿਲੀ ਪਤਿ ਸ਼ਾਹ ਆਲਮ ਬੁੱਢਾ ਇਕ ਪਰਕਾਰ ਦਾ ਅੰਗਰੇਜ਼ਾਂ ਦਾ ਪਿਨਸ਼ਨੀਆ ਸੀ, ਕੇਂਦਰੀ ਤਾਕਤ ਹਿੰਦ ਦੀ ਅੰਗਰੇਜ਼ਾਂ ਦੇ ਅਧੀਨ ਹੋ ਗਈ। ਹੋਰ ਕੋਈ ਜ਼ਬਰਦਸਤ ਤਾਕਤ ਨਹੀਂ ਸੀ ਜੋ ਟਾਕਰੇ ਪਰ ਆ ਸਕਦੀ, ਕਠੇ ਹੋਣ ਦਾ ਇਤਫਾਕ ਨਹੀਂ।

ਨੋਟ—ਸੰਨ ੧੮੦੩ ਵਿਚ ਫੌਜੀ ਆਫੀਸਰ ਲਾਰਡ ਲੇਕ ਨੇ ਦਿਲੀ ਪਤਿ ਸ਼ਾਹ ਆਲਮ ਵਲੋਂ ਇਹ ਮਰਹੱਟਿਆਂ ਨਾਲ ਜੰਗ ਕਰਕੇ ਉਨ੍ਹਾਂ ਨੂੰ ਕਮਜ਼ੋਰ ਕੀਤਾ। ਮਰਹੱਟੇ ਹੀ

ਉਸ ਵੇਲੇ ਨੌਂਹ ਪੰਜਾ ਲੈਂਦੇ ਸਨ ਪਰੰਤੂ ਸੰਨ ੧੮੦੪ ਈ: ਵਿਚ ਲਾਰਡ ਲੇਕ ਨੇ ਇੰਦੌਰ ਦੇ ਰਾਜਾ ਜਸਵੰਤ ਰਾਉ ਹੁਲਕਰ ਨਾਲ ਟਾਕਰਾ ਕੀਤਾ, ਇਹ ਭੱਜ ਕੇ ਸਮੇਤ ਫੌਜ ਦੇ ਅਮ੍ਰਿਤਸਰ ਸ਼ੇਰੇ ਪੰਜਾਬ ਦੀ ਮਦਦ ਨੂੰ ਗਿਆ ਪਰ ਮਹਾਰਾਜਾ ਰਣਜੀਤ ਸਿੰਘ ਉਸ ਵੇਲੇ ਪੱਛਮੀ ਲੜਾਈਆਂ ਵਿਚ ਖਚਤ ਸੀ, ਏਧਰ ਕਈ ਇਲਾਕੇ ਆਕੀ ਸਨ, ਅਖੀਰ ਹੁਲਕਰ ਦੀ ਅੰਗਰੇਜਾਂ ਨਾਲ ਸੁਲਹ ਕਰਵਾ ਦਿਤੀ ਇਸ ਵੇਲੇ ਸਿਖਾਂ ਦਾ ਰਾਜ ਜਮਨਾ ਤੀਕਰ ਸੀ, ਉਧਰ ਅੰਗਰੇਜ਼ ਪਹੁੰਚ ਚੁਕੇ ਸਨ, ਹੁਣ ਅੰਗਰੇਜਾਂ ਦੀ ਅੱਖ ਪੰਜਾਬ ਵਲ ਸੀ। ਮਹਾਰਾਜਾ ਜਮਨਾ ਤੀਕਰ ਆਪਣਾ ਰਾਜ ਚਾਹੁੰਦਾ ਸੀ, ਉਪਰੰਤ ਅੰਗਰੇਜਾਂ ਪਰ ਹਲਾ ਕਰ ਸਕਦਾ ਸੀ ਪਰ ਇਸ ਵਿਚ ਸਫਲਤਾ ਨਹੀਂ ਹੋ ਸੱਕੀ, ਉਸਨੂੰ ਘਰੋਗੀ ਔਕੜਾਂ ਕਾਫੀ ਸਨ।

ਲਾਰਡ ਲੇਕ ਬੜਾ ਬਹਾਦਰ ਅੰਗਰੇਜ ਸੀ, ਇਸ ਨੂੰ ੧੮੦੭ ਈ: ਵਿਚ ਅੰਗਰੇਜਾਂ ਵਲੋਂ ਜੰਗੀ ਲਾਟ ਬਣਾ ਕੇ ਵਿਸਕੌਂਟ ਦੀ ਉੱਚ ਪਦਵੀ ਮਿਲੀ, ਇਹ ਬਹਾਦਰ ਅੰਗਰੇਜ ਸੰਨ ੧੮੦੮ ਈ: ਵਿਚ ਵਲੈਤ ਜਾ ਕੇ ਮਰ ਗਿਆ। ਹੁਲਕਰ ਦੇ ਨਾਲ ਭਰਥ ਪੁਰੀਆ ਰਾਜਾ ਤਾਂ ਰਿਹਾ ਬਾਕੀ ਹਿੰਦੀ ਰਾਜੇ ਤਮਾਸ਼ਾ ਦੇਖਦੇ ਰਹੇ, ਅੰਤ ਭਰਥ ਪੁਰੀਏ ਨੇ ਭੀ ਹਾਰ ਕੇ ਸ਼ਰਤਾਂ ਮੰਨੀਆਂ ਤੇ ਬੀਸ ਲੱਖ ਅੰਗਰੇਜਾਂ ਨੂੰ ਹਰਜਾਨੇ ਦਾ ਭਰਿਆ।

ਲਾਰਡ ਵਿਲਜ਼ਲੀ ਦੇ ਵਲਾਇਤ ਜਾਣ ਪਰ ਸੰਨ ੧੮੦੫ ਵਿਚ ਦੋਬਾਰੇ ਲਾਰਡ ਕਾਰਨਵਾਲਸ ਗਵਰਨਰ ਹੋਕੇ ਆਇਆ ਜੋ ਥੋੜੇ ਸਮੇਂ ਵਿਚ ਹਿੰਦ ਵਿਚ ਹੀ ਮਰ ਗਿਆ।

ਉਸ ਦੀ ਥਾਂ ਸਰ ਜਾਰਜ ਵਾਰਲੀ ਆਇਆ ਪਰ ਉਸ ਦੇ ਸਮੇਂ ਬੇਲੌਰ ਵਿਚ ਦੇਸੀ ਫੌਜਾਂ ਵਿਚ ਗਦਰ ਦੀ ਲਹਿਰ ਚਲੀ, ਹਿੰਦੂ ਪੂਰਬੀਏ ਗਊ ਦੇ ਪੂਜਕ ਹੋਣ ਕਰਕੇ ਈਸਾਈਆਂ ਨੂੰ ਚੰਗੇ ਨਹੀਂ ਮੰਨਦੇ ਸਨ, ਮੁਸਲਮਾਨ ਜਬਰ ਨਾਲ ਦੀਨ ਫੈਲਾਉਂਦੇ ਸਨ, ਜੋ ਕਦੀ ਈਸਾਈ ਹਿੰਦ ਵਿਚ ਗਊ ਮਾਂਸ ਦੇ ਪ੍ਰਹੇਜ਼ੀ ਹੁੰਦੇ ਤਾਂ ਇਨ੍ਹਾਂ ਦੀ ਮਿਠੀ ਪਾਲਿਸੀ ਨਾਲ ਬਹੁਤ ਸਾਰੇ ਹਿੰਦੂ ਲੋਕ ਖੁਸ਼ੀ ਨਾਲ ਈਸਾਈ ਹੁੰਦੇ, ਸਰ ਜਾਰਜ ਵਾਰਲੀ ਦੀ ਵਾਪਸੀ ਹੋ ਗਈ, ਉਪਰੰਤ ਲਾਰਡ ਮਿੰਟੋ ਗਵਰਨਰ ਜਨਰਲ ਹੋ ਕੇ ਆਇਆ ਭਾਵੇਂ ਇਸ ਵੇਲੇ ਭੀ ਅੰਗਰੇਜ਼ੀ ਹਕੂਮਤ ਬਪਾਰੀ ਸ਼ਕਲ ਵਿਚ ਈਸਟ ਇੰਡੀਆ ਕੰਪਨੀ ਹੀ ਸੀ ਪਰ ਹੁਣ ਵਲਾਇਤ ਵਿਚ ਇਸ ਦੀ ਵਿਉਂਤ ਰਾਜ ਕਰਨ ਦੀ ਪਾਲਿਸੀ ਨਾਲ ਸੀ। ਲਾਰਡ ਮਿੰਟੋ ਜਮਨਾ ਥੀਂ ਪਾਰ ਪੰਜਾਬ ਵਲ ਤਕ ਰਿਹਾ ਸੀ, ਉਸ ਵੇਲੇ ਖਾਲਸੇ ਦੀ ਬਹਾਦਰੀ ਦੀ ਧਾਂਕ ਦੁਨੀਆਂ ਵਿਚ ਪ੍ਰਸਿੱਧ ਹੋ ਚੁਕੀ ਸੀ। ਹਰ ਇਕ ਨੂੰ ਖਾਲਸਈ ਤਾਕਤ ਵਲੋਂ ਭਾਰੀ ਤੌਖਲਾ ਸੀ, ਪੰਜਾਬ ਪਰ ਹੱਲਾ ਕਰਨਾ ਮਹਾਨ ਕਠਨ ਸੀ, ਉਧਰੋਂ ਫਰਾਂਸੀਸੀ ਆਦਿ ਤਾਕਤਾਂ ਨੂੰ ਈਰਖਾ ਸੀ ਕਿ ਅੰਗਰੇਜ਼ਾਂ ਕਲਿਆਂ ਨੇ ਹੀ ਹਿੰਦੁਸਤਾਨ ਸੰਭਾਲ ਲਿਆ ਹੈ। ਰੂਸ ਭੀ ਚਾਹੁੰਦਾ ਸੀ ਕਿ ਸੋਨੇ ਦੀ ਚਿੜੀ ਹਿੰਦ ਕਾਸ਼! ਮੇਰੇ ਪਾਸ ਹੁੰਦਾ, ਲਾਰਡ ਮਿੰਟੋ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਰੋਪੜ ਮੁਲਾਕਾਤ ਕੀਤੀ ਅਤੇ ੧੮੦੯ ਈ: ਵਿਚ ਏਸੇ ਨੇ ਸਤਲੁਜ ਦੀ ਹਦ ਬੰਦੀ ਦਾ ਅਹਿਦਨਾਮਾ ਬਣਵਾਇਆ।

ਨੋਟ—ਖਾਲਸਾ ਦਰਬਾਰ ਦੇ ਪਿਛਲੇ ਹਿਸੇ ਵਿਚ

ਕੁਝਕ ਮੁਖੀ ਅੰਗਰੇਜਾਂ ਦੇ ਹਾਲਾਤ ਲਿਖੇ ਗਏ ਹਨ।

ਜਾਣਨਾ ਚਾਹੀਦਾ ਹੈ ਕਿ ਅੰਗਰੇਜਾਂ ਨੇ ਹਿੰਦੁਸਤਾਨ ਨੂੰ ਇਕ ਬਪਾਰਕ ਕੰਪਨੀ ਦੇ ਵਸੀਲੇ ਨਾਲ ਕਿਵੇਂ ਲਿਆ ? ਤੇ ਵਡੀ ਧੀਮੀ ਚਾਲ ਅਤੇ ਆਪਸ ਵਿਚ ਦੀ ਫੁਟ ਦੇ ਕਾਰਨ ਕੱਲੇ ਕੱਲੇ ਨਖੇੜਕੇ ਅਧੀਨ ਕੀਤਾ। ਹੁਣ ਕੇਵਲ ਪੰਜਾਬ ਸੂਬਾ ਜੋ ਸਭ ਨਾਲੋਂ ਬਹਾਦਰ ਕੌਮ ਖਾਲਸਾ ਜੀ ਦੇ ਅਧੀਨ ਸੀ ਈਹੋ ਬਾਕੀ ਸੀ ਪਰ ਇਸ ਨੂੰ ਸਿਧੇ ਟਾਕਰੇ ਨਾਲ ਹਾਸਲ ਕਰਨਾ ਅਸੰਭਵ ਸੀ, ਜੇ ਕਦੀ ਖਾਲਸਾ ਫੌਜਾਂ ਦਿਲੀ ਵਲ ਰੁਖ ਕਰਦੀਆਂ ਓਹ ਜ਼ਰੂਰ ਕਾਮਯਾਬ ਹੁੰਦੀਆਂ ਪਰ ਪੰਜਾਬ ਵਿੱਚ ਮੁਸਲਮਾਨ ਨਵਾਬ ਪਿਛਾ ਦਬੌਣ ਨੂੰ ਤਿਆਰ ਸਨ, ਸਮਾਂ ਬਿਖੜਾ ਸੀ, ਜੇ ਕਦੀ ਸਰਦਾਰ ਬਘੇਲ ਸਿੰਘ, ਸ੍ਰਦਾਰ ਜੱਸਾ ਸਿੰਘ ਆਦਿ ਮਿਸਲਾਂ ਦੇ ਸਰਦਾਰਾਂ ਵਲੋਂ ਦਿਲੀ ਫਤਹ ਕਰਨ ਪਰ ਦਿਲੀ ਦਾ ਤਖਤ ਵਾਪਸ ਨਾ ਕੀਤਾ ਜਾਂਦਾ ਤਾਂ ਮੁਮਕਿਨ ਸੀ ਕਿ ਹਿੰਦੁਸਤਾਨ ਦੇ ਬਾਦਸ਼ਾਹ ਸਿਖ ਹੁੰਦੇ। ਸਿਖਾਂ ਵਿਚ ਇਹ ਘਾਟਾ ਆ ਰਿਹਾ ਹੈ ਕਿ ਫਤਹ ਕਰਦੇ ਹਨ ਐਲਾਨੀਆਂ ਪਰ ਪਿਛੋਂ ਸੰਭਾਲਨ ਵੇਲੇ ਫਟ ਜਾਂਦੇ ਹਨ। ਇਸ ਦਾ ਕਾਰਨ ਥੋੜੇ ਸਮੇਂ ਤੋਂ ਰਾਜਸੀ ਕੰਮਾਂ ਵਿਚ ਪੈਣ ਕਰਕੇ ਘਟ ਤਜਰਬੇ ਕਾਰੀ ਸੀ। ਰਾਜ ਕਾਜ ਵਿੱਚ ਹੰਢੇ ਹੋਏ ਪੁਰਸ਼ ਹਮੇਸ਼ਾਂ ਕਾਮਯਾਬ ਹੁੰਦੇ ਰਹਿੰਦੇ ਹਨ।

ਅੰਗਰੇਜ ਰਾਜ ਕਾਜ ਵਿੱਚ ਬਹੁਤ ਮਾਹਰ ਅਤੇ ਨੀਤੀ ਨਿਪੁੰਨ ਸਨ ਪਰ ਸਿਖਾਂ ਜੈਸੀ ਬਹਾਦਰੀ ਨਹੀਂ ਸੀ, ਜੇ ਸਿੱਖ ਰਾਜਨੀਤੀ ਵਿਚ ਨਿਪੁੰਨ ਹੁੰਦੇ ਤਾਂ ਸਾਰੀ ਦੁਨੀਆਂ ਨੂੰ ਫਤਹ ਕਰ ਸਕਦੇ ਸਨ, ਸਿਖਾਂ ਦੀ ਰਾਜਸੀ ਨੀਂਹ ਸਤਾਰਵੀਂ ਸਦੀ

ਦੇ ਅਖੀਰ ਵਿਚ ਬੱਝੀ ਸੀ, ਥੋੜਾ ਸਮਾਂ ਰਾਜ ਕੀਤਾ।

ਸੰਨ ੧੮੧੩ ਈ: ਵਿਖੇ ਮਾਰ ਕੋਈਸ ਗਵਰਨਰ ਹੋ ਕੇ ਆਇਆ, ਉਸ ਨੇ ੧੮੧੪ ਵਿੱਚ ਨੀਪਾਲ ਨਾਲ ਜੰਗ ਛੇੜੀ। ਅੰਤ ਗੜਵਾਲ ਤੇ ਕਮਾਯੂ ਅੰਗਰੇਜਾਂ ਪਾਸ ਆਇਆ ਪਰ ਨੁਕਸਾਨ ਬਹੁਤ ਉਠਾਇਆ। ੧੮੧੬ ਵਿੱਚ ਨੀਪਾਲ ਦੀ ਰਾਜਧਾਨੀ ਕਾਠਮਾਂਡੂ ਹੋ ਗਈ। ਉਨ੍ਹਾਂ ਨੇ ਬ੍ਰਿਟਿਸ਼ ਰੈਜ਼ੀਡੈਂਟ ਰਖਣਾ ਮੰਨ ਲਿਆ, ਹੌਲੀ ਹੌਲੀ ਮਨਸੂਰੀ, ਸ਼ਿਮਲਾ ਆਦਿ ਠੰਢੇ ਥਾਂ ਮਿੱਤ੍ਰਤਾ ਨਾਲ ਸੰਭਾਲ ਲਿਤੇ। ਸ਼ਿਕਮ ਦੀ ਰਿਆਸਤ ਹਦਬੰਦੀ ਵਿੱਚ ਅਧੀਨ ਕਰ ਲਿਤੀ।

ਕਰਨਲ ਟਾਂਡ ਨੇ ਬੜੀ ਨੀਤੀ ਨਾਲ ਰਾਜ ਪੁਤਾਨੇ ਦੇ ਰਜਵਾੜਿਆਂ ਨਾਲ ਮਿਲਾ ਕੇ ਸੰਧੀ ਪੱਤ੍ਰ ਕਰ ਲਿਤੇ ਸਨ, ਇਕ ਦੂਜੇ ਵਿੱਚ ਫੁਟ ਦੇਖ ਕੇ ਹਮੇਸ਼ਾਂ ਛੋਟੇ ਛੋਟੇ ਜੰਗ ਕਰਨ ਦੀ ਪਾਲਿਸੀ ਬਹੁਤ ਕਾਮਯਾਬ ਰਹਿੰਦੀ ਸੀ। ਕਿਤਨੇ ਤਾਂ ਗੱਦੀਆਂ ਛਡ ਕੇ ਪਿਨਸ਼ਨਾਂ ਦੀਆਂ ਮੌਜਾਂ ਲੈਂਦੇ, ਪੇਸ਼ਵਾ ਆਦਿ ਸਭ ਏਵੇਂ ਕਰਦੇ ਪੇਸ਼ਵਾ ਨੂੰ ਅੱਠ ਲੱਖ ਪਿਨਸ਼ਨ ਪਰ ਬਠੂਰ ਘਲ ਦਿਤਾ ਉਸ ਦਾ ਮੁਤਵੰਨਾ ਪੁਤ੍ਰ ਨਾਨਾ ਸਾਹਿਬ ਭੀ ਨਾਲੇ ਜਾ ਰਿਹਾ, ਪੇਸ਼ਵਾ ਇਸਤਰਾਂ ਮਾਨੋ ਖਤਮ ਹੀ ਹੋ ਗਏ। ਸਿੱਟਾ ਕੀ! ਸਾਰੇ ਰਜਵਾੜੇ ਕਈ ਵਾਰ ਬਦਲੇ ਅਤੇ ਕਈ ਵੇਰ ਸੰਧੀ ਪੱਤ੍ਰ ਹੋਏ ਅਖੀਰ ਪਿਨਸ਼ਨਾਂ ਦੀਆਂ ਮੌਜਾਂ ਲੈਂਦੇ ਦਲਦੇ ਰਹਿੰਦੇ। ਪਿਛੋਂ ਨਾਮ ਧਰੀਕ ਤਖਤਾਂ ਦੇ ਮਾਲਕ ਰਹਿਕੇ ਅੰਗਰੇਜੀ ਰਾਜ ਦੀ ਵਫਾਦਾਰੀ ਤੇ ਮਜ਼ਬੂਤੀ ਲਈ ਯਤਨ ਕਰਦੇ, ਕੱਛ ਦੇ ਰਾਜਿਆਂ ਨਾਲ ਸੰਧੀ ਪੱਤ੍ਰ ਸੰਨ ੧੮੧੯ ਮੂਜਬ ਉਥੇ ਭੀ ਕਬਜ਼ਾ ਕਰ ਲਿਆ। ਅਖੀਰ ਲਾਰਡ ਹੇਸਟਿੰਗਜ਼

ਨੇ ਮੁਗਲ ਸ਼ਾਹੀ ਨੂੰ ਖਿਰਾਜ ਦੇਣਾ ਬੰਦ ਕਰ ਦਿਤਾ, ਨਜ਼ਰ ਨਜ਼ਰਾਨੇ ਭੀ ਮੁਕ ਗਏ । ਨਾਮ ਮਾਤ੍ਰ ਸਿੱਕਾ ਦਿਲੀ ਦਾ ਚਲਦਾ ਸੀ ਜੋ ਸੰਨ ੧੮੫੩ ਈ: ਵਿਚ ਉਕਾ ਖਤਮ ਹੋ ਗਿਆ ਸੀ, ਈਸਟ ਇੰਡੀਆ ਕੰਪਨੀ ਦਾ ਰੁਪਿਆ ਆਮ ਚਲਣ ਲਗ ਪਿਆ ।

ਮਾਰਕੋਇਸ ਹੇਸਟਿੰਗਜ਼ ਦੀ ਥਾਂ ਲਾਰਡ ਐਮ ਹਰਸਟ ਸੰਨ ੧੮੨੩ ਈ: ਵਿਚ ਆਇਆ, ਸੰਨ ੧੮੨੪ ਵਿਚ ਬ੍ਰਹਮੀਆਂ ਨੇ ਬੰਗਾਲ ਪਰ ਹੱਲਾ ਕੀਤਾ ਪਰ ਸੰਨ੧੮੨੫ਵਿਚ ਬ੍ਰਹਮਾ ਵਾਲੇ ਮਨੀਪੁਰ ਤੇ ਕਛਾਰ ਦੇ ਮੁਕਾਮ ਪਰ ਅੰਗ੍ਰੇਜ਼ਾਂ ਤੋਂ ਹਾਰ ਖਾ ਗਏ ਅੰਗਰੇਜ਼ਾਂ ਨੇ ਰੰਗੂਨ ਪਰ ਧਾਵਾ ਕਰ ਦਿਤਾ, ਅਸਾਮ ਬੰਗਾਲ ਦੀ ਸੈਨਾ ਵਾਪਸ ਚਲੀ ਗਈ, ਬ੍ਰਹਮਾਂ ਨਾਲ ਸੰਧੀ ਪੱਤ੍ਰ ਲਿਖੀ ਗਈ । ਅੰਗਰੇਜ਼ਾਂ ਨੇ ਸੰਧੀ ਪੱਤ੍ਰ ਨਾਲ ਆਸਾਮ, ਅਰਾਕਾਨ, ਕੰਧਾਰ, ਮਨੀਪੁਰ, ਟੇਨਾਸਰਮ, ਜੇਤਯਾ ਆਦਿ ਇਲਾਕੇ ਲੈ ਲਿਤੇ । ਬ੍ਰਹਮੀਆਂ ਨੂੰ ਕ੍ਰੋੜ ਰੁਪਿਆ ਹਰਜਾਨਾ ਪਾਕੇ ਪਚੀਸ ਲਖ ਨਕਦ ਤੇ ਬਾਕੀ ਕਿਸ਼ਤਾਂ ਪਰ ਕਰ ਲਿਆ । ਉਥੇ ਭੀ ਰੈਜੀਡੈਂਟ ਰਹਿਣਾਂ ਮਨਾ ਲਿਆ ਪਰ ਹਿੰਦੀ ਫੌਜਾਂ ਨੇ ਜਹਾਜ਼ ਚੜ੍ਹਨਾ ਧਰਮ ਵਿਰੁਧ ਦਸਕੇ ਬ੍ਰਹਮਾਂ ਵਿਚ ਜਾਣੋਂ ਇਨਕਾਰ ਕਰ ਦਿਤਾ ਜਿਸ ਕਾਰਨ ਬ੍ਰਹਮਾਂ ਦੀ ਫਤਹ ਰਹਿ ਗਈ, ਏਧਰ ਭਰਤ ਪੁਰ ਨੇ ਹੱਲਾ ਕੀਤਾ ਪਰ ਅੰਗ੍ਰੇਜ਼ਾਂ ਨੇ ੧੮੨੮ ਈ: ਵਿਚ ਉਸਨੂੰ ਮਾਰ ਲਿਆ।

ਲਾਰਡ ਐਮ ਬਰਟ ਦੇ ਚਲੇ ਜਾਣ ਪਰ ਲਾਰਡ ਬੇਟਿੰਗ ਗਵਰਨਰ ਹੋਕੇ ਆਇਆ ਸੰਨ ੧੮੩੧ ਈ: ਵਿਖੇ ਮੈਸੂਰ ਗਦਰ ਹੋ ਗਿਆ ਜਿਸ ਕਾਰਨ ਮੈਸੂਰ ਅੰਗਰੇਜ਼ਾਂ ਨੇ

ਅਧੀਨ ਕਰ ਲਿਆ, ਜੈਤਪੁਰ ਰਾਜਾ ਵਿਰੋਧੀ ਹੋਣ ਕਰਕੇ ਖਾਲੀ ਹੱਥ ਕਰ ਦਿਤਾ। ਕਛਾਰ ਦੀ ਮੌਤ ਪਰ ਉਹ ਭੀ ਖਤਮ ਹੋਇਆ, ਇੱਕਰ ਹੌਲੀ ਹੌਲੀ ਖਾਲੀ ਹੱਥ ਹੁੰਦੇ ਗਏ।

ਲਾਰਡ ਬੈਟਿੰਗ ਸੰਨ ੧੮੩੫ ਵਿਚ ਵਲਾਇਤ ਨੂੰ ਚਲਾ ਗਿਆ, ਸਾਲ ਭਰ ਗਵਰਨਰੀ ਕਰਦਾ ਰਿਹਾ, ਸੰਨ ੧੮੩੬ ਨੂੰ ਆਕਲੈਂਡ ਗਵਰਨਰ ਹੋਕੇ ਆਇਆ ਉਸ ਨੇ ਮਦਰਾਸ ਇਲਾਕੇ ਵਿਖੇ ਕਰਨਾਲ ਦੇ ਸੂਬੇ ਨੂੰ ਚੂੰ ਚਿਰਾ ਕਰਨ ਪਰ ਗੱਦੀਓਂ ਉਤਾਰ ਦਿਤਾ ਤੇ ਉਸ ਦਾ ਇਲਾਕਾ ਕੰਪਨੀ ਦੇ ਅਧੀਨ ਕਰ ਲਿਆ। ਅੰਗਰੇਜ਼ਾਂ ਨੂੰ ਉਸ ਵੇਲੇ ਰੂਸ ਦਾ ਬਹੁਤ ਡਰ ਸੀ। ਇਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੇ ਪੱਖ ਪਰ ਕਰਕੇ ਕਾਬਲ ਪਰ ਜਾ ਧਾਵਾ ਕੀਤਾ, ਅਮੀਰ ਦੋਸਤ ਮੁਹੰਮਦ ਖਾਂ ਨੂੰ ਨੱਠਾ ਦਿਤਾ। ਸਿਖਾਂ ਨੇ ਇਸ ਜੰਗ ਵਿਚ ਭਾਰੀ ਮਦਦ ਦਿਤੀ ਆਪਣੇ ਪਖੀ ਸ਼ਾਹ ਸੁਜਾਹ ਨੂੰ ਗੱਦੀ ਪਰ ਬਿਠਾਇਆ ਜਿਸਦਾ ਹਾਲ ਖਾਲਸਾ ਦਰਬਾਰ ਵਿਖੇ ਕਾਫੀ ਆ ਚੁਕਿਆ ਹੈ।

ਅਖੀਰ ਕਾਬਲੀ ਪਠਾਣਾਂ ਨੇ ਐਸੀ ਕਤਲ ਆਮ ਮਚਾਈ ਕਿ ਉਥੇ ਬਹੁਤ ਸਾਰੇ ਅੰਗਰੇਜ਼ ਕਤਲ ਕਰ ਦਿਤੇ। ਮੁੜ ਉਸੀ ਅਮੀਰ ਦੋਸਤ ਮੁਹੰਮਦ ਨੂੰ ਤਖਤ ਪਰ ਬਠੌਣਾ ਪਿਆ। ਮਹਾਰਾਜਾ ਸ਼ੇਰ ਸਿੰਘ ਨੇ ਅੰਗਰੇਜ਼ਾਂ ਦੀ ਪੁਜ ਕ ਮਦਦ ਕੀਤੀ।

ਇਸ ਵੇਲੇ ਆਕਲੈਂਡ ਦੀ ਥਾਂ ਲਾਰਡ ਏਲਨਬਰਾ ਗਵਰਨਰ ਹੋਕੇ ਆਇਆ, ਇਸ ਨੇ ਪੰਜਾਬ ਨੂੰ ਲੈਣ ਦੀਆਂ ਵਿਓਂਤਾਂ ਕੀਤੀਆਂ। ਵਜ਼ੀਰ ਧਿਆਨ ਸਿੰਘ ਆਦਿ ਡੋਗਰਾ

ਤੇ ਮਿਸਰ ਪਾਰਟੀ ਨੂੰ ਰੁਪਿਆ ਦੇ ਜਾਲ ਵਿਚ ਫਸਾਇਆ, ਨਵਾਂ ਸੰਧੀ ਪੱਤ੍ਰ ਘੜ ਕੇ ਸ਼ਰਤਾਂ ਦੇ ਜਾਲ ਪੌਣੇ ਆਰੰਭੇ । ਨਵਾਬ ਗਵਾਲੀਅਰ ਜਿਸ ਦਾ ਡਰ ਸਿਖਾਂ ਨਾਲ ਰਲ ਜਾਣ ਦਾ ਸੀ ਧਾਵਾ ਕਰਕੇ ਕਮਜ਼ੋਰ ਕਰ ਕੇ ਸ਼ਰਤਾਂ ਲਿਖ ਕੇ ਆਪਣਾ ਪੱਖੀ ਬਣਾ ਲਿਆ । ਲਾਰਡ ਏਲਨਬਰਾ ਨੇ ਪੰਜਾਬ ਲੈਣ ਦੀਆਂ ਗੁਪਤੀ ਸਕੀਮਾਂ ਬਣਾਈਆਂ, ਲਾਰਡ ਏਲਨਬਰਾ ਪੰਜਾਬ ਲੈਣ ਦੀ ਸਕੀਮ ਪੂਰਨ ਕਰ ਕੇ ਵਲਾਇਤ ਨੂੰ ਚਲਿਆ ਗਿਆ।

ਸੋ ਅਗਲੇ ਭਾਗ ਵਿਖੇ 'ਖਾਲਸਾ-ਰਾਜ ਕਿੱਦਾਂ ਗਿਆ ?' ਦੇ ਉਤਰ ਵਿਚ ਸੰਖੇਪ ਨਾਲ ਹਾਲ ਲਿਖੇ ਜਾਂਦੇ ਹਨ, ਜਿਸ ਤੋਂ ਇਹ ਭੀ ਨਿਰਣਯ ਹੋ ਸਕੇਗਾ ਕਿ ਅੰਗਰੇਜ਼ਾਂ ਨੇ ਪੰਜਾਬ ਦਾ ਰਾਜ ਕਿਵੇਂ ਲਿਆ ? ਕੇਵਲ ਨੌਆਂ ਸਾਲਾਂ ਵਿਚ ਇਤਨੀ ਮਜਬੂਤ ਸਲਤਨਤ ਕਿਵੇਂ ਸੁਪਨਾ ਬਣ ਗਈ ?

ਲਾਲ ਸਿੰਘ ਗਜਾਨੀ ਸੰਗਰੂਰ
ਜਨਵਰੀ ਸੰਨ ੧੯੪੭

ਅੰਗ੍ਰੇਜ਼ਾਂ ਨੇ ਰਾਜ ਕਿਵੇਂ ਲਿਆ?

ਪਿਛੇ ਦਸਿਆ ਜਾ ਚੁਕਿਆ ਹੈ ਕਿ ਹਿੰਦ ਵਿਚ ਅੰਗਰੇਜ਼ੀ ਰਾਜ ਦੀ ਬਣਤਰ ਕਿਵੇਂ ਹੋਈ? ਅਗੇ ਉਸ ਨੂੰ ਦੋਬਾਰਾ ਸੰਖੇਪ ਕਰਕੇ ਖੋਲ੍ਹਿਆ ਹੈ ਕਿ ਇਨ੍ਹਾਂ ਨੇ ਨਏ ਨਏ ਕਾਨੂੰਨਾਂ ਤੇ ਮੁਕਦਮਿਆਂ ਨਾਲ ਬਿਨਾਂ ਜੰਗ ਕੀਤੇ ਦੇ ਕਿਤਨੇ ਇਲਾਕੇ ਆਪਣੇ ਅਧੀਨ ਕਰ ਲਿਤੇ। ਈਸਟ ਇੰਡੀਆ ਕੰਪਨੀ ਦੇਖਣ ਮਾਤ੍ਰ ਤਾਂ ਵਾਪਾਰੀ ਅੰਗਰੇਜ਼ਾਂ ਦਾ ਟੋਲਾ ਸੀ ਪਰ ਅੰਦਰੂਨੀ ਪਾਲਿਸੀ ਹਿੰਦੁਸਤਾਨ ਪਰ ਰਾਜ ਕਰਨਾ ਸੀ। ਪੁਰਤਗਾਲੀ, ਫਰਾਂਸੀਸੀ, ਇਟਾਲੀਅਨ ਆਦਿਕ ਭੀ ਏਸੇ ਖਿਆਲ ਨਾਲ ਹਿੰਦ ਵਿਚ ਆਏ ਸਨ ਪਰ ਉਨ੍ਹਾਂ ਨੂੰ ਅੰਗਰੇਜ਼ਾਂ ਨੇ ਦਬਾ ਲਿਆ। ਫਰਾਂਸ ਦੇ ਬਾਦਸ਼ਾਹ ਨੈਪੋਲੀਅਨ ਨੇ ਯੂਰਪ ਵਿਚ ਡਟਕੇ ਜੰਗ ਭੀ ਕੀਤਾ ਪਰ ਅਖੀਰ ਓਹ ਨਾ-ਕਾਮਯਾਬ ਹੋ ਗਿਆ। ਈਸਟ ਇੰਡੀਆ ਕੰਪਨੀ ਬਹਾਦਰ ਤਾਂ ਜ਼ਰੂਰ ਸੀ ਪਰ ਅੰਗਰੇਜ਼ਾਂ ਨੇ ਬਹਾਦਰੀ ਦੀ ਬਜਾਏ ਬਹੁਤੇ ਇਲਾਕੇ ਚਾਤੁਰਤਾ ਅਤੇ ਕਲਮ ਨਾਲ ਅਤੇ ਸ਼ਰਤਾਂ ਦੁਆਰੇ ਹੀ ਲਿਤੇ ਸਨ, ਸਮੇਂ ਸਿਰ ਬਹਾਦੁਰੀ ਨਾਲ ਜੰਗ ਦਾ ਢੰਗ ਰਚਕੇ ਭੀ ਇਲਾਕਾ ਜਿੱਤ ਲਿਆ ਸਿੱਧ ਕੀਤਾ ਜਾਂਦਾ ਸੀ, ਪਹਿਲਾਂ ਆ ਰਹੇ ਗਵਰਨਰ ਜਨਰਲ ਬਹੁਤ ਹੀ ਧੀਮੀ ਚਾਲ ਨਾਲ ਰਾਜ ਨੂੰ ਵਧੌਂਦੇ ਰਹੇ, ਪਰ ਲਾਰਡ ਡਲਹੌਜ਼ੀ ਨੇ ਬਹੁਤ ਤੇਜੀ ਨਾਲ ਮੁਕੰਮਲ ਹਿੰਦੁਸਤਾਨ ਪਰ

ਕਬਜ਼ਾ ਕਰਨ ਦੇ ਢੰਗ ਵਰਤੇ। ਲਾਰਡ ਡਲਹੌਜ਼ੀ ਨੇ ਹਿੰਦੀ ਨਵਾਬਾਂ, ਰਾਜਿਆਂ ਲਈ ਇਕ ਅਨੋਖਾ ਕਾਨੂੰਨ ਬਣਾ ਲਿਆ ਕਿ ਜਿਸਦੇ ਉਲਾਦ ਨਾ ਹੋਵੇ ਓਹ ਮਤਵੰਨਾ ਕਰ ਸਕਦਾ ਹੈ ਪਰ ਮਨਜ਼ੂਰੀ ਕੰਪਨੀ ਪਾਸੋਂ ਲਵੇ । ਕਈਆਂ ਪਾਸੋਂ ਤਾਂ ਜਿੰਦਗੀ ਦਾ ਰਾਜ ਲਿਖਾਕੇ ਉਸ ਦੀ ਮੌਤ ਪਿਛੋਂ ਇਲਾਕਾ ਸੰਭਾਲ ਲਿਆ ਜਾਂਦਾ ਸੀ ਜਿਸ ਨੂੰ ਲਾਰਡ ਡਲਹੌਜ਼ੀ ਨਹੀਂ ਚਾਹੁੰਦਾ ਸੀ ਉਸਦਾ ਮਤਵੰਨਾ ਨਾ ਮਨਜ਼ੂਰ ਕਰ ਦਿੰਦਾ। ਮਿਸਾਲ ਦੇ ਤੌਰ ਪਰ 'ਸਤਾਰਾ' ਦਾ ਰਾਜਾ ਪ੍ਰਤਾਪ ਸਿੰਘ ਰਾਜਪੂਤ ਨੂੰ ਇਸ ਇਲਜ਼ਾਮ ਵਿਚ ਗੱਦੀਓਂ ਉਤਾਰ ਦਿਤਾ ਗਿਆ ਕਿ ਓਹ ਪੁਰਤਗਾਲਾਂ ਨਾਲ ਰਲਕੇ ਅੰਗਰੇਜ਼ਾਂ ਨੂੰ ਹਿੰਦ ਵਿਚੋਂ ਨਿਕਾਲਨਾ ਚਾਹੁੰਦਾ ਹੈ। ਉਸ ਨੇ ਆਪਣੀ ਬੇ ਕਸੂਰੀ ਲਈ ਬਹੁਤ ਸਬੂਤ ਭੀ ਦਿਤੇ ਪਰ ੧੮੩੯ ਨੂੰ ਖਾਲੀ ਹਥ ਕਰਕੇ ਬਨਾਰਸ ਘਲ ਦਿਤਾ। ਇਸਦਾ ਭਾਈ ਆਪਾ ਰਾਉ ਜੋ ਬੁੱਢਾ ਸੀ ਗੱਦੀ ਪਰ ਬਿਠਾ ਦਿਤਾ ਗਿਆ ਪਰ ਏਹ ਬੇ ਉਲਾਦਾ ਸੀ, ਇਸ ਨੇ ਮਤਵੰਨਾ ਕੀਤਾ ਪਰ ਇਸ ਦੀ ਮੌਤ ਪਿਛੋਂ ਮਤਵੰਨਾ ਖਾਰਜ ਕਰਕੇ ਇਲਾਕਾ ਖਤਮ ਹੋ ਗਿਆ, ਇਹ ਸਮਾਂ ਸੰਨ ੧੮੪੮ ਦਾ ਸੀ।

ਝਾਂਸੀ ਦਾ ਰਾਜਾ ਗੰਗਾ ਰਾਉ ਪੰਜਾਂ ਸਾਲਾਂ ਦੇ ਲੜਕੇ ਅਨੰਦ ਰਾਉ ਨੂੰ ਮਤਵੰਨਾ ਕਰਕੇ ਆਪਣੀ ਰਾਣੀ ਲਛਮੀ ਬਾਈ ਦੀ ਝੋਲੀ ਪਾ ਗਿਆ ਸੀ ਪਰ ਝਾਂਸੀ ਦਾ ਮਤਵੰਨਾ ਖਾਰਜ ਕਰਕੇ ਝਾਂਸੀ ਇਲਾਕਾ ਜ਼ਬਤ ਕਰ ਲਿਆ । ਏਸੇ ਤਰਾਂ ਕਿਤਨੇ ਇਲਾਕੇ ਬਿਨਾਂ ਜੰਗ ਤੇ ਖੂਨ ਦਾ ਕਤਰਾ ਡੋਲ੍ਹੇ ਦੇ ਅੰਗਰੇਜ਼ੀ ਰਾਜ ਨਾਲ ਸ਼ਾਮਲ ਹੋ ਗਏ। ਲੱਛਮੀ ਬਾਈ

ਝਾਂਸੀ ਦੀ ਬਹੁਤ ਕਾਬਲ ਰਾਣੀ ਮੰਨੀ ਗਈ ਸੀ ਜੋ ਖਾਲੀ ਹਥ ਕਰਕੇ ਹਥ ਪੈਰ ਮਾਰਨੋਂ ਕੈਦ ਕਰ ਲਿਤੀ ਗਈ। ਇਲਾਕਾ ਨਾਗ ਪੁਰ ਦਾ ਰਾਜਾ ਰਘੂ ਜੀ ਭੋਂਸਲਾ ੧੮੫੩ ਵਿਚ ਮਰ ਗਿਆ, ਉਸਦੀ ਰਾਣੀ ਬਕੂ ਬਾਈ ਨੇ ਮਤਵੰਨਾ ਕਰਕੇ ਰਾਜ ਕਰਨਾ ਆਰੰਭ ਕੀਤਾ ਪਰੰਤੂ ਲਾਰਡ ਡਲਹੌਜ਼ੀ ਨੇ ਆਪਣੇ ਬਣਾਏ ਹੋਏ ਕਾਨੂੰਨ ਦੀ ਮਾਰ ਨਾਲ ੧੮੫੪ ਵਿਖੇ ਇਲਾਕਾ ਨਾਗ ਪੁਰ ਜ਼ਬਤ ਕਰ ਲਿਆ। ਉਥੇ ਦੀ ਰਾਣੀ ਬਕੂਬਾਈ ਝਗੜੇ ਬਖੇੜੇ ਕਰਦੀ ਰਹੀ ਜੋ ਅੰਤ ਕੈਦਣ ਰਹੀ, ਅਖੀਰ ਨੂੰ ਰਾਜ ਸਾਜ ਹਾਰ ਬੈਠੀ। ਭੋਂਸਲਾ ਖਾਨਦਾਨ ਉੱਕਾ ਖਤਮ ਕਰ ਦਿਤਾ ਗਿਆ। ਐਸੇ ਹੀ ਸੰਨ ੧੮੫੨ ਵਿਚ ਕਰੌਲੀ (ਇਲਾਕਾ ਭਰਤ ਪੁਰ) ਦਾ ਰਾਜਾ ਮਰ ਗਿਆ ਉਸ ਦੀ ਭੀ ਉਲਾਦ ਨਹੀਂ ਸੀ, ਉਸਦਾ ਭਰਤਪਾਲ ਨਾਮੀ ਮਤਵੰਨਾ ਸੀ, ਭਰਤਪਾਲ ਨੂੰ ਗੱਦੀ ਨਾ ਮਿਲੀ ਗੋਦ ਦੇ ਲੜਕੇ ਦੇ ਹਕ ਵਿਚ ਫੈਸਲਾ ਹੋਇਆ। ਇਸ ਤਰਾਂ ਅਦਲੀਆਂ ਬਦਲੀਆਂ ਦਿਲੀ ਨਾਰਾਜ਼ੀ ਦੇ ਕਾਰਨ ਹੀ ਬਣ ਰਹੀਆਂ ਸਨ। ਸੰਨ ੧੮੫੩ ਵਿਚ ਨਜ਼ਾਮ ਪਾਸੋਂ ਇਲਾਕਾ ਬਰੌਰ ਅਹਿਮਦ ਨਗਰ, ਦਬਾਬਾ, ਰਾਇਚੂਰ ਆਦਿਕ ਕੁਝ ਹਿੱਸਾ ਸੋਲਾਂ ਪੁਰ ਪੰਤਾਲੀ ਕੁ ਲਖ ਰੁਪਏ ਦੇ ਕਰਜ਼ੇ ਦੇ ਬਦਲੇ ਬਦੋ ਬਦੀ ਲਿਤੇ ਗਏ। ਨਾਗਪੁਰ ਬਗਰ ਦਾ ਕਬਜ਼ਾ ਭੀ ਹਿੰਦੀ ਰਈਸਾਂ ਦੀ ਮੌਤ ਸਮਝਿਆ ਗਿਆ। ਐਸੇ ਹੀ ਕਰਨਾਟਕ, ਮੈਸੂਰ ਦਾ ਇਲਾਕਾ ਸੰਨ ੧੮੫੫ ਵਿਖੇ ਨਵਾਬ ਦੇ ਬੇ ਉਲਾਦ ਮਰ ਜਾਣੇ ਪਰ ਲਾਰਡ ਡਲਹੌਜ਼ੀ ਨੇ ਆਪਣੇ ਬਣਾਏ ਕਾਨੂੰਨ ਨਾਲ ਜ਼ਬਤ ਕਰ ਲਿਆ। ਨਵਾਬ ਦੇ

ਪਰਿਵਾਰ ਨੂੰ ਤ੍ਰਵਰ੍ਹ ਲੱਖ ਰੁਪਿਆ ਸਾਲਾਨਾ ਪਿਨਸ਼ਨ ਦੇਕੇ ਰਾਜ ਖਤਮ ਕਰ ਦਿਤਾ, ਐਸੀ ਦਸ਼ਾ ਨੂੰ ਵੇਖਕੇ ਹਿੰਦੀ ਨਵਾਬ ਤੇ ਰਾਜੇ ਕੰਬ ਉਠੇ ਕਿ ਉਨ੍ਹਾਂ ਦੀ ਵਾਰੀ ਭੀ ਆਈ ਕਿ ਆਈ ਹੈ।

ਸੰਨ ੧੮੩੨ ਵਿਖੇ ਤੰਜੌਰ ਦਾ ਰਾਜਾ ਮਰ ਗਿਆ ਸੀ, ਇਸਦਾ ਪੁਤ੍ਰ ੧੮੫੫ ਤੀਕਰ ਰਾਜ ਕਰਕੇ ਦੋ ਲੜਕੀਆਂ ਛਡ ਮਰਿਆ, ਲੜਕੀਆਂ ਦੇ ਰਾਜ ਦਾ ਹੱਕ ਨਾ ਮੰਨ ਕੇ ਲਾਰਡ ਡਲਹੌਜ਼ੀ ਨੇ ਇਲਾਕਾ ਜ਼ਬਤ ਕਰਕੇ ਆਪਣੀ ਕੰਪਨੀ ਦੇ ਅਧੀਨ ਕਰ ਲਿਆ। ਸਿੱਟਾ ਕੀ ! ਇਸ ਲਾਵਲਦੀ ਦੇ ਕਾਨੂੰਨ ਨਾਲ ਜੰਗ ਜਾਂ ਖੇਚਲ ਬਿਨਾਂ ਹੀ ਅੰਗਰੇਜ ਕੰਪਨੀ ਨੂੰ ਅਨੇਕਾਂ ਇਲਾਕੇ ਮੁਫਤ ਮਿਲਦੇ ਰਹਿੰਦੇ। ਨਾ ਹੀ ਕੋਈ ਰੁਪਿਆ ਖਰਚਣਾ ਪੈਂਦਾ ਬਲਕਿ ਭਰੇ ਭਰਾਏ ਖਜਾਨੇ ਤੇ ਜੰਗੀ ਸਾਮਾਨ ਕਿਲੇ ਸੈਨਾਂ ਦੀ ਮਦਦ ਮਿਲ ਜਾਂਦੀ ਸੀ। ਐਸੇ ਹੀ ਸੰਨ ੧੮੪੯ ਨੂੰ ਸੰਭਲ ਪੁਰ ਦਾ ਰਾਜਾ ਨਾਰਾਇਣ ਸਿੰਘ ਰਾਜਪੂਤ ਲਾਵਲਦ ਰਹਿਕੇ ਮਰ ਗਿਆ ਉਸਦਾ ਇਲਾਕਾ ਭੀ ਸੰਭਾਲ ਲਿਆ । ਇਲਾਕਾ ਬਠੂਰ ਦਾ ਅਠ ਲੱਖ ਦੀ ਪਿਨਸ਼ਨ ਲੈਣ ਵਾਲਾ ਬਾਜੀ ਰਾਉ ਮੁੜ ਪਿਨਸ਼ਨ ਨਾਲ ਜਾਗੀਰਾਂ ਖਰੀਦਕੇ ਕਰੋੜ ਪਤੀ ਬਣ ਗਿਆ, ਇਸ ਦੇ ਉਲਾਦ ਕੋਈ ਨਹੀਂ ਸੀ, ਇਹ ਤ੍ਰਤਾਲੀ ਸਾਲ ਅਠ ਲੱਖ ਸਾਲਾਨਾ ਪਿਨਸ਼ਨ ਲੈ ਕੇ ੧੮੫੧ ਨੂੰ ਮਰ ਗਿਆ, ਇਸ ਨੇ ਜੋ ਮੁਤਵੰਨਾ ਬਣਾਇਆ ਸੀ ਉਸਦਾ ਨਾਮ ਧੁੰਧੂ ਪੰਥ ਜਾਂ ਨਾਨਾ ਸਾਹਿਬ ਸੀ, ਬਾਜੀ ਰਾਉ ਦੀ ਸਾਰੀ ਮਾਇਆ ਲਾਰਡ ਡਲਹੌਜ਼ੀ ਦੇ ਬੇਔਲਾਦੇ ਤੇ ਮੁਤਬੰਨਿਆਂ ਦੇ ਕਾਨੂੰਨ ਨੇ

ਜ਼ਬਤ ਕਰ ਲਿਤੀ, ਦਸਿਆ ਹੈ ਕਿ ਨਾਨਾ ਸਾਹਿਬ ਨੂੰ ਕੇਵਲ ਤੀਸ ਕੁ ਲਾਖ ਰੁਪਿਆ ਦਿਤਾ। ਨਾਨਾ ਸਾਹਿਬ ਨੇ ਪਿਤਾ ਦੀ ਪਿਨਸ਼ਨ ਮਿਲਣ ਲਈ ਬਥੇਰੇ ਮੁਕੱਦਮੇ ਕੀਤੇ ਅੰਤ ਕੁਝ ਪੱਲੇ ਨਾ ਪਿਆ। ਇਸ ਹਾਲਤ ਵਿਚ ਦੁਖੀ ਤੇ ਪਰੇਸ਼ਾਨ ਹੋ ਬੈਠਿਆ, ਇਸ ਕਾਨੂੰਨ ਨਾਲ ਕਾਫੀ ਰਾਜੇ ਉੱਕੇ ਖਤਮ ਹੋ ਗਏ। ਸਿਖਾਂ ਦੀਆਂ ਰਿਆਸਤਾਂ ਭੀ ਕਈ ਖਤਮ ਹੋਈਆਂ ਜਿਹਾ ਕਿ ਕੈਂਥਲ ਦਾ ਰਾਜ, ਜਥੇਦਾਰ ਬਘੇਲ ਸਿੰਘ ਦਾ ਰਾਜ, ਰਾਣੀ ਲਛਮਣ ਕੌਰ ਅੰਬਾਲਾ ਆਦਿਕ ਕਈ ਜ਼ੀਮ ਹੋ ਗਏ। ਲਾਰਡ ਡਲਹੌਜ਼ੀ ਨੇ ਅਖੀਰ ਅਵਧ ਦੇ ਇਲਾਕੇ ਪਰ ਨਿਗਾਹ ਮਾਰੀ ਇਸਦੀ ਰਾਜਧਾਨੀ ਲਖਨਊ ਸੀ ਇਹ ਇਲਾਕਾ ਕਾਫੀ ਸੀ ਜਿਸ ਦੀਆਂ ਹੱਦਾਂ ਨੇਪਾਲ ਨਾਲ ਜਾ ਲਗਦੀਆਂ ਸਨ। ਪੂਰਬ ਵਲ ਗੋਰਖ ਪੁਰ, ਦੱਖਣ ਪਾਸੇ ਅਲਾਹਬਾਦ ਦਖਣ ਤੇ ਪੱਛਮ ਦੀ ਤਰਫ ਫਤਹ ਪੁਰ। ਕਾਹਨ ਪੁਰ, ਪੱਛਮ ਸ਼ਾਹ ਜਹਾਨ ਪੁਰ ਆਦਿਕ ਦੇ ਵਿਚਕਾਰ ਅਵਧ ਦਾ ਰਾਜ ਲਗ ਪਗ ਚੌਬੀਸ ਪਚੀਸ ਹਜਾਰ ਮੁਰੱਬਾ ਮੀਲਾਂ ਵਿਚ ਫੈਲ ਰਿਹਾ ਸੀ, ਪੰਜਾਹ ਸਠ ਲੱਖ ਦੀ ਵਸੋਂ ਸੀ। ਨਵਾਬ ਦ ਇਹ ਇਲਾਕਾ ਬਿਨਾ ਕਿਸੇ ਜੰਗ ਦੇ ਤੇ ਝਗੜੇ ਕੀਤੇ ਦੇ ਕਾਨੂੰਨ ਅਤੇ ਕਲਮ ਦੇ ਜ਼ੋਰ ਨਾਲ ਹੀ ਸੰਨ ੧੮੫੬ ਈ: ਨੂੰ ਜ਼ਬਤ ਕਰ ਲਿਆ ਗਿਆ, ਨਾ ਕੋਈ ਜੰਗ ਤੇ ਨਾ ਹੀ ਉੱਦਮ ਕੀਤਾ ਇਤਨਾ ਵਡਾ ਇਲਾਕਾ ਉਸਦਾ ਖਜ਼ਾਨਾ, ਕਿਲੇ, ਸਾਮਾਨ ਲੈ ਲਿਤਾ ਗਿਆ, ਉਕਤ ਦਸ਼ਾ ਥੀਂ ਸੁਤੇ ਹੀ ਜਾਣਿਆਂ ਜਾ ਸਕਦਾ ਹੈ ਕਿ ਅੰਗਰੇਜਾਂ ਨੇ ਹਿੰਦੁਸਤਾਨ ਦਾ ਰਾਜ ਆਪਣੀ ਕਲਮ ਦੀ ਹਿੰਮਤ ਅਤੇ ਕਾਨੂੰਨੀ ਸਕੀਮਾਂ ਨਾਲ ਬਹੁਤ ਲਿਤਾ।

ਸੰਨ ੧੮੫੨ ਈ: ਵਿਚ ਬੰਬਈ ਵਿਖੇ ਇਕ ਕਮਿਸ਼ਨਰ ਨੀਯਤ ਹੋਇਆ, ਜਿਸ ਨੇ ਕਿ ਮਹਾਰਾਸ਼ਟਰ ਦੇ ਜਗੀਰਦਾਰਾਂ ਨੂੰ ਪੜਚੋਲਨਾ ਸ਼ੁਰੂ ਕੀਤਾ ਕਿ ਤੁਮ ਆਪੋ ਆਪਣੇ ਸਬੂਤ ਪੇਸ਼ ਕਰੋ ਕਿ ਕਿਨ੍ਹਾਂ ਕਾਰਨਾ ਕਰਕੇ ਜਗੀਰਾਂ ਖਾਂਦੇ ਹੋ ? ਪੁਰਾਣੀਆਂ ਚਲੀਆਂ ਆ ਰਹੀਆਂ ਜਾਗੀਰਾਂ ਦੇ ਸਬੂਤ ਉਸ ਸਮੇਂ ਕੌਣ ਰਖਦਾ ਸੀ, ਇਸਤਰਾਂ ਕਈ ਪੀੜੀਆਂ ਤੋਂ ਚਲੇ ਆ ਰਹੇ ਜਾਗੀਰਦਾਰਾਂ ਨੂੰ ਲਾਰਡ ਡਲਹੌਜ਼ੀ ਨੇ ਹਲੌਣ ਨਾਲ ਹੌਲਿਆਂ ਕਰ ਦਿਤਾ, ਕਈਆਂ ਦੇ ਇਨਾਮਾਂ ਤੇ ਜਾਗੀਰਾਂ ਦੇ ਪੁਰਾਣੇ ਰਿਵਾਜ ਦੇ ਉਜਰ ਲਈ ਕਾਫੀ ਨਾ ਮੰਨੇ ਗਏ। ਅਨੇਕਾਂ ਬ੍ਰਾਹਮਣ, ਡੇਰੇਦਾਰ ਪਏ ਝਗੜੇ ਕਰਦੇ ਤੇ ਰੁਪਿਆ ਪਾਣੀ ਦੀ ਤਰ੍ਹਾਂ ਅਦਾਲਤਾਂ ਵਿਚ ਸੁਟ ਕੇ ਅੰਤ ਨੂੰ ਹਾਰ ਜਾਂਦੇ।

ਲਾਰਡ ਡਲਹੌਜ਼ੀ ਨੇ ਕਾਜ਼ੀਆਂ ਪੰਡਿਤਾਂ ਦੇ ਪੁਰਾਣੇ ਫੈਸਲਿਆਂ ਦੇ ਅੜੇ ਬਦਲ ਦਿਤੇ, ਸਭ ਬਾਤਾਂ ਅੰਗਰੇਜੀ ਅਦਾਲਤਾਂ ਵਿਚ ਔਣ ਲਗੀਆਂ, ਇਸੇ ਤਰਾਂ ਦੇਸ਼ ਵਿਚ ਹਾਲ ਦੁਹਾਈ ਭੀ ਮਚ ਗਈ। ਪਿਨਸ਼ਨਰ, ਜਾਗੀਰਦਾਰ ਗੱਦੀਓਂ ਲਾਹੇ। ਨਵਾਬ, ਰਾਜੇ ਪਹਿਲਾਂ ਪਰੇਸ਼ਾਨ ਸਨ। ਜਾਗੀਰਦਾਰ ਭੀ ਦੁਖੀ ਹੋ ਗਏ ! ਦੇਸ ਵਿਚ ਅਸ਼ਾਂਤੀ ਦਾ ਮੁਢ ਬੱਝ ਗਿਆ, ਫੌਜਾਂ ਵਿਚ ਤਨਖਾਹਾਂ ਭੱਤਿਆਂ ਦੇ ਘਟੌਣ ਪਰ ਇਤਰਾਜ ਚਲ ਪਏ। ਪੰਜਾਬ ਦੇ ਰਾਜ ਨੂੰ ਲਾਰਡ ਡਲਹੌਜ਼ੀ ਨੇ ਬਹੁਤ ਚਾਤੁਰਤਾ ਨਾਲ ਹਜ਼ਮ ਕਰ ਲਿਆ। ਕੋਈ ਪਾਸਾ ਐਸਾ ਨਾ ਰਿਹਾ ਜਿਸ ਪਾਸੇ ਤੋਂ ਕੋਈ ਦੁੱਖਾਂ ਦੀ ਸ਼ਾਖ ਨਾ ਹੋਵੇ।

ਲਾਰਡਡਲਹੌਜ਼ੀ ਨੇ ਅੰਗ੍ਰੇਜ਼ੀਰਾਜ ਨੂੰ ਬਹੁਤਤ੍ਰੱਕੀਦਿਤੀ, ਨਾਮ ਭੀ ਵਡਾ ਪਾਇਆ ਪਰ ਉਸਦੇ ਇਨਸਾਫ ਤੇ ਰਚੇ ਕਾਨੂੰਨ ਹਿੰਦੀਆਂ ਨੂੰ ਖਾਲੀ ਹਥ ਕਰਕੇ ਅੰਗਰੇਜ਼ੀ ਕੌਮ ਨੂੰ ਪਾਲਨ ਵਾਲੇ ਸਮਝੇ ਜਾਂਦੇ ਸਨ, ਅੰਗਰੇਜ਼ ਕੌਮ ਨੇ ਉਸ ਦੀ ਮਹਾਨ ਕਦਰ ਪਾਈ ਤੇ ਵਡੇ ਵਡੇ ਖਿਤਾਬ ਦਿਤੇ।

ਨੋਟ—ਲਾਰਡ ਡਲਹੌਜ਼ੀ ਦੇ ਹਾਲਾਤ ਪਿਛੇ ਭੀ ਆ ਚੁਕੇ ਹਨ।

ਲਾਲ ਸਿੰਘ ਗਜਾਨੀ ਸੰਗਰੂਰ
ਜਨਵਰੀ ਸੰਨ ੧੯੪੭

ੴ ਸਤਿਗੁਰਪ੍ਰਸਾਦਿ ॥

ਖ਼ਾਲਸਾ ਦਰਬਾਰ ਦਾ ਮੁੱਢ

ਸਤਿਗੁਰੂ ਨਾਨਕ ਦੇਵ ਜੀ ਨੇ ਹਦੋਂ ਵੱਧ ਪਰਵਿਰਤੀ ਨੂੰ ਖਾਲਸਾ ਮਤ ਵਿਖੇ ਸਨਮਾਨ ਨਹੀਂ ਦਿਤਾ। ਗੁਰੂ ਸਾਹਿਬਾਂ ਦਾ ਆਸ਼ਾ ਸੀ ਕਿ ਰਾਜ ਚਾਹੇ ਕੋਈ ਕਰੇ ਪਰ ਇਨਸਾਫ, ਧਰਮ ਕਾਇਮ ਰਹੇ ਅਰ ਹਰ ਕੋਈ ਹੱਕ ਦੀ ਕਮਾਈ ਖਾਵੇ। ਸ਼ਾਹ ਬਾਬਰ ਨੂੰ ਭੀ ਗੁਰੂ ਜੀ ਨੇ ਇਸ ਵਾਇਦੇ ਪਰ ਅਸ਼ੀਰਬਾਦ ਦਿਤੀ ਸੀ ਕਿ ਓਹ ਸੱਚ ਦਾ ਹਾਮੀ ਰਹਿਕੇ ਪਰਜਾ ਨੂੰ ਸੁਖੀ ਰਖੇਗਾ ਪਰ ਇਹ ਹਾਲਤ ਕਿਸੇ ਹੱਦ ਤਕ ਸ਼ਾਹ ਅਕਬਰ ਤਕ ਆਈ, ਬਾਦ ਵਿਚ ਮੁਗਲਾਂ ਨੇ ਐਲਾਨੀਆਂ ਜ਼ੁਲਮ ਅਰ ਅਨਿਆਇ ਕਰਨਾ ਆਰੰਭ ਦਿਤਾ। ਪੰਚਮ ਗੁਰੂ ਜੀ ਨੂੰ ਜੋ ਸ਼ਾਂਤੀ ਦੇ ਪੁੰਜ ਸਨ, ਬੇਰਹਿਮੀ ਦੇ ਤ੍ਰੀਕੇ ਨਾਲ ਬਿਨਾ ਕਸੂਰ ਬਾਦਸ਼ਾਹ ਜਹਾਂਗੀਰ ਨੇ ਸ਼ਹੀਦ ਕਰਾ ਦਿਤਾ। ਪਰਜਾ ਨੂੰ ਬਹੁਤ ਦੁਖੀ ਕਰਨ ਲਗੇ, ਜ਼ੋਰ ਜ਼ੁਲਮ ਨਾਲ ਹਿੰਦੂਆਂ ਦਾ ਦਮ ਨੱਕ ਵਿਚ ਆ ਗਿਆ, ਜਿਸ ਪਰ ਛੀਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਲਵਾਰ ਦੁਆਰੇ ਮੂੰਹ ਤੋੜ ਉਤਰ ਤੇ ਸੰਥਾ ਦਿਤੀ, ਪਰ ਜ਼ਾਲਮ ਨਹੀਂ ਟਲੇ, ਹੋਰ ਇਸ ਪਿਛੋਂ ਸਿਖਾਂ ਨੇ ਭੀ ਬਹੁਤ ਸ਼ਾਂਤੀ ਰੱਖੀ। ਸਤਵੇਂ ਤੇ

ਅਠਵੇਂ ਅਰ ਨੌਵੇਂ ਗੁਰੂ ਜੀ ਨੇ ਸ਼ਾਂਤੀ ਦੀ ਹੱਦ ਹੀ ਕਰ ਛਡੀ ਪਰ ਜ਼ਾਲਮਾਂ ਨੇ ਫਿਰ ਭੀ ਅਠਵੇਂ ਅਰ ਨੌਵੇਂ ਗੁਰੂ ਜੀ ਨੂੰ ਦਿਲੀ ਵਿਚ ਬਿਨਾ ਕਸੂਰ ਸ਼ਹੀਦ ਕੀਤਾ, ਅਖੀਰ ਦਸਮ ਗੁਰੂ ਜੀ ਨੇ ਜ਼ਾਲਮਾਂ ਦੇ ਸੁਧਾਰ ਲਈ ਤਲਵਾਰ ਉਠਾਈ ਅਰ ਧਰਮ ਪ੍ਰਚਾਰ ਵਾਸਤੇ ਆਪਣਾ ਸਰਬੰਸ ਵਾਰ ਦਿਤਾ, ਪਰ ਜ਼ਾਲਮ ਫਿਰ ਭੀ ਜ਼ੁਲਮਾਂ ਤੋਂ ਨਹੀਂ ਟਲੇ। ਉਨ੍ਹਾਂ ਨੇ ਚੁਣ ਚੁਣ ਕੇ ਸਿਖ ਮਾਰਨੇ ਆਰੰਭੇ ਅਰ ਪਰਜਾ ਦੀਆਂ ਬਹੂ ਬੇਟੀਆਂ ਐਲਾਨੀਆਂ ਖੋਹ ਲੈਂਦੇ। ਅਖੀਰ ਮੁਗਲਾਂ ਦੇ ਪਾਪਾਂ ਦਾ ਘੜਾ ਭਰ ਗਿਆ।

ਸ੍ਰੀ ਗੁਰੂ ਦਸਮੇਸ਼ ਜੀ ਨੇ ਹਿੰਦੁਸਤਾਨ ਵਿਚੋਂ ਸ਼ਖਸੀ ਰਾਜ ਦੀਆਂ ਜੜਾਂ ਕੱਟਣ ਵਾਸਤੇ "ਖਾਲਸਾ ਪਾਰਲੀਮੈਂਟ" ਕਾਇਮ ਕਰਕੇ ਐਲਾਨ ਕਰ ਦਿਤਾ ਕਿ ਸਾਰੇ ਹਿੰਦੀ ਖਾਲਸਾ ਸਜ ਕੇ ਸ੍ਵੈਇਛਾ ਵਾਲਾ 'ਰਾਜ ਜੋਗ' ਕਾਇਮ ਕਰਨ। ਗੁਲਾਮੀ ਦਾ ਜੂਲਾ ਕੋਈ ਨਾ ਉਠਾਵੇ ਅਰ ਏਹੀ ਸਕੀਮ ਮਨੁਸ਼ ਮਾਤ੍ਰ ਲਈ ਨੀਯਤ ਹੈ।

ਉਕਤ ਆਸ਼ੇ ਨੂੰ ਮੁਖ ਰਖ ਕੇ ਗੁਰੂ ਸਾਹਿਬਾਂ ਨੇ "ਬੰਦਾ ਬਹਾਦਰ" ਬਾਬਾ ਗੁਰਬਖਸ਼ ਸਿੰਘ ਨੂੰ ਜਥੇਦਾਰ ਥਾਪ ਕੇ ਸਿੰਘਾਂ ਦਾ ਜੱਥਾ ਪੰਜਾਬ ਨੂੰ ਘਲਿਆ ਸੀ ਤਾਂਕਿ ਸਾਰੇ ਮਿਲ ਕੇ ਸ਼ਖਸੀ ਅਰ ਜ਼ਾਲਮ ਹਕੂਮਤ ਦਾ ਖਾਤਮਾ ਕਰਨ। ਗੁਰੂ ਸਾਹਿਬਾਂ ਨੇ ਇਹ ਭੀ ਹੁਕਮ ਕੀਤਾ ਸੀ ਕਿ ਅਗੋ ਲਈ 'ਰਾਜ ਜੋਗ' ਦਾ ਮਾਲਕ ਗੁਰੂ ਖਾਲਸਾ ਹੈ, ਅਰ ਅਸੀਂ ਭੀ ਹਮੇਸ਼ਾਂ ਖਾਲਸੇ ਦੇ ਅੰਗ ਸੰਗ ਹਾਂ। ਕੋਈ ਭੀ ਸਿਖ ਵਡਾ, ਛੋਟਾ ਨਹੀਂ ਹੈ। ਗੁਣਾਂ ਅਰ ਯੋਗਤਾ ਅਨੁਸਾਰ ਜਥੇਦਾਰ ਤੇ

ਪ੍ਰਬੰਧਕ ਕਾਇਮ ਹੋਣ । ਲੋੜ ਅਨੁਸਾਰ ਸਾਂਝੀ ਸੰਮਤੀ ਦੇ ਗੁਰਮਤੇ ਸੋਧੇ ਜਾਇਆ ਕਰਨ।

ਖਾਲਸੇ ਨੇ ਸੰਮਤ ੧੭੬੪ ਬਿ: ਵਿਚ ਸਰਹੰਦ ਮਾਰ ਲਈ ਸੀ। ਗੁਰੂ ਸਾਹਿਬਾਂ ਦੇ ਸਾਹਮਣੇ 'ਖਾਲਸਾ ਦਰਬਾਰ' ਅਮਲੀ ਸ਼ਕਲ ਵਿਚ ਕਾਇਮ ਹੋ ਗਿਆ ਸੀ, ਦਸਮੇਸ਼ ਗੁਰੂ ਜੀ ਨੇ ਕਿਸੇ ਭੀ ਮੁਲਕ ਯਾ ਇਲਾਕੇ ਤੇ ਕਬਜ਼ਾ ਨਹੀਂ ਕੀਤਾ ਸੀ ਪਰ ਸਰਹੰਦ ਮਾਰਨੇ ਵੇਲੇ "ਖਾਲਸਾ ਦਰਬਾਰ" ਦੀ ਹੋਂਦ ਬੱਝੀ। ਸ੍ਰੀ ਗੁਰੂ ਦਸਮੇਸ਼ ਜੀ ਨੇ ਸੰਮਤ ੧੭੬੫ ਬਿ: (੧੭੦੮ ਈ:) ਵਿਖੇ ਸਚ ਖੰਡ ਨੂੰ ਕਮਰ ਕਸੇ ਕੀਤੇ ਸਨ, ਉਸ ਵੇਲੇ "ਖਾਲਸਾ ਦਰਬਾਰ" ਅਮਲੀ ਸ਼ਕਲ ਵਿਚ ਆ ਗਿਆ ਸੀ।

ਬੰਦਾ ਬਹਾਦਰ ਦੀ ਜਥੇਦਾਰੀ ਵੇਲੇ ਸੰਮਤ ੧੭੬੩ ਤੋਂ ਲੈ ਕੇ ਸੰਮਤ ੧੭੭੩ ਤਕ ਅਰਥਾਤ ੯ ਨੌਆਂ ਸਾਲਾਂ ਵਿਚ ਖਾਲਸੇ ਨੇ ਓਹ ਤਲਵਾਰ ਵਾਹੀ ਕਿ ਮੁਗਲ ਬਾਦਸ਼ਾਹੀ ਵਿਚ ਸੁੰਨਸਾਨ ਵਰਤ ਗਈ। ਸਹਾਰਨ ਪੁਰ, ਕਰਨਾਲ, ਲੁਧਿਹਾਣਾ, ਫੀਰੋਜ਼ ਪੁਰ, ਦੁਆਬਾ, ਮਾਝਾ, ਸਿੰਧ, ਪੋਠੋਹਾਰ ਸਾਰੇ ਇਲਾਕੇ 'ਖਾਲਸਾ ਦਰਬਾਰ' ਦੇ ਅਧੀਨ ਹੋ ਗਏ ਸਨ। ਬਾਕਾਇਦਾ ਸਿੱਕਾ ਚਲਾਇਆ ਗਿਆ ਅਰ ਹਕੂਮਤ ਦੇ ਕਾਨੂੰਨ ਭੀ ਬਣਾਏ ਤੇ ਚਲਾਏ ਗਏ। ਹਾਂ ਇਹ ਬਾਤ ਅਤਰੀ ਹੈ ਕਿ ਸਿਖ ਕਈ ਵਾਰ ਦਾਉ ਘਾਉ ਨਾਲ ਨੱਠੇ ਅਰ ਮੁੜ ਫਤਹ ਕਰਦੇ ਰਹੇ ਕਿਉਂਕਿ ਰਾਜ ਕਾਜ ਵਿਚ ਅਕਸਰ ਜਿੱਤ ਹਾਰ ਹਮੇਸ਼ਾਂ ਰਹਿੰਦੀ ਹੈ। ਬਾਦਸ਼ਾਹ ਔਰੰਗਜ਼ੇਬ, ਬਹਾਦਰ ਸ਼ਾਹ ਆਦਿ ਸਾਰੀ ਉਮਰ ਲੜਦੇ ਹੀ ਰਹੇ, ਹਾਲਾਂਕਿ ਓਹ ਆਪ ਨੂੰ

ਆਲਮਗੀਰ ਬਾਦਸ਼ਾਹ ਮੰਨਦੇ ਸਨ, ਪਰ ਸ਼ਾਂਤੀ ਨਾਲ ਇਕ ਦਿਨ ਭੀ ਨਹੀਂ ਗੁਜ਼ਾਰਿਆ ਹੋਵੇਗਾ।

ਉਸ ਸਮੇਂ ਦੀ ਹਕੂਮਤ ਦੀ ਪਾਲਿਸੀ ਪਾੜੋ, ਤੇ ਮਾਰੋ ਵਾਲੀ ਕਾਮਯਾਬ ਹੋ ਗਈ। ਸਿਖਾਂ ਵਿਚ ਨਾ ਇਤਫਾਕੀ ਭੀ ਪਈ, ਜਿਸ ਕਰਕੇ 'ਖਾਲਸਾ ਦਰਬਾਰ' (ਖਾਲਸਾ ਪਾਰਲੀਮੈਂਟ) ਦੇ ਨਿਯਮ ਢਿਲੇ ਪੈ ਗਏ ਅਰ ਆਪਾ ਧਾਪੀ ਨਾਲ ਖਾਲਸਾ ਮਿਸਲਾਂ ਦੇ ਜਾਲ ਵਿਚ ਫਸ ਗਏ। ਭਾਵੇਂ ਇਹ ਭੀ ਵੈਸੇ ਇਕ ਪ੍ਰਕਾਰ ਦਾ 'ਖਾਲਸਾ ਦਰਬਾਰ' ਹੀ ਸੀ, ਕਿਉਂਕਿ ਵਿਪਤਾ ਵੇਲੇ ਸਾਰੇ ਇਕੱਠੇ ਹੋ ਕੇ ਦੁਸ਼ਮਨਾਂ ਦਾ ਟਾਕਰਾ ਕਰਦੇ ਸਨ ਪਰ ਫਿਰ ਭੀ ਕੇਂਦਰੀ ਹਕੂਮਤ ਅਥਵਾ ਇਕ ਮੁਠ ਦੀ ਤਾਕਤ ਬਿਨਾਘਾਟਾ ਸੀ।

ਬੰਦਾ ਬਹਾਦਰ ਤੋਂ ਪਿਛੋਂ ਨਵਾਬ ਕਪੂਰ ਸਿੰਘ ਜੀ, ਮਾਤਾ ਸੁੰਦਰ ਕੌਰ ਜੀ, ਬਾਬਾ ਦਰਬਾਰਾ ਸਿੰਘ ਜੀ, ਸ: ਜੱਸਾ ਸਿੰਘ ਜੀ ਆਹਲੂਵਾਲੀਆ ਆਦਿ ਪੰਥ ਵਿਚ ਸਾਂਝੇ ਤੌਰ ਪਰ ਜਥੇਦਾਰ ਰਹੇ, ਪਰੰਤੂ ਮਿਸਲਾਂ ਦੇ ਜਥੇਦਾਰ ਅੱਡ ਅੱਡ ਹੋਣੇ ਪਰ ਮਤ ਭੇਦ ਹੋਣ ਲਗ ਪਿਆ, ਕਈ ਵਾਰ ਇਸੇ ਕਰਕੇ ਏਕਤਾ (ਮੇਲ) ਨੂੰ ਤੋੜਨ ਵਾਲੀਆਂ ਗਲਤੀਆਂ ਭੀ ਹੋਈਆਂ ਕਿਉਂਕਿ ਹਕੂਮਤ ਇਕ ਐਸੀ ਚੀਜ਼ ਹੈ ਕਿ ਇਸ ਵਿਚ ਪਿਤਾ ਪੁਤ੍ਰ ਦਾ ਭੀ ਵਿਰੋਧ ਆ ਪੈਂਦਾ ਹੈ, ਜਿਹਾ ਕਿ ਔਰੰਗਜ਼ੇਬ ਨੇ ਆਪਣੇ ਭਰਾਵਾਂ ਅਰ ਪਿਤਾ ਨੂੰ ਭੀ ਬੇਰਹਿਮੀ ਨਾਲ ਮਾਰਕੇ ਰਾਜ ਕੀਤਾ। ਸੰਸਾਰ ਭਰ ਦੇ ਰਾਜਾਂ ਕਾਜਾਂ ਵਿਚ ਏਹੀ ਕੁਝ ਹੁੰਦਾ ਆਇਆ ਹੈ।

ਅਖੀਰ ਖਾਲਸੇ ਨੇ ਕੇਂਦਰੀ ਸ਼ਕਲ ਵਿਚ 'ਖਾਲਸਾ

ਦਰਬਾਰ' ਬਣਾਇਆ, ਪਰੰਤੂ ਡੋਗਰਿਆਂ ਦੀਆਂ ਖੁਦ ਗਰਜ਼ੀਆਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਸ਼ਖਸੀ ਹਕੂਮਤ ਦੇ ਖਿਆਲ ਦਿਤੇ, ਇਸ ਪਾਸੇਂ ਸਿਖ ਮਿਸ਼ਨ ਦੀ ਪਾਰਲੀਮੈਂਟ ਨੂੰ ਨੁਕਸਾਨ ਪਹੁੰਚਾਇਆ।

ਖਾਲਸਾ ਜੀ ਤਲਵਾਰ ਦਾ ਧਨੀ ਅਰ ਨਿਮਰਤਾ ਤੇ ਦਇਆ ਦਾ ਦੇਵਤਾ ਹੈ ਉਸ ਨੇ ਈਰਾਨ, ਕਾਬਲ ਆਦਿ ਤੱਕ ਦੇ ਜ਼ਾਲਮਾਂ ਧਾੜਵੀਆਂ ਪਾਸੋਂ ਹਿੰਦੁਸਤਾਨ ਦੇ ਬਾਸ਼ਿੰਦਿਆਂ ਨੂੰ ਹਿੰਮਤ ਨਾਲ ਬਚਾਇਆ, ਪੰਜਾਬ ਵਿਚ 'ਖਾਲਸਾ ਰਾਜ' ਕਾਇਮ ਕੀਤਾ। ਸੀਸ ਤਲੀ ਪਰ ਧਰ ਕੇ ਹਿੰਦੁਸਤਾਨ ਦੇ ਦਰਵਾਜ਼ੇ ਪਰ ਖੜਾ ਹੋਇਆ ਮਾਨੋ ਪੰਜਾਬ ਦੇ ਦਰਵਾਜੇ ਦਾ ਪਹਿਰੇਦਾਰ ਸੀ, ਜਿਥੋਂ ਦੀ ਕਿ ਮਹਿਮੂਦ, ਤਹਿਮੂਰ, ਨਾਦਰ ਤੇ ਅਹਿਮਦ ਸ਼ਾਹ ਅਬਦਾਲੀ ਜੈਸੇ ਲੁਟੇਰੇ, ਮਾਰ ਲੁਟ ਕੇ ਹਿੰਦੁਸਤਾਨ ਨੂੰ ਤਬਾਹ ਕਰਦੇ ਸਨ।

ਖਾਲਸੇ ਨੇ ਕਾਬਲ, ਕੰਧਾਰ, ਕਸ਼ਮੀਰ, ਤਿੱਬਤ, ਸਿੰਧ ਤਕ ਜ਼ਾਲਮਾਂ ਨੂੰ ਦਬਾਇਆ ਜਿਸ ਕਰਕੇ ਦੁਨੀਆਂ ਭਰ ਦੇ ਬਹਾਦਰਾਂ ਵਿਚ ਖਾਲਸਾ ਜੀ ਦੀ ਧਾਂਕ ਪੈ ਗਈ। ਖਾਲਸਾ ਬਹਾਦਰ ਹਿੰਦੁਸਤਾਨ ਦੇ ਦਰਵਾਜ਼ੇ ਦਾ ਐਸਾ ਪਹਿਰੇਦਾਰ ਬਣਿਆਂ ਕਿ ਉਸ ਨੇ ਨੌ ਸੌ ਬਰਸਾਂ ਤੋਂ ਲੁਟ ਰਹੇ ਲੁਟੇਰਿਆਂ ਨੂੰ ਮੁੜ ਕੇ ਆਪੋ ਆਪਣੀ ਘਰੀਂ ਡੱਕ ਦਿਤਾ। ਖਾਲਸੇ ਦੀ ਹਿੰਮਤ, ਕੁਰਬਾਨੀ ਅਗੇ ਕਿਸੇ ਦੀ ਭੀ ਤਾਕਤ ਨਾ ਰਹੀ ਕਿ ਮੁੜ ਹਿੰਦੁਸਤਾਨ ਦੀ ਲੁਟ ਦਾ ਖਿਆਲ ਤਕ ਭੀ ਕਰਨ, ਬਲਕਿ ਰੂਸੀ, ਫਰਾਂਸੀਸ, ਅੰਗਰੇਜ਼ ਅਰ ਚੀਨੀ ਖਾਲਸੇ ਨਾਲ ਦੋਸਤੀ ਗੰਢਣ ਨੂੰ ਫਖਰ ਮੰਨਣ ਲਗੇ।

ਨੋਟ– ਸਿਖਾਂ ਨੇ ਪੰਜਾਬ ਤੋਂ ਬਾਹਰ 'ਹਿੰਦੁਸਤਾਨ ਭਰ ਵਿਚ ਖਾਲਸਾ ਰਾਜ ਕਾਇਮ ਕਰਨ ਦੀ ਕਿਉਂ ਵਿਲ ਰਖੀ ? ਹਾਲਾਂ ਕਿ ਦਸਮ ਗੁਰੂ ਜੀ ਨੇ ਰਾਜ ਜੋਗ ਲਈ, ਪਟਨਾ, ਦਮਦਮਾ, ਅਨੰਦ ਪੁਰ (ਕੇਸ ਗੜ੍ਹ ਸਾਹਿਬ) ਹਜ਼ੂਰ ਸਾਹਿਬ, ਚਾਰ ਹੋਰ ਤਖਤ ਰਚੇ। ਕੇਵਲ ਅਕਾਲ ਬੁੰਗੇ (ਅਕਾਲ ਤਖਤ) ਹੀ ਫੈਸਲੇ ਕਰਦੇ ਰਹੇ।

ਹਿੰਦੂ ਮੁਸਲਮਾਨਾਂ ਦੇ ਫੈਸਲਿਆਂ ਹਿਤ ਵਖ ਦਸਤੂਰਉਲ ਅਮਲ ਬਨਾਇਆ ਜਿਸ ਮੂਜਬ ਕਿ ਕਾਜ਼ੀ ਨੂਰ ਦੀਨ ਨੂੰ ਮਜ਼੍ਹਬੀ ਫੈਸਲਿਆਂ ਦਾ ਹੈਡ ਥਾਪਿਆ, ਕਾਨੂੰਨੀ ਤੇ ਸਮਾਜਕ ਮਾਮਲਿਆਂ ਹਿਤ ਉਸ ਦੇ ਮਾਤਹਿਤ, ਚਿਸ਼ਤੀ ਸੈਦੁਲਾ ਤੇ ਮੁਫਤੀ ਮਹੰਮਦ ਸ਼ਾਹ ਨੂੰ ਨੀਯਤ ਕੀਤਾ, ਇਨਾਂ ਨਾਲ ਹਕੀਮ ਨੂਰ ਦੀਨ (ਭ੍ਰਾਤਾ ਫਕੀਰ ਅਜ਼ੀਜ਼ ਦੀਨ) ਮੁਕਰਰ ਹੋਏ! ਇਹੋ ਪੰਚਾਇਤੀ ਰਾਜ ਦੀ ਨੀਹ ਸੀ। ਹਿੰਦੂਆਂ ਦੇ ਆਗੂ ਭੀ ਆਪਣੇ ਹੱਕਾਂ ਪਰ ਥਾਪੇ ਗਏ।

ਖਾਲਸਾ ਜੀ ਦੀ ਪ੍ਰਤੱਗਿਆ

ਸਿਖਾਂ ਨੇ ਜਿਸ ਬਾਤ ਪਰ ਨਿਸਚਾ ਪੂਰਬਕ ਇਕ ਮਨ ਹੋ ਕੇ ਪ੍ਰਣ ਧਾਰਿਆ ਹੈ ਉਸ ਨੂੰ ਪੂਰਨ ਕਰਕੇ ਵਿਖਾਇਆ ਕਿਉਂਕਿ ਗੁਰੂ ਸਾਹਿਬਾਂ ਦੇ ਬਚਨ ਸਿਖਾਂ ਦੇ ਅੱਗੇ ਸਦਾ ਰਹਿਬਰੀ ਕਰਦੇ ਹਨ, ਬਚਨ ਹੈ:–

'ਭੇੜੇ ਕੋ ਮੈਂ ਸ਼ੇਰ ਬਨਾਊਂ' ॥ ਰਾਠਨ ਕੇ ਸੰਗ ਟੇਕ ਲੜਾਊਂ' ॥
ਭੂਪ ਗ੍ਰੀਬਨ ਕੋ ਕਹਵਾਊਂ ॥ ਚਿੜਿਓਂ ਸੇ ਮੈਂ ਬਾਜ ਤੁੜਾਊਂ ॥
ਸਵਾ ਲਾਖ ਸੇ ਏਕ ਲੜਾਊਂ ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥

ਉਕਤ ਬਚਨ ਦਸਮੇਸ਼ ਜੀ ਵਲੋਂ ਹਨ, ਸੋ ਠੀਕ ਘੁੰਗਣੀਆਂ ਵੇਚਨ ਵਾਲੇ ਕਿਰਾੜ, ਕਾਇਰ ਅੰਮ੍ਰਿਤ ਛਕ ਕੇ ਵੱਡੇ ਵੱਡੇ ਆਕੜਖਾਨ ਮੁਗਲਾਂ, ਪਠਾਨਾਂ, ਰਾਜਪੂਤਾਂ ਆਦਿਕਾਂ ਨਾਲ ਲੜਕੇ ਜਿੱਤਦੇ। ਜੋ ਭੂਰੇ ਪਹਿਰਨ ਵਾਲੇ ਕ੍ਰਿਤੀ ਤਥਾ ਸ਼ੂਦਰ ਚੰਡਾਲ ਕਹਿਕੇ ਦੁਰਕਾਰੇ ਗਏ ਸਨ, ਸਰਦਾਰ, ਰਾਜੇ ਆਦਿ ਬਣਾ ਦਿਤੇ। ਗੁਲਾਮ ਲੋਕ ਤੇ ਮਾਧੋ ਦਾਸ ਜੈਸੇ ਮਾੜਕੂ ਸਨਯਾਸੀ ਅੰਮ੍ਰਿਤ ਛਕਾਕੇ ਖਾਲਸਾ ਬਹਾਦਰ ਬਣਾਏ। ਚਮਕੌਰ ਸਾਹਿਬ ਆਦਿ ਦੇ ਜੰਗਾਂ ਜੁਧਾਂ ਵਿਚ ਇਕ ਇਕ ਸਿਖ ਨੇ ਮਦਾਨ ਵਿਚ ਨਿਕਲ ਕੇ ਲੱਖਾਂ ਦਾ ਟਾਕਰਾ ਕੀਤਾ। ਗੁਰੂ ਸਾਹਿਬਾਂ ਨੇ ਜੋ ਬਚਨ ਕੀਤਾ ਸੀ, "ਖਾਲਸਾ ਪੰਥ ਵਿਚ ਓਹੀ ਸਪਿਰਟ ਮੌਜੂਦ ਹੈ ਅਤੇ ਸਦਾ ਰਹੇਗੀ।"

ਸਿਖ ਧਰਮ ਦਾ ਆਸ਼ਾ ਸੇਵਾ ਕਰਨਾ ਹੈ

ਦੁਨੀਆਂ ਦੇ ਵਿਦਜਵਾਨ ਮੰਨਦੇ ਹਨ ਕਿ ਸਿਖਾਂ ਵਿਚ ਹਰ ਇਕ ਧਰਮ ਵਲੋਂ ਵਧਕੇ ਸੇਵਾ ਦਾ ਪਰੇਮ ਹੈ, ਯਥਾ—ਜੋ ਭਰੋਸਾ ਸਿਖਾਂ ਨੂੰ ਆਪਣੇ ਗੁਰੂ ਉਪਰ ਹੈ, ਓਹ ਕਿਸੇ ਭੀ ਧਰਮ ਯਾਂ ਫਿਰਕੇ ਵਿਖੇ ਨਹੀਂ ਦੇਖਿਆ ਗਿਆ। ਇਹ ਆਪਣੇ ਗੁਰੂ ਦੇ ਨਾਮ ਉਤੇ ਜਿਸ ਦੀ ਬਾਣੀ ਨੂੰ ਇਹ ਹਮੇਸ਼ਾਂ ਪੜ੍ਹਦੇ ਹਨ। ਰਾਹੀਆਂ ਮੁਸਾਫਰਾਂ ਦੀ ਟਹਿਲ ਕਰਨੇ ਨੂੰ ਕਰਤਾਰ ਭਗਤੀ ਅਰ ਧਾਰਮਕ ਫਰਜ ਮੰਨਦੇ ਹਨ, ਜੇ ਕੋਈ ਅੱਧੀ ਰਾਤ ਨੂੰ ਭੀ ਇਨਾਂ ਦਾ ਦਰਵਾਜ਼ਾ ਆ ਖੜਕਾਵੇ ਅਤੇ ਗੁਰੂ ਦਾ ਵਾਸਤਾ ਪਾ ਕੇ ਆਵਾਜ਼ ਦੇਵੇ ਸਿਖ ਉਸਦੀ ਲੋੜ ਮੂਜਬ ਇਸ ਤਰਾਂ ਦੀ ਸੇਵਾ ਕਰਦੇ ਹਨ, ਜਿਸ ਤਰਾਂ ਕਿ ਓਹ ਸਕਾ (ਮਾਂ

ਜਾਇਆ) ਭਾਈ ਹੁੰਦਾ ਹੈ ।

ਸੂਚਨਾ-ਉਕਤ ਲਿਖਤ ਫਾਰਸੀ ਤਵਾਰੀਖ ਅਰਥਾਤ ਖੁਲਾਸਾਤਉਤ ਤਵਾਰੀਖ ਦੇ ਕਰਤਾ ਮੁਨਸ਼ੀ ਸੁਜਾਨ ਰਾਇ ਦੀ ਹੈ। ਇਹ ਤਵਾਰੀਖ ਸੰਨ ੧੬੯੬ ਵਿਖੇ ਲਿਖੀ ਸੀ, ਉਸ ਨੇ ਅਖੀਂ ਡਿਠੇ ਹਾਲਾਤ ਦੱਸੇ ਹਨ।

ਸਿੱਖਾਂ ਦੇ ਆਚਾਰਨ ਪਰ ਹਰ ਇਕ ਨੂੰ ਭਰੋਸਾ ਸੀ ਕਿ ਓਹ ਦੇਵਤੇ ਹਨ। ਪੰਜਾਬ ਵਿਚ ਇਹ ਕਹਾਵਤ ਪ੍ਰਸਿਧ ਸੀ, "ਆਏ ਨੀ ਨਿਹੰਗ, ਬੂਹਾ ਖੋਲਦੇ ਨਿਸ਼ੰਗ" ਜੇ ਸਿਖ ਐਸੇ ਘਰ ਆ ਜਾਂਦੇ ਜਿਥੇ ਕਿ ਘਰ ਵਿਚ ਉਸ ਵੇਲੇ ਕੱਲਿਆਂ ਬੀਬੀਆਂ ਹੁੰਦੀਆਂ ਸਨ ਤਾਂ ਹਰ ਇਕ ਨੂੰ ਭਰੋਸਾ ਸੀ ਕਿ ਸਿਖ ਮਹਾਤਮਾਂ ਪੁਰਸ਼ ਹਨ, ਕੋਈ ਚੋਰੀ ਯਾਰੀ ਖਰਾਬੀ ਨਹੀਂ ਕਰ ਦੇ। ਲੋਕ ਆਪਣੇ ਮੰਜੇ ਬਿਸਤਰੇ ਛਡ ਕੇ ਸਿਖਾਂ ਨੂੰ ਅਰਾਮ ਲਈ ਦਿੰਦੇ ਸਨ, ਸੈਂਕੜੇ ਮੁਸਲਮਾਨ ਲੇਖਕਾਂ ਨੇ ਸਿਖਾਂ ਦੇ ਉੱਚੇ ਆਚਰਨ ਅਰ ਉੱਚੇ ਸਲੂਕ ਦੀ ਤਾਰੀਫ ਲਿਖੀ ਹੈ।

ਸ਼ਾਹਜ਼ਾਦਾ ਖੜਗ ਸਿੰਘ ਦੀ ਗੱਦੀ ਨਸ਼ੀਨੀ

ਸ਼ਾਹਜ਼ਾਦਾ ਖੜਗ ਸਿੰਘ ਛੋਟੀ ਉਮਰ ਤੋਂ ਜੰਗਾਂ ਵਿਚ ਸ਼ਾਮਲ ਰਿਹਾ ਫਰਵਰੀ ਸੰਨ ੧੮੧੨ ਈ. ਵਿਚ ਇਸ ਦੀ ਸ਼ਾਦੀ ਚੰਦ ਕੌਰ (ਸਪੁਤ੍ਰੀ ਸ: ਜੈਮਲ ਸਿੰਘ ਜੀ ਘਨਯਾਂ ਨਗਰ ਫਤਹ ਗੜ੍ਹ ਜਿਲਾ ਗੁਰਦਾਸਪੁਰ) ਨਾਲ ਹੋਈ ਉਸ ਵੇਲੇ ਦੇ ਪੰਜਾਬ ਦੇ ਰਈਸਾਂ ਨੇ ਇਸ ਦੀ ਯੋਗਤਾ ਪਰ ਪ੍ਰਸੰਨਤਾ ਜ਼ਾਹਰ ਕੀਤੀ। ਸ਼ਾਹਜ਼ਾਦਾ ਖੜਗ ਸਿੰਘ ਮੁਲਤਾਨ ਤੇ ਕਸ਼ਮੀਰ

ਮਿਘਾਂ ਦੇ ਜੰਗ ਵਿਚ ਬਹਾਦਰੀ ਨਾਲ ਲੜਿਆ (ਇਹ ਸਮਾਂ ਸੰਨ ੧੮੧੮ ਈ: ਦਾ ਸੀ) ਮੁਲਤਾਨ ਦੀ ਜੰਗ ਵੇਲੇ ਪਚੀਸ ਹਜ਼ਾਰ ਫ਼ੌਜ ਦੀ ਕਮਾਨ ਇਸਦੀ ਸਪੁਰਦਗੀ ਵਿਚ ਸੀ, ਮਹਾਰਾਜੇ ਵਲੋਂ ਕੜਾ ਹੁਕਮ ਸੀ ਕਿ ਬਿਨਾਂ ਫਤਹ ਕੀਤੇ ਨਹੀਂ ਮੁੜਨਾ ਅਗੋਂ ਸੂਬੇਦਾਰ ਮੁਜ਼ਫਰ ਖਾਨ ਭੀ ਬਹਾਦਰੀ ਵਿਚ ਕਿਸੇ ਤਰਾਂ ਭੀ ਘਟ ਨਹੀਂ ਸੀ। ਮੁਲਤਾਨ ਦੀ ਫਤਹ ਦਾ ਸੋਹਰਾ ਸ਼ਾਹਜ਼ਾਦਾ ਖੜਗ ਸਿੰਘ ਦੇ ਸਿਰ ਪਰ ਰਿਹਾ ਇਸੀ ਤਰਾਂ ਇਹ ਸ਼ਾਹਜ਼ਾਦਾ ਕਈ ਇਲਾਕਿਆਂ ਵਿਚ ਗਵਰਨਰ ਭੀ ਰਿਹਾ, ਇਸ ਨੂੰ ਪ੍ਰਬੰਧ ਦਾ ਚੰਗਾ ਤਜਰਬਾ ਸੀ। ਇਸ ਦੀ ਕਾਰਗੁਜ਼ਾਰੀ ਮਹਾਰਾਜਾ ਨੂੰ ਦਿਲੋਂ ਪਸੰਦ ਸੀ ਪਰ ਡੋਗਰਾ ਪਾਰਟੀ ਇਸਤੋਂ ਵਿਰਧ ਸੀ ਅਰ ਓਹ ਇਸ ਨੂੰ ਅਯੋਗ ਸਾਬਤ ਕਰਨ ਲਈ ਯਤਨ ਕਰਦੇ ਰਹਿੰਦੇ ਸ਼ਾਹਜ਼ਾਦਾ ਆਪਣੀ ਅਕਲਮੰਦੀ ਅਰ ਨਿਰਛਲਤਾ ਦੇ ਕਾਰਨ ਸਚਾਈ ਨਾਲ ਰਾਜ ਕਰਨ ਦੇ ਯੋਗ ਸਿੱਧ ਹੁੰਦਾ ਰਿਹਾ।

ਸ਼ੇਰੇ ਪੰਜਾਬ ਨੇ ਸੰਨ ੧੮੧੮ ਈ: (ਸੰਮਤ ੧੮੭੫ ਬਿ:) ਨੂੰ ਮੁਲਤਾਨ ਦੀ ਫਤਹ ਪਰ ਲਾਹੌਰ ਆਮ ਦੀਵਾਨ ਕਰ ਕੇ ਇਹ ਕਿਹਾ ਸੀ ਕਿ 'ਰਾਜ ਖਾਲਸੇ ਦਾ ਹੈ ਅਤੇ ਫਤਹ ਖਾਲਸੇ ਦੀ ਹੈ' ਸੰਨ ੧੮੨੦ ਈ: ਵਿਚ ਕਸ਼ਮੀਰ ਦੀ ਫਤਹ ਵੇਲੇ ਭੀ ਈਹੋ ਕਿਹਾ, ਸਿਖਾਂ ਦਾ ਖਿਆਲ ਸੀ ਕਿ ਮਹਾਰਾਜਾ ਜ਼ਰੂਰ ਸਿਖ ਕੌਂਸਲ ਕਰਕੇ ਸ਼ਾਹਜ਼ਾਦੇ ਨੂੰ ਗੱਦੀ ਦੇਵੇਗਾ, ਤਾਂਕਿ ਡੋਗਰਾ ਅਤੇ ਬ੍ਰਹਮਣ ਪਾਰਟੀ ਦੇ ਪੰਜੇ ਤੋਂ ਛੁਟਕਾਰਾ ਹੋਵੇ, ਪਰੰਤੂ ਮਹਾਰਾਜਾ ਨੇ ਇਸ ਪਰ ਅਮਲ ਨਹੀਂ ਕੀਤਾ ਅੰਗਰੇਜ਼ਾਂ ਨਾਲ ਰੋਪੜ ਦੀ ਮੁਲਾਕਾਤ ਵੇਲੇ ਭੀ ਇਹ ਸਵਾਲ

ਸੀ ਸੰਨ ੧੮੦੯ ਸਤਿਲੁਜ ਦੀ ਹੱਦਬੰਦੀ ਸਮੇਂ ਭੀ ਇਹੋ ਸਵਾਲ ਸੀ,ਮਹਾਰਾਜੇ ਨੇ ਸੰਨ੧੮੧੬ਈ: ਵਿਚ ਸ਼ਾਹਜ਼ਾਦੇ ਨੂੰ ਰਾਜਾ ਧਿਆਨ ਸਿੰਘ ਵਜ਼ੀਰ ਦੀ ਹਥੀਂ ਰਾਜ ਤਿਲਕ ਦਲਾਇਆ, ਉਸ ਵੇਲੇ ਭੀ ਸਿਖਾਂ ਵਿਚ ਇਕ ਕੌਂਸਲ ਬਣਨੇ ਦਾ ਖਿਆਲ ਸੀ। ਸ਼ੋਕ ! ਕਿ ਸਿਖਾਂ ਦੀ ਇਹ ਆਸ ਪੂਰਨ ਨਾ ਹੋ ਸਕੀ। ਮਹਾਰਾਜਾ ਸਾਹਿਬ ੨੭ ਜੂਨ ਸੰਨ ੧੮੩੯ ਈ: (੧੫ ਹਾੜ ਸੰਮਤ ੧੮੯੬) ਨੂੰ ਚਲਾਣਾ ਕਰ ਗਿਆ। ਮਹਾਰਾਜਾ ਅਧਰੰਗ ਦੀ ਬੀਮਾਰੀ ਵਿਚ ਛੀ ਮਹੀਨੇ ਬਰਾਬਰ ਬੀਮਾਰ ਰਿਹਾ ਆਪ ਨੇ ੨੨ ਮਈ ਸੰਨ ੧੮੩੯ (੯ ਜੇਠ ਸੰਮਤ ੧੮੯੬ ਬਿ:) ਲਾਹੌਰ ਵਿਖੇ ਦੋਬਾਰਾ ਦੀਵਾਨ ਆਮ ਕਰਕੇ ਰਾਜਾ ਧਿਆਨ ਸਿੰਘ ਵਜ਼ੀਰ ਨੂੰ ਸ਼ਾਹਜ਼ਾਦੇ ਦੀ† ਬਾਂਹ ਫੜਾਕੇ ਆਪਣੀਂ ਹਥੀਂ ਰਾਜ ਸਿੰਘਾਸਨ ਪਰ ਬਠਾਇਆ। ਉਸੀ ਵੇਲੇ ਸਾਰੇ ਕੰਮ ਸਪੁਰਦ ਕਰ ਦਿਤੇ ਸਨ। ਸ਼ੇਰੇ ਪੰਜਾਬ ਦੀ ਮ੍ਰਿਤੂ ਤਾਂ ੧੫ ਹਾੜ ਨੂੰ ਹੋਈ ਪਰੰਤੂ ਦੂਜੇ ਦਿਨ ੧੬ ਹਾੜ ਨੂੰ ਸਰੀਰ ਦਾ ਸਸਕਾਰ ਕੀਤਾ ਗਿਆ। ਰਾਜਾ ਧਿਆਨ ਸਿੰਘ

---

† ਸ਼ਾਹਜ਼ਾਦਾ ਖੜਗ ਸਿੰਘ ਹਾਲੀ ਪੰਦਰਾਂ ਕੁ ਸਾਲਾਂ ਦਾ ਸੀ "ਮਹਾਰਾਜਾ ਨੇ ਸੰਮਤ ੧੮੭੩ ਬਿ:" ਦੇ ਦਰਬਾਰ ਵਿਚ ਰਾਜ ਤਿਲਕ ਦੀ ਰਸਮ ਅਦਾ ਕੀਤੀ, ਤੇ ਵਜ਼ੀਰ ਧਿਆਨ ਸਿੰਘ ਨੂੰ ਕਿਹਾ ਕਿ ਇਸ ਦੀ ਮਦਦ ਕਰਨੀ, ਪ੍ਰਤੀਤ ਹੁੰਦਾ ਹੈ ਕਿ ਮਹਾਰਾਜਾ ਨੂੰ ਉਸ ਵੇਲੇ ਵਜ਼ੀਰ ਧਿਆਨ ਸਿੰਘ ਦੀ ਨੀਯਤ ਪਰ ਸ਼ਕ ਸੀ ਕਿ ਡੋਗਰੇ ਮਤਾਂ ਮੇਰੇ ਪਿਛੋਂ ਕੰਵਰ ਖੜਗ ਸਿੰਘ ਨੂੰ ਪਿਛੇ ਨਾ ਧੱਕ ਦੇਣ। "ਇਹ ਰਾਵਨ ਦੀ ਪਾਵੇ ਨਾਲ ਮੌਤ ਬੰਧਣ ਵਾਲੀ ਮਿਸਾਲ ਹੈ।

ਨੇ ਦਖਾਵੇ ਲਈ ਬਿਨਾਂ ਦਰੇਗ ਦੇ ਸ਼ਾਹੀ ਖਜ਼ਾਨੇ ਵਿਚੋਂ ਬੇਸ਼ੁਮਾਰ ਰੁਪਿਆ ਖਰਚਿਆ। ਦਸ ਬਾਰਾਂ ਲੱਖ ਰੁਪਿਆ ਤਾਂ ਚਬੂਤਰੇ ਪਰ ਹੀ ਲਗਾ ਦਿਤਾ, ਜਿਥੇ ਕਿ ਕੇਵਲ ਅਰਥੀ ਰੁਕਣੀ ਸੀ, ਲੋਕ ਦਿਖਾਵੇ ਨੂੰ ਰੋਂਦਾ ਅਤੇ ਧਾਹਾਂ ਮਾਰਦਾ, ਅੰਗੀਠੇ ਵਿਚ ਸੜਨ ਨੂੰ (ਸਤਾ ਹੋਣ ਲਈ) ਨਠ ਨਠ ਜਾਂਦਾ, ਉਸ ਦੇ ਸਨਬੰਧੀ ਫੜਨ ਦਾ ਡਰਾਮਾਂ ਕਰਦੇ ਰਹੇ। ਪਰ ਸ਼ਾਹਜ਼ਾਦਾ ਖੜਗ ਸਿੰਘ ਦੀ ਬਾਦ ਵਿਚ ਜੋ ਗੱਦੀ ਨਸ਼ੀਨੀ ਦੀ ਰਸਮ ਕੀਤੀ ਓਹ ਬਹੁਤ ਸਾਧਾਰਨ ਸ਼ਕਲ ਵਿਚ ਕੀਤੀ!

ਰਾਜ ਸਿੰਘਾਸਣ ਪਰ ਬਿਰਾਜ ਕੇ ਮਹਾਰਾਜਾ ਖੜਗ ਸਿੰਘ ਨੇ ਬਹੁਤ ਚੰਗਾ ਇੰਤਜ਼ਾਮ ਕੀਤਾ, ਛੀ ਮਹੀਨੇ ਤੀਕਰ ਤਾਂ ਡੋਗਰੇ ਸੋਚਾਂ ਵਿਚ ਰਹੇ। ਦਿਲੋਂ ਓਹ ਨਹੀਂ ਚਾਹੁੰਦੇ ਸੀ ਕਿ ਮਹਾਰਾਜਾ ਦਾ ਸਲੂਕ ਸਿਖਾਂ ਨਾਲ ਰਹੇ ਅਰ ਓਹ ਹਮੇਸ਼ਾਂ ਸਿਖਾਂ ਨੂੰ ਮਿਲਣ ਤੋਂ ਕਿਸੇ ਤ੍ਰੀਕੇ ਨਾਲ ਰੋਕਦੇ ਰਹਿੰਦੇ ਸਨ, ਤਾਂਕਿ ਸਿਖਾਂ ਦਾ ਕੋਈ ਸੋਥਾ ਨਾ ਹੋ ਜਾਵੇ ਪਰ ਰਾਜਾ ਧਿਆਨ ਸਿੰਘ ਦੀਆਂ ਅਖੀਆਂ ਤੇ ਕੀਤੇ ਪ੍ਰਣਾ (ਸੌਂਹਾਂ) ਵਲੋਂ ਫਿਰਨ ਲਗੀਆਂ ਉਸ ਨੇ ਗੀਤਾ ਅਤੇ ਸਾਲਗਰਾਮ ਪਰ ਹੱਥ ਧਰਕੇ ਰਾਜ ਭਗਤ ਰਹਿਣ ਦਾ ਧਰਮ ਛੇਤੀ ਹੀ ਭੁਲਾ ਦਿਤਾ। ਆਪਣੇ ਪ੍ਰਣਾਂ ਨੂੰ ਫਰੇਬ ਸਿੱਧ ਕਰਨੇ ਲਗ ਗਿਆ।! ਮਹਾਰਾਜੇ ਦੇ ਹਰ ਇਕ ਕੰਮ ਵਿਚ ਰੋਕ ਪੌਂਦਾ ਅਤੇ ਅਯੋਗ ਸਿੱਧ ਕਰਦਾ ਜੋ ਕੰਮ ਵਿਰੁਧ ਕਰੌਣਾਂ ਹੁੰਦਾ ਓਹ ਮਹਿਲਾਂ ਵਿਚ ਰਾਣੀਆਂ ਦੀ ਰਾਹੀਂ ਕਰੌਂਦਾ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਮਹਿਲਾਂ ਵਿਚ ਜਾਣ ਦੀ ਖੁਲ੍ਹ ਸੀ, ਖੜਗ ਸਿੰਘ 'ਸ਼ਾਹਜ਼ਾਦਾ' ਹੋਣ ਸਮੇਂ ਭੀ ਇਸ ਬਾਤ ਤੋਂ ਵਿਰੁਧ ਸੀ,

ਇਸੇ ਕਰਕੇ ਧਿਆਨ ਸਿੰਘ ਉਸ ਤੋਂ ਉਲਟ ਸੀ। ਮਹਾਰਾਜੇ ਨੇ ਉਸ ਨੂੰ ਮਹਿਲਾਂ ਵਿਚ ਜਾਣੋਂ ਰੋਕ ਦਿਤਾ।

ਧਿਆਨ ਸਿੰਘ ਦੀ ਹੁਕਮ ਅਦੂਲੀ

ਮਹਾਰਾਜੇ ਨੇ ਵਜ਼ੀਰ ਧਿਆਨ ਸਿੰਘ ਨੂੰ ਠੀਕ ਹੁਕਮ ਦਿਤਾ ਸੀ, ਪਰ ਅਗੋਂ ਉਸ ਨੇ ਕਿਹਾ ਕਿ ਮੈਂ ਇਸ ਤਰਾਂ ਵਜ਼ੀਰੀ ਨਹੀਂ ਕਰ ਸਕਦਾ, ਮਹਾਰਾਜਾ ਨੇ ਕਿਹਾ ਆਪ ਦੇ ਅਧਿਕਾਰਾਂ ਵਿਚ ਕੋਈ ਫਰਕ ਨਹੀਂ ਪਾਇਆ ਜਾਉਗਾ ਪਰ ਵਜ਼ੀਰ ਨੇ ਮਹਾਰਾਜਾ ਦੇ ਹੁਕਮ ਦੀ ਪ੍ਰਵਾਹ ਨਾਂ ਕਰਕੇ ਮਹਿਲਾਂ ਅੰਦਰ ਜਾਣਾ ਬੰਦ ਨ ਕੀਤਾ, ਚੂੰਕਿ ਇਸ ਦੀ ਵਜ਼ੀਰੀ ਦੀ ਕੁੰਜੀ ਅੰਦਰ ਜਾ ਕੇ ਪਾੜੋ ਮਾੜੋ ਪਾਲਿਸੀ ਨਾਲ ਚਲਦੀ ਸੀ, ਉਸ ਨੇ ਅੰਦਰ ਪਹੁੰਚ ਕੇ ਮਹਾਰਾਣੀ ਨੂੰ ਵਰਗਲਾਇਆ ਕਿ ਮਹਾਰਾਜਾ ਸਾਹਿਬ ਤੁਹਾਡਾ ਰਾਜ ਖਰਾਬ ਕਰ ਦੇਵੇਗਾ, ਮੈਂ ਤੁਹਾਡਾ ਸੱਚਾ ਹਿਤੂ ਹਾਂ ਮਹਾਰਾਜਾ ਮੈਥੋਂ ਵਿਰੁਧ ਹੋ ਕੇ ਅੰਗਰੇਜ਼ਾਂ ਨਾਲ ਮਿਲ ਰਿਹਾ ਹੈ ਪਰੰਤੂ ਮਹਾਰਾਜਾ ਉਸ ਵੇਲੇ ਆਪਣੀ ਹਿਫਾਜਤ ਲਈ ਕੌਂਸਲ ਬਨੌਣੀ ਚਾਹੁੰਦਾ ਸੀ ਜੋ ਕਿ ਉਸ ਨੂੰ ਹਰ ਤਰਾਂ ਦੀ ਮਦਦ ਦੇਵੇ। ਅੰਗਰੇਜ਼ਾਂ ਨਾਲ ਉਸ ਦੀ ਕੋਈ ਗਲ ਬਾਤ ਨਹੀਂ ਸੀ ਕੌਂਸਲ ਬਨੌਣ ਦੀ ਸਕੀਮ ਨੂੰ ਅੰਗਰੇਜ਼ਾਂ ਨਾਲ ਮਿਲਣਾਂ ਕਹਿਣੋ ਲਗਿਆ, ਸਿਖਾਂ ਨੂੰ ਮਹਾਰਾਜਾ ਦੇ ਖਿਆਲ ਬਹੁਤ ਪਸੰਦ ਸਨ।

ਡੋਗਰਾ ਪਾਰਟੀ ਦੀਆਂ ਸਾਜ਼ਸ਼ਾਂ

ਕੌਂਸਲ ਬਣਾ ਲੈਣ ਤੋਂ ਪਹਿਲਾਂ ਹੀ ਮਹਾਰਾਜਾ ਖੜਗ ਸਿੰਘ ਨੇ ਛੇਤੀ ਕੀਤੀ, ਜੋ ਰਾਜਾ ਧਿਆਨ ਸਿੰਘ ਨੂੰ ਹੁਕਮ ਦੇ

ਦਿਤਾ ਕਿ ਰਣਵਾਸ ਵਿਖੇ ਨ ਜਾਵੇ, ਧਿਆਨ ਸਿੰਘ ਇਹ ਹੁਕਮ ਸੁਣ ਕੇ ਸੜ ਬਲ ਗਿਆ ਕਿ ਇਸ ਤਰਾਂ ਮੈਂ ਵਜ਼ੀਰੀ ਨਹੀਂ ਕਰ ਸਕਦਾ। ਇਸ ਹੁਕਮ ਅਦੂਲੀ ਪਰ ਮਹਾਰਾਜਾ ਖੜਗ ਸਿੰਘ ਦਾ ਹੈਰਾਨ ਹੋਣਾ ਵਾਜਿਬ ਅਰ ਜ਼ਰੂਰੀ ਸੀ। ਧਿਆਨ ਸਿੰਘ ਪਾਸ ਵਜ਼ੀਰੀ ਕਰਨ ਦਾ ਵਡਾ ਮੰਤ੍ਰ ਹੀ ਇਹ ਸੀ ਤੇ ਹਰ ਬਾਤ ਵਿਚ ਇਸੇ ਕਰਕੇ ਕਾਬਜ਼ ਰਹਿੰਦਾ ਸੀ, ਕਿ ਰਾਣੀਆਂ ਤੇ ਗੋਲੀਆਂ ਦੀ ਰਾਹੀਂ ਆਪਣਾ ਮਤਲਬ ਸਿੱਧ ਕਰਦਾ ਸੀ। ਧਿਆਨ ਸਿੰਘ ਬੜਾ ਹੁਸ਼ਿਆਰ ਅਰ ਚਾਲਾਕ ਤਾਂ ਸੀ ਪਰ ਵਿਦਿਆਵਾਨ ਨਹੀਂ ਸੀ। ਮਹਾਰਾਜ ਨੇ ਉਸਨੂੰ ਬਹੁਤ ਸਮਝਾਇਆ ਕਿ ਉਸਦਾ ਮਹਿਲਾਂ ਵਿਚ ਇਸ ਤਰਾਂ ਜਾਣਾ ਅਯੋਗ ਹੈ। ਇਸ ਜਾਇਜ਼ ਬਾਤ ਨੂੰ ਧਿਆਨ ਸਿੰਘ ਨੇ ਮੰਨਣ ਦੀ ਥਾਂ ਮਹਾਰਾਜਾ ਦੇ ਪ੍ਰਬੰਧ ਨੂੰ ਖਰਾਬ ਕਰਨਾ ਅਰੰਭ ਦਿਤਾ। ਮਹਾਰਾਜਾ ਦੀ ਕਿਸੇ ਪਾਸੋਂ ਸਲਾਹ ਲੈਣੀ ਜ਼ਰੂਰੀ ਸੀ†ਸਰਦਾਰ ਚੇਤ ਸਿੰਘ ਜੋ ਵਡਾ ਚਾਲਾਕ ਅਰ ਬਹੁਤ ਭੇਤੀ ਸੀ, ਮਹਾਰਾਜਾ ਦੇ ਨੇੜੇ ਆ ਲਗਿਆ। ਧਿਆਨ ਸਿੰਘ ਦੀ ਤਾਕਤ ਕਮਜ਼ੋਰ ਕਰਨ ਵਾਸਤੇ ਉਸ ਨੇ ਸਲਾਹ ਦੇਣੀ ਸ਼ੁਰੂ ਕਰ ਦਿਤੀ। ਭਾਵੇਂ ਓਹ ਵਜ਼ੀਰ ਨਹੀਂ ਬਨਾਇਆ ਗਿਆ ਸੀ, ਪਰ ਮਹਾਰਾਜਾ ਦੀ ਹੋਰ ਕਿਸੀ ਨਾਲ ਬਾਤ ਕਰਨੀ ਧਿਆਨ ਸਿੰਘ ਨੂੰ ਨਹੀਂ ਭੌਂਦੀ ਸੀ।

---

†ਸ: ਚੇਤ ਸਿੰਘ ਮਹਾਰਾਣੀ ਚੰਦ ਕੌਰ ਦਾ ਚਚੇਰਾ ਭਾਈ ਸੀ ਜਿਸ ਕਰਕੇ ਓਹ ਕਿਲੇ ਵਿਚ ਭੀ ਜਾ ਸਕਦਾ ਸੀ ਅਤੇ ਮਹਾਰਾਜਾ ਦੀ ਜਾਨ ਦੀ ਰਾਖੀ ਵਾਸਤੇ ਪਾਸ ਜਾ ਕੇ ਸੌਂਦਾ ਸੀ, ਬਹੁਤ ਹੁਸ਼ਿਆਰ ਸਲਾਹਕਾਰ ਸੀ।

ਸ: ਚੇਤ ਸਿੰਘ ਦੇ ਕਤਲ ਦੀ ਸਾਜ਼ਸ਼

ਵਜ਼ੀਰ ਧਿਆਨ ਸਿੰਘ ਨੇ ਇਹ ਸਾਜ਼ਸ਼ ਘੜੀ ਕਿ ਮਹਾਰਾਜਾ ਦੇ ਬਨੌਟੀ ਦਸਖਤਾਂ ਦੀਆਂ ਐਸੀਆਂ ਚਿੱਠੀਆਂ ਬਣਾਈਆਂ, ਜਿਨ੍ਹਾਂ ਤੋਂ ਸਾਬਤ ਹੋਵੇ ਕਿ ਮਹਾਰਾਜਾ ਅੰਗਰੇਜ਼ਾਂ ਨਾਲ ਰਲਕੇ ਉਨ੍ਹਾਂ ਦੀ ਛਿਆਨੀ ਭਰਕੇ ਅਧੀਨ ਹੋਣਾ ਚਾਹੁੰਦਾ ਹੈ। ਓਹ ਬਨੌਟੀ ਪੱਤ੍ਰ ਮਹਾਰਾਣੀ ਚੰਦ ਕੌਰ ਅਰ ਕੌਰ ਨੌ ਨਿਹਾਲ ਸਿੰਘ ਨੂੰ ਵੀ ਦਿਖਲਾਏ ਗਏ ਅਰ ਕਿਹਾ ਕਿ ਬਾਤ ਪਰਮ ਗੁਪਤ ਰਖੋ ਦਸੋ ਕੀ ਕੀਤਾ ਜਾਵੇ ? ਕੌਰ ਸਾਹਿਬ ਅਰ ਮਹਾਰਾਣੀ ਨੇ ਹੈਰਾਨ ਹੋਕੇ ਕਿਹਾ ਕਿ ਆਪ ਵਜ਼ੀਰ ਹੋ ਸੋਚੋ ! ਕੀ ਉਪਾਉ ਹੋਵੇ ? ਧਿਆਨ ਸਿੰਘ ਨੇ ਕਿਹਾ ਕਿ ਇਸ ਕੰਮ ਦਾ ਮੋਢੀ ਚੇਤ ਸਿੰਘ ਹੈ, ਇਸ ਤਰਾਂ ਭਰਮਾਕੇ ਮਹਾਰਾਜਾ ਅਰ ਚੇਤ ਸਿੰਘ ਨੂੰ ਸ਼ਕੀ ਕਰਕੇ, ਮਹਾਰਾਣੀ ਨੂੰ ਕਿਹਾ ਕੀ ਚੰਗਾ ਹੋਵੇ ਕਿ ਕੌਰ ਸਾਹਿਬ ਨੂੰ ਗੱਦੀ ਦਿਤੀ ਜਾਵੇ, ਤਾਂਕਿ ਆਪ ਦਾ ਰਾਜ ਕਾਇਮ ਰਹੇ, ਮਹਾਰਾਣੀ ਤੇ ਕੌਰ ਸਾਹਿਬ ਇਸ ਫੰਧੇ ਵਿਚ ਫਸਕੇ ਧਿਆਨ ਸਿੰਘ ਦੇ ਮਗਰ ਲਗ ਗਏ ! ਸਿਖ ਜੋ ਬਹੁਤ ਅਜ਼ਾਦੀ ਪਸੰਦ ਸਨ, ਉਹਨਾਂ ਨੂੰ ਭੀ ਉਕਸਾਇਆ, ਫੌਜਾਂ ਵਿਚ ਭੀ ਇਹ ਬਾਤ ਫੈਲਾਈ ਗਈ, ਸਿੱਟਾ ਕੀ ! ਸਭ ਪਾਸੀਂ ਮਹਾਰਾਜਾ ਨੂੰ ਕੋਈ ਸਮਾਂ ਸਫਾਈ ਲਈ ਨਾ ਦਿਤਾ ਅਰ ਨਾ ਕਿਸੇ ਨੇ ਇਹ ਸੋਚਿਆ ਕਿ ਚਿੱਠੀਆਂ ਦਾ ਨਿਰਨਾ ਕੀਤਾ ਜਾਵੇ। ਇਕ ਰੁਪਏ ਮਗਰ ਛੀ ਆਨੇ ਭਰਨੇ ਵਾਲੀ ਬਾਤ ਨਿਰਮੂਲ ਖੜੀ ਕਰ ਲਈ।

ਧਿਆਨ ਸਿੰਘ ੮ ਅਕਤੂਬਰ ਸੰਨ ੧੮੩੯ ਨੂੰ ਆਪਣੇ ਭਰਾਵਾਂ ਰਾਜਾ ਗੁਲਾਬ ਸਿੰਘ ਅਤੇ ਰਾਜਾ ਸੁਚੇਤ ਸਿੰਘ ਅਰ ਹੋਰ ਆਪਣੇ ਸਾਥੀਆਂ ਸਮੇਤ ਰਾਤ ਦੇ ਦੋ ਵਜੇ ਚੁਪ ਕੀਤਾ ਕਿਲ੍ਹੇ ਵਿਚ ਜਾ ਵੜਿਆ। ਮਹਾਰਾਜਾ ਦੇ ਵਫ਼ਾਦਾਰ ਨੌਕਰਾਂ ਨੇ ਧਿਆਨ ਸਿੰਘ ਪਾਰਟੀ ਦਾ ਮੁਕਾਬਲਾ ਕੀਤਾ, ਪਰ ਓਹ ਉਥੇ ਹੀ ਕਤਲ ਕਰ ਦਿਤੇ ਗਏ।

ਬੰਦੂਕਾਂ ਦੇ ਪਹਿਰੇਦਾਰ ਜੋ ਧਿਆਨ ਸਿੰਘ ਦੇ ਆਦਮੀ ਸਨ ਪਿੱਛੇ ਪਿੱਛੇ ਹੋ ਗਏ। ਉਸੀ ਵੇਲੇ ਕੌਰ ਨੌ ਨਿਹਾਲ ਸਿੰਘ ਅਰ ਮਹਾਰਾਣੀ ਚੰਦ ਕੌਰ ਅਗੇ ਵਧੇ, ਉਹਨਾਂ ਦਾ ਆਸ਼ਾ ਸੀ ਕਿ ਮਤਾਂ ਇਹ ਮਹਾਰਾਜਾ ਨੂੰ ਨਾ ਮਾਰਨ ਸੋ ਮਹਾ-ਰਾਜਾ ਨੂੰ ਤਾਂ ਉਸ ਵੱਲੋਂ ਬਚਾ ਲੀਤਾ ਗਿਆ, ਪਰੰਤੂ ਧਿਆਨ ਸਿੰਘ ਨੇ ਅਗੇ ਵਧਕੇ ਚੇਤ ਸਿੰਘ ਨੂੰ ਢਾਹਕੇ ਛੁਰੇ ਨਾਲ ਉਸਦਾ ਪੇਟ ਪਾੜਕੇ ਬੁਰੀ ਤਰਾਂ ਕਤਲ ਕਰ ਦਿਤਾ। 'ਖਾਲਸਾ ਦਰਬਾਰ' ਨੂੰ ਨਸ਼ਟ ਕਰਨ ਵਾਸਤੇ ਧਿਆਨ ਸਿੰਘ ਨੇ ਇਹ ਕਾਰਾ ਨਿਸ਼ੰਕ ਅਰ ਐਲਾਨੀਆਂ ਕੀਤਾ, ਮਹਾਰਾਜਾ ਦੇ ਇਕ ਵਫ਼ਾਦਾਰ ਬੰਧੂ ਦਾ ਖ਼ੂਨ ਕਰਕੇ ਬਾਹਰ ਇਹ ਫੈਲਾ ਦਿਤਾ ਕਿ ਚੇਤ ਸਿੰਘ ਨੂੰ ਮਹਾਰਾਜਾ ਨੇ ਮਰਵਾ ਦਿਤਾ ਹੈ ਅਰ ਮਹਾਰਾਜਾ ਪਾਗਲ ਹੋ ਗਿਆ ਹੈ।

ਨੋਟ–ਪਹਿਲਾਂ ਮਹਾਰਾਣੀ ਨਾਲ ਬਾਤ ਚੀਤ ਕਰਕੇ ਹੀ ਨੌ ਨਿਹਾਲ ਸਿੰਘ ਨੂੰ ਧਿਆਨ ਸਿੰਘ ਦਾ ਭਰਾ ਰਾਜਾ ਗੁਲਾਬ ਸਿੰਘ ਪਸ਼ਾਵਰ ਜਾ ਕੇ ਆਪ ਲਿਆਇਆ ਸੀ, ਜਿਥੇ ਕਿ ਕੌਰ ਸਾਹਿਬ ਗਵਰਨਰੀ ਦਾ ਕੰਮ ਕਰਦਾ ਸੀ, ਰਸਤੇ ਵਿਚ ਗੁਲਾਬ ਸਿੰਘ ਨੇ ਉਸ ਨੂੰ ਐਸਾ ਭਰਮਾਇਆ ਕਿ

ਮਹਾਰਾਜਾ ਨੂੰ ਆਪ ਨੇ ਬਿਲਕੁਲ ਨਾ ਮਿਲਣਾ, ਉਸ ਨੂੰ ਫੌਰਨ ਕੈਦ ਕਰ ਦੇਣਾ, ਸ: ਚੇਤ ਸਿੰਘ ਨੇ ਹੋਛਾ ਪਣ ਕੀਤਾ ਸੀ ਕਿ ਓਹ ਪਹਿਲਾਂ ਹੀ ਧਿਆਨ ਸਿੰਘ ਨੂੰ ਹੁਸ਼ਿਆਰ ਕਰ ਬੈਠਿਆ ਕਿ ਤੇਰੇ ਰੱਸੇ ਪੈੜੇ ਬਟ ਰਹੇ ਹਾਂ ਉਸ ਵੇਲੇ ਮਹਾਰਾਜਾ ਨੂੰ ਇਹ ਮਸ਼ਵਰਾ ਦਿਤਾ ਜਾ ਰਿਹਾ ਸੀ ਕਿ ਡੋਗ-ਰਿਆਂ ਦੀ ਤਾਕਤ ਨੂੰ ਘਟਾ ਦਿਤਾ ਜਾਵੇ, ਵਜ਼ੀਰ ਧਿਆਨ ਸਿੰਘ ਪਾਸ ਇਹ ਭਾਰੀ ਮੰਤ੍ਰ ਸੀ ਕਿ ਰਣਵਾਸ ਵਿਚ ਹੋਈ ਜ਼ਰਾ ਜ਼ਰਾ ਬਾਤ ਭੀ ਪਾਸ ਪਹੁੰਚਦੀ ਸੀ।

ਘਰ ਪਾਟਿਆ ਦਹਿਸਿਰ ਮਾਰਿਆ

ਜਦ ਮਹਾਰਾਜੇ ਦੀ ਧਰਮ ਪਤਨੀ ਅਤੇ ਪੁਤ੍ਰ ਹੀ ਉਸ ਤੋਂ ਪਰੇ ਹੋ ਗਏ ਨਾਲ ਕੌਣ ਰਿਹਾ, ਜਿਸ ਵੇਲੇ ਇਹ ਸਾਜ਼ਸ਼ ਘੜੀ ਗਈ ਉਸ ਗੁਪਤ ਕਮੇਟੀ ਵਿਚ ਸੰਧਾ ਵਾਲੀਏ ਲਹਿਣਾ ਸਿੰਘ, ਅਤਰ ਸਿੰਘ, ਅਜੀਤ ਸਿੰਘ ਅਤੇ ਕੇਹਰ ਸਿੰਘ ਵਿਚ ਸਨ। ਬ੍ਰਹਮਣ ਪਾਰਟੀ ਵਲੋਂ ਲਾਲ ਸਿੰਘ, ਕੇਸਰਾ ਸਿੰਘ। ਆਦਿ ਸ਼ਾਮਲ ਸਨ ਪਰ ਸੰਧਾਵਾਲੀਏ ਖੜਗ ਸਿੰਘ ਦੇ ਮਾਰੇ ਜਾਣ ਨਾਲ ਸਹਿਮਤ ਨਹੀਂ ਸਨ ਪਰੰਤੂ ਬਨੌਟੀ ਚਿਠੀਆਂ ਨੂੰ ਪੜ੍ਹ ਸੁਣਕੇ ਸ਼ਾਜ਼ਸੀ ਪਾਰਟੀ ਦੀ ਵਿਰੋਧਤਾ ਨਾ ਕਰ ਸਕੇ।

ਮਹਾਰਾਜਾ ਦੀ ਨਜ਼ਰਬੰਦੀ

ਮਹਾਰਾਜਾ ਖੜਗ ਸਿੰਘ ਪਰ ਉਸੇ ਵੇਲੇ ਬੰਦੂਕਾਂ ਦੇ ਪਹਿਰੇ ਲਾਕੇ ਕੈਦ ਕਰ ਲਿਆ ਅਰ ਪੱਕਾ ਨਜ਼ਰਬੰਦ ਕਰਾ ਦਿਤਾ, ਸਭ ਦਾ ਮਿਲਣਾ ਬੰਦ ਕਰਕੇ ਖ਼ੂਬ ਜਕੜ ਲਿਆ।

ਵਿਚਾਰਾ ਮਹਾਰਾਜਾ ਬਹੁਤ ਹਾਲ ਦੁਹਾਈ ਕਰਦਾ ਰਿਹਾ ਪਰ ਕਿਸੇ ਨੂੰ ਪਾਸ ਹੀ ਨਾ ਢੁਕਣ ਦਿਤਾ, ਬਲਕਿ ਮਹਾਰਾਣੀ ਚੰਦ ਕੌਰ ਦਾ ਭੀ ਮਿਲਣਾ ਬੰਦ ਸੀ, ਕੌਰ ਸਾਹਿਬ ਨੂੰ ਕਹਿੰਦਾ ਕਿ ਮਹਾਰਾਜਾ ਆਪ ਨੂੰ ਗਾਲਾਂ ਦੇ ਰਿਹਾ ਹੈ ਅਰ ਓਹ ਪਾਗਲ ਹੋ ਗਿਆ ਹੈ ਆਪ ਨੇ ਬਿਲਕੁਲ ਨਾ ਮਿਲਣਾ। ਮਹਾਰਾਜ ਨੂੰ ਕਿਲੇ ਵਿਚੋਂ ਲਿਜਾਕੇ ਲਾਹੌਰੀ ਦਰਵਾਜ਼ੇ ਵਾਲੀ ਹਵੇਲੀ ਵਿਚ ਬੰਦ ਕਰ ਦਿਤਾ ਜਿਥੇ ਕਿ ਧਿਆਨ ਸਿੰਘ ਤੋਂ ਬਿਨਾਂ ਕੋਈ ਨਹੀਂ ਜਾ ਸਕਦਾ ਸੀ। ਦਰਵਾਜੇ ਅਗੇ ਆਪਣੇ ਆਦਮੀਆਂ ਦਾ ਬੰਦੂਕ ਦਾ ਪਹਿਰਾ ਲਗਾ ਦਿਤਾ ਗਿਆ। ਜੇ ਓਹ ਹਾਲ ਦੁਹਾਈ ਕਰਦਾ, ਤਦ ਭੀ ਉਸਨੂੰ ਪਾਗਲ ਹੋ ਗਿਆ ਫੈਲਾ ਛਡਿਆ ਸੀ। ਮਾਂ ਪੁਤ੍ਰ ਨੂੰ ਨਜ਼ਰਬੰਦ ਰਖਣ ਦਾ ਕਾਰਨ ਇਹ ਸਮਝਾ ਛਡਿਆ ਸੀ ਕਿ ਇਹ ਨੱਠ ਕੇ ਅੰਗਰੇਜ਼ਾਂ ਪਾਸ ਜਾਵੇਗਾ।

ਮਹਾਰਾਜਾ ਇਸ ਤਰਾਂ ਜਬਰਨ ਬੰਦ ਰਖਣੇ ਨਾਲ ਬੀਮਾਰ ਹੋ ਗਿਆ ਪਰ ਬਾਹਰ ਕਿਹਾ ਜਾਂਦਾ ਕਿ ਮਹਾਰਾਜਾ ਸ਼ੁਦਾਈ ਹੋ ਗਿਆ ਹੈ। ਕੋਈ ਪਾਸ ਨਹੀਂ ਜਾ ਸਕਦਾ, ਇਸ ਤਰਾਂ ਮਹਾਰਾਜੇ ਦੇ ਬਨੌਟੀ ਇਲਾਜ ਵਾਸਤੇ ਆਪਣੇ ਹਕੀਮ ਸਦੇ ਤਾਂ ਕਿ ਰਿਝ ਕੇ ਮਰਨ ਵਾਲੀਆਂ ਦਵਾਈਆਂ ਦਲਾਈਆਂ ਜਾਣ। ਕਈ ਵੇਰ ਮਹਾਰਾਜਾ ਨੇ ਗੁਰੂ ਦਾ ਵਾਸਤਾ ਪਾਕੇ ਕਿਹਾ ਕਿ ਇਕ ਵਾਰ ਕੌਰ ਸਾਹਿਬ ਨੂੰ ਮਿਲਾ ਦਿਓ, ਤਾਂ ਕਿ ਮੈਂ ਉਸ ਨੂੰ ਅਪਣਾ ਖੂਨ ਮੁਆਫ ਕਰਾ ਦਿਆਂ, ਪਰ ਧਿਆਨ ਸਿੰਘ ਨੇ ਕੌਰ ਨੂੰ ਕਹਿ ਛੱਡਣਾ ਕਿ ਓਹ ਸ਼ੁਦਾਈ ਹਾਲਤ ਵਿਚ ਗਾਲਾਂ ਦੇਂਦਾ ਹੈ, ਵੈਸੇ ਹੈਰਾਨੀ ਸੀ ਕਿ ਪੰਜਾਬ ਦੇ ਮਾਲਕ

ਮਹਾਰਾਜਾ ਨੂੰ ਇਕ ਵਜ਼ੀਰ ਕੈਦ ਰਖੇ ਅਰ ਉਸਦੀ ਮੁਲਾਕਾਤ ਸਭ ਨਾਲ ਬੰਦ ਕਰੇ ਬਲਕਿ ਧਰਮ ਪਤਨੀ ਤੇ ਪੁਤਰ ਭੀ ਨਾ ਮਿਲ ਸਕਣ, ਇਸ ਤੋਂ ਵਧ ਦੁਖ ਅਰ ਜ਼ੁਲਮ ਹੋਰ ਕਿਹੜਾ ਸੀ।

ਧਿਆਨ ਸਿੰਘ ਦੇ ਹੋਰ ਹਥਕੰਡੇ

ਮਹਾਰਾਜਾ ਨੂੰ ਕੈਦ ਕਰਕੇ ਕੌਰ ਸਾਹਿਬ ਨੂੰ ਗੱਦੀ ਪਰ ਬਿਠਾਲ ਦਿਤਾ, ਪਰ ਭੋਲੇ ਮਾਂ ਪੁਤ੍ਰ ਇਹ ਨਾ ਸਮਝ ਸਕੇ, ਜੋ ਵਜ਼ੀਰ ਆਪਣੇ ਮਾਲਕ ਨੂੰ ਕੈਦ ਕਰ ਸਕਦਾ ਹੈ, ਉਸਦੀ ਤਾਕਤ ਅਗੇ ਅਸੀਂ ਕੀ ਕਰ ਸਕਦੇ ਹਾਂ। ਚੇਤ ਸਿੰਘ ਨੂੰ ਆਪ ਕਤਲ ਕਰਕੇ, ਮਹਾਰਾਜਾ ਦੇ ਸਿਰ ਲੌਂਦਾ ਹੈ ਸਾਡਾ ਇਹ ਕਿਵੇਂ ਭਲਾ ਕਰੇਗਾ ?

ਸਮਾਂ ਪਾ ਕੇ ਕੌਰ ਨੌ ਨਿਹਾਲ ਸਿੰਘ ਨੇ ਭੀ ਵਜ਼ੀਰ ਧਿਆਨ ਸਿੰਘ ਨੂੰ ਇਹ ਸਲਾਹ ਦਿਤੀ ਕਿ ਉਸ ਦਾ ਰਣ ਵਾਸ ਜਾਣਾ ਵਾਜਿਬ ਨਹੀਂ ਹੈ ਕਿਉਂਕਿ ਅੰਦਰ ਜੋ ਭੀ ਕਦੀ ਬਾਤ ਚੀਤ ਹੁੰਦੀ ਸੀ ਧਿਆਨ ਸਿੰਘ ਪਾਸੋਂ ਗੁਪਤ ਨਹੀਂ ਰਹਿੰਦੀ ਸੀ, ਉਸ ਦੀਆਂ ਰਖੀਆਂ ਗੋਲੀਆਂ ਨੂੰ ਖੁਫੀਆ ਇਨਾਮ ਅਤੇ ਤਨਖਾਹਾਂ ਮਿਲਦੀਆਂ ਸਨ। ਅਖੀਰ ਕੌਰ (ਮਹਾਰਾਜਾ) ਨੇ ਸੋਚਿਆ ਕਿ ਡੋਗਰਿਆਂ ਦੀ ਤਾਕਤ ਘਟਾਏ ਬਿਨਾਂ ਉਸਦਾ ਰਾਜ ਕਰਨਾ ਕਠਨ ਹੈ, ਜਿਸ ਕਰਕੇ ਉਸਨੇ ਕਈ ਅਦਲੀਆਂ ਬਦਲੀਆਂ ਆਪਣੀ ਮਨਸ਼ਾ ਨਾਲ ਕੀਤੀਆਂ, ਧਿਆਨ ਸਿੰਘ ਇਕ ਤਾਂ ਅੰਦਰ ਜਾਣ ਦੀ ਬੰਦੀ ਵਾਲੀ ਸਲਾਹ ਤੋਂ ਵਿਰੁਧ ਸੀ, ਦੂਜੇ ਬਦਲੀਆਂ ਤੋਂ ਕੁੜ੍ਹ ਗਿਆ, ਇਸ ਕਰਕੇ

ਉਸ ਨੂੰ ਨੌ ਨਿਹਾਲ ਸਿੰਘ ਦੇ ਖਾਤਮੇ ਲਈ ਘਾੜਤ ਸੁੱਝੀ, ਨਾਲੇ ਓਹ ਚਾਹੁੰਦਾ ਸੀ ਕਿ ਕਦੋਂ ਮੈਂ ਆਪਣੇ ਪੁਤ੍ਰ ਹੀਰਾ ਸਿੰਘ ਨੂੰ ਲਾਹੌਰ ਦੇ ਤਖਤ ਪਰ ਬੈਠਾ ਵੇਖਾਂ।

ਨੋਟ–ਰਾਜਾ ਧਿਆਨ ਸਿੰਘ ਅਤੇ ਗੁਲਾਬ ਸਿੰਘ ਦਾ ਮਸ਼ਵਰਾ ਹੋਇਆ ਕਿ ਕੌਰ ਨੌ ਨਿਹਾਲ ਸਿੰਘ ਨੂੰ ਮਹਾਰਾਜਾ ਖੜਗ ਸਿੰਘ ਦੇ ਨਾਲੇ ਖਤਮ ਕਰੋ, ਉਧਰ ਖੜਗ ਸਿੰਘ ਦੀ ਮੌਤ ਨੇੜੇ ਕਰ ਛਡੀ ਸੀ ਉਨ੍ਹਾਂ ਦਾ ਮਨਸ਼ਾ ਸੀ ਉਤ੍ਰੀ ਪਹਾੜੀ ਇਲਾਕੇ ਰਾਜਾ ਗੁਲਾਬ ਸਿੰਘ ਦੇ ਰਹਿਣ, ਲਾਹੌਰ ਦੀ ਹਕੂਮਤ ਧਿਆਨ ਸਿੰਘ ਦੀ ਰਹੇ ਇਸੇ ਕੰਮ ਦੇ ਸਿਰੇ ਚਾੜ੍ਹਨ ਲਈ ਉਸ ਨੇ ਅਗਲੀ ਵਿਓਂਤ ਚਲਾਈ ਡੋਗਰਿਆਂ ਦੇ ਹੱਥ ਵਿਚ ਫੌਜੀ ਤਾਕਤ ਦਾ ਹੋਣਾ ਬਹੁਤ ਖਤ੍ਰਰਨਾਕ ਸੀ।

ਖੜਗ ਸਿੰਘ ਦੀ ਮੌਤ ਦਾ ਢੰਗ

ਮਹਾਰਾਜਾ ਨੂੰ ਕਤਲ ਤਾਂ ਚੇਤ ਸਿੰਘ ਦੇ ਨਾਲ ਹੀ ਕਰਨ ਦੀ ਸਲਾਹ ਸੀ ਪਰ ਮਹਾਰਾਣੀ ਅਤੇ ਕੌਰ ਸਾਹਿਬ ਨੇ ਬਚਾ ਲਿਤਾ ਸੀ ਇਸ ਕਰਕੇ ਇਸ ਦੀ ਮੌਤ ਲਈ ਅੱਡਰੀ ਸਕੀਮ ਘੜੀ ਗਈ, ਮਹਾਰਾਜਾ ਦੀ ਮੌਤ ਰਸ ਕਪੂਰ ਆਦਿ ਹਲਕੀ ਜ਼ਹਿਰਾਂ ਨਾਲ ਹੌਲੀ ਹੌਲੀ ਹੋਈ ਆਪ ਨੂੰ ਗਸ਼ੀਆਂ ਭੀ ਪੈਂਦੀਆਂ ਰਹੀਆਂ ਸਨ।

ਸ਼ੋਕ ! ਰਾਜਾ ਧਿਆਨ ਸਿੰਘ ਆਪ ਦੇ ਮਾਲਕ ਦੀ ਜਾਨ ਲੈ ਕੇ ਸ਼ੇਰਿ ਪੰਜਾਬ ਦੀਆਂ ਖਾਧੀਆਂ ਧਰਮ ਦੀਆਂ ਸੌਹਾਂ ਅਰ ਕੀਤੇ ਪ੍ਰਣਾਂ ਨੂੰ ਪਿੱਠ ਦੇਂਦਾ ਜਾ ਰਿਹਾ ਸੀ।ਮਹਾਰਾਜਾ ਖੜਗ ਸਿੰਘ ਜੀ ਦਾ ਜੇ ਕੋਈ ਵੱਡਾ ਕਸੂਰ ਸੀ, ਓਹ ਧਿਆਨ

ਸਿੰਘ ਨੂੰ ਆਪਣੇ ਮਹਿਲਾਂ ਵਿਚ ਨਹੀਂ ਜਾਣ ਦੇਣਾ ਚਾਹੁੰਦਾ ਸੀ, ਮਹਾਰਾਜੇ ਨੇ ਅੰਗਰੇਜ਼ਾਂ ਨਾਲ ਛਿਆਨੀ ਭਰਨੇ ਦੀ ਕਦੀ ਬਾਤ ਤੱਕ ਨਹੀਂ ਕੀਤੀ ਸੀ। ਮਹਾਰਾਜਾ ਇਤਨਾ ਨੀਤੀਵਾਨ ਸੀ ਕਿ ਓਹ ਕੌਰ ਸਾਹਿਬ ਨੂੰ ਖੁਸ਼ੀ ਨਾਲ ਭੀ ਗੱਦੀ ਦੇਦਿੰਦਾ। ਮਹਾਰਾਜਾ ਖੜਗ ਸਿੰਘ ਬਹੁਤ ਨਰਮ ਦਿਲ ਸੀ ਅਰ ਨਿਰ ਇੱਛਤ ਬੰਦਾ ਸੀ। ਉਸਦੇ ਅੰਦਰ ਖੁਦਗਰਜ਼ੀ ਦਾ ਰਾਜ ਕਰਨੇ ਦੀ ਖਿੱਚ ਨਹੀਂ ਸੀ ਬਲਕਿ ਸੁਧਾਰਕ ਬੰਦਾ ਸੀ ਮਹਾਰਾਜੇ ਨੂੰ ਅੱਠ ਅਕਤੂਬਰ ਸੰਨ ੧੮੩੯ ਨੂੰ ਨਜ਼ਰ ਬੰਦ ਕੀਤਾ ਗਿਆ ਆਪ ਨੇ ਹਾਲੇ ਸਵਾ ਤਿੰਨ ਕੁ ਮਹੀਨੇ ਹੀ ਰਾਜ ਕੀਤਾ ਸੀ, ਨੌ ਕੁ ਮਹੀਨੇ ਬੀਮਾਰ ਰਿਹਾ ਇਤਨੇ ਸਮੇਂ ਵਿਚ ਅੰਗਰੇਜ਼ ਸ਼ਾਹੀ ਡਾਕਟਰ ਹੌਨਿੰਗਬਰਗ ਨੂੰ ਸਦਕੇ ਭੀ ਨਹੀਂ ਵਿਖਲਾਇਆ ਗਿਆ, ਆਪਣੇ ਮਤਲਬ ਦੇ ਹਕੀਮਾਂ ਤੋਂ ਇਲਾਜ ਦਾ ਬਹਾਨਾ ਬਣਾ ਛਡਿਆ।

ਪਾਪਾਂ ਦਾ ਪਰਦਾ ਖੁਲ ਗਿਆ

ਮਹਾਰਾਣੀ ਚੰਦ ਕੌਰ ਅਰ ਮਹਾਰਾਜਾ ਨੌ ਨਿਹਾਲ ਸਿੰਘ ਜੀ ਨੂੰ ਥੋੜੇ ਸਮੇਂ ਪਿਛੋਂ ਧਿਆਨ ਸਿੰਘ ਦੇ ਪਾਪਾਂ ਦਾ ਪਤਾ ਲਗ ਗਿਆ ਸੀ, ਓਹ ਮਹਾਰਾਜਾ ਖੜਗ ਸਿੰਘ ਦੇ ਦੁਖ ਦੇਖਕੇ ਪਛਤਾਏ ਕਿਉਂਕਿ ਅਸਲੀਅਤ ਹਮੇਸ਼ਾਂ ਛਿਪੀ ਨਹੀਂ ਰਿਹਾ ਕਰਦੀ। ਮਹਾਰਾਜਾ ਨੌ ਨਿਹਾਲ ਸਿੰਘ ਜੋ ਬਹੁਤ ਹੁਸ਼ਿਆਰ ਸੀ ਧਿਆਨ ਸਿੰਘ ਦੀਆਂ ਹਰਕਤਾਂ ਨੂੰ ਤਾੜਦਾ, ਪਰ ਵੱਸ ਕੁਝ ਨਹੀਂ ਚਲਦਾ ਸੀ। ਵਜ਼ੀਰ ਧਿਆਨ ਸਿੰਘ ਭੀ ਸਮਝ ਗਿਆ ਕਿ ਮਹਾਰਾਜਾ ਮੇਰੀਆਂ ਕਪਟੀ ਚਾਲਾਂ ਨੂੰ ਸਮਝ

ਰਿਹਾ ਹੈ ਜਿਸ ਕਰਕੇ ਮਨੋ ਮਨੀ ਨਫਰਤ ਹੋਣ ਲਗ ਪਈ।
ਅਖੀਰ ਮਹਾਰਾਣੀ ਅਰ ਮਹਾਰਾਜੇ ਨੇ ਆਪਣੇ ਨਜ਼ਦੀਕੀ ਸੰਧਾ
ਵਾਲੀਆਂ ਦੀ ਸ਼ਰਨ ਲਈ ਸੋਚਿਆ ਕਿ "ਅਪਣਾ ਮਾਰੇ ਛਾਵੇਂ
ਸੁਟੇ' ਉਨਾਂ ਨਾਲ ਗੰਢ-ਤਰੁਪ ਕੀਤੀ ਕਿ "ਰਾਜ ਸਾਡਾ ਤੇ
ਵਜੀਰੀਆਂ ਸੰਧਾਵਾਲੀਆਂ ਦੀਆਂ" ਇਸ ਤਰਾਂ ਦੀ ਘਰ ਵਿਚੇ
ਵੰਡ ਠਾਣ ਲਈ ਪਰ ਧਿਆਨ ਸਿੰਘ ਵਜ਼ੀਰ ਦੇ ਖੁਫੀਆ
ਆਦਮੀ ਹਰ ਥਾਂ ਰਹਿੰਦੇ ਸੀ ਜੋ ਉਸਨੂੰ ਕੰਨਾਂ ਵਿਚ ਕੀਤੀਆਂ
ਬਾਤਾਂ ਦਾ ਭੀ ਪਤਾ ਦਿੰਦੇ ਸਨ। ਉਸਨੂੰ ਸੂਹ ਲਗ ਗਈ ਕਿ
ਇਹ ਹੁਣ ਸੰਧਾਵਾਲੀਏ ਦੇ ਹੋ ਗਏ ਹਨ, ਸਾਡੀ ਹੁਣ ਖੈਰ
ਨਹੀਂ ਹੈ। ਇਸੇ ਕਰਕੇ ਰਾਜਾ ਧਿਆਨ ਸਿੰਘ ਨੇ ਮਹਾਰਾਜਾ ਨੂੰ
ਮੁਕੌਣ ਦਾ ਜਾਲ ਰਚਿਆ। ਬੇਸ਼ਕ ਮਹਾਰਾਣੀ ਚੰਦ ਕੌਰ
ਅਕਲ ਦਾ ਕੋਟ ਸੀ ਜਿਸ ਕਰਕੇ ਓਹ ਸੰਧਾਵਾਲੀਆਂ ਨਾਲ
ਮਿਲੀ ਪਰੰਤੂ ਕੌਰ ਨੌ ਨਿਹਾਲ ਸਿੰਘ ਸੰਧਾਵਾਲੀਆਂ ਦੀ ਮਨਸ਼ਾ
ਨਾਲ ਰਾਜ ਗੱਦੀ ਪਰ ਨਹੀਂ ਬੈਠਿਆ ਸੀ, ਅਰ ਨਾ ਹੀ
ਧਿਆਨ ਸਿੰਘ ਦੇ ਹੁੰਦਿਆਂ ਓਹ ਵਜ਼ੀਰੀਆਂ ਲੈ ਸਕਦੇ ਸਨ।
ਜਿਸ ਮਹਾਰਾਣੀ ਨੇ ਧਿਆਨ ਸਿੰਘ ਦੇ ਵਲ ਫੇਰ ਵਿਚ ਫਸਕੇ
ਆਪਣਾ ਪਤੀ ਕੈਦ ਕਰਵਾ ਕੇ ਮਰਵਾ ਲਿਆ ਉਸਦਾ ਭਲਾ
ਕਿਵੇਂ ਹੁੰਦਾ ?

ਇਸ ਵਾਸਤੇ ਇਹ ਅਕਲ ਭੀ ਉਨ੍ਹਾਂ ਦੀ ਜਾਨ ਦਾ ਖੌ
ਸੀ, ਸੰਧਾਵਾਲੀਏ ਭੀ ਚਾਹੁੰਦੇ ਸਨ, ਰਾਜ ਦੇ ਮਾਲਕ ਅਸੀਂ
ਬਣੀਏ ਅਰ ਓਹ ਹੱਕੀ ਵੀ ਸਨ, ਉਸ ਵੇਲੇ ਉਨਾਂ ਦਾ ਬਚਾਓ
ਧਿਆਨ ਸਿੰਘ ਨਾਲ ਮਿਲੇ ਰਹਿਣ ਵਿਚ ਸੀ, ਕਿਉਂਕਿ
ਧਿਆਨ ਸਿੰਘ ਚਿਤੋਂ ਸੰਧਾਵਾਲੀਆਂ ਦਾ ਪੱਕਾ ਵਿਰੋਧੀ ਸੀ,

ਹੁਣ ਮਾਂ ਪੁਤ ਲਈ ਦੋ ਸ਼ੇਰਾਂ ਦੇ ਵਿਚਾਲੇ ਪਾਣੀ ਪੀਣ ਵਾਲੀ ਬਾਤਬਣ ਗਈ ਸੀ।

ਮਹਾਰਾਜਾ ਅੱਡ ਦੁਖਾਂ ਵਿਚ ਸੀ ਉਸਦੀ ਹਾਲਤ ਜ਼ਹਿਰ ਆਦਿ ਦੇ ਅਸਰ ਨਾਲ ਖਰਾਬ ਹੋ ਚੁਕੀ ਸੀ ਅਰ ਵਿਪਤਾ ਵਿਚ ਪਏ ਹੋਣ ਕਰਕੇ, ਹੋਸ਼ ਹਵਾਸ ਉਡ ਰਹੇ ਸਨ।

ਐਸੀ ਭਿਆਨਕ ਦਸ਼ਾ ਵਿਚੋਂ ਮਾਂ ਤੇ ਪੁਤ ਦਾ ਪਾਰ ਨਿਕਲਨਾ ਬਹੁਤ ਕਠਨ ਸੀ। ਅਟਾਰੀ ਵਾਲੇ ਰਿਸ਼ਤੇਦਾਰ ਬੇਸ਼ਕ ਸਿਆਣੇ ਅਰ ਬਹਾਦਰ ਸਨ ਪਰ ਵਜ਼ੀਰ ਧਿਆਨ ਸਿੰਘ ਤੇ ਸੰਧਾਵਾਲੀਆਂ ਨਾਲ ਓਹ ਟੱਕਰ ਨਹੀਂ ਲਾ ਸਕਦੇ ਸਨ।

ਪਿਤਾ ਪੁਤ੍ਰ ਦੀ ਇਕੱਠੀ ਮੌਤ

ਵਜ਼ੀਰ ਧਿਆਨ ਸਿੰਘ ਦੀ ਦਸ਼ਾ ਭੀ ਛੱਡੇ ਤਾਂ ਕੋਹੜੀ ਖਾਵੇ ਤਾਂ ਕਲੰਕੀ ਵਾਲੀ ਸੀ, ਆਪਣੇ ਮਾਲਕ ਨੂੰ ਨਜ਼ਰਬੰਦ ਤੋਂ ਨਹੀਂ ਛੱਡ ਸਕਦਾ ਸੀ, ਕਿਉਂਕਿ ਪਾਜ ਖੁਲਣ ਨਾਲ ਅਗੇ ਮੌਤ ਦਿਸਦੀ ਸੀ ਅਰ ਉਧਰ ਮਹਾਰਾਣੀ ਤੇ ਮਹਾਰਾਜਾ ਨੌ ਨਿਹਾਲ ਸਿੰਘ, ਸੰਧਾਵਾਲੀਆਂ ਦੀ ਸ਼ਰਨ ਵਿਚ ਸਨ, ਇਧਰੋਂ ਭੀ ਖਤਰਾ ਸੀ ਇਸ ਕਰਕੇ ਉਸ ਨੇ ਨੌ ਨਿਹਾਲ ਸਿੰਘ ਨੂੰ ਭੀ ਮੁਕੌਣ ਦੀਤਾਂ ਵਿਓਂਆਂ ਸੋਚੀਆਂ।

ਨੋਟ—ਕੰਵਰ ਨੌ ਨਿਹਾਲ ਸਿੰਘ ਰਾਜ ਗੱਦੀ ਪਰ ਬੈਠਣ ਵੇਲੇ ਅਠਾਰਾਂ ਸਾਲਾਂ ਦਾ ਨੌਜਵਾਨ ਸੀ, ਹੋਣਹਾਰ ਜ਼ਰੂਰ ਸੀ, ਅੰਤ ਬੱਚਾ ਸੀ, ਇਸ ਦੇ ਆਪਣੇ ਤਹਿਤ ਵਿਚ

ਕਿਲਾ ਕਮਲਾ ਗੜ੍ਹ ਅਤੇ ਰਿਆਸਤ ਮੰਡੀ (ਇਲਾਕਾ ਕਸ਼ਮੀਰ) ਫਤਹ ਹੋਈ, ਹੋਰ ਭੀ ਇਸ ਨੇ ਰਾਜ ਪ੍ਰਬੰਧ ਵਿਚ ਵਾਧੇ ਕੀਤੇ, ਪ੍ਰਜਾ ਭੀ ਇਸ ਦੇ ਪ੍ਰਬੰਧ ਨੂੰ ਪਸੰਦ ਕਰਦੀ ਸੀ, ਸਾਲ ਭਰ ਪ੍ਰਬੰਧ ਕੀਤਾ ।

ਮਹਾਰਾਜਾ ਖੜਗ ਸਿੰਘ ਦੀ ਮੌਤ

ਮਹਾਰਾਜਾ ਖੜਗ ਸਿੰਘ ਅਖੀਰ ਰਿਝ ਰਿਝ ਦੇ ਪੰਜ ਨਵੰਬਰ ੧੮੪੦ ਈ: (੧੮੯੮ ਬਿ:) ਨੂੰ ਚਲਾਣੇ ਕਰ ਗਿਆ। ਪਰਮ ਸ਼ੋਕ ! ਧਿਆਨ ਸਿੰਘ ਨੇ ਆਪਣੇ ਮਾਲਕ ਦਾ ਘਾਤ ਹੋਣ ਤਕ ਕਿਸੇ ਨੂੰ ਭੀ ਮਿਲਣ ਦਾ ਦਿਤਾ, ਲੋਥ ਹੀ ਕੈਦ ਵਿਚੋਂ ਨਿਕਲਨ ਦਿਤੀ, ਮਹਾਰਾਣੀ ਤੇ ਮਹਾਰਾਜਾ ਨੌ ਨਿਹਾਲ ਸਿੰਘ ਨੂੰ ਦਿਲੀ ਰੰਜ ਤਾਂ ਬਹੁਤ ਸੀ, ਪਰ ਕਰ ਕੁਝ ਨਹੀਂ ਸਕਦੇ ਸੀ, ਰਿਸ਼ਤੇਦਾਰ ਚੁਪ ਸਨ ਚਲੋ ਨੌ ਨਿਹਾਲ ਸਿੰਘ ਤਾਂ ਮਹਾਰਾਜਾ ਹੈ।

ਨੋਟ–ਮਹਾਰਾਜਾ ਦੀ ਕੁਲ ਉਮਰ ਅਠੱਤੀ ਸਾਲ ਨੌ ਮਹੀਨੇ ਦੀ ਸੀ, ਤੇਰਾਂ ਮਹੀਨੇ ਨਜ਼ਰ ਬੰਦੀ ਵਿਚ ਰਿਹਾ ਜਿਨ੍ਹਾ ਵਿਚੋਂ ਨੌ ਮਹੀਨੇ ਬੀਮਾਰੀ ਦੇ ਹਨ† ਸਵਾਕੁ ਤਿੰਨ ਮਹੀਨੇ ਇਸ ਨੇ ਰਾਜ ਕੀਤਾ ਪੰਜ ਨਵੰਬਰ ਸੰਨ ੧੮੪੦ ਈ: ਨੂੰ ਦੇਹਾਂਤ ਹੋਇਆ। ਬ੍ਰਾਹਮਣਾਂ ਤੇ ਡੋਗਰਿਆਂ ਦੇ ਚਾਰ ਪਹਾੜਨਾਂ ਤਲਵਾਰ ਦੇ ਜ਼ੋਰ ਨਾਲ ਸਤੀ ਕਰਕੇ ਰਾਜਪੂਤੀ ਰਸਮ ਦਾ ਪਾਖੰਡ ਕਰਕੇ

---

† ੮ ਅਕਤੂਬਰ ਸੰਨ ੧੮੩੯ ਈ: ਨੂੰ ਤਖਤੋਂ ਵਖ ਕੀਤਾ ਗਿਆ ਸੀ।

ਸਿਖ ਧਰਮ ਨੂੰ ਬਦਨਾਮ ਕੀਤਾ।

ਮਹਾਰਾਜਾ ਨੌ ਨਿਹਾਲ ਸਿੰਘ ਦੀ ਉਚਤਾ

ਇਹ ਠੀਕ ਸੀ ਕਿ ਮਹਾਰਾਜਾ ਖੜਗ ਸਿੰਘ ਨਾਲੋਂ ਰਾਜ ਪ੍ਰਬੰਧ ਵਿਚ ਨੌ ਨਿਹਾਲ ਸਿੰਘ ਜ਼ਿਆਦਾ ਹੁਸ਼ਿਆਰ ਅਤੇ ਖਬਰਦਾਰ ਸੀ। ਪਰ ਪਿਤਾ ਦੀ ਸਾਰ ਨਾ ਲੈਣੀ ਇਸ ਦੇ ਜ਼ਿੰਮੇ ਭਾਰਾ ਕਸੂਰ ਸੀ। ਉਸ ਨੇ ਆਪਣੀ ਹਿਕਮਤ ਨਾਲ ਇਕ ਕੌਂਸਲ ਭੀ ਕਾਇਮ ਕਰ ਲੀਤੀ ਸੀ, ਜਿਸ ਵਿਚ ਕਿ ਅਜੀਤ ਸਿੰਘ ਲਹਿਣਾ ਸਿੰਘ ਸੰਧਾਵਾਲੀਏ ਅਰ ਭਾਈ ਰਾਮ ਸਿੰਘ, ਫਕੀਰ ਅਜੀਜ਼ਉਦ ਦੀਨ ਆਦਿ ਪੁਰਾਣੇ ਅਹਿਲਕਾਰ ਲੈ ਕੇ ਰਾਜਾ ਧਿਆਨ ਸਿੰਘ, ਖੁਸ਼ਾਲ ਸਿੰਘ ਜਮਾਂਦਾਰ ਆਦਿ ਨਾਲ ਜੋੜੇ। ਇਸ ਪ੍ਰਬੰਧ ਨਾਲ ਵਜ਼ੀਰ ਧਿਆਨ ਸਿੰਘ ਦੀ ਤਾਕਤ ਘਟਦੀ ਸੀ ਇਸ ਕਰਕੇ ਉਸ ਦੇ ਅੰਦਰ ਹੋਰ ਈਰਖਾ ਦੇ ਭਾਂਬੜ ਬਲ ਉਠੇ। ਮਹਾਰਾਜਾ ਨੇ ਰਾਜਾ ਗੁਲਾਬ ਸਿੰਘ ਪਾਸੋਂ ਜੰਮੂ ਦਾ ਪਿਛਲਾ ਹਿਸਾਬ ਮੰਗਿਆ ਅਤੇ ਉਥੇ ਡੋਗਰਿਆਂ ਦੀਆਂ ਫੌਜਾਂ ਬਦਲਕੇ ਸਿਖ ਪਲਟਨਾਂ ਘਲੀਆਂ। ਕਾਂਗੜਾ, ਸਿਆਲਕੋਟ, ਮੰਡੀ, ਪੁਨਛ ਆਦਿਕ ਸਭ ਪਹਾੜੀ ਇਲਾਕਿਆਂ ਤੋਂ ਡੋਗਰਾ ਪਲਟਨਾਂ ਦੀ ਕਮੀ ਕਰਦਿਤੀ, ਜਿਥੇ ਕਿ ਗੁਲਾਬ ਸਿੰਘ ਆਪ ਹੀ ਖੁਦਮੁਖਤਿਆਰੀ ਨਾਲ ਚੰਮ ਦੀਆਂ ਚਲਾ ਰਿਹਾ ਸੀ। ਇਸ ਤਰਾਂ ਹੋਰ ਚੰਗੇ ਚੰਗੇ ਪ੍ਰਬੰਧ ਭੀ ਕੀਤੇ ਜਿਸ ਤੋਂ ਉਸਦੀ ਲਿਆਕਤ ਮਹਾਨ ਉਚੀ ਸਿੱਧ ਹੁੰਦੀ ਹੈ।

★

ਜ਼ਿਆਦਾ ਵਾਕਫੀ ਲਈ

ਮਹਾਰਾਜਾ ਖੜਗ ਸਿੰਘ ਨਿਰਛਲ ਬਹਾਦਰ ਅਤੇ ਬਹੁਤ ਨੇਕ ਬਖਤ ਸੀ, ਸ਼ੋਕ ਕਿ ਓਹ ਮੰਤ੍ਰੀ ਧਿਆਨ ਸਿੰਘ ਦੀ ਸਾਜਸ਼ ਵਿਚ ਫਸ ਗਿਆ ਜੇ ਕਦੀ ਥੋੜਾ ਸਮਾਂ ਹੋਰ ਬਾਦਸ਼ਾਹ ਰਹਿੰਦਾ ਡੋਗਰਾ ਪਾਰਟੀ ਨੂੰ ਪਿਛੇ ਕਰ ਦਿੰਦਾ ਅਰ ਆਜ਼ਾਦ ਹੋ ਜਾਂਦਾ। ਨੌ ਨਿਹਾਲ ਸਿੰਘ ਹੁਸ਼ਿਆਰ ਸੀ ਪਰ ਇਸ ਨੂੰ ਭੜਕਾਇਆ ਗਿਆ ਕਿ ਮਹਾਰਾਜਾ ਤੁਹਾਡਾ ਰਾਜ ਬਰਬਾਦ ਕਰ ਦੇਵੇਗਾ । ਧਿਆਨ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਰਾਜ ਦੀ ਰਾਖੀ ਸੌਂਪ ਗਏ ਹਨ ਅਰ ਓਹ ਸ: ਚੇਤ ਸਿੰਘ ਆਦਿਕ ਦੇ ਹਥ ਚੜ੍ਹਕੇ ਧਿਆਨ ਸਿੰਘ ਦੀ ਪਰਵਾਹ ਨਹੀ ਕਰਦਾ। ਧਿਆਨ ਸਿੰਘ ਹੀ ਇਕ ਹੈ ਜੋ ਰਾਜ ਦੇ ਕੰਮਾਂ ਤੋਂ ਜਾਣੂ ਅਤੇ ਤੁਹਾਡਾ ਵਫਾਦਾਰ ਹੈ । ਅਰ ਮਹਾਰਾਜਾ ਰਾਜ ਨੂੰ ਅੰਗਰੇਜ਼ਾਂ ਦੇ ਅਧੀਨ ਕਰਦਾ ਹੈ। ਐਸੀਆਂ ਬਾਤਾਂ ਬਣਾਕੇ ਮਹਾਰਾਣੀ ਅਤੇ ਕੌਰ ਸਾਹਿਬ ਨੂੰ ਹਥਾਂ ਵਿਚ ਲੈ ਲਿਤਾ ਪਰ ਕਿਸੀ ਨੂੰ ਭੀ ਇਹ ਹਿੰਮਤ ਨਾ ਪਈ ਜੋ ਮਹਾਰਾਜਾ ਨੂੰ ਭੀ ਪੁਛੱਣ ਜਾਂ ਅਸਲੀਅਤ ਭਾਲਣ। ਰਾਜਾ ਗੁਲਾਬ ਸਿੰਘ ਨੇ ਨੌ ਨਿਹਾਲ ਸਿੰਘ ਨੂੰ ਪਸ਼ਾਵਰੋਂ ਜਾ ਕੇ ਆਪ ਲਿਆਂਦਾ ਸੀ, ਜਿਥੇਕਿ ਓਹ ਗਵਰਨਰ ਸੀ ਉਸ ਨੂੰ ਦੂਰ ਰਖ ਕੇ ਪਹਿਲਾਂ ਹੀ ਸਾਜਸ਼ ਘੜੀ ਗਈ। ਲਾਹੌਰ ਔਣ ਪਰ ਮਹਾਰਾਜਾਨੂੰ ਮਿਲਣ ਦੀ ਬਜਾਏ ਉਸ ਨੂੰ ਗੋਂਦ ਵਿਚ ਗੁੰਦ ਲਿਆ ਗਿਆ ਕਿਹਾ ਗਿਆਕਿ ਮਹਾਰਾਜਾ ਦਾ ਦੀਮਾਗ ਠੀਕ ਨਹੀਂ ਹੈ ਮਿਲਣ ਪਰ ਆਪ ਨੂੰ ਹੀ ਕੈਦ ਕਰ ਦੇਵਣਗੇ ਇਸ ਕਰਕੇ ਛੇਤੀ

ਇੰਤਜਾਮ ਕਰੋ ਪਤਾ ਨਾ ਲਗ ਜਾਵੇ। ਕੌਰ ਸਾਹਿਬ ਨੌਜਵਾਨ ਸੀ ਓਹ ਐਸੀਆਂ ਚਾਲਾਂ ਤੋਂ ਜਾਣੂ ਨਹੀਂ ਸੀ, ਬਿਨਾਂ ਵਿਚਾਰੇ ਹਾਂ ਵਿਚ ਹਾਂ ਮਿਲਾ ਬੈਠਾ ੮ ਅਕਤੂਬਰ (ਮੰਗਲਵਾਰ) ਨੂੰ ਸਾਜਸ਼ੀਆਂ ਨੇ ਮਹਾਰਾਜਾ ਨੂੰ ਕੈਦ ਕਰ ਲਿਆ । ਸ: ਚੇਤ ਸਿੰਘ ਉਨਾਂ ਦੇ ਸਲਾਹੀ ਨੂੰ ਕਤਲ ਕਰ ਦਿਤਾ, ਅਗਲੇ ਦਿਨ ੯ ਅਕਤੂਬਰ ਸੰਨ ੧੮੩੯ ਈ: ਨੂੰ ਨੌ ਨਿਹਾਲ ਸਿੰਘ ਨੂੰ ਰਾਜ ਗੱਦੀ ਦੇ ਦਿਤੀ, ਸੰਧਾਵਾਲੀਏ ਭਾਈ ਭੀ ਗੱਦੀ ਦੇਣ ਦੇ ਹੱਕ ਵਿਚ ਸਨ ਅਸਲੋਂ ਰਾਜ ਗੱਦੀ ਧਿਆਨ ਸਿੰਘ ਨੇ ਫੌਜ ਨੂੰ ਹਥਾਂ ਵਿਚ ਕਰਕੇ ਚਲ ਈ, ਫੌਜੀ, ਅਫਸਰਾਂ ਨੂੰ ਭੜਕਾਇਆ ਕਿ ਮਹਾਰਾਜਾ ਖੜਗ ਸਿੰਘ ਅੰਗਰੇਜ਼ ਅਫਸਰਾਂ ਦੀ ਮੰਗ ਕਰਦਾ ਹੈ ਤੁਸੀਂ ਲੋਕ ਗੁਲਾਮ ਹੋਕੇ ਕੰਮ ਕਰੋਗੇ। ਫੌਜੀ ਇਸ ਝਾਂਸੇ ਵਿਚ ਆ ਗਏ ਦੂਸਰੇ ਨੌ ਨਿਹਾਲ ਸਿੰਘ ਨੂੰ ਫੌਜੀ ਚਾਹੁੰਦੇ ਭੀ ਸਨ । ਪਰ ਇਹ ਪਹਿਲਾ ਮੌਕਾ ਸੀ ਜੋ ਫੌਜ ਨੂੰ ਉਕਸਾਇਆ।

ਮਹਾਰਾਜਾ ਨੌ ਨਿਹਾਲ ਸਿੰਘ ਛੇਤੀ ਡੋਗਰਾ ਚਾਲ ਤੋਂ ਵਾਕਿਫ ਹੋ ਗਿਆ ਸੀ ਇਸੇ ਕਰਕੇ ਉਸ ਨੇ ਸੰਧਾਵਾਲੀਆਂ ਨੂੰ ਜੀ ਆਇਆਂ ਨੂੰ ਕਿਹਾ ਕਿਉਂਕਿ ਉਸ ਵੇਲੇ ਏਹੋ ਇਕ ਸਨ ਜੋ ਇਕ ਡੋਗਰਾ ਪਾਰਟੀ ਨੂੰ ਪਿਛੇ ਕਰ ਸਕਦੇ ਸਨ, ਪਰ ਵਜ਼ੀਰ ਧਿਆਨ ਸਿੰਘ ਸੰਧਾਵਾਲੀਆਂ ਦੇ ਨਾਲ ਮਿਲਣ ਨੂੰ ਆਪਣੀ ਵਜ਼ੀਰੀ ਗਈ ਸਮਝਦਾ ਸੀ, ਮਹਾਰਾਜਾ ਨੌ ਨਿਹਾਲ ਸਿੰਘ ਨੇ ਰਾਜਾ ਗੁਲਾਬ ਸਿੰਘ ਜੰਮੂ ਪਰ ਕਾਬਜ਼ ਹੋ ਰਹੇ ਨੂੰ ਭੀ ਤਾੜਕੇ ਉਥੇ ਡੋਗਰਿਆਂ ਦੇ ਵਿਰੋਧੀ ਜਨਰਲ ਵੰਤੂਰਾ ਅਤੇ ਸਰਦਾਰ ਅਜੀਤ ਸਿੰਘ ਸੰਧਾਵਾਲੀਏ ਨੂੰ ਘਲਿਆ ਸੀ।

ਮਹਾਰਾਜਾ ਨੌ ਨਿਹਾਲ ਸਿੰਘ ਦੀ ਮੌਤ

ਮਹਾਰਾਜਾ ਖੜਗ ਸਿੰਘ ਦੇ ਮ੍ਰਿਤਕ ਸਰੀਰ ਦਾਸਸਕਾਰ ਕਰਕੇ ਜਦੋਂ ਵਾਪਸ ਮੁੜੇ, ਮਹਾਰਾਜਾ ਨੌ ਨਿਹਾਲ ਸਿੰਘ ਨੂੰ ਕੁਝ ਸ਼ੱਕ ਤੇ ਭਿਣਕ ਸੀ ਕੀ ਡੋਗਰੇ ਕੋਈ ਸਾਜਸ਼ ਗੁੰਦਦੇ ਹਨ ਇਸੇ ਕਰਕੇ ਉਸ ਨੇ ਰਾਜਾ ਗੁਲਾਬ ਸਿੰਘ ਦੇ ਲੜਕੇ ਮੀਆਂ ਊਧਮ ਸਿੰਘ ਦਾ ਆਪ ਹੱਥ ਫੜਕੇ ਨਾਲ ਲਿਆ। ਕਿਲੇ ਦਾ ਦਰਵਾਜਾ ਬਰੂਦ ਆਦਿਕ ਕਿਸੇ ਹਿਕਮਤ ਨਾਲ ਹੇਠਾਂ ਦੀ ਗੁਜਰਨ ਸਾਰ ਸੁਟਿਆ ਗਿਆ । ਮੀਆਂ ਊਧਮ ਸਿੰਘ ਥਾਂ ਹੀ ਮਰ ਗਿਆ ਸੀ ਪਰੰਤੂ ਮਹਾਰਾਜਾ ਦੇ ਸਿਰ ਵਿਚ ਮਾਮੂਲੀ ਚੋਟ ਆਈ ਸੀ। ਕਿਲੇ ਅੰਦਰ ਲਿਜਾ ਕੇ ਧਿਆਨ ਸਿੰਘ ਨੇ ਪਥਰ ਮਾਰ ਕੇ ਸਿਰ ਤੋੜ ਦਿਤਾ, ਇਕ ਤਾਂ ਖਾਤਮਾਂ ਕਰਨ ਦੀ ਵੀਓਂਤ ਪਹਿਲਾਂ ਸੀ ਦੂਜੇ ਰਾਜਾ ਗੁਲਾਬ ਸਿੰਘ ਨੇ ਆਪਣੇ ਪੁਤ੍ਰ ਦੀ ਕੁਰਬਾਨੀ ਦਾ ਬਦਲਾ ਭੀ ਲੈਣਾ ਸੀ।

ਨੋਟ–ਮਹਾਰਾਜਾ ਨੌ ਨਿਹਾਲ ਸਿੰਘ ਨੇ ੮ ਅਕਤੂਬਰ ਸੰਨ ੧੮੩੯ ਤੋਂ ਲੈਕੇ ਪੰਜ ਨਵੰਬਰ ਸੰਨ ੧੮੪੦ ਤੀਕਰ (ਸਵਾ ਕੁ ਸਾਲ) ਰਾਜ ਕੀਤਾ ਇਸਦਾ ਜਨਮ ੯ ਮਾਰਚ ਸੰਨ ੧੮੨੧ ਈ: (੧੮੭੭ ਬਿ:) ਦਾ ਸੀ ਉਸ ਵੇਲੇ ਇਸ ਦੀ ਉਮਰ ਸਾਢੇ ਕੁ ਉਨੀ ਸਾਲਾਂ ਦੀ ਸੀ। ਮੌਤ ਤਾਂ ਪੰਜ ਨਵੰਬਰ ਸੰਨ ੧੮੪੦ ਈ: ਨੂੰ ਹੀ ਹੋ ਗਈ ਸੀ ਪਰੰਤੂ ਦੇਹੀ ਦਾ ਸਸਕਾਰ ਤਿੰਨ ਦਿਨ ਪਿਛੋਂ ਕੀਤਾ ਗਿਆ ਸੀ। ਡਾਕਟਰ ਜਾਨ ਮਾਰਟਨ ਹੋਂਨਿੰਗ ਬਰਗਰ (ਸ਼ਾਹੀ ਅੰਗਰੇਜ਼ ਹਕੀਮ) ਅਤੇ ਕਰਨਲ ਅਲੈਗਜੰਡਰ ਗਾਰਡਨਰ (ਅਮ੍ਰੀਕਨ ਅੰਗਰੇਜ਼

ਜੋ ਤੋਪਖਾਨੇ ਦਾ ਆਫੀਸਰ ਸੀ) ਇਨ੍ਹਾਂ ਨੂੰ ਅਸਲੀਯਤ ਦਾ ਪਤਾ ਲਗ ਚੁਕਿਆ ਸੀ। ਕਰਨਲ ਗਾਰਡਨਰ ਰਾਜਾ ਧਿਆਨ ਸਿੰਘ ਦਾ ਦਿਲੀ ਮਿੱਤ੍ਰ ਸੀ। ਲਹਿਣਾ ਸਿੰਘ ਮਜੀਠੀਏ ਨੂੰ ਖਬਰ ਲੈਣ ਗਿਆਂ ਇਸ ਨੂੰ ਧਿਆਨ ਸਿੰਘ ਨੇ ਧੱਕੇ ਲਗਾ ਕੇ ਪਿਛੇ ਹਟਾ ਦਿਤਾ। ਭਾਰੀ ਹੈਰਾਨੀ ਇਹ ਸੀ ਕਿ ਨੌ ਨਿਹਾਲ ਸਿੰਘ ਦੀ ਮਾਤਾ ਚੰਦ ਕੌਰ ਅਤੇ ਧਰਮ ਪਤਨੀ ਨੂੰ ਭੀ ਪਾਸ ਨਾ ਜਾਣ ਦਿਤਾ ਗਿਆ। ਸ਼ੋਕ ! ਵਜ਼ੀਰ ਧਿਆਨ ਸਿੰਘ ਨੇ ਸ਼ੇਰਿ ਪੰਜਾਬ ਦੇ ਪਾਸ ਉਸਦੇ ਪੁਤ੍ਰ ਅਤੇ ਪੋਤ੍ਰੇ ਦੀ ਸਮਾਧ ਬਣਾ ਕੇ ਗੀਤਾ ਦੀ ਸੌਂਹ ਅਤੇ ਸਾਲਗਰਾਮ ਨੂੰ ਹੱਥ ਲਾ ਕੇ 'ਰਾਜ ਭਗਤ' ਰਹਿਣ ਦੇ ਪ੍ਰਣ ਨੂੰ ਕਿਸ ਤਰਾਂ ਨਿਭਾਇਆ।

ਮਹਾਰਾਣੀ ਚੰਦ ਕੌਰ ਅਤੇ ਮਹਾਰਾਜਾ ਸ਼ੇਰ ਸਿੰਘ ਦਾ ਬ੍ਰਿਤਾਂਤ

ਸੰਧਾਵਾਲੀਏ ਮਹਾਰਾਣੀ ਦੇ ਪਖ ਪਰ ਤਾਂ ਹੋ ਗਏ ਪਰ ਓਹ ਚੰਦ ਕੌਰ ਜਿਸ ਨੇ ਕਿ ਧਿਆਨ ਸਿੰਘ ਦੇ ਪਿਛੇ ਲਗਕੇ ਪਤੀ ਅਤੇ ਪੁਤ੍ਰ ਦਾ ਖਾਤਮਾਂ ਕਰਵਾ ਲਿਆ ਸੀ। ਜੇ ਮਹਾਰਾਣੀ ਸਿਆਣਪ ਕਰਦੀ ਤਾਂ ਸ਼ਾਹਜ਼ਾਦਾ ਸ਼ੇਰ ਸਿੰਘ ਨਾਲ ਪੁਨਰ ਅਨੰਦ ਕਰਾਕੇ ਸੰਧਾਵਾਲੀਆਂ ਨੂੰ ਨਾਲ ਮਿਲਾਕੇ ਧਿਆਨ ਸਿੰਘ ਨੂੰ ਪਿਛੇ ਧੱਕ ਦਿੰਦੀ, ਪਰ ਹੋਣਹਾਰ ਪ੍ਰਬਲ ਹੈ ਧਿਆਨ ਸਿੰਘ ਨੇ ਸ਼ਾਹਜ਼ਾਦਾ ਸ਼ੇਰ ਸਿੰਘ ਅਤੇ ਸੰਧਾਵਾਲੀਆਂ ਵਿਚ ਵੈਰ ਪਵਾ ਦਿਤਾ ਉਸਨੂੰ ਕਿਹਾ ਗਿਆ ਕਿ ਮੈਂ ਆਪ ਨੂੰ ਤਖਤ ਦਲੌਣ ਵਿਚ ਹਾਂ ਸੰਧਾਵਾਲੀਏ ਮੁਖਾਲਿਫ ਹਨ ਇਹੋ

ਵੈਰ ਖਾਤਮੇ ਦਾ ਕਾਰਨ ਬਣਿਆਂ । ਧਿਆਨ ਸਿੰਘ ਤਾਂ ਸ਼ੇਰ ਸਿੰਘ ਵਲ ਹੋ ਗਿਆ ਉਸਦਾ ਭਰਾ ਰਾਜਾ ਗੁਲਾਬ ਸਿੰਘ ਚੰਦ ਕੌਰ ਵਲ ਰਿਹਾ, ਪਰ ਇਹ ਬਨੌਟ ਸੀ । ਚੰਦ ਕੌਰ ਪੁਨਰ ਅਨੰਦ ਲਈ ਮੰਨ ਭੀ ਗਈ ਸੀ ਪਰ ਗੁਲਾਬ ਸਿੰਘ ਤੇ ਧਿਆਨ ਸਿੰਘ ਇਹ ਨਹੀਂ ਚਾਹੁੰਦੇ ਸਨ, ਸੰਧਾਵਾਲੀਏ ਭੀ ਇਸ ਬਾਤ ਨਾਲ ਸਹਿਮਤ ਨਹੀਂ ਸਨ ਪਰ ਜਦੋਂ ਮਹਾਰਾਣੀ ਚੰਦ ਕੌਰ ਦੀ ਜਾਗੀਰ ਦਾ ਸਰਬਰਾਹ ਹੋਇਆ ਤਾਂ ਰਾਜਾ ਗੁਲਾਬ ਸਿੰਘ ਸੰਧਾਵਾਲੀਏ ਖਾਲੀ ਹਥ ਰਹੇ, ਇਧਰੋਂ ਮਹਾਰਾਜਾ ਸ਼ੇਰ ਸਿੰਘ ਪਾਸੋਂ ਧਿਆਨ ਸਿੰਘ ਨੇ ਸੰਧਾਵਾਲੀਆਂ ਦੀਆਂ ਜਾਇਦਾਦਾਂ ਜ਼ਬਤ ਕਰਵਾ ਕੇ ਜੇਲ੍ਹੀਂ ਸੁਟਵਾ ਘਤੇ ਕੁਛ ਨੱਠ ਭੱਜ ਗਏ । ਭਾਵੇਂ ਸੰਧਾਵਾਲੀਏ ਬਿਲਾ ਕਸੂਰ ਸਨ ਪਰ ਧਿਆਨ ਸਿੰਘ ਦੀ ਦਾਲ ਇਨ੍ਹਾਂ ਦਾ ਕੰਡਾ ਨਿਕਾਲੇ ਬਿਨਾਂ ਨਹੀਂ ਗਲਦੀ ਸੀ । ਡੋਗਰੇ ਚਾਹੁੰਦੇ ਸੀ ਕਿ ਮਹਾਰਾਜਾ ਸ਼ੇਰ ਸਿੰਘ ਨੂੰ ਅਸੀਂ ਲਿਆਂਦਾ ਤਖਤ ਦਲਾਇਆ ਸਾਡੀ ਕਠ ਪੁਤਲੀ ਰਹੇਗੀ । ਉਧਰੋਂ ਮਹਾਰਾਣੀ ਚੰਦ ਕੌਰ ਦੀ ਜਾਗੀਰ ਅਤੇ ਸ਼ਾਹੀ ਖਜ਼ਾਨਾ ਰਾਜਾ ਗੁਲਾਬ ਸਿੰਘ ਦੇ ਪੰਜੇ ਵਿਚ ਸੀ, ਸੰਧਾਵਾਲੀਏ ਨਾ ਏਧਰ ਦੇ ਨਾ ਉਧਰ ਦੇ ਰਹੇ, ਭਾਵੇਂ ਇਹ ਦਿਲੋਂ ਚੰਦ ਕੌਰ ਦੇ ਹਾਮੀ ਸਨ ਪਰ ਮਾੜੇ ਦੀ ਹਮਾਇਤ ਭੀ ਕਠਨ ਹੁੰਦੀ ਹੈ ਡੋਗਰਿਆਂ ਨੇ ਮਹਾਰਾਣੀ ਦੀ ਜਾਇਦਾਦ ਤੇ ਬੇਸ਼ੁਮਾਰ ਰੁਪਿਆ ਹਜ਼ਮ ਕਰਨ ਲਈ ਸ਼ੇਰ ਸਿੰਘ ਦੀ ਸਲਾਹ ਨਾਲ ਮਹਾਰਾਣੀ ਦੀ ਭੀ ਅਲਖ ਮੁਕੌਣ ਦਾ ਫੈਸਲਾ ਕਰ ਲਿਆ ਜਿਸ ਪਰ ਸੰਧਾਵਾਲੀਏ ਧਿਆਨ ਸਿੰਘ ਪਰ ਬਹੁਤੇ ਨਾਰਾਜ਼ ਹੋਏ ਸਨ ਅਤੇ ਸ਼ੇਰ ਸਿੰਘ ਦੇ ਦੁਸ਼ਮਣ ਬਣੇ ।

ਪਰ ਮਹਾਰਾਜਾ ਸ਼ੇਰ ਸਿੰਘ ਭੀ ਐਸਾ ਬੰਦਾ ਨਹੀਂ ਸੀ ਜੋ ਡੋਗਰਿਆਂ ਦੀ ਕਠ ਪੁਤਲੀ ਹੋ ਕੇ ਰਹਿੰਦਾ ਜਿਸ ਕਰਕੇ ਡੋਗਰਿਆਂ ਨੂੰ ਭੀ ਪਿਸੂ ਪੈ ਗਏ।

ਨੋਟ–ਸੰਧਾਂਵਾਲੀਏ ਭੀ ਦਰ ਅਸਲ ਇਕ ਮੁਠ ਨਹੀਂ ਸਨ, ਸਰਦਾਰ ਅਤਰ ਸਿੰਘ ਦਾ ਰਸਤਾ ਅਡਰਾ ਸੀ, ਇਹ ਧਿਆਨ ਸਿੰਘ ਦਾ ਸਾਹ ਭਰਦਾ ਰਹਿੰਦਾ, ਸ਼ੇਰ ਸਿੰਘ ਨਾਲ ਜੰਗ ਵੇਲੇ ਫਤਹ ਸਿੰਘ ਸੰਧਾਂਵਾਲੀਏ ਦੀ ਫੌਜ ਖੁਸ਼ਾਲ ਸਿੰਘ ਜਮਾਂਦਾਰ ਦੇ ਨਾਲ ਕਿਲੇ ਵਿਚ ਸੀ। ਤਿੰਨ ਦਿਨ ਬਰਾਬਰ ਜੰਗ ਹੁੰਦੀ ਰਹੀ।

ਸੰਧਾਂਵਾਲੀਏ ਅਸਲੋਂ ਰਾਜਨੀਤੀ ਤੋਂ ਫੋਹਲ ਹੋਕੇ ਗਿਰੇ ਅਰ ਸ਼ਰੀਕੇ ਵਾਲੇ ਹਲੇ ਕਰਕੇ ਆਪਣਾ ਆਪ ਹੀ ਨੁਕਸਾਨ ਕਰਵਾ ਬੈਠੇ ਓਹ ਧਿਆਨ ਸਿੰਘ ਅਗੇ ਚੰਗੀ ਤਰਾਂ ਫੇਹਲ ਹੋਏ ਅਰ ਕੀਤਾ ਸਭ ਕਿਛ ਡੋਗਰਾ ਪਾਰਟੀ ਨੇ, ਜਿੰਮੇ ਪਿਆ ਸੰਧਾਂਵਾਲੀਆਂ ਦੇ। ਧਿਆਨ ਸਿੰਘ ਨੇ ਮਹਾਰਾਣੀ ਚੰਦ ਕੌਰ ਨੂੰ ਇਹ ਝਾਸਾ ਦਿਤਾ ਸੀ ਕਿ ਆਪ ਨੂੰ 'ਰਾਜਮਾਤਾ' ਦੀ ਹਾਲਤ ਵਿਚ ਗੱਦੀ ਦਿਤੀ ਜਾਊਗੀ। ਆਪ ਤਿੰਨ ਦਿਨ ਕਿਸੇ ਨੂੰ ਪਤਾ ਨਾ ਕਰੋ ਕਿ ਆਪ ਦੇ ਕੌਰ ਸਾਹਿਬ ਚਲਾਣੇ ਕਰ ਗਏ ਹਨ। ਮਹਾਰਾਣੀ ਇਸ ਚਾਲ ਨੂੰ ਭੀ ਨਾ ਸਮਝ ਸਕੀ ਕਿ ਜਦ ਮੈਨੂੰ ਮੇਰੇ ਪੁਤਰ ਨੂੰ ਮਿਲਣ ਤਕ ਨਹੀਂ ਦਿਤਾ ਤਾਂ ਰਾਜ ਗੱਦੀ ਮੈਨੂੰ ਕੌਣ ਦਲਾਵੇਗਾ ? ਰਾਜ ਦੇ ਲਾਲਚ ਵਿਚ ਚੁਪ ਰਹੀ, ਏਧਰ ਧਿਆਨ ਸਿੰਘ ਨੇ ਮਹਾ-ਰਾਣੀ ਚੰਦ ਕੌਰ ਨੂੰ ਤਾਂ ਧੋਖਾ ਦਿਤਾ ਕਿ ਮੈਂ ਦਰਬਾਰ ਦਾ ਪ੍ਰਬੰਧ ਕਰਦਾ ਹਾਂ, ਉਧਰ ਸ਼ਾਹਜ਼ਾਦਾ ਸ਼ੇਰ ਸਿੰਘ ਨੂੰ ਖਬਰ

ਘਲੀ ਕਿ ਛੇਤੀ ਤੋਂ ਛੇਤੀ ਲਾਹੌਰ ਪਹੁੰਚੇ । ਧਿਆਨ ਸਿੰਘ ਚਿਤੋਂ ਸਮਝਦਾ ਸੀ ਕਿ ਜੇ ਰਾਜ ਦੀ ਵਾਗ ਡੋਰ ਚੰਦ ਕੌਰ ਦੇ ਹਥ ਆ ਗਈ ਤਾਂ ਸੰਧਾਵਾਲੀਏ ਸਰਦਾਰ ਇਸ ਦੀ ਮਦਦ ਪਰ ਹਨ ਜਿਸ ਕਰਕੇ ਸਾਡੇ ਪੈਰ ਨਹੀਂ ਲਗਣੇ, ਇਸ ਲਈ ਸ਼ੇਰ ਸਿੰਘ ਨੂੰ ਗੱਦੀ ਪਰ ਬਠਾਕੇ ਸੰਧਾਵਾਲੀਆਂ ਨੂੰ ਪਿਛੇ ਧਕੇਲ ਛਡੋ ਅਰ ਸ਼ਾਹਜ਼ਾਦਾ ਸ਼ੇਰ ਸਿੰਘ ਨਾਲ ਵਿਰੋਧਤਾ ਪਵਾਓ । ਸ਼ੇਰ ਸਿੰਘ ਉਸ ਵੇਲੇ ਵਟਾਲਾ ਦੀ ਜਾਗੀਰ ਵਿਖੇ ਬਤੌਰ ਜਾਗੀਰਦਾਰ ਦੇ ਸੀ ਅਰ ਉਸ ਵੇਲੇ ਮੁਕੇਰੀਏ ਗਿਆ ਹੋਇਆ ਸੀ। ਧਿਆਨ ਸਿੰਘ ਦੇ ਆਦਮੀ ਪਹੁੰਚਣ ਸਾਰ, ਸ਼ੇਰ ਸਿੰਘ ਇਕ ਦਮ ਲਾਹੌਰ ਨੂੰ ਚਲ ਪਿਆ, ਪਰ ਮਹਾਰਾਣੀ ਚੰਦ ਕੌਰ ਦੇ ਹੁੰਦਿਆਂ ਸ਼ੇਰ ਸਿੰਘ ਨੂੰ ਗੱਦੀ ਦੇਣੀ ਬਹੁਤ ਕਠਨ ਸੀ, ਓਧਰ ਓਹ ਜ਼ੋਰ ਲਗਾ ਰਹੀ ਸੀ ਕਿ ਮੇਰੇ ਨਾਲ ਵਾਇਦਾ ਕੀਤਾ, ਪੂਰਨ ਕੀਤਾ ਜਾਵੇ।

ਡੋਗਰਾ ਪਾਰਟੀ ਵਲੋਂ ਸ਼ਾਹਜ਼ਾਦਾ ਸ਼ੇਰ ਸਿੰਘ ਨੂੰ ਔਣ ਸਾਰ ਇਸ ਤਰਾਂ ਭੜਕਾਇਆ ਗਿਆ ਕਿ ਮਹਾਰਾਣੀ ਆਪ ਨੂੰ ਗੱਦੀ ਮਿਲਣ ਪਰ ਨਾਰਾਜ਼ ਹੈ ਅਰ ਆਖਦੀ ਹੈ ਕਿ ਇਹ ਮਹਾਰਾਜਾ ਦਾ ਪੁਤਰ ਨਹੀਂ ਹੈ, ਏਧਰ ਮਹਾਰਾਣੀ ਨੂੰ ਕਿਹਾ ਗਿਆ ਕਿ ਸ਼ੇਰ ਸਿੰਘ ਤੇਰੇ ਪ੍ਰਾਣਾਂ ਦਾ ਵੈਰੀ ਹੈ।

ਉਧਰੋਂ ਸ਼ੇਰ ਸਿੰਘ ਦੀ ਰਾਣੀ ਨੂੰ ਚੁੱਕ ਦਿਤਾ ਕਿ ਅਸੀਂ ਸ਼ਾਹਜ਼ਾਦੇ ਨੂੰ ਗੱਦੀ ਪਰਬਠੌਣਾ ਚਾਹੁੰਦੇ ਹਾਂ ਪਰ ਮਹਾਰਾਣੀਚੰਦ ਕੌਰ ਸਖਤ ਵਿਰੁਧ ਹੈ। ਇਸ ਤਰਾਂ ਰਾਜ ਘਰਾਣੇ ਵਿਚ ਈਰਖਾ ਫੁਟ ਦੀਆਂ ਚਿੰਗਾੜੀਆਂ ਸੁਟ ਪਾਈਆਂ ਜੋ ਜ਼ੋਰ ਨਾਲ ਬਲ ਉਠੀਆਂ। ਰਾਣੀ ਚੰਦ ਕੌਰ ਬਹੁਤ ਦੁਖੀ ਸੀ ਇਕ ਤਾਂ ਮਹਾ-

ਰਾਜਾ ਚਾਲੇ ਪਾ ਗਏ, ਉਧਰ ਉਸੀ ਦਿਨ ਪੁਤ੍ਰ ਚਲ ਬਸਿਆ ਏਧਰ ਗੱਦੀ ਵਲੋਂ ਨਿਰਾਸਤਾ ਦਿਸਣ ਲਗੀ।

ਇਸਤਰਾਂ ਰਾਜ ਘਰਾਣਾ ਅਸ਼ਾਂਤੀ ਦਾ ਘਰ ਬਣ ਗਿਆ। ਡੋਗਰਾ ਪਾਰਟੀ ਨੇ ਸਲਾਹ ਕਰਕੇ ਰਾਜਾ ਗੁਲਾਬ ਸਿੰਘ ਅਰ ਧਿਆਨ ਸਿੰਘ ਦਾ ਪੁਤ੍ਰ ਹੀਰਾ ਸਿੰਘ ਮਹਾਰਾਣੀ ਦੇ ਪੱਖੀ ਕਰ ਦਿਤੇ। ਉਧਰ ਧਿਆਨ ਸਿੰਘ ਸ਼ੇਰ ਸਿੰਘ ਵਲ ਹੋ ਗਿਆ ਆਪਸ ਵਿਚੀਂ ਖੂਬ ਦੁਫੇੜ ਪਾਈ ਅਰ ਵਿਰੋਧਤਾ ਲਈ ਲੂਤੀਆਂ ਲਾਈਆਂ।

ਮਹਾਰਾਣੀ ਨੇ ਕਿਹਾ ਕਿ ਹਾਲੇ ਗੱਦੀ ਦਾ ਫੈਸਲਾ ਨਾ ਹੋਵੇ ਕਿਉਂਕਿ ਨੌ ਨਿਹਾਲ ਸਿੰਘ ਜੀ ਦੀ ਰਾਣੀ ਦੇ ਬੱਚਾ ਪੈਦਾ ਹੋਣ ਵਾਲਾ ਹੈ ਅਰ ਇਹ ਭੀ ਕਿਹਾ ਕਿ ਉਤਨਾਂ ਸਮਾਂ ਮੁਲਕ ਦਾ ਇੰਤਜ਼ਾਮ ਮੈਂ ਕਰਾਂਗੀ ਇਸ ਕਾਰਨ ਰਾਜ ਦਰਬਾਰ ਵਿਚ ਏਹੀ ਪਾਸ ਹੋਇਆ ਕਿ ਹਾਲੀ ਮਹਾਰਾਣੀ ਤਖਤ ਦੀ ਵਾਰਸ ਰਹੇ ਜਦੋਂ ਤੀਕਰ ਬੱਚਾ ਪੈਦਾ ਨਾ ਹੋਵੇ ਸ਼ਾਹਜ਼ਾਦਾ ਸ਼ੇਰ ਸਿੰਘ ਵਜ਼ੀਰਾਂ ਦੇ ਸਿਰਕਰਦੇ ਰਹਿਣ ਅਰ ਧਿਆਨ ਸਿੰਘ ਵਜ਼ੀਰ ਰਹੇ, ੩੦ ਨਵੰਬਰ ਸੰਨ ੧੮੪੦ ਈ: ਨੂੰ ਕੌਰ ਸ਼ੇਰ ਸਿੰਘ ਨੇ ਮਹਾਰਾਣੀ ਦੀ ਨਜ਼ਰ ੧੦੧ ਮੋਹਰ ਪੇਸ਼ ਕਰਕੇ ਉਸਨੂੰ ਪਰਵਾਨ ਕਰ ਲਿਤਾ ਸੀ।

ਅਖੀਰ ਸ਼ਾਹਜ਼ਾਦਾ ਸ਼ੇਰ ਸਿੰਘ ਅਰ ਮਹਾਰਾਣੀ ਵਿਚਕਾਰ ਸਮਝੌਤਾ ਹੋਣ ਵਾਲਾ ਹੋ ਗਿਆ ਜੋ ਮਹਾਨ ਉੱਤਮ ਸੀ। ਚੂੰਕਿ ਚੰਦ ਕੌਰ ਸ਼ੇਰ ਸਿੰਘ ਦੀ ਭਰਜਾਈ ਸੀ ਜੇ ਸ਼ੇਰ ਸਿੰਘ ਉਸ ਨੂੰ ਬਤੌਰ ਮਹਾਰਾਣੀ ਦੇ ਰਖੇ ਅਰ ਪੁਨਰ ਅਨੰਦ ਕਰ ਲਵੇ ਤਾਂ ਇਸ ਦੀ ਔਲਾਦ ਰਾਜ ਦੀ ਵਾਰਸ ਹੋਵੇਗੀ ਅਰ

ਇਹ ਮਹਾਰਾਣੀ ਭੀ ਰਹੇਗੀ ਪਰ ਇਸ ਤਰਾਂ ਦੇ ਨੇਕ ਸਮਝੌਤੇ ਨਾਲ ਡੋਗਰਾ ਪਾਰਟੀ ਦਾ ਪਾਜ ਖੁਲ੍ਹਦਾ ਸੀ ਅਰ ਰਾਜ ਵਲੋਂ ਸਖਣੇ ਰਹਿੰਦੇ ਸਨ।

ਇਸ ਲਈ ਇਹ ਸਮਝੌਤਾ ਸਿਰੇ ਨਾਂ ਹੀ ਚੜ੍ਹਨਦਿਤਾ। ਰਾਣੀ ਚੰਦ ਕੌਰ ਵਲੋਂ ਸੰਧਾਵਾਲੀਏ ਸਰਦਾਰ ਅਰ ਰਾਜਾ ਗੁਲਾਬ ਸਿੰਘ ਡਟ ਗਏ ਅਰ ਧਿਆਨ ਸਿੰਘ ਵਜ਼ੀਰ ਸ਼ੇਰ ਸਿੰਘ ਵਲ ਰਿਹਾ। ਗੁਸੇ ਦੀ ਅਗਨ ਲੜਾਈ ਦੀ ਨੌਬਤ ਤਕ ਆ ਪਹੁੰਚੀ। ਧਿਆਨ ਸਿੰਘ ਨੇ ਸ਼ੇਰ ਸਿੰਘ ਨੂੰ ਮੁੜ ਵਟਾਲੇ ਘਲ ਦਿਤਾ ਕਿ ਮੈਂ ਠੀਕ ਇੰਤਜ਼ਾਮ ਕਰਕੇ ਆਪ ਨੂੰ ਦੋਬਾਰਾ ਸਦਾਂਗਾ। ਹੁਣ ਧਿਆਨ ਸਿੰਘ ਮਹਾਰਾਣੀ ਚੰਦ ਕੌਰ ਦੀ ਅਲਖ ਮੁਕੌਣ ਨੂੰ ਤਿਆਰ ਹੋਇਆ ਪਰ ਉਪਰ ਖਾਨਿਓਂ ਮਹਾਰਾਣੀ ਨੂੰ ਇਹ ਪੱਕਾ ਨਿਸਚਾ ਕਰਵਾ ਦਿਤਾ ਕਿ ਸ਼ੇਰ ਸਿੰਘ ਤੈਨੂੰ ਕਤਲ ਕਰਾਉਣਾ ਚਾਹੁੰਦਾ ਹੈ ਅਰ ਸ਼ੇਰ ਸਿੰਘ ਨੂੰ ਕਿਹਾ ਕਿ ਮਹਾਰਾਣੀ ਆਪ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਅਸਲੀ ਪੁਤ੍ਰ ਨਹੀਂ ਸਮਝਦੀ।

ਮਹਾਰਾਜਾ ਸ਼ੇਰ ਸਿੰਘ ਦਾ ਅਸਲੀ ਮਨਸ਼ਾ ਚੰਦ ਕੌਰ ਨੂੰ ਮਾਰਨੇ ਦਾ ਨਹੀਂ ਸੀ। ਸ਼ੇਰ ਸਿੰਘ ਵਡਾ ਦੂਰ ਅੰਦੇਸ਼ ਸ਼ਾਹਜ਼ਾਦਾ ਸੀ ਇਸੇ ਲਈ ਓਹ ਸ਼ਾਹੀ ਖਾਨਦਾਨ ਦੀ ਅਗਨੀ ਨੂੰ ਸ਼ਾਂਤ ਕਰਨ ਦੇ ਪੂਰਨ ਯਤਨਾਂ ਵਿਚ ਸੀ। ਉਸ ਦੀ ਮਨਸ਼ਾ ਸੀ ਮਹਾਰਾਣੀ ਨਾਲ ਪੁਨਰ ਅਨੰਦ ਹੋ ਜਾਵੇ ਫਿਰ ਸ਼ਾਂਤੀ ਹੋ ਸਕਦੀ ਹੈ ਪਰ ਧਿਆਨ ਸਿੰਘ ਅਰ ਗੁਲਾਬ ਸਿੰਘ ਨੇ ਆਪਸ ਵਿਚੀਂ ਜੰਗ ਦਾ ਸਾਰਾ ਇੰਤਜ਼ਾਮ ਕਰਕੇ ਸ਼ੇਰ ਸਿੰਘ ਨੂੰ ਸਦਿਆ ਕਿ ਆਉਣ ਸਾਰ ਗੋਲੀ ਚਲ ਪਵੇ।

ਏਧਰੋਂ ਅੰਗਰੇਜ਼ਾਂ ਨੂੰ ਭੀ ਇਸ ਮੌਕੇ ਪਰ ਰਾਇ ਦੇਣ ਦਾ ਸਮਾਂ ਸੀ। ਵਿਪਦਾ ਵਿਚ ਹਰ ਕੋਈ ਸ਼ਰਨ ਲੈਂਦਾ ਹੈ। ਇਨ੍ਹਾਂ ਨੇ ਨਾਂ ਤਾਂ ਚੰਦ ਕੌਰ ਨੂੰ ਪੱਕੇ ਤੌਰ ਪਰ ਵਾਰਸ ਮੰਨਿਆਂ ਅਤੇ ਨਾਂ ਹੀ ਸ਼ੇਰ ਸਿੰਘ ਦੇ ਹੱਕ ਵਿਚ ਖੁਲ੍ਹੇ ਸ਼ਬਦਾਂ ਵਿਚ ਪੂਰਨ ਹਮਾਇਤ ਕੀਤੀ ਬਸ ਇਹੋ ਕਹਿ ਦਿਤਾ ਕਿ ਅਸੀਂ ਤਾਂ ਇਸ ਰਾਜ ਦਾ ਚੰਗਾ ਇੰਤਜ਼ਾਮ ਦੇਖਣਾ ਚਾਹੁੰਦੇ ਹਾਂ। ਡੋਗਰੇ ਚਾਹੁੰਦੇ ਸੀ 'ਸਿਖਾਂ ਦੀ ਆਪਸ ਵਿਚੀਂ ਖੜਕੇ' ਤਦੇ ਓਹ ਕਾਮਯਾਬ ਹੋ ਸਕਦੇ ਸਨ।

ਕੰਵਰ ਸ਼ੇਰ ਸਿੰਘ ਨੂੰ ਜੰਗ ਲਈ ਸੱਦਾ

ਵਜ਼ੀਰ ਧਿਆਨ ਸਿੰਘ ਨੇ ਕੰਵਰ ਸ਼ੇਰ ਸਿੰਘ ਨੂੰ ਪਹਿਲਾਂ ਹੀ ਰਾਜ ਗੱਦੀ ਦਲੌਣ ਦਾ ਨਿਉਂਦਾ ਦੇ ਰਖਿਆ ਸੀ। ਕਿਉਂਕਿ ਵਿਓਂਤ ਇਸੇ ਤਰਾਂ ਪਾੜੋ ਮਾਰੀ ਵਾਲੀ ਸੀ। ਸ਼ੇਰ ਸਿੰਘ ਪਾਸੋਂ ਖੜਗ ਸਿੰਘ ਦੀ ਗੱਦੀ ਨਸ਼ੀਨੀ ਵੇਲੇ ਭੀ ਰੌਲਾ ਪਵਾਇਆ ਸੀ, ਤਾਂਕਿ ਖੜਗ ਸਿੰਘ ਵਜ਼ੀਰ ਧਿਆਨ ਸਿੰਘ ਦੀ ਕੱਠ ਪੁਤਲੀ ਹੋ ਕੇ ਰਹੇ ਉਧਰ ਸ਼ੇਰ ਸਿੰਘ ਨੂੰ ਉਕਸਾ ਕੇ ਸਮਾਂ ਉਡੀਕਣ ਲਈ ਠੰਢਾ ਕਰਕੇ ਹਥ ਵਿਚ ਕਰ ਰਖਿਆ ਕਿ 'ਰਾਜ ਗੱਦੀ' ਆਪ ਨੂੰ ਦਲਾਵਾਂਗੇ ਜ਼ਰਾ ਠਹਿਰੋ।

ਮਹਾਰਾਜਾ ਨੌ ਨਿਹਾਲ ਸਿੰਘ ਦੇ ਚਲਾਣੇ ਪਰ ਕੰਵਰ ਸ਼ੇਰ ਸਿੰਘ ਨੂੰ ਸੱਦਾ ਦੇ ਕੇ ਮੰਗਵਾਇਆ, ਧਿਆਨ ਸਿੰਘ ਅਤੇ ਅੰਗਰੇਜ਼ੀ ਏਜੰਟ (ਮਿਸਟਰ ਕਲਾਰਕ) ਹੱਕ ਵਿਚ ਸਨ ਪਰੰਤੂ ਸੰਧਾਵਾਲੀਏ ਵਿਰੁਧ ਸਨ, ਜਿਸ ਕਰਕੇ ਚਾਲ ਨਾਲ ਰਾਜਾ ਗੁਲਾਬ ਸਿੰਘ ਦੂਜੀ ਪਾਰਟੀ ਨਾਲ ਰਿਹਾ (ਇਸ ਤਰਾਂ

ਭੇਤ ਲੈਣ ਖਾਤ੍ਰ ਡੋਗਰੇ ਦੋ ਪਾਰਟੀਆਂ ਵਿਚ ਸ਼ਾਮਲ ਰਹਿੰਦੇ) ਮਹਾਰਾਣੀ ਚੰਦ ਕੌਰ ਨੂੰ ਪਹਿਲਾਂ ਹੀ ਦਲਾਸਾ ਦਿਤਾ ਹੋਇਆ ਸੀ ਕਿ 'ਰਾਜ ਗੱਦੀ' ਤੁਹਾਨੂੰ ਮਿਲੇਗੀ, ਭਾਰੀ ਕਸ਼ਮਕਸ਼ ਦੇ ਪਿਛੋਂ ਫੈਸਲਾ ਇਹ ਹੋਇਆ, ਚੂੰਕਿ ਮਹਾਰਾਜਾ ਨੌ ਨਿਹਾਲ ਸਿੰਘ ਦੀ ਧਰਮ ਪਤਨੀ ਦੇ ਬੱਚਾ ਹੋਣ ਵਾਲਾ ਹੈ ਕਾਇਦੇ ਮੂਜਬ ਓਹ ਹੱਕਦਾਰ ਹੈ ਇਸੇ ਕਰਕੇ ਉਸ ਦੀ ਪੈਦਾਇਸ਼ ਪਰ ਇਹ ਫੈਸਲਾ ਹੋਵੇ, ਜੇ ਲੜਕਾ ਹੋਵੇ ਤਾਂ ਮਹਾਰਾਣੀ ਉਸ ਦੀ ਥਾਂ ਰਾਜ ਤਖਤ ਪਰ ਰਹੇ ਅਤੇ ਇਕ ਕੌਂਸਲ ਬਣੇ ਜਿਸ ਦਾ ਪ੍ਰੇਜ਼ੀਡੈਂਟ ਸ਼ਾਹਜ਼ਾਦਾ ਸ਼ੇਰ ਸਿੰਘ ਹੋਵੇ, ਇਸ ਤਰਾਂ ਤਲਵਾਰ ਚਲਣੋਂ ਤਾਂ ਰਹਿ ਗਈ, ਮਹਾਰਾਣੀ ਚੰਦ ਕੌਰ ਰਾਜ ਤਖਤ ਪਰ ਰਹੀ, ਪਰ ਇਹ ਬਾਤ ਧਿਆਨ ਸਿੰਘ ਦੇ ਅਨਕੂਲ ਨਹੀਂ ਸੀ, ਧਿਆਨ ਸਿੰਘ ਨੇ ਕੰਵਰ ਸ਼ੇਰ ਸਿੰਘ ਨੂੰ ਸਲਾਹ ਦਿਤੀ ਕਿ ਦੋ ਮਹੀਨੇ ਪਿਛੇ ਰਹਿਕੇ ਫਿਰ ਹਮਲਾ ਕਰਨਾ, ਧਿਆਨ ਸਿੰਘ ਆਪ ਭੀ ਜੰਮੂ ਵਲ ਚਲਾ ਗਿਆ। ਸ: ਅਤਰ ਸਿੰਘ ਸੰਧਾਵਾਲੀਆ ਜੋ ਉਸ ਦਾ ਪੱਖੀ ਸੀ, ਵਜ਼ੀਰੀ ਦਾ ਕੰਮ ਸੰਭਾਲ ਗਿਆ। ਇਧਰੋਂ ਪੈਂਚਾਂ ਦੀ ਰਾਹੀਂ ਫੌਜਾਂ ਵਿਚ ਸ਼ੇਰ ਸਿੰਘ ਦੇ ਹੱਕ ਵਿਚ ਪ੍ਰਚਾਰ ਅਤੇ ਮਹਾਰਾਣੀ ਦੇ ਵਿਰੁਧ ਨਫ-ਰਤ ਫਲੌਣੀ ਸ਼ੁਰੂ ਕਰ ਦਿਤੀ ਕਿ ਉਸ ਨੇ ਤਖਤ ਸੰਭਾਲ ਕੇ ਕੀ ਇਨਾਮ ਦਿਤਾ ਸ਼ੇਰ ਸਿੰਘ ਫੌਜਾਂ ਨੂੰ ਇਨਾਮ ਦਿੰਦਾ ਨਾਲੇ ਤਨਖਾਹਾਂ ਵਧੌਂਦਾ, ਹੁਣ ਭੀ ਉਸੀ ਨੂੰ ਗੱਦੀ ਦਲਾਓ! ਇਕ ਇਸਤ੍ਰੀ ਕੀ ਰਾਜ ਕਰੂਗੀ, ਕੀ ਮਾਨੁਖ ਇਸਤ੍ਰੀਆਂ ਦੀ ਹਕੂਮਤ ਵਿਚ ਰਾਜ ਕਰਨਗੇ ਆਦਿ ਆਦਿ ਇਸ ਪ੍ਰਕਾਰ ਦਾ ਦੱਬਕੇ ਐਜੀਟੇਸ਼ਨ ਸ਼ੁਰੂ ਕਰਵਾ ਦਿਤਾ। ਸ: ਜਵਾਲਾ ਸਿੰਘ ਜੋ ਕਿ

ਕੰਵਰ ਸ਼ੇਰ ਸਿੰਘ ਦਾ ਵਕੀਲ ਸੀ ਉਸ ਦੇ ਨਾਲ ਇਕਰਾਰ ਸਨ ਕਿ ਜੇਕਰ ਮੈਂ ਤੇਰੀ ਕੋਸ਼ਸ਼ ਨਾਲ ਰਾਜ ਗੱਦੀ ਦਾ ਮਾਲਕ ਬਣ ਗਿਆ ਤਦ ਤੈਨੂੰ ਆਪਣਾ ਵਜ਼ੀਰ ਰਖਾਂਗਾ। ਵਜ਼ੀਰ ਧਿਆਨ ਸਿੰਘ ਦਾ ਪੁਤ੍ਰ ਹੀਰਾ ਸਿੰਘ ਬਾਪ ਦੀ ਥਾਂ ਫੌਜਾਂ ਵਿਚ ਪ੍ਰਚਾਰ ਕਰਦਾ ਰਿਹਾ ਕਿ ਤੁਸੀਂ ਮਰਦ ਹੋ ਕੇ ਤ੍ਰੀਮਤ ਦੀ ਹਕੂਮਤ ਹੇਠਾਂ ਰਹੋਗੇ, ਜੇ ਕੰਵਰ ਸ਼ੇਰ ਸਿੰਘ ਨੂੰ ਰਾਜ ਗੱਦੀ ਦਲਾਓ ਤਾਂ ਮੈਂ ਸਭ ਨੂੰ ਇਨਾਮ ਦਲੌਣ ਅਤੇ ਤਨਖਾਹਾਂ ਵਧਵਾ ਦੇਣ ਦਾ ਜ਼ਿੰਮਾਂ ਲੈਂਦਾ ਹਾਂ। ਸ: ਜਵਾਲਾ ਸਿੰਘ ਪਰ ਫੌਜਾਂ ਨੂੰ ਵਧ ਭਰੋਸਾ ਸੀ ਜਿਸ ਕਰਕੇ ਸਾਰਾ ਕੰਮ ਉਸ ਨੇ ਕਰਕੇ ਫੌਜਾਂ ਕੰਵਰ ਸ਼ੇਰ ਸਿੰਘ ਨੂੰ ਤਖਤ ਦਲੌਣ ਦੇ ਹੱਕ ਵਿਚ ਕਰ ਲਈਆਂ, ਡੋਗਰੇ ਫੌਜਾਂ ਪਹਿਲਾਂ ਹੀ ਰਾਜਾ ਹੀਰਾ ਸਿੰਘ ਦੇ ਕਹੇ ਵਿਚ ਸਨ। ਇਸ ਤਰਾਂ ਮੈਦਾਨ ਸਾਫ ਹੋ ਜਾਣ ਪਰ ਹੀਰਾ ਸਿੰਘ ਨੇ ਧਿਆਨ ਸਿੰਘ ਨੂੰ ਖਬਰ ਦਿਤੀ, ਜਿਸ ਪਰ ਧਿਆਨ ਸਿੰਘ ਨੇ ਜੰਮੂ ਤੋਂ ਕੰਵਰ ਸ਼ੇਰ ਸਿੰਘ ਨੂੰ ਚਿਠੀ ਲਿਖੀ ਕਿ ਹੁਣ ਮੌਕਾ ਹੈ ਫੌਜਾਂ ਆਪ ਦੇ ਪੱਖ ਵਿਚ ਕਰ ਲਈਆਂ ਹਨ ਆਪ ਫੌਰਨ ਲਾਹੌਰ ਪਹੁੰਚਕੇ ਜੰਗ ਕਰ ਕੇ ਤਖਤ ਸੰਭਾਲੋ! ਕੰਵਰ ਸ਼ੇਰ ਸਿੰਘ ਆਪਣੀ ਥੋੜੀ ਜਿਹੀ ਫੌਜ ਨਾਲ ਲਾਹੌਰ ਦੇ †ਸ਼ਾਲਾ ਮਾਰ ਬਾਗ ਵਿਚ ਆ ਉਤਰਿਆ ਉਸ ਨੇ ਫੌਜਾਂ ਵਿਚ ਰੁਪਿਆ ਭੀ ਵੰਡਿਆ, ਅੰਗਰੇਜ਼ੀ ਏਜੰਟ

---

†ਇਹ ਸਮਾਂ ੧੪ ਜਨਵਰੀ ਸੰਨ ੧੮੪੧ ਈ: (੩ ਮਾਘ ਸੰਮਤ ੧੮੯੭) ਦਾ ਸੀ। ਅਠਾਰਾਂ ਜਨਵਰੀ ਤੀਕਰ ਸਿਖਾਂ ਨੂੰ ਡੋਗਰਿਆਂ ਨੇ ਆਪਸ ਵਿਚ ਦੀ ਲੜਾਇਆ ਮਰਵਾਇਆ।

ਨੂੰ ਭੀ ਗੁਪਤੀ ਮਿਲਿਆ ਕਈ ਸਰਦਾਰ ਗੰਢ ਲਿਤੇ, ਜਰਨਲ ਐਵੀਟੇਬਲ ਅਤੇ ਜਰਨੈਲ ਵੈਂਤੂਰਾ ਇਸ ਦੇ ਨਾਲ ਸਹਿਮਤ ਹੋ ਗਏ, ਰਾਜਾ ਸੁਚੇਤ ਸਿੰਘ (ਧਿਆਨ ਸਿੰਘ ਦਾ ਭਰਾ) ਨਾਲ ਜਾ ਰਲਿਆ। ਸ: ਜਵਾਲਾ ਸਿੰਘ ਫੌਜਾਂ ਵਲੋਂ ਮਦਦ ਦਾ ਵਾਇਦਾ ਲਿਆਇਆ ਉਥੇ ਹੀ ਨਜ਼ਰਾਨੇ ਪੇਸ਼ ਕਰਕੇ ਤੋਪਾਂ ਦੀ ਸਲਾਮੀ ਕਰ ਦਿਤੀ। ਕੰਵਰ ਸ਼ੇਰ ਸਿੰਘ ਨੇ ਨਜ਼ਰਾਨੇ ਲੈ ਕੇ 'ਬੁੱਧੂ ਦੇ ਆਵੇ ਪਾਸੋਂ ਚਾਲੀ ਪੰਜਾਹ ਹਜ਼ਾਰ ਫੌਜ ਨਾਲ ਕਿਲੇ ਨੂੰ ਆ ਘੇਰਿਆ' ਰਾਜਾ ਹੀਰਾ ਸਿੰਘ ਨੇ ਉਧਰੋਂ ਗੁਲਾਬ ਸਿੰਘ ਪਾਰਟੀ ਨੂੰ ਸਾਰੇ ਭੇਦ ਦਸੇ ਅਤੇ ਅਪਣੇ ਪਿਤਾ ਧਿਆਨ ਸਿੰਘ ਨੂੰ ਜੰਮੂ ਖਬਰ ਘਲ ਛੱਡੀ ਕਿ ਆਪਸ ਵਿਚ ਦੀ ਖੜਕ ਪਈ ਹੈ ਹੁਣ ਆ ਕੇ ਮੌਕਾ ਸੰਭਾਲੋ। ਦੇਹਲੀ ਦਰਵਾਜ਼ੇ ਵਲ ਦੀ ਹੱਲਾ ਹੋਇਆ ਕਿਲ੍ਹੇ ਵਿਚ ਕੁਛ ਸੰਧਾਵਾਲੀਏ ਸਨ ਬਾਕੀ ਵੱਧ ਗੁਲਾਬ ਸਿੰਘ ਦੀ ਡੋਗਰਾ ਫੌਜ ਸੀ ਪੰਜ ਦਿਨ ਜੋਰ ਸ਼ੋਰ ਨਾਲ ਦੋ ਤਰਫੀ ਜੰਗ ਹੋਈ ਅਰਥਾਤ ਚੌਦਾਂ ਜਨਵਰੀ (ਸੰਨ ੧੮੪੧) ਤੋਂ ਅਠਾਰਾਂ ਜਨਵਰੀ ਤੀਕਰ ਡੋਗਰਿਆਂ ਖਾਲਸੇ ਦਾ ਖੂਨ ਡੁਲ੍ਹਾਇਆ, ਚਾਰ ਪੰਜ ਹਜ਼ਾਰ ਸ਼ੇਰ ਸਿੰਘ ਦੇ ਪਖੀ ਮਰੇ ਅਤੇ ਜ਼ਖਮੀ ਹੋਏ, ਕਿਲ੍ਹੇ ਵਿਚਲਾ ਮਸਾਂ ਡੂਢ ਕੁ ਸੌ ਹੀ ਮਰਿਆ ਇਸ ਘਮਸਾਣ ਵਿਚ ਵਜ਼ੀਰ ਧਿਆਨ ਸਿੰਘ ਨੇ ਜੰਮੂ ਤੋਂ ਆ ਕੇ ਮੰਡਾ ਮੰਡਾ ਪਾਉਣ ਵਾਲੀ ਚਾਲ ਖੇਡੀ ਕਿ ਆਪਸ ਵਿਚ ਦੀ ਸੁਲਾਹ ਕਰ ਲਵੋ।

★

ਸੁਲਾਹ ਦੀਆਂ ਸ਼ਰਤਾਂ

ਧਿਆਨ ਸਿੰਘ ਅਤੇ ਗੁਲਾਬ ਸਿੰਘ ਇਕੋ ਰੂਪ ਸਨ ਅਰ ਸਕੇ ਭਰਾ ਸਨ ਕੇਵਲ ਦਖਾਵੇ ਅਤੇ ਦੂਜੇ ਦੇ ਭੇਤਾਂ ਲਈ ਵਖ ਵਖ ਰਹਿੰਦੇ ਸਨ। ਰਾਜਾ ਧਿਆਨ ਸਿੰਘ ਨੇ ਮਹਾਰਾਣੀ ਚੰਦ ਕੌਰ ਨੂੰ ਸੋਲਾਂ ਲੱਖ ਰੁਪਏ ਦੀ ਜਾਗੀਰ ਕਸ਼ਮੀਰ ਦੇ ਲਾਗੇ ਦਿਲਾ ਦਿਤੀ, ਜਿਸ ਪਰ ਗੁਲਾਬ ਸਿੰਘ ਦਾ ਕਬਜ਼ਾ ਰਖੌਣਾ ਸੀ ਅਤੇ ਉਸ ਦਾ ਇੰਤਜ਼ਾਮ ਭੀ ਗੁਲਾਬ ਸਿੰਘ ਦੇ ਹਥ ਦਿਤਾ, ਇਕ ਪਾਸਾ ਤਾਂ ਇਉਂ ਨਪ ਲਿਆ, ਮਹਾਰਾਜਾ ਸ਼ੇਰ ਸਿੰਘ ਤਖਤ ਦਾ ਮਾਲਕ ਮੰਨਿਆਂ ਜਾਵੇ, ਏਧਰ ਮਹਾਰਾਜਾ ਸ਼ੇਰ ਸਿੰਘ ਨੂੰ ਆਪਣੇ ਪੱਖ ਵਿਚ ਕਰ ਲਿਆ। ਸ: ਜਵਾਲਾ ਸਿੰਘ ਜਿਸ ਨੇ ਸ਼ੇਰ ਸਿੰਘ ਨੂੰ ਫੌਜ ਦੀ ਤਾਕਤ ਨਾਲ ਮਹਾਰਾਜਾ ਬਣਾਇਆ ਸੀ ਉਸਦੀ ਵਜ਼ੀਰੀ ਰਹਿ ਗਈ, ਧਿਆਨ ਸਿੰਘ ਉਸ ਦੀ ਜਾਨ ਦਾ ਵੈਰੀ ਹੋ ਗਿਆ। ਸੰਧਾਵਾਲੀਏ ਮਹਾਰਾਜਾ ਸ਼ੇਰ ਸਿੰਘ ਦੇ ਵਿਰੋਧੀ ਸਾਬਤ ਕਰ ਦਿਤੇ, ਫੌਜ ਕਿਲੇ ਵਿਚੋਂ ਸੁਖ ਸਾਂਦ ਨਾਲ ਨਿਕਾਲੀ ਗਈ ਕਿਸੇ ਨੂੰ ਸਜ਼ਾ ਨਾ ਦਿਤੀ, ਡੋਗਰੇ ਇਸ ਤਰਾਂ ਆਗੂ ਦੇ ਆਗੂ ਬਣੇ ਰਹੇ।

ਨੋਟ—ਸੁਲਹ ਕਰਨ ਵਿਚ ਮਹਾਰਾਣੀ ਚੰਦ ਕੌਰ ਨੂੰ ਕੀ ਮਿਲਿਆ? ਸੋਲਾਂ ਲੱਖ ਦੀ ਜਾਗੀਰ, ਓਹ ਭੀ ਜੰਮੂ ਵਿਖੇ, ਜੋ ਰਾਜਾ ਗੁਲਾਬ ਸਿੰਘ ਨੇ ਸਮੇਟਣੀ ਸੀ, ਪਰਮ ਸ਼ੋਕ! ਜਿਸਦਾ ਸਿਰਤਾਜ ਸਾਧੂ ਬਾਦਸ਼ਾਹ ਖੜਗ ਸਿੰਘ ਲੋਪ ਹੋ ਗਿਆ। ਹੋਣ ਹਾਰ ਸਪੁਤ੍ਰ ਨੌ ਨਿਹਾਲ ਸਿੰਘ ਪੰਜਾਬ ਦੇ

ਰਾਜ ਦੀਆਂ ਆਸਾਂ ਲੈਕੇ ਚੱਲ ਗਿਆ । ਪੋਤਰਾ ਜਿਸ ਪਰ ਆਸਾਂ ਲਾ ਕੇ ਰਾਜ ਮਾਤਾ ਬਣਕੇ ਰਾਜ ਕਰਨ ਨੂੰ ਚਿੱਤ ਉਛਲਿਆ ਸੀ ਸਭ ਆਸਾਂ ਅਕਾਸ਼ੀ ਵੁੱਲ੍ਹ ਸਨ । ਮਹਾਰਾਣੀ ਚੰਦ ਕੌਰ ਦੀ ਲਾਲਸਾ ਤੇ ਦੂਰ ਅੰਦੇਸ਼ੀ ਸੋਲਾਂ ਲੱਖ ਜਾਇਦਾਦ ਪਰ। ਓਹ ਭੀ ਕੇਵਲ ਦਿਖਾਵਾ ਸੀ ਮਹਾਰਾਣੀ ਕਿਸ ਭਰੋਸੇ ਪਰ ਸੀ ? ਸ਼ਰਤਾਂ ਵਿਚ ਮੂਲ ਮੁਦੇ ਦੀ ਬਾਤ ਇਹ ਸੀ ਕਿ ਧਿਆਨ ਸਿੰਘ ਵਜ਼ੀਰ ਹੋਵੇਗਾ, ਫੌਜੀਆਂ ਨੂੰ ਕੇਵਲ ੧) ਇਕ ਦਮੜਾ ਮਹੀਨਾ ਸੁਟਕੇ ਭੁਲਾ ਦਿਤਾ, ਰਾਣੀ ਨਾਲ ਸਤਿਕਾਰ ਭਰਿਆ ਵਰਤਾਉ ਇਹ ਹੋਇਆ ਕਿ ਜਾਗੀਰ ਦੇ ਲਾਲਚੀਆਂ ਨੇ ਉਸ ਦੀ ਜ਼ਿੰਦਗੀ ਭੀ ਲੈ ਲਿਤੀ। ਐਸੇ ਰਾਜ ਤੇ ਜਗੀਰਾਂ ਦੇ ਹਾਵਿਆਂ ਨਾਲੋਂ ਫਕੀਰੀ ਚੰਗੀ ਹੈ।

ਆਪਣੇ ਬਚਾ ਲਏ

ਕਿਲ੍ਹੇ ਦੀ ਫੌਜ ਨਾਲ ਜਮਾਦਾਰ ਖੁਸ਼ਾਲ ਸਿੰਘ ਮਿਸਰ ਮਹਾਰਾਜਾ ਸ਼ੇਰ ਸਿੰਘ ਨਾਲ ਲੜਿਆ, ਇਸ ਨੂੰ ਤੇ ਡੋਗਰਾ ਫੌਜ ਨੂੰ ਜੋ ਕਾਇਦੇ ਅਨੁਸਾਰ ਕਸੂਰੀ ਅਤੇ ਦੰਡ ਦੀ ਭਾਗੀ ਸੀ ਕੁਛ ਨਾ ਕਿਹਾ ਜਿਨ੍ਹਾਂ ਨੇ ਕਿ ਲੱਖਾਂ ਰੁਪਏ ਦਾ ਮਾਲੀ ਨੁਕਸਾਨ ਅਤੇ ਚਾਰ ਪੰਜ ਹਜ਼ਾਰ ਸਿਪਾਹੀ ਮਾਰੇ ਸੀ, ਓਹ ਝੰਡੇ ਲਹਿਰਾਂਦੇ ਕਿਲ੍ਹਾ ਛਡ ਗਏ, ਫਤਹ ਸਿੰਘ ਸੰਧਾਵਾਲੀਆ ਨੱਠ ਗਿਆ, ਰਾਜਾ ਗੁਲਾਬ ਸਿੰਘ ਨੂੰ ਉਲਟਾ ਲਾਭ ਪਹੁੰਚਿਆ। ਸ: ਅਤਰ ਸਿੰਘ ਸੰਧਾਵਾਲੀਆ ਜੋ ਮਹਾਰਾਣੀ ਚੰਦ ਕੌਰ ਦਾ ਵਜ਼ੀਰ ਸੀ, ਅਪਣੀ ਜਾਨ ਲੈ ਕੇ ਅੰਗਰੇਜ਼ੀ ਇਲਾਕੇ ਵਲ ਚਲਾ ਗਿਆ, ਭਾਵੇਂ ਇਹ ਧਿਆਨ ਸਿੰਘ

ਦਾ ਪੱਖੀ ਸੀ, ਪਰ ਸਿਖ ਹੋਣ ਕਰਕੇ ਨੱਠਣਾ ਪਿਆ । ੧੮ ਜਨਵਰੀ (੧੮੪੧) ਨੂੰ ਮਹਾਰਾਜਾ ਸ਼ੇਰ ਸਿੰਘ ਦਾ ਕਿਲ੍ਹੇ ਪਰ ਕਬਜ਼ਾ ਹੋ ਗਿਆ, ਇਸ ਜੰਗ ਵਿਚ ਸਿਖਾਂ ਦਾ ਹੀ ਨੁਕਸਾਨ ਹੋਇਆ । ਵਜ਼ੀਰ ਧਿਆਨ ਸਿੰਘ ਨੇ ਮੁੜ ਵਜ਼ੀਰੀ ਸੰਭਾਲ ਲਿਤੀ, ਰਾਜਾ ਗੁਲਾਬ ਸਿੰਘ ਮਹਾਰਾਣੀ ਦਾ ਸਾਮਾਨ ਲੈ ਜਾਣ ਦੇ ਬਹਾਨੇ ਖਜ਼ਾਨੇ ਅਰ ਤੋਸ਼ੇ ਖਾਨੇ ਵਿਚ ਜੋ ਭੀ ਕੀਮਤੀ ਅਸਬਾਬ ਤੇ ਦੌਲਤ ਸੀ, ਸਭ ਊਠਾਂ ਖੱਚਰਾਂ ਪਰ ਲਦਾਕੇ ਕਸ਼ਮੀਰ ਨੂੰ ਲੈ ਗਏ ਦਸਿਆ ਹੈ ਕਿ ਕਰੋੜਾਂ ਰੁਪਏ ਦੀਆਂ ਤਾਂ ਅਸ਼ਰਫੀਆਂ ਹੀ ਸਨ, ਕੀਮਤੀ ਸਾਮਾਨ ਭੀ ਕਰੋੜਾਂ ਰੁਪਿਆਂ ਦਾ ਸੀ ।

ਸ਼ੇਰ ਸਿੰਘ ਦੀ ਤਖਤ ਨਸ਼ੀਨੀ

ਕੰਵਰ ਸ਼ੇਰ ਸਿੰਘ ਨੇ ਫੌਜੀ ਤਾਕਤ ਨਾਲ ੧੮ ਜਨਵਰੀ ਸੰਨ ੧੮੪੧ ਈ: ਨੂੰ ਲਾਹੌਰ ਪਰ ਕਬਜ਼ਾ ਕੀਤਾ, ੨੧ ਜਨਵਰੀ ਨੂੰ ਤਖਤ ਨਸ਼ੀਨੀ ਦੀ ਰਸਮ ਅਦਾ ਹੋਈ, ਧਿਆਨ ਸਿੰਘ ਨੇ ਵਜ਼ੀਰੀ ਸੰਭਾਲੀ, ਸੰਧਾਵਾਲੀਏ ਅਜੀਤ ਸਿੰਘ, ਅਤਰ ਸਿੰਘ ਨੱਠਕੇ ਤੀਰਥ ਥਾਨੇਸਰ ਜਾ ਰਹੇ ਕੇਹਰ ਸਿੰਘ ਲਹਿਣਾ ਸਿੰਘ ਫੜਕੇ ਜੇਲ੍ਹ ਵਿਚ ਧੱਕੇ ਗਏ, ਸ਼ਾਹੀ ਖਜ਼ਾਨਾ ਮਹਾਰਾਣੀ ਚੰਦ ਕੌਰ ਦੀ ਰਾਹੀਂ ਗੁਲਾਬ ਸਿੰਘ ਨੇ ਖਾਲੀ ਕਰ ਦਿਤਾ, ਬੇਸ਼ੁਮਾਰ ਦੌਲਤ ਊਠਾਂ, ਗੱਡਿਆਂ ਪਰ ਲਦਵਾ ਕੇ ਜੰਮੂ ਲੈ ਗਿਆ । ਫੌਜਾਂ ਵਿਚ ਬਗਾਵਤ ਫੈਲ ਗਈ, ਅੰਗਰੇਜੀ ਸਰਕਾਰ ਦੀ ਇੱਛਾ ਮਦਦ ਦੀ ਸੀ, ਪਰ ਮਹਾਰਾਜਾ ਸ਼ੇਰ ਸਿੰਘ ਨੇ ਹੋਰ ਭੜਕਾਹਟ ਦੇ ਡਰ ਤੋਂ ਫੌਜੀ

ਮਦਦ ਨਾ ਲਿਤੀ, ਆਪੇ ਦਬੌਣ ਦੀ ਕੋਸ਼ਸ਼ ਕੀਤੀ । ਜੰਮੂ ਦੀ ਫੌਜ ਨੇ ਕਈ ਸਿਖ ਸਰਦਾਰ ਮਾਰੇ ਪਰ ਮਹਾਰਾਜਾ ਸ਼ੇਰ ਸਿੰਘ ਨੇ ਬਹਾਦਰੀ ਅਤੇ ਹਿਕਮਤ ਨਾਲ ਬਗ਼ਾਵਤ ਨੂੰ ਦਬਾ ਲਿਆ ।

ਸ: ਜਵਾਲਾ ਸਿੰਘ ਦੀ ਵਾਰੀ

ਸ: ਜਵਾਲਾ ਸਿੰਘ ਨਾਲ ਮਹਾਰਾਜਾ ਸ਼ੇਰ ਸਿੰਘ ਦਾ ਵਜ਼ੀਰੀ ਦਾ ਇਕਰਾਰ ਸੀ, ਉਸ ਦੀ ਕੋਸ਼ਸ਼ ਨਾਲ ਫੌਜਾਂ ਸ਼ੇਰ ਸਿੰਘ ਦੇ ਹੱਕ ਵਿਚ ਹੋਈਆਂ । ਵਜ਼ੀਰ ਧਿਆਨ ਸਿੰਘ ਨੂੰ ਉਸ ਤੋਂ ਬਹੁਤ ਤੌਖਲਾ ਸੀ ਕਿ ਇਹ ਮਹਾਰਾਜਾ ਦਾ ਮੂੰਹ ਲਗਦਾ ਹੈ ਕਿਤੇ ਵਜ਼ੀਰੀ ਨਾ ਸਾਂਭ ਲਵੇ, ਜਵਾਲਾ ਸਿੰਘ ਇਸ ਆਸ ਵਿਚ ਸੀ ਕਿ ਮਹਾਰਾਜਾ ਕਦੋਂ ਉਸ ਨੂੰ ਸੇਵਾ ਦਾ ਸਿਲਾ ਦਿੰਦਾ ਹੈ, ਵਜ਼ੀਰੀ ਧਿਆਨ ਸਿੰਘ ਨੂੰ ਮਿਲ ਗਈ, ਧਿਆਨ ਸਿੰਘ ਐਸੀ ਚਾਲ ਖੇਡੀ ਕਿ ਸ੍ਰੀ ਹਜ਼ੂਰ ਜੀ ! ਲਵੋ ਆਪ ਦਾ ਵਡਾ ਵਫਾਦਾਰ ਸੰਧਾਵਾਲੀਆਂ ਨਾਲ ਮਿਲਕੇ ਹੁਣ ਆਪ ਦੇ ਵਿਰੁਧ ਹੋ ਬੈਠਾ ਹੈ, ਇਨ੍ਹਾਂ ਦੀ ਮਨਸ਼ਾ ਕੰਵਰ ਪਸ਼ੌਰਾ ਸਿੰਘ ਨੂੰ ਗੱਦੀ ਦਲੌਣ ਦੀ ਹੈ, ਇਸ ਦੇ ਸਬੂਤ ਲਈ ਇਕ ਦੋ ਜਾਹਲੀ ਖਤ ਪੱਤ੍ਰ ਭੀ ਬਣਾ ਲਿਤੇ । ਮਹਾਰਾਜਾ ਬਿਨਾਂ ਖੋਜੇ ਗੁਸੇ ਵਿਚ ਹੋ ਗਿਆ ਉਸ ਨੂੰ ਬਲੌਣ ਵਾਸਤੇ ਹੁਕਮ ਘਲਿਆ ਪਰ ਹੁਕਮ ਰਾਹ ਵਿਚੇ ਗੁੰਮ ਕਰਕੇ ਆਖ ਦਿਤਾ ਓਹ ਆਪ ਦੇ ਹੁਕਮ ਦੀ ਕੋਈ ਪਰਵਾਹ ਨਹੀਂ ਕਰਦਾ ਉਸ ਪਾਸ ਇਸ ਵੇਲੇ ਛੀ ਹਜ਼ਾਰ ਫੌਜ ਹੈ। ਓਹ ਆਪ ਦੇ ਟਾਕਰੇ ਲਈ ਤਿਆਰੀ ਕਰਦਾ ਹੈ, ਮਹਾਰਾਜੇ ਨੇ ਇਕ ਦਮ ਗ੍ਰਿਫਤਾਰੀ

ਦਾ ਹੁਕਮ ਦੇ ਦਿਤਾ। ਜਦ ਜਵਾਲਾ ਸਿੰਘ ਨੂੰ ਪਤਾ ਲਗਾ ਉਹ ਨਿਹੱਥਾ ਹੋਕੇ ਮਹਾਰਾਜ ਪਾਸ ਆਇਆ ਭਾਵੇਂ ਓਹ ਬੇ ਗੁਨਾਹ ਸੀ ਪਰ ਡੋਗਰਿਆਂ ਨੂੰ ਨਹੀਂ ਭੌਂਦਾ ਸੀ। ਮਹਾਰਾਜੇ ਦੇ ਹੁਕਮ ਪਰ ਅਮਲ ਕਰਕੇ ਗ੍ਰਿਫਤਾਰ ਕਰਕੇ ਜੇਹਲ ਵਿਚ ਸੁਟਵਾ ਦਿਤਾ, ਲਾਹੌਰੋਂ ਬਦਲ ਕੇ ਸ਼ੇਖੂਪੁਰੇ ਦੀ ਜੇਹਲ ਵਿਚ ਲੈ ਜਾਕੇ ਬੁਰੀ ਤਰਾਂ ਮਾਰ ਘਤਿਆ, ਮਹਾਰਾਜੇ ਨੂੰ ਕਹਿ ਛਡਿਆ ਕਿ ਜਵਾਲਾ ਸਿੰਘ ਕੁਦਰਤੀ ਮੌਤ ਨਾਲ ਮਰ ਗਿਆ ਹੈ,ਮਹਾਰਾਜਾ ਸ਼ੇਰ ਸਿੰਘ ਪਾਸੋਂ ਇਹ ਕੰਮ ਚੰਗਾ ਨਾ ਹੋਇਆ। ਫੌਜਾਂ ਵਿਚ ਮਹਾਰਾਜਾ ਤੋਂ ਨਫਰਤ ਫੈਲ ਗਈ, ਫੌਜਾਂ ਵਿਚ ਜਵਾਲਾ ਸਿੰਘ ਦਾ ਬਹੁਤ ਮਾਣ ਸੀ।

ਮਹਾਰਾਣੀ ਨਾਨਕੀ (ਧਰਮ ਕੌਰ) ਦੀ ਮੌਤ

ਪਿਛੇ ਇਹ ਦਸਿਆ ਗਿਆ ਹੈ ਕਿ ਪਹਿਲੇ ਫੈਸਲਾ ਇਹ ਸੀ ਕਿ ਮਹਾਰਾਜਾ ਨੌ ਨਿਹਾਲ ਸਿੰਘ ਦੇ ਘਰ ਬਚਾ ਹੋਣੇ ਵਾਲਾ ਹੈ ਅਰ ਓਹ ਤਖਤ ਦਾ ਹੱਕਦਾਰ ਹੋਵੇਗਾ ਪਰੰਤੂ ਸ਼ੇਰ ਸਿੰਘ ਨੇ ਉਸ ਦੇ ਜਨਮ ਥੀਂ ਪਹਿਲਾਂ ਹੀ ਗੱਦੀ ਸੰਭਾਲ ਲਿਤੀ ਸੀ। ਧਿਆਨ ਸਿੰਘ ਅਤੇ ਗੁਲਾਬ ਸਿੰਘ ਦੀ ਸਲਾਹ ਮਹਾਰਾਣੀ ਚੰਦ ਕੌਰ ਅਤੇ ਉਸ ਦੀ ਨੂੰਹ ਨੂੰ ਬਿਲੇ ਲੌਣ ਦੀ ਸੀ ਤਾਂਕਿ ਉਨ੍ਹਾਂ ਦੀ ਜਾਗੀਰ ਅਤੇ ਮਾਲ ਮਤਾ ਜੋ ਉਨ੍ਹਾਂ ਪਾਸੋਂ ਲਿਆ ਸੀ ਹਜ਼ਮ ਹੋ ਸਕੇ। ਧਿਆਨ ਸਿੰਘ ਨੇ ਮਹਾਰਾਜਾ ਸ਼ੇਰ ਸਿੰਘ ਨੂੰ ਖੁਸ਼ ਕਰਨੇ ਲਈ ਕਿਹਾ ਕਿ ਤਖਤ ਦਾ ਹੱਕਦਾਰ ਮਹਾਰਾਜਾ ਨੌ ਨਿਹਾਲ ਸਿੰਘ ਦੇ ਲੜਕਾ ਪੈਦਾ ਹੋਇਆਂ ਹੋਵੇਗਾ, ਫਿਰ ਝਗੜੇ ਚਲਣਗੇ, ਭਾਵੇਂ ਇਹ ਬਾਤ

ਹੋਣੀ ਅਸੰਭਵ ਸੀ ਕਿਉਂਕਿ ਦੂਜੇ ਪਾਸੇ ਤਾਕਤ ਖਤਮ ਸੀ, ਹੋ ਸਕਦਾ ਹੈ ਕਿ ਮਹਾਰਾਜਾ ਨੇ ਬਿਲੇ ਲੌਣ ਦੀ ਹਾਂ ਕਹੀ ਹੋਵੇ ਪਰੰਤੂ ਖੁਦਗਰਜ਼ੀ ਡੋਗਰਿਆਂ ਦੀ ਸੀ। ਦਸਿਆ ਹੈ ਕਿ ਮਹਾਰਾਣੀ ਧਰਮ ਕੌਰ (ਨਾਨਕੀ) ਨੂੰ ਗੁਪਤ ਤੌਰ ਪਰ ਜ਼ਹਿਰ ਦਲਾਈ ਗਈ ਜਿਸ ਜ਼ਹਿਰ ਦੇ ਅਸਰ ਨਾਲ ਬੱਚਾ ਮਰਿਆ ਹੋਇਆ ਪੈਦਾ ਹੋਇਆ ਪਰੰਤੂ ਉਸ ਦੀ ਮਾਤਾ ਦੀ ਜਾਨ ਬਚ ਗਈ। ਕੁਛ ਸਮੇਂ ਵਿਚ ਓਹ ਭੀ ਮਰ ਗਈ। ਰੌਲਾ ਰੱਪਾ ਪਿਆ, ਡੋਗਰਿਆਂ ਨੇ ਇਹ ਪਾਪ ਕਈ ਢੰਗਾਂ ਨਾਲ ਛਪਾ ਕੇ ਸਮਾਂ ਗੁਜ਼ਾਰ ਦਿਤਾ। ਕਿਹਾ ਗਿਆ ਬੱਚਾ ਮੁਰਦਾ ਹੀ ਜਨਮਿਆਂ ਸੀ।

ਮਹਾਰਾਣੀ ਚੰਦ ਕੌਰ ਦੀ ਮੌਤ

ਮਹਾਰਾਣੀ ਚੰਦ ਕੌਰ ਲਈ ਸ਼ੇਰ ਸਿੰਘ ਨਾਲ ਪੁਨਰ ਅਨੰਦ ਕਰਾਕੇ ਮਹਾਰਾਣੀ ਬਣੇ ਰਹਿਣਾ ਅਰ ਆਪਣੀ ਔਲਾਦ ਨੂੰ ਗੱਦੀ ਦਾ ਵਾਰਸ ਬਨੌਣਾ ਸ਼ਰਤ ਕਰਕੇ ਸਮਝੌਤਾ ਕਰਨਾ ਮਹਾਨ ਉੱਤਮ ਸੀ ਜਾਇਦਾਦ ਯਾਂ ਜਾਗੀਰ ਉਸ ਨੇ ਫੂਕਣੀ ਸੀ ਜਦ ਉਸ ਦਾ ਸਿਰਤਾਜ ਮਾਰਿਆ ਗਿਆ, ਪੁਤ੍ਰ ਵਲੋਂ ਝੋਲੀ ਖਾਲੀ ਸੀ। ਜੇ ਓਹ ਇਸ ਪਰ ਅਮਲ ਕਰਦੀ ਸੰਧਾਵਾਲਿਆਂ ਨੂੰ ਪੱਖ ਪਰ ਰਖ ਕੇ ਸਭ ਕੁਛ ਆਪੇ ਬਣ ਜਾਂਦੀ ਮਹਾਰਾਜਾ ਸ਼ੇਰ ਸਿੰਘ ਬਹੁਤ ਦੂਰ ਅੰਦੇਸ਼ ਸੀ, ਉਸ ਦੀ ਮਨਸ਼ਾ ਭੀ ਏਹੀ ਸੀ ਪਰ ਹੋਣ ਹਾਰ ਅਟੱਲ ਹੈ ਓਹ ਪੁਠੇ ਰਸਤੇ ਚਲ ਗਈ। ਡੋਗਰਾ ਪਾਰਟੀ ਨੇ ਉਸ ਨੂੰ ੧੨ ਜੂਨ

ਸੰਨ ੧੮੪੨ ਨੂੰ ਗੋਲੀਆਂ ਪਾਸੋਂ ਪੱਥਰਾਂ ਨਾਲ ਕੁਟਵਾ ਕੇ ਮਰਵਾ ਦਿਤਾ ਅਰ ਬਾਹਰ ਮਸ਼ਹੂਰ ਇਹ ਕਰ ਦਿਤਾ ਕਿ ਮਹਾਰਾਜਾ ਸ਼ੇਰ ਸਿੰਘ ਨੇ ਮਰਵਾਇਆ ਹੈ, ਵਜ਼ੀਰ ਧਿਆਨ ਸਿੰਘ ਨੇ ਸਭ ਦੀਆਂ ਅੱਖਾਂ ਪੋਚਣ ਵਾਸਤੇ ਦੋ ਚਾਰ ਗੋਲੀਆਂ ਨੂੰ ਫਾਹੇ ਲਗਵਾ ਦਿਤਾ। ਮਹਾਰਾਣੀ ਚੰਦ ਕੌਰ ਦਾ ਮਨਸ਼ਾ ਸੰਧਾਵਾਲੀਆਂ ਦੀ ਮੱਦਦ ਨਾਲ ਆਪ ਰਾਜ ਕਰਨੇ ਦਾ ਸੀ ਪਰ ਸੰਧਾਵਾਲੀਏ ਧਿਆਨ ਸਿੰਘ ਦੇ ਦਿਲੀ ਵੈਰੀ ਸਨ, ਮਹਾਰਾਣੀ ਦੀ ਸੋਲਾਂ ਲੱਖ ਦੀ ਜਾਗੀਰ ਰਾਜਾ ਗੁਲਾਬ ਸਿੰਘ ਦੇ ਪੰਜੇ ਵਿਚ ਰਹੀ। ਇਹ ਜਾਗੀਰ ਭੀ ਇਸਦੀ ਜਿੰਦ ਦਾ ਖੌ ਸੀ, ਸਵਾ ਕੁ ਦੋ ਮਹੀਨੇ ਮਹਾਰਾਣੀ ਚੰਦ ਕੌਰ ਨੇ ਲਾਹੌਰ ਦਾ ਰਾਜ ਕੀਤਾ। ਮਹਾਰਾਣੀ ਚੰਦ ਕੌਰ ਦਾ ਅਠਾਈ ਜੇਠ ਦੀ ਰਾਤ ਸੁਤੀ ਪਈ ਨੂੰ ਪਹਾੜਨਾ ਗੋਲੀਆਂ ਨੇ ਪੱਥਰਾਂ ਨਾਲ ਮਾਰ ਕੇ ਸਿਰ ਤੋੜ ਦਿਤਾ, ਉਨੱਤੀ ਅਤੇ ਤੀਸ ਨੂੰ ਮਹਾਰਾਣੀ ਤੜਫਦੀ ਰਹੀ, ਇਕੱਤੀ ਜੇਠ ਨੂੰ ਸਾਸ ਪੂਰੇ ਹੋਏ, ਬਤੀਸ ਜੇਠ ਨੂੰ ਮ੍ਰਿਤਕ ਸੰਸਕਾਰ ਹੋਇਆ (ਮੁਤਾਬਕ ੧੪ ਜੂਨ ਸੰਨ ੧੮੪੨ ਈ:)। ਇਸ ਮੌਤ ਬਾਰੇ ਕਈ ਖਿਆਲ ਹਨ, ਟੱਟੀ ਵਿਚ ਮਾਰ ਕੇ ਗੰਦੀ ਨਾਲੀ ਵਿਚ ਸੁਟਣ ਦਾ ਭੀ ਜ਼ਿਕਰ ਹੈ ਪਰ ਇਹ ਸਾਰਾ ਪਾਪ ਪੜਦੇ ਵਿਚ ਹੋਇਆ। ਰਾਜਾ ਧਿਆਨ ਸਿੰਘ ਹੀ ਇਸਦਾ ਕਾਰ ਸਾਜ ਸੀ। ਲੋਕ ਦਖਾਵੇ ਲਈ ਉਸ ਨੇ ਕਈਆਂ ਗੋਲੀਆਂਨੂੰ ਫਾਹੇ ਭੀ ਲਟਕਾਇਆ।ਮਹਾਰਾਣੀ ਚੰਦ ਕੌਰ ਭੀ ਸਵਾ ਦੋ ਮਹੀਨੇ ਪੰਜਾਬ ਦੀ ਬਾਦਸ਼ਾਹੀ ਕਰ ਗੁਜਰੀ।

ਅਗਲੀ ਸਾਜ਼ਸ਼ ਦਾ ਮੁੱਢ

ਮਹਾਰਾਜਾ ਸ਼ੇਰ ਸਿੰਘ ਡੋਗਰਾ ਪਾਰਟੀ ਤੋਂ ਖੂਬ ਵਾਕਿਫ ਹੋ ਗਿਆ ਸੀ ਪਰ ਧਿਆਨ ਸਿੰਘ ਨੇ ਉਸ ਨੂੰ ਗੱਦੀ ਦਿਲਾਈ ਸੀ, ਉਸ ਦਾ ਅਹਿਸਾਨ ਮੰਦ ਸੀ। ਧਿਆਨ ਸਿੰਘ ਨੇ ਪਹਿਲੀ ਚਾਲ ਇਹ ਚਲੀ ਕਿ ਸੰਧਾਵਾਲੀਆਂ ਦੀ ਮਹਾਰਾਜਾ ਸ਼ੇਰ ਸਿੰਘ ਦੀ ਰਾਹੀਂ ਖਬਰ ਲੀਤੀ ਜਾਵੇ ਉਨ੍ਹਾਂ ਦੀਆਂ ਜਾਇਦਾਦਾਂ ਜਾਗੀਰਾਂ ਸਭ ਜ਼ਬਤ ਕਰਵਾ ਕੇ ਫਕੀਰ ਕਰ ਦਿਤੇ, ਸੰਧਾਵਾਲੀਏ ਇਲਾਕਾ ਛਡ ਕੇ ਅੰਗਰੇਜ਼ੀ ਇਲਾਕੇ ਵਿਚ ਨੱਠ ਗਏ ਸੋ ਅਸਲ ਬਾਤ ਇਹ ਸੀ ਮਾਰੇ ਧਿਆਨ ਸਿੰਘ, ਨਾਮ ਬਦਨਾਮ ਮਹਾਰਾਜਾ ਸ਼ੇਰ ਸਿੰਘ ਦਾ, ਇਸ ਤਰਾਂ ਸੰਧਾਵਾਲੀਆਂ ਅਰ ਮਹਾਰਾਜਾ ਸ਼ੇਰ ਸਿੰਘ ਵਿਚਕਾਰ ਸਖਤ ਦੁਸ਼ਮਣੀ ਹੋ ਗਈ, ਜਿਸ ਕਾਰਨ ਧਿਆਨ ਸਿੰਘ ਨੇ ਹੁਣ ਸ਼ੇਰ ਸਿੰਘ ਨੂੰ ਕੱਲਾ ਕਰਕੇ ਮੈਦਾਨ ਵਿਚ ਨਿਸ਼ਾਨੇ ਦੀ ਥਾਂ ਬਣਾ ਦਿਤਾ ਅਰ ਇਹ ਭੀ ਫੈਲਾਇਆ ਕਿ ਮਹਾਰਾਜੇ ਨੇ ਮਹਾਰਾਣੀ ਚੰਦ ਕੌਰ ਨੂੰ ਮਰਵਾ ਦਿਤਾ ਹੈ, ਮਰਵਾਈ ਆਪ ਸੀ ਨਾਲੇ ਉਸ ਦੀ ਜਾਗੀਰ ਦਬਾ ਲਿਤੀ। ਇਸ ਵੇਲੇ ਸ਼ੇਰ ਸਿੰਘ ਧਿਆਨ ਸਿੰਘ ਦੇ ਹੱਥਾਂ ਵਿਚ ਪਾਲਤੂ ਮੁਰਗੀ ਦੀ ਤਰਾਂ ਆ ਗਿਆ। ਮਹਾਰਾਜਾ ਸ਼ੇਰ ਸਿੰਘ ਨੂੰ ਭੀ ਹੁਣ ਸੁਰਤ ਆਈ ਅਰ ਆਪਣੇ ਨਜ਼ਦੀਕੀ ਸੰਧਾਵਾਲੀਏ ਯਾਦ ਆ ਗਏ ਪਰ ਹੁਣ ਸੰਧਾਵਾਲੀਆਂ ਦਾ ਹੇਜ ਕਰਨਾ ਸੁਖ ਹਥਾ ਨਹੀਂ ਸੀ ਉਸ ਦਾ ਵੈਰ ਸਾਧਾਰਨ ਨਹੀਂ ਪਵਾਇਆ ਸੀ ਬਲਕਿ ਜਾਨੀ ਵੈਰ ਸੀ, ਚੰਗਾ ਹੁੰਦਾ ਹੁਣ ਮਹਾਰਾਜਾ ਧਿਆਨ ਸਿੰਘ

ਦੀ ਕਠ ਪੁਤਲੀ ਰਹਿਕੇ ਰਾਜ ਕਰਦਾ ਪਰ ਓਹ ਭੀ ਕੀ ਕਰੇ ਉਸ ਨੂੰ ਸ਼ੱਕ ਸੀ ਕਿ ਡੋਗਰੇ ਹੁਣ ਮੈਨੂੰ ਮਾਰਨਗੇ, ਇਸੇ ਕਰਕੇ ਘਟ ਦੇ ਚੇਤੇ ਆਏ। ਸੰਧਾਵਾਲੀਆਂ ਨੂੰ ਬੁਲਾਕੇ ਸਭ ਜਾਇਦਾਦਾਂ ਜਾਗੀਰਾਂ ਦੇ ਦਿਤੀਆਂ ਮਾਨੋਂ ਹੁਣ ਸੁਲਘ ਕੇ ਹੋਈ ਠੰਡੀ ਪੈ ਚੁਕੀ ਅਗਨ ਪ੍ਰਜੁਲਤ ਕਰ ਦਿਤੀ। ਆਪਸ ਵਿਚ ਖੂਬ ਭਾਈਆ ਜੀ, ਚਾਚਾ ਜੀ, ਤਾਇਆ ਜੀ ਹੋਣ ਲਗੀ, ਮਹਾਰਾਜਾ ਸ਼ੇਰ ਸਿੰਘ ਤਾਂ ਸਚੇ ਦਿਲੋਂ ਸਫਾਈ ਕਰ ਚੁਕਿਆ ਸੀ ਪਰ ਸੰਧਾਵਾਲੀਆਂ ਦੇ ਚਿੱਤ ਵਿਚ ਪੁਰਾਣਾ ਖੋਰ ਸੀ ਸ਼ਰੀਕੇ ਦੀ ਲਗਨ ਸੀ ਪਰ ਇਹ ਜੋੜ ਮੇਲ ਹੋਣਾ ਧਿਆਨ ਸਿੰਘ ਵਾਸਤੇ ਫੂਸ ਪਰ ਅਗਨ ਸੁਟ ਕੇ ਸਾੜਨ ਵਤ ਸੀ। ਓਹ ਸੜ ਬਲ ਗਿਆ ਕਿ ਇਹ ਤਾਂ ਇਕ ਮਿੱਕ ਹੋ ਬੈਠੇ ਸਾਡਾ ਕੀ ਹਾਲ ? ਜੇ ਸੰਧਾਵਾਲੀਏ ਤੇ ਮਹਾਰਾਜਾ ਰਲੇ ਰਹੇ ਤਾਂ ਸਾਡਾ ਅੰਤ ਹੈ। ਇਹ ਸਮਾਂ ਸੰਧਾਵਾਲੀਆਂ ਲਈ ਨੀਤੀ ਦਾ ਸੀ ਅਖੀਰ ਇਹ ਇਕ ਲਹੂ ਅਰ ਸਿੱਖ ਸਨ ਪਰ ਹੋਣੀ ਸਿਰ ਪਰ ਕੂਕ ਰਹੀ ਸੀ।

ਨੋਟ—ਸ: ਅਤਰ ਸਿੰਘ ਤਾਂ ਥਾਨੇਸਰ ਹੀ ਰਿਹਾ ਪਰੰਤੂ ਲਹਿਣਾ ਸਿੰਘ ਅਜੀਤ ਸਿੰਘ ਕੇਹਰ ਸਿੰਘ ਨੇ ਮਹਾਰਾਜੇ ਦੀ ਵਫਾਦਾਰੀ ਲਈ ਪ੍ਰਣ ਕਰਕੇ ਛੀ ਸੱਤ ਲੱਖ ਦੀਆਂ ਜ਼ਬਤ ਜਾਗੀਰਾਂ ਸੰਭਾਲ ਲਈਆਂ ਅਤੇ ਪਹਿਲੇ ਔਹਦਿਆਂ ਪਰ ਨੀਯਤ ਹੋ ਗਏ ਸਨ। ਇਹ ਸਮਾਂ ਅਪਰੈਲ ਸੰਨ ੧੮੪੩ ਦਾ ਸੀ ਪਰ ਇਨ੍ਹਾਂ ਦਾ ਦਿਲੀ ਮਨਸ਼ਾ ਮਹਾਰਾਜਾ ਅਤੇ ਧਿਆਨ ਸਿੰਘ ਨੂੰ ਮਾਰਨ ਦਾ ਰਿਹਾ।

ਮਹਾਰਾਜਾ ਸ਼ੇਰ ਸਿੰਘ ਕੁ-ਪੇਚੇ ਵਿਚ

ਮਹਾਰਾਜਾ ਸ਼ੇਰ ਸਿੰਘ ਦੇ ਗੱਦੀ ਪਰ ਬੈਠਣ ਸਾਰ ਵਜ਼ੀਰ ਧਿਆਨ ਸਿੰਘ ਨੇ ਸੰਧਾਵਾਲੀਆਂ ਪਰ ਆਫਤ ਚਾੜ੍ਹੀ, ਸ: ਲਹਿਣਾ ਸਿੰਘ ਅਤੇ ਕੇਹਰ ਸਿੰਘ ਦੋਵੇਂ ਚਾਚਾ ਤੇ ਭਤੀਜਾ ਲਾਹੌਰ ਦੀ ਜੇਲ੍ਹ ਵਿਚ ਡੱਕ ਦਿੱਤੇ ਅਤਰ ਸਿੰਘ ਅਤੇ ਅਜੀਤ ਸਿੰਘ ਥਾਨੇਸਰ ਨੂੰ ਨਠ ਗਏ, ਫੌਜਾਂ ਵਿਚ ਆਪਾ-ਧਾਪੀ ਪੈ ਗਈ, ਇਨਾਮ ਅਤੇ ਵਧ ਤਨਖਾਹਾਂ ਲਈ ਮੂੰਹ ਪੈ ਗਿਆ ਮਹਾਰਾਜਾ ਨੇ ਬਹੁਤ ਸਿਆਣਪ ਨਾਲ ਸ਼ਾਂਤੀ ਵਰਤਾਈ ਤੇ ਕਾਬੂ ਪਾਇਆ, ਫਿਰ ਭੀ ਕਈ ਕੁ ਔਹਦੇਦਾਰ ਮਾਰੇ ਗਏ। ਧਿਆਨ ਸਿੰਘ ਵਜ਼ੀਰ ਨੇ ਮਹਾਰਾਜਾ ਸ਼ੇਰ ਸਿੰਘ ਦਾ ਪਖੀ ਸ: ਜਵਾਲਾ ਸਿੰਘ ਨੂੰ ਫਰੇਬ ਨਾਲ ਮਹਾਰਾਜਾ ਦੇ ਹੱਥੋਂ ਕੈਦ ਕਰਵਾ ਕੇ ਸ਼ੇਖੂ ਪੁਰੇ ਦੇ ਕਿਲੇ ਵਿਚ ਬੁਰੀ ਤਰਾਂ ਮਾਰਿਆ। ਇਸ ਪਾਸੋਂ ਭੀ ਸ: ਚੇਤ ਸਿੰਘ ਦੀ ਤਰਾਂ ਮਹਾਰਾਜਾ ਦੇ ਮੂੰਹ ਚੜ੍ਹਦਾ ਬਣ ਜਾਣ ਦਾ ਅੰਦੇਸ਼ਾ ਸੀ, ਇਸ ਤਰਾਂ ਸ਼ੇਰ ਸਿੰਘ ਨੂੰ ਭੜਕਾ ਕੇ ਆਪਣੇ ਦੋਖੀ ਅਤੇ ਉਸ ਦੇ ਪੱਖੀ ਨਾਸ਼ ਕਰਵਾਏ ਪਰ ਇਸ ਕੁਟਲ ਨੀਤੀ ਤੋਂ ਮਹਾਰਾਜਾ ਪਿਛੋਂ ਜਾ ਕੇ ਜਾਣੂ ਹੋਇਆ ਸੀ, ਤਦੇ ਉਸ ਨੂੰ ਧਿਆਨ ਸਿੰਘ ਯਮਰੂਪ ਭਾਸਿਆ, ਸਰਦਾਰ ਲਹਿਣਾ ਸਿੰਘ ਆਦਿਕ ਨੂੰ ਮਹਾਰਾਜਾ ਸ਼ੇਰ ਸਿੰਘ ਨਾਲ ਦਿਲੀ ਰੰਜਸ਼ ਸੀ ਅਤੇ ਈਰਖਾ ਸੀ, ਇਕ ਤਾਂ ਉਹਨਾਂ ਦੀਆਂ ਜਾਇਦਾਦਾਂ ਜ਼ਬਤੀਆਂ ਸਨ ਦੂਜੇ ਚੰਦ ਕੌਰ ਦਾ ਖੂਨ, ਤੀਜੇ ਡੋਗਰਿਆਂ ਨੇ ਇਹ ਧੁਮਾ ਛਡਿਆ ਸੀ ਕਿ ਸ਼ੇਰ ਸਿੰਘ ਸ਼ੇਰੇ ਪੰਜਾਬ ਦਾ ਪੁੱਤਰ ਨਹੀਂ ਹੈ ਅਰ ਨਾ

ਹੀ ਇਹ ਤਖਤ ਦਾ ਵਾਰਸ ਹੈ ਇਸੇ ਬਾਤ ਨੂੰ ਲੈ ਕੇ ਚੰਦ ਕੌਰ ਵਿਰੋਧਤਾ ਤੇ ਐਜੀਟੇਸ਼ਨ ਕਰਦੀ ਰਹੀ, ਦਰ ਅਸਲ ਇਹ ਡੋਗਰਿਆਂ ਦੀਆਂ ਚਾਲਾਂ ਸਨ, ਸ਼ੇਰੇ ਪੰਜਾਬ ਦਾ ਓਹ ਪੁੱਤਰ ਸੀ ਅਤੇ ਤਖਤ ਦਾ ਵਾਰਸ ਸੀ, ਇਸ ਕਰਕੇ ਮਹਾਰਾਜਾ ਸ਼ੇਰ ਸਿੰਘ ਆਪਣੇ ਵਿਰੁਧ ਇਸ ਤਰਾਂ ਦੀਆਂ ਬਾਤਾਂ ਸੁਣਕੇ ਕਿਵੇਂ ਜਰ ਸਕਦਾ ਸੀ। ਡੋਗਰਾ ਪਾਰਟੀ ਨੇ ਭੀ ਸ਼ੇਰ ਸਿੰਘ ਨੂੰ ਚੰਦ ਕੌਰ ਅਤੇ ਸੰਧਾਵਾਲੀਆਂ ਤੋਂ ਉਲਟ ਇਸੀ ਬਾਤ ਪਰ ਭੜਕਾਇਆ ਸੀ ਕਿ ਓਹ ਆਪ ਨੂੰ ਜਾਇਜ਼ ਪੁਤਰ ਅਤੇ ਤਖਤ ਦਾ ਵਾਰਸ ਨਹੀਂ ਮੰਨਦੇ, ਰਾਜ ਦਿਵਾਉਣ ਵਾਲੇ ਅਸੀਂ ਹਾਂ ਇਸ ਵਿਚ ਕੋਈ ਸ਼ਕ ਨਹੀਂ ਕਿ ਮਹਾਰਾਜਾ ਸ਼ੇਰ ਸਿੰਘ ਬਹਾਦਰੀ ਅਤੇ ਦਾਨਾਈ ਵਿਚ ਘਟ ਨਹੀਂ ਸੀ ਪਰ ਓਹ ਡੋਗਰਿਆਂ ਦੀ ਤਾਕਤ ਨੂੰ ਕੁਚਲ ਨਹੀਂ ਸਕਦਾ ਸੀ ਉਸ ਨੂੰ ਮਾਲੂਮ ਸੀ ਕਿ ਓਹ ਇਕੱਲਾ ਹੈ ਉਸ ਨੂੰ ਅਖੀਰ ਇਹੋ ਫੁਰੀ ਕਿ ਓਹ ਸੰਧਾਵਾਲੀਆਂ ਨੂੰ ਨਾਲ ਰਲਾਕੇ ਹੀ ਛੁਟਕਾਰਾ ਪਾ ਸਕਦਾ ਹੈ ਇਸੀ ਕਰਕੇ ਉਸ ਨੇ ਧਿਆਨ ਸਿੰਘ ਦੀ ਰਜ਼ਾ ਮੰਦੀ ਤੋਂ ਬਿਨਾਂ ਹੀ ਸੰਧਾਵਾਲੀਆਂ ਨੂੰ ਕੈਦਾਂ ਵਿਚੋਂ ਬਰੀ ਕਰ ਦਿਤਾ ਅਤੇ ਬਾਹਰੋਂ ਅਜੀਤ ਸਿੰਘ ਮੰਗਵਾ ਕੇ ਜਾਗੀਰਾਂ ਵਾਪਸ ਕਰ ਦਿਤੀਆਂ, ਜਿਸ ਪਰ ਧਿਆਨ ਸਿੰਘ ਨੂੰ ਫਿਕਰ ਪਿਆ ਕਿ ਇਹ ਇਕ ਮਿੱਕ ਹੋ ਗਏ ਮੇਰਾ ਹਾਲ ਕੀ? ਉਸ ਨੇ ਝੱਟ ਸੰਧਾਵਾਲੀਆਂ ਨੂੰ ਹੱਥ ਵਿਚ ਲੈ ਕੇ ਕਿਹਾ ਕਿ ਮਹਾਰਾਜਾ ਨੇ ਤੁਸਾਨੂੰ ਮਰਵੌਣ ਵਾਸਤੇ ਲਾਹੌਰ ਸਦਿਆ ਹੈ। ਖਬਰਦਾਰ ਰਹਿਣਾ! ਮੈਂ ਤੁਹਾਨੂੰ ਹਮਦਰਦੀ ਨਾਲ ਪਹਿਲੇ ਦਸਦਾ ਹਾਂ ਅੰਤ ਆਪ ਸ਼ਾਹੀ ਖਾਨਦਾਨ ਦੇ

ਰੁਕਨ ਅਤੇ ਰਾਜ ਦੇ ਵਾਰਸ ਹੋ, ਅਸੀਂ ਲੋਕ ਤਾਂ ਪ੍ਰਦੇਸੀ ਨੌਕਰ ਹਾਂ ਜਦੋਂ ਹੁਕਮ ਕਰੋਗੇ ਚਲੇ ਜਾਵਾਂਗੇ। ਸਾਡੀ ਤਾਂ ਸ਼ੇਰੇ ਪੰਜਾਬ ਨਾਲ ਵਜ਼ੀਰੀ ਮੁੱਕ ਗਈ, ਬਸ ! ਐਸੀਆਂ ਐਸੀਆਂ ਚਾਲਾਂ ਵਿਚ ਸੰਧਾਵਾਲੀਏ ਫਸੇ ਅਤੇ ਉਨ੍ਹਾਂ ਨੂੰ ਭੜਕਾਇਆ ਕਿ ਮਹਾਰਾਜਾ ਅਸਲ ਵਾਰਸ ਤਾਂ ਹੈ ਨਹੀਂ ਸੀ ਅਸੀਂ ਰੌਲਾ ਦੂਰ ਕਰਨ ਕਰਕੇ ਹੀ ਇਸ ਨੂੰ ਤਖਤ ਦਿਲੀ ਦਿਤਾ ਸੀ, ਇਸ ਮਹਾਂ ਮੰਤ੍ਰ ਵਿਚ ਸੰਧਾ ਵਾਲੀਏ ਫਸ ਗਏ ਮੁੜ ਆਪਣੀ ਆਈ ਪਰ ਆ ਗਏ ਜਾਇਦਾਦ ਜਾਗੀਰਾਂ ਦੀ ਵਾਪਸੀ ਤੇ ਕੈਦਾਂ ਵਿਚੋਂ ਛੱਡਣ ਦੀ ਅਪਣਤ ਅਤੇ ਨੇੜਤਾ ਨੂੰ ਭੁੱਲ ਬੈਠੇ ਪਰ ਮਹਾਰਾਜੇ ਦਾ ਚਿਤ ਸੰਧਾਵਾਲੀਆਂ ਵਲੋਂ ਬਿਲਕੁਲ ਸਾਫ ਸੀ ਉਸ ਨੇ ਸੰਧਾਵਾਲੀਆਂ ਪਰ ਧਿਆਨ ਸਿੰਘ ਦੇ ਕਹੇ ਅਤੇ ਉਸ ਨੂੰ ਪਾਲਿਸੀ ਨਾਲ ਖੁਸ਼ ਰਖਣ ਨੂੰ ਹਥ ਉਠਾਇਆ ਸੀ ਨਾਲ ਹੀ ਉਸ ਨੂੰ ਇਹ ਨਾਰਾਜ਼ੀ ਸੀ ਕਿ ਮੈਨੂੰ ਇਹ ਜਾਇਜ਼ ਵਾਰਸ ਨਹੀਂ ਮੰਨਦੇ, ਪਰ ਹੁਣ ਉਸ ਨੂੰ ਧਿਆਨ ਸਿੰਘ ਦੀਆਂ ਚਾਲਾਂ ਤੋਂ ਤੰਗੀ ਅਤੇ ਵਾਕਫੀ ਹੋ ਗਈ ਸੀ,ਜੇ ਕਦੀ ਸੰਧਾਵਾਲੀਏ ਉਸ ਵੇਲੇ ਚਿਤੋਂ ਸ਼ੇਰ ਸਿੰਘ ਨਾਲ ਰਲ ਜਾਂਦੇ ਕੋਈ ਭੀ ਨੁਕਸਾਨ ਨਹੀਂ ਹੁੰਦਾ ਸੀ ਪਰ ਹੋਣਹਾਰ ਪ੍ਰਬਲ ਹੈ ਓਹ ਉਲਟੇ ਧਿਆਨ ਸਿੰਘ ਦੇ ਜਾਲ ਵਿਚ ਫਸ ਗਏ ਤੇ ਸ਼ੇਰ ਸਿੰਘ ਨਾਲ ਖਾਰ ਤੇ ਈਰਖਾ ਕਰਨ ਲਗੇ।

ਮਹਾਰਾਜਾ ਸ਼ੇਰ ਸਿੰਘ ਨੂੰ ਮਾਰਨ ਦੀ ਗੋਂਦ

ਸੰਧਾਵਾਲੀਏ ਵਜ਼ੀਰ ਧਿਆਨ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਨੂੰ ਮਾਰਨਾ ਚਾਹੁੰਦੇ ਸਨ। ਮਹਾਰਾਜਾ ਸ਼ੇਰ ਸਿੰਘ ਅਤੇ ਵਜ਼ੀਰ ਦੇ ਵਿਚਕਾਰ ਰੰਜਸ਼ ਸੀ ਅਤੇ ਸ਼ੇਰ ਸਿੰਘ ਦਾ ਦਿਲ ਸੰਧਾਵਾਲੀਆਂ ਵਲੋਂ ਸਾਫ ਸੀ ਉਸ ਨੇ ਨੇੜਤਾ ਲਈ ਪੂਰਨ ਯਤਨ ਕੀਤਾ ਪਰ ਇਹ ਮੇਲ ਧਿਆਨ ਸਿੰਘ ਦਾ ਪਾਲਿਸੀ ਤੋਂ ਉਲਟ ਸੀ, ਇਸ ਕਰਕੇ ਧਿਆਨ ਸਿੰਘ ਨੇ ਸੰਧਾਵਾਲੀਆਂ ਨਾਲ ਯਰਾਨਾ ਗੰਢ ਕੇ ਕਿਹਾ ਕਿ ਮਹਾਰਾਜਾ ਤੁਸਾਨੂੰ ਮਾਰਨਾ ਚਾਹੁੰਦਾ ਹੈ,ਤੁਸੀਂ ਕੋਈ ਇੰਤਜ਼ਾਮ ਕਰ ਲਵੋ। ਇਹ ਬਾਤ ਪਰਮ ਗੁਪਤ ਰਖਣੀ, ਜੇ ਤੁਸੀਂ ਅਗੋਂ ਬਦਲਾ ਲੈਣਾ ਹੈ ਮੈਂ ਤੁਸਾਡੇ ਨਾਲ ਹਾਂ, ਵਜ਼ੀਰੀ ਵਲੋਂ ਮੇਰਾ ਚਿੱਤ ਉਪਰਾਮ ਹੈ ਤੁਸੀਂ ਰਾਜ ਦੇ ਮਾਲਕ ਹੋ ਸੰਧਾਵਾਲੀਏ ਭੀ ਏਹੀ ਚਾਹੁੰਦੇ ਸਨ। ਸ਼ੇਰ ਸਿੰਘ ਉਸ ਵੇਲੇ ਮੁਕੇਰੀਆਂ ਦੇ ਦੌਰੇ ਵਿਚ ਸੀ।

ਸ: ਲੈਹਣਾ ਸਿੰਘ ਅਰ ਅਜੀਤ ਸਿੰਘ ਨੇ ਮਹਾਰਾਜਾ ਪਾਸ ਜਾ ਕੇ ਕਿਹਾ ਕਿ ਭਾਈਆ ਜੀ ! ਵਜ਼ੀਰ ਦੀ ਮਨਸ਼ਾ ਸਾਡੇ ਪਾਸੋਂ ਆਪ ਨੂੰ ਕਤਲ ਕਰੌਣ ਦੀ ਹੈ ਪਰ ਅਸੀਂ ਆਪ ਦੀ ਮਦਦ ਪਰ ਹਾਂ। ਮਹਾਰਾਜਾ ਸ਼ੇਰ ਸਿੰਘ ਵਡਾ ਸਿਆਣਾ ਸੀ ਉਸ ਨੇ ਕਿਹਾ ਕਿ ਜੇ ਮੇਰੇ ਕਤਲ ਨਾਲ ਰਾਜ ਬਚਦਾ ਹੈ ਮੈਂ ਤਿਆਰ ਹਾਂ ਉਸੀ ਵੇਲੇ ਸੀਸ ਝੁਕਾ ਕੇ ਕਿਹਾ ਹੁਣੇ ਸੀਸ ਕੱਟੋ। ਸ਼ੇਰ ਸਿੰਘ ਨੇ ਮਿਆਨੋਂ ਤਲਵਾਰ ਆਪ ਨਿਕਾਲਕੇ ਅਗੇ ਰਖ ਦਿਤੀ। ਜਿਸ ਪਰ ਦੋਹਾਂ ਸਰਦਾਰਾਂ ਨੇ ਮਹਾਰਾਜ

ਦੀ ਵਫਾਦਾਰੀ ਲਈ ਸੌਂਹ ਉਠਾਈ ਅਰ ਨੇਮ ਚੁਕਿਆ। ਨਿਸ਼ਕਪਟ ਮਹਾਰਾਜਾ ਇਨ੍ਹਾਂ ਦੇ ਬਚਨਾਂ ਪਰ ਭਿਜ ਗਿਆ ਅਰ ਸੋਚਿਆ ਕਿ ਅੰਤ ਮੇਰੇ ਹਨ, ਚਿੱਤ ਵਿਚ ਮੈਲ ਨਾ ਰਖੀ ਪਰ ਸੰਧਾਵਾਲੀਏ ਦਿਲੋਂ ਸਾਫ ਨਹੀਂ ਸਨ।

ਮਹਾਰਾਜਾ ਨੂੰ ਕਿਹਾ ਕਿ ਜੇਕਰ ਆਪ ਸਾਨੂੰ ਦਸਖਤ ਕਰਕੇ ਦੇਵੋ ਤਾਂ ਅਸੀਂ ਆਪ ਦੀ ਮਦਦ ਰਖਾਂਗੇ ਕਿਉਂਕਿ ਕਲ ਨੂੰ ਆਪ ਸਾਡੇ ਨਾਲ ਕੋਈ ਸਾਜਸ ਨਾ ਕਰੋ, ਨਿਰਛਲ ਮਹਾ-ਰਾਜਾ ਨੇ ਸਤਿ ਬਚਨ ਆਖ ਕੇ ਦਸਖਤ ਕਰ ਦਿਤੇ। ਉਧਰ ਧਿਆਨ ਸਿੰਘ ਮਹਾਰਾਜਾ ਅਰ ਸੰਧਾਵਾਲੀਆਂ ਨੂੰ ਟਕਰੌਣ ਦੀ ਵਿਉਂਤ ਕਰ ਬੈਠਾ ਸੀ। ਫੰਧਕ ਦੋਵੇਂ ਖਤਰਨਾਕ ਸਨ, ਫਸ ਗਿਆ ਵਿਚਾਰਾ ਅਨਭੋਲ! ਮਹਾਰਾਜਾ ਨੇ ਸੋਚਿਆ ਕੀ ਮੇਰੇ ਹੀ ਮੈਨੂੰ ਮਾਰਨਗੇ, ਪਰ ਓਹ ਧਿਆਨ ਸਿੰਘ ਦੀ ਸਾਜਸ ਤੋਂ ਭੈ ਖਾਂਦਾ ਸੀ ਕਿਉਂਕਿ ਧਿਆਨਸਿੰਘ ਅਜ ਤਕ ਕਾਮਯਾਬ ਰਿਹਾ ਸੀ। ਉਸਦੀ ਮਨਸ਼ਾ ਇਹ ਸੀ ਕਿ ਸ਼ੇਰ ਸਿੰਘ ਨੂੰ ਮੁਕਾ ਕੇ ਨਾਲੇ ਦਲੀਪ ਸਿੰਘ ਨੂੰ ਮੁਕਾ ਦਿਆਂਗੇ, ਹੁਣ ਇਕੋ ਕਦਮ ਬਾਕੀ ਹੈ, ਫਿਰ ਰਾਜ ਸਾਡਾ ਹੈ। ਸੀ ਭੀ ਠੀਕ, ਸੰਧਾਵਾਲੀਏ ਸੁਪਨੇ ਵਿਚ ਭੀ ਧਿਆਨ ਸਿੰਘ ਦੇ ਪੰਜੇ ਵਿਚੋਂ ਰਾਜ ਨਹੀਂ ਖੋਹ ਸਕਦੇ ਸੀ। ਇਹ ਦੋਹਾਂ ਨੂੰ ਪਤਾ ਨਹੀਂ ਸੀ ਕਿ ਦੋਨਾਂ ਦੇ ਹਥਾਂ ਵਿਚੋਂ ਰਾਜ ਨਿਕਲ ਜਾਣਾ ਹੈ। ਸ: ਲੈਹਣਾ ਸਿੰਘ ਦੇ ਚਿਤ ਵਿਚ ਬਦਲਾ ਸੀ ਕਿ ਮੈਨੂੰ ਮਹਾਰਾਜਾ ਨੇ ਪਹਾੜ ਕੁੱਲੂ ਤੋਂ ਸੱਦ ਕੇ ਕੈਦ ਕੀਤਾ ਸੀ ਉਸ ਵੇਲੇ ਬਾਕੀਆਂ ਨੇ ਥਾਨੇਸਰ ਜਾ ਕੇ ਸਿਰ ਲੁਕਾਏ ਸਨ ਮਹਾਰਾਜਾ ਨੇ ਅਖੀਰ ਮੁਆਫ ਕਰ ਦਿਤੇ। ਪਹਿਲਾਂ ਕਸੂਰ ਸੰਧਾ ਵਾਲੀਆਂ ਦਾ ਸੀ ਜੋ ਓਹ

ਮਹਾਰਾਜਾ ਨੂੰ ਗੱਦੀ ਬੈਠਣ ਨਹੀਂ ਦਿੰਦੇ ਸਨ। ਕਾਇਦੇ ਅਰ ਯੋਗਤਾ ਅਨੁਸਾਰ ਗੱਦੀ ਦਾ ਹੱਕ ਸ਼ੇਰ ਸਿੰਘ ਦਾ ਸੀ ਪਰ ਧਿਆਨ ਸਿੰਘ ਨੇ ਸੰਧਾ ਵਾਲੀਆਂ ਨੂੰ ਇਸ ਬਾਤ ਪਰ ਰਜ਼ਾਮੰਦ ਕਰ ਲਿਆ ਕਿ ਜੇ ਓਹ ਮਹਾਰਾਜੇ ਨੂੰ ਕਤਲ ਕਰ ਦੇਣ ਤਾਂ ਰਾਜ ਉਨ੍ਹਾਂ ਦਾ ਹੋਵੇਗਾ। ਭਾਵੇਂ ਕਤਲ ਧਿਆਨ ਸਿੰਘ ਭੀ ਹੋਰ ਤੋਂ ਕਰਵਾ ਸਕਦਾ ਸੀ ਪਰ ਉਸ ਨੇ ਇਕੋ ਪੱਥਰ ਨਾਲ ਦੋ ਸ਼ਿਕਾਰ ਕਠੇ ਕਰਨੇ ਸਨ। ਜੇ ਸ਼ੇਰ ਸਿੰਘ ਨੂੰ ਧਿਆਨ ਸਿੰਘ ਮਰਵੌਂਦਾ ਤਾਂ ਸੰਧਾ ਵਾਲੀਆਂ ਦਾ ਕੰਡਾ ਖੜਾ ਸੀ।

ਧਿਆਨ ਸਿੰਘ ਨੇ ਦੂਜੀ ਚਾਲ ਚਲੀ ਕਿ ਮਹਾਰਾਜੇ ਪਾਸੋਂ ਕਈ ਕੰਮ ਐਸੇ ਕਰਵਾਏ ਜੋ ਫੌਜਾਂ ਵਿਚ ਨਫਰਤ ਫੈਲੇ, ਪੁਰਾਣੇ ਸਿਪਾਹੀ ਅਰ ਬੁਢੇ ਸੇਵਾਦਾਰ ਨਿਹੰਗ ਬਿਨਾਂ ਪਿਨਸ਼ਨਾਂ ਦੇ ਹਟਾ ਦਿਤੇ। ਉਧਰ ਸੰਧਾਵਾਲੀਆਂ ਨੇ ਬਲਦੀ ਪਰ ਤੇਲ ਪਾ ਦਿਤਾ ਜੋ ਕੋਰੇ ਕਾਗਜ਼ ਪਰ ਦਸਖਤ ਕਰਾਏ ਸੀ ਉਸ ਪਰ ਲਿਖ ਲਿਆ ਕਿ ਜੇ ਆਪ ਧਿਆਨ ਸਿੰਘ ਨੂੰ ਮਰਵਾ ਦਿਓ ਆਪ ਨੂੰ ਜਾਗੀਰਾਂ ਦਿਆਂਗਾ ਅਰ ਖ਼ੂਨ ਮੁਆਫ ਹੋਊਗਾ, ਓਹੀ ਝੂਠੀ ਲਿਖਤ ਧਿਆਨ ਸਿੰਘ ਨੂੰ ਦਿਖਾ ਕੇ ਕਿਹਾ ਕਿ ਮਹਾਰਾਜਾ ਆਪ ਨੂੰ ਕਤਲ ਕਰੌਣਾ ਚਾਹੁੰਦਾ ਹੈ ਪਰ ਅਸੀਂ ਆਪ ਦੇ ਹਿਤੂ ਹਾਂ । ਫਿਰ ਕੀ ਸੀ ਧਿਆਨ ਸਿੰਘ ਲਾਲੋ ਲਾਲ ਹੋ ਗਿਆ ਫੈਸਲਾ ਕਰ ਲਿਆ ਕਿ ਅੱਛਾ ਜੇ ਆਪ ਮਹਾਰਾਜਾ ਸ਼ੇਰ ਸਿੰਘ ਅਤੇ ਉਹਨਾਂ ਦੇ ਸਪੁਤਰ ਕੌਰ ਪ੍ਰਤਾਪ ਸਿੰਘ ਨੂੰ ਕਤਲ ਕਰ ਦਿਓ ਤਾਂ ਰਾਜ ਗੱਦੀ ਤੁਸਾਡੀ ਹੈ। ਇਹ ਪੱਕਾ ਫੈਸਲਾ ਹੋ ਗਿਆ।

ਮਹਾਰਾਜਾ ਸ਼ੇਰ ਸਿੰਘ ਨੂੰ ਕਤਲ ਕਰਨਾ

*੧੫ ਸਤੰਬਰ ਸੰਨ ੧੮੪੩ ਈ: ਨੂੰ ਸ: ਲਹਿਣਾ ਸਿੰਘ ਅਰ ਉਸ ਦਾ ਭਤੀਜਾ ਅਜੀਤ ਸਿੰਘ ਜੋ ਮਹਾਰਾਜਾ ਦਾ ਭਾਈ ਲਗਦਾ ਸੀ, ਵਲੈਤੀ ਦੁਨਾਲੀ ਬੰਦੂਕ ਚੁੱਕ ਕੇ ਗਿਆ। ਕਿਸ ਲਈ ? ਧਿਆਨ ਸਿੰਘ ਡੋਗਰਾ ਪਾਰਟੀ ਦੀ ਚੁੱਕ ਵਿਚ ਕਿ ਓਹ ਇਨ੍ਹਾਂ ਨੂੰ ਲਾਹੌਰ ਦਾ ਰਾਜ ਦਲੌਣਗੇ।

ਮਹਾਰਾਜਾ ਉਸ ਦਿਨ ਮੱਲਾਂ ਦੇ ਘੋਲ ਦੇਖ ਕੇ ਸ਼ਾਲਾ ਮਾਰ ਦੇ ਪਾਸ ਸ਼ਾਹ ਬਿਲਾਵਲ ਦੇ ਮਕਬਰੇ ਲਾਗੇ ਸ਼ਾਹੀ ਬਾਰਾਂਦਰੀ ਵਿਚ ਅਰਾਮ ਕਰ ਰਿਹਾ ਸੀ। ਅਜੀਤ ਸਿੰਘ ਨਾਲ ਭਰਤੀ ਕੀਤੇ ਹੋਰ ਜਵਾਨ ਭੀ ਡੋਗਰਿਆਂ ਦੇ ਸਨ।

ਨੋਟ—ਅਜੀਤ ਸਿੰਘ ਨਵੀ ਜਵਾਨਾਂ ਦੀ ਭਰਤੀ ਦੀ ਹਜ਼ਰੀ ਦੇਣ ਗਿਆ ਸੀ ਇਹ ਫੌਜ ਵਿਚ ਭਰਤੀ ਅਫਸਰ ਸੀ, ਜਿਸ ਕਰਕੇ ਬਿਨਾਂ ਰੋਕ ਦੇ ਪਾਸ ਜਾ ਰਿਹਾ ਸੀ।

ਫੌਜਾਂ ਵਿਚ ਉਸ ਦਿਨ ਕਾਫੀ ਰੌਲਾ ਸੀ ਕਿ ਮਹਾਰਾਜਾ ਨੇ ੨੭ ਭਾਦਰੋਂ ਸੰਮਤ ੧੯੦੦ ਨੂੰ ਜੋ ਫੌਜੀ ਕਮਜ਼ੋਰ ਤੇ ਬੁਢੇ ਕਰਕੇ ਨਿਕਾਲੇ ਹਨ ਇਹ ਬੁਰਾ ਕੀਤਾ ਹੈ ਭਾਵੇਂ ਇਹ ਧਿਆਨ ਸਿੰਘ ਦੀ ਸਾਜਸ ਸੀ ਪਰ ਨਾਮ ਮਹਾਰਾਜਾ ਦਾ ਬਦਨਾਮ ਕਰਦੇ ਸੀ।

ਅਜੀਤ ਸਿੰਘ ਨੇ ਮਹਾਰਾਜਾ ਨੂੰ ਫਤਹ ਜਾ ਬੁਲਾਈ, ਮਹਾਰਾਜਾ ਆਰਾਮ ਕੁਰਸੀ ਪਰ ਲੇਟ ਰਿਹਾ ਸੀ। ਮਿੱਠੀ

---

†ਮਹਾਰਾਜਾ ਸ਼ੇਰ ਸਿੰਘ ਨੇ ਦੋ ਸਾਲ ਸੱਤ ਮਹੀਨੇ ਸਤਾਈ ਦਿਨ ਪੰਜਾਬ ਦਾ ਰਾਜ ਕੀਤਾ।

ਜ਼ਬਾਨ ਨਾਲ ਕਿਹਾ ਭਾਈਆ ਜੀ ਅਜ ਮੈਂ ਹਾਜ਼ਰੀ ਭਰਨੇ ਆਇਆ ਹਾਂ, ਕਲ ਨੂੰ ਮੈਂ ਹਾਜ਼ਰੀ ਲਵਾਂਗਾ। ਮਹਾਰਾਜਾ ਇਸ ਬਾਤ ਨੂੰ ਸਮਝ ਨਹੀਂ ਸਕਿਆ, ਆਪਣੇ ਭਾਈ ਦਾ ਸਤਿਕਾਰ ਹੀ ਸਮਝਿਆ। ਅਜੀਤ ਸਿੰਘ ਨੇ ਬਕਸ ਵਿਚੋਂ ਨਿਕਾਲ ਕੇ ਆਪਣੀ ਬੰਦੂਖ ਦੀ ਨਾਲ ਮਹਾਰਾਜਾ ਵਲ ਕਰਕੇ ਕਿਹਾ ਕਿ ਦੇਖੋ ਮੈਂ ਨਈ ਰਫਲ ਮੰਗਵਾਈ ਹੈ ਇਸਦੀ ਕੋਠੀ ਕੈਸੀ ਵਧੀਆ ਹੈ (ਇਹ ਬੰਦੂਖ ਵਲੈਤੀ ਕਲਾਦਾਰ ਸੀ) ਮਹਾਰਾਜਾ ਨੇ ਨਾਲ ਦੇਖਣੇ ਵਾਸਤੇ ਹਥ ਵਧਾਇਆ ਹੀ ਸੀ ਕਿ ਅਜੀਤ ਸਿੰਘ ਨੇ ਬੰਦੂਖ ਦਾ ਝੱਟ ਘੋੜਾ ਦਬ ਕੇ ਫੈਰ ਕਰ ਦਿਤਾ, ਬੰਦੂਖ ਭਰੀ ਹੋਈ ਸੀ, ਦੋ ਕੱਠੀਆਂ ਗੋਲੀਆਂ ਮਹਾਰਾਜਾ ਦੀ ਛਾਤੀ ਵਿਚ ਲੱਗ ਕੇ ਪਾਰ ਹੋ ਗਈਆਂ। ਅਜੀਤ ਸਿੰਘ ਨੇ ਉਸੀ ਵੇਲੇ ਤਲਵਾਰ ਮਾਰ ਕੇ ਮਹਾਰਾਜਾ ਦਾ ਸਿਰ ਉਤਾਰ ਲਿਆ। ਮਹਾਰਾਜਾ ਦੇ ਮੁਖੋਂ ਇਹੋ ਨਿਕਲਿਆ ਇਹ ਕੀ ਦਗਾ ਕੀਤਾ ? ਪਿਛੇ ਹਟ ਕੇ ਸ: ਲੈਹਣਾ ਸਿੰਘ ਕਮਰ ਬਸਤਾ ਸੀ ਕਿ ਕਦੋਂ ਗੋਲੀ ਚਲੇ ਤੇ ਮੈਂ ਕੰਵਰ ਪ੍ਰਤਾਪ ਸਿੰਘ ਨੂੰ ਜਾ ਮਾਰਾਂ।

ਬੰਦੂਕ ਦੀ ਆਵਾਜ਼ ਸੁਣ ਕੇ ਮਹਾਰਾਜਾ ਦੇ ਨੌਕਰ ਅਜੀਤ ਸਿੰਘ ਪਰ ਨੱਠ ਕੇ ਆ ਪਏ ਪਰ ਓਹ ਦੋ ਤਿੰਨ ਹੀ ਸਨ ਸਰਦਾਰ ਬੁਧ ਸਿੰਘ ਮਾਰਿਆ ਗਿਆ। ਰਾਜਾ ਦੀਨਾ ਨਾਥ ਮੌਕੇ ਪਰ ਹਾਜ਼ਰ ਸੀ, ਨਹੀਂ ਮਾਲੂਮ ਓਹ ਨਿਰਪੱਖ ਕਿਸ ਪ੍ਰਕਾਰ ਰਿਹਾ ਅਰ ਉਸ ਨੇ ਕੋਈ ਉੱਦਮ ਨਾ ਕੀਤਾ।

ਕੰਵਰ ਪ੍ਰਤਾਪ ਸਿੰਘ ਦਾ ਕਤਲ

ਸ: ਲੈਹਣਾ ਸਿੰਘ ਜੀ ਜੋ ਕਿ ਸ਼ੇਰਿ ਪੰਜਾਬ ਦਾ ਭਾਈ ਲਗਦਾ ਸੀ ਅਰ ਆਪ ਨੂੰ 'ਸਰਕਾਰ ਖਾਲਸਾ' ਸ਼ਬਦਾਂ ਨਾਲ ਸਤਿਕਾਰੀ ਦਾ ਸੀ । ਕੰਵਰ ਪ੍ਰਤਾਪ ਸਿੰਘ ਜੋ ਕਿ ਮਹਾਰਾਜਾ ਸ਼ੇਰ ਸਿੰਘ ਦਾ ਇਕਲੌਤਾ ਸਪੁਤ੍ਰ ਸੀ ਅਰ ਲੈਹਣਾ ਸਿੰਘ ਦਾ ਪੋਤਰਾ ਲਗਦਾ ਸੀ ਉਸ ਨੂੰ ਕਤਲ ਕਰਨ ਵਾਸਤੇ ਕਮਰ ਬਸਤਾ ਪਹਿਲਾਂ ਹੋ ਰਿਹਾ ਸੀ । ਅਜੀਤ ਸਿੰਘ ਨੇ ਜਦੋਂ ਮਹਾਰਾਜਾ ਦਾ ਸੀਸ ਕਟਕੇ ਲੈਹਣਾ ਸਿੰਘ ਅਗੇ ਆ ਰਖਿਆ ਕੰਵਰ ਸਾਹਿਬ ਨੂੰ ਮਾਰਨ ਚੱਲ ਪਿਆ, ਹੋਣਹਾਰ ਕੰਵਰ ਸਾਹਿਬ ਚੌਦਾਂ ਸਾਲਾਂ ਦਾ ਬੱਚਾ ਸੀ, ਇਨ੍ਹਾਂ ਨੇ ਸੋਚਿਆ ਜੇ ਕੌਰ ਸਾਹਿਬ ਬਚ ਗਿਆ ਫਿਰ ਭੀ ਅੜਿੱਕਾ ਹੀ ਹੈ ਰਾਜ ਗੱਦੀ ਨਹੀਂ ਮਿਲਣੀ। ਕੌਰ ਸਾਹਿਬ ਸੰਕ੍ਰਾਂਤ ਦੇ ਪੁਰਬ ਲਈ ਰਾਜਾ ਤੇਜਾਸਿੰਘ ਮਿਸਰ ਦੇ ਬਾਗ ਵਿਚ ਜਾ ਕੇ (ਸ਼ਾਹ ਬਿਲਾਵਲ ਦੇ ਮਕਬਰੇ ਦੇ ਲਾਗੇ ਹੀ) ਗਰੀਬਾਂ ਨੂੰ ਪੁੰਨਦਾਨ ਕਰਵਾ ਰਿਹਾ ਸੀ। ਸ: ਲੈਹਣਾ ਸਿੰਘ ਕ੍ਰੋਧ ਤੇ ਲਾਲਚ ਵਸ ਹੋਇਆ ਜਾਣ ਸਾਰ ਤਲਵਾਰ ਸੂਤ ਕੇ ਕੰਵਰ ਸਾਹਿਬ ਵਲ ਝਪਟਿਆ। ਉਸੇ ਵੇਲੇ ਸਰਦਾਰ ਗੁਰਦਿਤ ਸਿੰਘ (ਪ੍ਰਤਾਪ ਸਿੰਘ) ਡਿਉਢੀ ਆਫੀਸਰ ਅਰ ਹੀਰਾ ਸਿੰਘ ਮਿਸਰ ਅਤੇ ਜਵਾਹਰ ਸਿੰਘ ਕੌਰ ਸਾਹਿਬ ਪਰ ਜਾ ਡਿੱਗੇ ਤਾਂਕਿ ਉਸ ਨੂੰ ਬਚੌਣ, ਕੰਵਰ ਜੀ ਨੇ ਭੀ ਉਚੀ ਆਵਾਜ਼ ਨਾਲ ਰੋ ਕੇ ਕਿਹਾ ਕਿ ਬਾਬਾ ਜੀ ! ਨਾ ਮਾਰੋ ਮੈਂ ਆਪ ਦਾ ਗੁਲਾਮ ਬਣਕੇ ਰੋਟੀ ਖਾ ਲਵਾਂਗਾ।

ਰਾਜ ਦੀ ਮੈਨੂੰ ਕੋਈ ਇੱਛਾ ਨਹੀਂ ਹੈ, ਪਰ ਕੌਣ ਸੁਣਦਾ ਹੈ, ਤਿੰਨੇ ਉਕਤ ਸੱਜਣ ਕਤਲ ਕਰ ਦਿਤੇ ਗਏ, ਚੌਥਾ ਕੌਰ ਸਾਹਿਬ ਨੂੰ ਤਲਵਾਰ ਨਾਲ ਮਾਰ ਕੇ ਸਿਰ ਕੱਟ ਲਿਆ। ਮਾਸੂਮ ਪ੍ਰਤਾਪ ਸਿੰਘ ਦੀ ਮੌਤ ਹਦੋਂ ਵੱਧ ਬੇਦਰਦੀ ਦਾ ਕਤਲ ਸੀ।

ਨੋਟ—ਸ਼ਾਹਜ਼ਾਦਾ ਪ੍ਰਤਾਪ ਸਿੰਘ ਬਹੁਤ ਹੁਸ਼ਿਆਰ ਸੀ, ਜਿਸ ਵੇਲੇ ਇਸ ਨੇ ਫੀਰੋਜ਼ਪੁਰ ਪਹੁੰਚਕੇ ਸੰ: ੧੮੪੨ ਵਿਖੇ ਲਾਰਡ ਐਲਨਬਰਗ ਨਾਲ ਮੁਲਾਕਾਤ ਕੀਤੀ ਸੀ, ਉਸ ਵੇਲੇ ਕੰਵਰ ਪ੍ਰਤਾਪ ਸਿੰਘ ਦੀ ਬਹੁਤ ਤਾਰੀਫ ਕੀਤੀ। ਇਥੇ ਤੱਕ ਕਿਹਾ ਕਿ ਇਸ ਉਮਰ ਦਾ ਇਤਨਾ ਨੀਤੀ ਵਾਨ ਬੱਚਾ ਸ਼ਾਇਦ ਹੀ ਕਿਧਰੇ ਮਿਲ ਸਕੇ।

ਕੌਰ ਪ੍ਰਤਾਪ ਸਿੰਘ ਦਾ ਕਤਲ ਕਰਨਾ ਬਹੁਤ ਜ਼ਿਆਦਾ ਅਪ੍ਰਾਧ ਸੀ, ਇਸ ਮਾਸੂਮ ਦੇ ਖ਼ੂਨ ਦਾ ਬਦਲਾ ਏਵੇਂ ਜਾਣ ਵਾਲਾ ਨਹੀਂ ਸੀ। ਪਰ ਜੇ ਕਦੀ ਸੰਧਾਵਾਲੀਏ ਉਕਤ ਕੰਮ ਕਰਕੇ ਫੌਜਾਂ ਨੂੰ ਹਥ ਪਰ ਕਰ ਲੈਂਦੇ ਤਾਂ ਕੁਛ ਨਹੀਂ ਬਿਗੜ ਸਕਦਾ ਸੀ, ਰਾਜ ਨੂੰ ਬਚਾਉਣ ਵਿਚ ਗਲਤੀ ਕੀਤੀ ਭੀ ਢਕੀ ਜਾਂਦੀ ਪਰ ਉਨ੍ਹਾਂ ਨੂੰ ਹੰਕਾਰ ਨੇ ਮਾਰਿਆ ਕਿ ਹੁਣ ਸਾਡੇ ਅਗੇ ਕੌਣ ਖੜੋਣ ਵਾਲਾ ਹੈ ਵਜ਼ੀਰ ਧਿਆਨ ਸਿੰਘ ਨੂੰ ਮਾਰ ਕੇ ਕਿਲੇ ਵਿਚ ਨਿਸਚਿੰਤ ਹੋ ਬੈਠੇ ਜੋ ਭਾਰੀ ਅਨੀਤੀ ਸੀ।

ਮਹਾਰਾਜਾ ਸ਼ੇਰ ਸਿੰਘ ਦੀਆਂ ਉਕਾਈਆਂ ਦਾ ਫਲ

ਮੁਲਾਕਾਤ ਕਰਕੇ ਆਪਣੇ ਮੁਕਾਬਲੇ ਵਾਲੇ ਪਾਸੋਂ ਲਾਭ ਖੱਟਣਾ ਭਾਰੀ ਰਾਜ ਨੀਤੀ ਹੈ। ਜੋ ਰਾਜਾ ਕਿਸੇ ਨੂੰ ਮਿਲਦਾ ਨਹੀਂ ਓਹ ਧੋਖੇ ਨਾਲ ਫਨਾਹ ਹੁੰਦਾ ਹੈ। ਉਸ ਨੂੰ ਬਾਹਰਲੀ ਹਵਾ ਦਾ ਕੁਛ ਭੀ ਪਤਾ ਨਹੀਂ ਹੁੰਦਾ ਤੇ ਨਾਹੀ ਦੋਸਤ ਦੁਸ਼ਮਨ ਦੀ ਪਰਖ ਹੁੰਦੀ ਹੈ ਜੇ ਕਦੀ ਮਹਾਰਾਜਾ ਸ਼ੇਰ ਸਿੰਘ ਤੇ ਮਹਾਰਾਣੀ ਚੰਦ ਕੌਰ ਵਿਚ ਸਫਾਈ ਨਾਲ ਗਲ ਬਾਤ ਹੁੰਦੀ ਤਾਂ ਕੋਈ ਭੀ ਨੁਕਸਾਨ ਪਹੁੰਚਣ ਦਾ ਅਨੁਮਾਨ ਨਹੀਂ ਸੀ ਪਰ ਡੋਗਰਿਆਂ ਨੇ ਇਕ ਦੂਜੇ ਨੂੰ ਕਤਲ ਕਰਵਾ ਦੇਣ ਦੇ ਭੈ ਵਿਚ ਦੂਰੋ ਦੂਰ ਰਖਿਆ, ਮਹਾਰਾਜਾ ਸ਼ੇਰ ਸਿੰਘ ਨੂੰ ਡੂੰਘੀ ਚਾਲ ਨਾਲ ਡੋਗਰਿਆਂ ਨੇ ਮੁਲਾਕਾਤ ਦੀ ਵਿਉਂਤ ਕਰਨ ਵਿਚ ਫੇਹਲ ਕਰ ਦਿਤਾ। ਫਕੀਰ ਅਜੀਜ਼ਉੱਦੀਨ ਦਾ ਦਿਲੀ ਰੁਖ ਡੋਗਰਿਆਂ ਵਲ ਤੇ ਅੰਗਰੇਜ਼ਾਂ ਨਾਲ ਸੀ। ਮਹਾਰਾਜਾ ਸ਼ੇਰ ਸਿੰਘ ਨੇ ਕਾਬਲ ਵਿਚੋਂ ਅੰਗਰੇਜ਼ਾਂ ਨੂੰ ਬਚੌਣ ਵਿਚ ਸਿਰੋਂ ਪਰੇ ਮੱਦਦ ਦਿਤੀ ਜਿਸ ਕਰਕੇ ਅੰਗਰੇਜ਼ ਇਸ ਅਹਿਸਾਨ ਦਾ ਸ਼ੁਕਰੀਆ ਅਦਾ ਕਰਨਾ ਚਾਹੁੰਦੇ ਸਨ ਅਤੇ ਲਾਰਡ ਐਲਨਬਰੋ ਚਿਤੋਂ ਮਹਾਰਾਜੇ ਨਾਲ ਮੁਲਾਕਾਤ ਚਾਹੁੰਦਾ ਸੀ, ਕਾਬਲ ਵਿਚ ਸਰ ਵਿਲੀਅਮ ਮੈਕਨਾਟਨ ਅਤੇ ਅਲੈਗਜ਼ੈਂਡਰ ਬਰਨਜ਼ ਆਦਿ ਖਾਸ ਅੰਗ੍ਰੇਜ਼ ਕਤਲ ਹੋ ਗਏ। ਸ਼ਾਹ ਸ਼ੁਜਾਹਉਲਮੁਲਕ ਭੀ ਕਤਲ ਹੋ ਗਿਆ, ਦੋਸਤ

ਮੁਹੰਮਦ ਖਾਨ ਦੇ ਪੁਤ੍ਰ ਅਕਬਰ ਖਾਂ ਨੇ ਅੰਗਰੇਜ਼ਾਂ ਦੇ ਪੈਰ ਨਾ ਹੀ ਲਗਣ ਦਿਤੇ, ਅਖੀਰ ਅੰਗਰੇਜ਼ਾਂ ਨੂੰ ਦੋਸਤ ਮੁਹੰਮਦ ਖਾਨ ਨੂੰ ਅਪਣੀ ਕੈਦ ਵਿਚੋਂ ਨਿਕਾਲਕੇ ਕੁਛ ਸ਼ਰਤਾਂ ਨਾਲ ਤਖਤ ਸੰਭਾਲਨਾ ਪਿਆ। ਉਸ ਵੇਲੇ ਇਕ ਮਹਾਰਾਜਾ ਸ਼ੇਰ ਸਿੰਘ ਹੀ ਸੀ ਜਿਸਨੇ ਕਿ ਪੂਰਨ ਦੋਸਤੀ ਨਿਭਾ ਕੇ ਦਖਾਈ, ਜਨਰਲ ਪੌਕ ਅਤੇ ਜਨਰਲ ਨੌਟ ਨੇ ਸਿਖ ਫੌਜਾਂ ਦੀ ਮਦਦ ਨਾਲ ਕਾਬਲ ਪਰ ਹੱਲਾ ਕਰਕੇ ੧੫ ਸਤੰਬਰ ਸੰਨ ੧੮੪੨ ਨੂੰ ਮੁੜ ਕਬਜ਼ਾ ਤਾਂ ਕੀਤਾ ਪਰ ਕਾਬਲ ਨੂੰ ਅੰਗਰੇਜ਼ ਖੁਦ ਸੰਭਾਲ ਨਾ ਸਕੇ! ਅਖੀਰ ਦੋਸਤ ਮੁਹੰਮਦ ਖਾਨ (ਪਹਿਲਾ ਬਾਦਸ਼ਾਹ) ਨਾਲ ਗੰਢ ਤਰੁਪ ਕਰਕੇ ਅੰਗਰੇਜ਼ ਵਾਪਸ ਆ ਗਏ। ਇਸ ਨੇ ਕਲਕਤੇ ਦੀ ਨਜ਼ਰ ਬੰਦੀ ਵਿਚੋਂ ਨਿਕਲਕੇ ੨੧ ਜਨਵਰੀ ਸੰਨ ੧੮੪੧ ਨੂੰ ਕਾਬਲ ਜਾਂਦਿਆਂ ਮਹਾਰਾਜਾ ਸ਼ੇਰ ਸਿੰਘ ਨਾਲ ਲਾਹੌਰ ਮੁਲਾਕਾਤ ਕੀਤੀ ਪਰ ਉਸ ਮੁਲਾਕਾਤ ਵਿਚ ਮਹਾਰਾਜੇ ਨੇ ਆਪਣਾ ਕੋਈ ਭੀ ਲਾਭ ਨਾ ਉਠਾਇਆ ਏਧਰ ਗਵਰਨਰ ਜਨਰਲ ਲਾਰਡ ਐਲਨਬਰੋ ਨੇ ਮੁਲਾਕਾਤ ਦੀ ਇੱਛਾ ਪ੍ਰਗਟ ਕੀਤੀ ਪਰ ਡੋਗਰਿਆਂ ਨੇ ਇਸ ਵਿਚ ਵਿਘਨ ਪਾਇਆ ਤੇ ਮਹਾਰਾਜੇ ਨੇ ਖੁਦ ਭੀ ਉਕਾਈ ਖਾਧੀ, ਆਪਣੀ ਜਗ੍ਹਾ ਕੌਰ ਪ੍ਰਤਾਪ ਸਿੰਘ ਨੂੰ ਘੱਲਿਆ ਜੋ ਕਿ ਮਾਸੂਮ ਬਾਲਕ ਅਤੇ ਰਾਜ ਨੀਤੀ ਕੰਮਾਂ ਵਿਚ ਅਣਜਾਣ ਸੀ। ਮਿਸਟਰ ਜੌਰਜ ਕਲਾਰਕ ਪੋਲੀਟੀਕਲ ਏਜੰਟ ਨੇ ੨ ਨਵੰਬਰ ੧੮੪੨ ਈ: (੧੯ ਕਤਕ ੧੮੯੯ ਬਿ:)ਨੂੰਖਬਰ ਘਲੀ ਪਰ ਮਹਾਰਾਜਾ ਸ਼ੇਰ ਸਿੰਘ ਦਾ ਨਾ ਜਾਣਾ ਪੋਲੀਟੀਕਲ ਕਮਜ਼ੋਰੀ ਸੀ। ਕੌਰ ਪ੍ਰਤਾਪ ਸਿੰਘ ਬਾਲਕ ਨੂੰ ਜੋ

ਫੀਰੋਜ਼ ਪੁਰ ਘਲਿਆ ਗਿਆ ਰਾਜ ਨੀਤੀ ਰਹਿਤ ਬਾਤ ਸੀ। ਇਸ ਉਕਾਈ ਦਾ ਲਾਭ ਅਨਮਤੀ ਅਹਿਲਕਾਰਾਂ ਨੇ ਉਠਾ-ਇਆ ਸਿੱਖਾਂ ਨੂੰ ਵਿਧੀ ਨਾਲ ਪਿਛੇ ਧਕੇਲ ਛੱਡਿਆ ਤੇ ਅਨਪੜ੍ਹ ਆਦਿ ਕਿਹਾ, ਇਸ ਚਾਲ ਨਾਲ ਅਨਮਤੀਏ ਹੀ ਹਰਤੇ ਕਰਤੇ ਬਣ ਬੈਠੇ। ਮਹਾਰਾਜਾ ਸ਼ੇਰ ਸਿੰਘ ਨੇ ਸੰਧਾ-ਵਾਲੀਆਂ ਨਾਲ ਖਾਨ ਦਾਨੀ ਖੂਨ ਦੇ ਪਿਆਰ ਵਾਲੀਆਂ ਬਾਤਾਂ ਕਰਨ ਦੀ ਬਜਾਏ ਰਾਜ ਗੱਦੀ ਪਰ ਬੈਠ ਕੇ ਧਿਆਨ ਸਿੰਘ ਦੇ ਆਖੇ ਉਨ੍ਹਾਂ ਪਰ ਦਬਾਉ ਪਾਇਆ ਤੇ ਜਾਇਦਾਦਾਂ ਜ਼ਬਤ ਤੇ ਜੇਲ੍ਹਾਂ ਵਿਚ ਸੁਟੇ ਪਰ ਛਡਣ ਵੇਲੇ ਉਸ ਥੀਂ ਵਧ ਉਕਾਈ ਖਾਧੀ ਸ਼ਰੀਕੇ ਦੀ ਰਿਸ਼ਕ ਦੀ ਨਬਜ਼ ਨਾ ਪਛਾਣੀ ਚੂੰਕਿ ਸੰਧਾਵਾਲੀਆ ਅਜੀਤ ਸਿੰਘ ਕਲਕਤੇ ਅੰਗਰੇਜ਼ਾਂ ਪਾਸ ਦੁਸ਼ਮਣ ਹੋਕੇ ਪਹੁੰਚਿਆ, ਉਸ ਨੇ ਦੁਸ਼ਮਣੀ ਦਿਲ ਵਿਚ ਰਖੀ। ਭਾਵੇਂ ਏਧਰੋਂ ਮਹਾਰਾਜੇ ਨੇ ਦਿਲੀ ਅਪਣੱਤ ਨਾਲ ਸ: ਲਹਿਣਾ ਸਿੰਘ ਨੂੰ ਨਵੰਬਰ ੧੮੪੨ ਵਿਚ ਮੁਕੇਰਿਆਂ ਦੀ ਕੈਦ ਤੋਂ ਰਿਹਾ ਕਰ ਦਿਤਾ ਪਰ ਉਨ੍ਹਾਂ ਨੂੰ ਮਹਾਰਾਜਾ ਨੇ ਬਿਨਾਂ ਸੋਚੇ ਔਣ ਸਾਰ ਔਹਦਿਆਂ ਪਰ ਬਹਾਲ ਕਰ ਦਿਤਾ, ਹਾਲੀ ਪਿਛਲਾ ਗੁੱਸਾ ਤੇ ਦੁਸ਼ਮਨੀ ਉਨ੍ਹਾਂ ਦੇ ਚਿਤਾਂ ਅੰਦਰ ਭੜਕ ਰਹੀ ਸੀ। ਮਹਾਰਾਜਾ ਸ਼ੇਰ ਸਿੰਘ ਬਿਲਕੁਲ ਨਿਸ-ਕਪਟ ਤੇ ਦਿਲ ਦਰਿਆਉ ਬੰਦਾ ਸੀ, ਉਸ ਨੇ ਸੰਨ ੧੮੪੩ ਈ: ਵਿਚ ਵਜ਼ੀਰ ਧਿਆਨ ਸਿੰਘ ਨੂੰ ਉਸਦੀਆਂ ਕੁਚਾਲਾਂ ਥੀਂ ਪ੍ਰਗਟ ਤੌਰ ਪਰ ਖਬਰਦਾਰ ਕੀਤਾ, ਪਰ ਉਧਰ ਸੰਧਾਵਾਲਿਆਂ ਨੂੰ ਚਾਚੇ, ਭਰਾਵਾਂ ਦੀ ਹਾਲਤ ਵਿਚ ਨਾ ਪ੍ਰੇਰਿਆ ਜਿਸ ਕਰਕੇ ਸੰਧਾਵਾਲੀਏ ਤੇ ਵਜ਼ੀਰ ਧਿਆਨ ਸਿੰਘ ਆਪਸ ਵਿਚ

ਦੀ ਮਿਲ ਗਏ, ਹਾਲਾਂ ਕਿ ਏਹ ਆਪਸ ਵਿਚ ਦੀ ਪੱਕੇ ਦੁਸ਼ਮਨ ਸਨ।

ਜੂਨ ਸੰਨ ੧੮੪੨ (ਜੇਠ ਸੰਮਤ ੧੮੯੯) ਨੂੰ ਮਹਾਰਾਣੀ ਚੰਦ ਕੌਰ ਨੂੰ ਡੋਗਰਿਆਂ ਨੇ ਉਸ ਦੀ ਦੌਲਤ ਹਜ਼ਮ ਕਰਨ ਹਿਤ ਮਰਵਾਇਆ, ਪਰ ਸੰਧਾਵਾਲੀਆਂ ਨੂੰ ਜਤਾਇਆ ਇਹ ਗਿਆ ਕਿ ਮਹਾਰਾਣੀ ਨੂੰ ਮਹਾਰਾਜਾ ਸ਼ੇਰ ਸਿੰਘ ਨੇ ਕਤਲ ਕਰਵਾ ਦਿਤਾ, ਹਾਲਾਂ ਕਿ ਮਹਾਰਾਜੇ ਨੂੰ ਉਸਦੇ ਕਤਲ ਦਾ ਹੁਣ ਕੋਈ ਖਾਸ ਲਾਭ ਨਹੀਂ ਸੀ, ਵੈਰ ਅਗਨ ਠੰਡੀ ਹੋਣ ਥੀਂ ਪਹਿਲਾਂ ਹੀ ਸੰਧਾਵਾਲੀਆਂ ਨੂੰ ਉਚ ਔਹਦੇ ਸੌਂਪਣੇ ਨੀਤੀ ਰਹਿਤ ਬਾਤ ਸੀ, ਜਿਸ ਤੋਂ ਜਾਣਿਆਂ ਜਾਂਦਾ ਹੈ ਕਿ ਮਹਾਰਾਜਾ ਸ਼ੇਰ ਸਿੰਘ ਬਹੁਤ ਸਾਧੂ ਸੁਭਾਉ ਤੇ ਨਿਰਛਲ ਹਸਤੀ ਸੀ। ਵਜ਼ੀਰ ਧਿਆਨ ਸਿੰਘ ਨੇ ਸੰਧਾ-ਵਾਲੀਆਂ ਨਾਲ ਰਲਕੇ ਮਹਾਰਾਜੇ ਤੋਂ ਵਿਰੁਧ ਜ਼ਬਰਦਸਤ ਪਾਰਟੀ ਬਣਾਈ, ਜਿਸ ਵਿਚ ਕਿ ਫਕੀਰ ਅਜੀਜ਼ਉਦ ਦੀਨ ਭੀ ਸ਼ਾਮਲ ਸੀ, ਇਸ ਦੀ ਸੂਹ ਮਹਾਰਾਜੇ ਨੂੰ ਭੀ ਹੋਣੀ ਚਾਹੀਦੀ ਸੀ,ਵਜੀਰ ਧਜਾਨਸਿੰਘ ਖੁਦ ਮੁਖਤਿਆਰੀ ਵਿਚ ਗੈਰ ਹਾਜ਼ਰ ਰਹਿਕੇ ਜ਼ਰੂਰੀ ਕੰਮਾਂ ਨੂੰ ਖੱਟੇ ਸੁਟ ਕੇ ਵਿਘਨ ਪੌਂਦਾ ਮਹਾਰਾਜਾ ਨੇ ਜਨਰਲ ਵੈਂਤੂਰਾ ਨੂੰ ਹੁਕਮ ਦੇ ਕੇ ਉਸ ਨੂੰ ਹਾਜ਼ਰ ਕੀਤਾ। ਇਸਤਰਾਂ ਧਿਆਨ ਸਿੰਘ ਹੋਰ ਭੀ ਸੜ ਬਲ ਗਿਆ, ਧਿਆਨ ਸਿੰਘ ਨੇ ਮਹਾਰਾਣੀ ਜਿੰਦ ਕੌਰ ਨਾਲ ਗਲ ਬਾਤ ਕਰਕੇ ਕੌਰ ਦਲੀਪ ਸਿੰਘ ਨੂੰ ਤਖਤ ਦੇਣ ਦਾ ਗੁਪਤੀ ਚਕਮਾਂ ਦਿਤਾ, ਇਸ ਕੰਮ ਦੀ ਸਫਲਤਾ ਲਈ ਰਾਜਾ ਹੀਰਾ ਸਿੰਘ (ਧਿਆਨ ਸਿੰਘ ਵਜ਼ੀਰ ਦਾ ਪੁਤ੍ਰ) ਰਾਜਾ ਸੁਚੇਤ ਸਿੰਘ

(ਵਜ਼ੀਰ ਦਾ ਭਾਈ) ਸ: ਲਹਿਣਾ ਸਿੰਘ ਤੇ ਅਜੀਤ ਸਿੰਘ ਸੰਧਾਵਾਲੀਏ ਗੁਪਤ ਗੋਂਦਾਂ ਗੁੰਦਦੇ ਰਹਿੰਦੇ।

ਜਨਰਲ ਵੈਤੂਰਾ ਨੇ ਮਹਾਰਾਜੇ ਨੂੰ ਗੁਪਤ ਸਾਜਸ਼ ਦੀ ਖਬਰ ਭੀ ਦਿਤੀ ਪਰ ਇਸ ਨੂੰ ਮਹਾਰਾਜਾ ਨੇ ਵਾਧੂ ਜਾਣ ਕੇ ਪਾਸਾ ਮਾਰ ਛੱਡਿਆ ਜਿਸ ਥੀਂ ਭਾਰੀ ਬੇ ਪਰਵਾਹੀ ਸਿੱਧ ਹੁੰਦੀ ਹੈ। ਪੰਜ ਸਤੰਬਰ ਨੂੰ ਇਸੇ ਕੰਮ ਲਈ ਕੰਵਰ ਦਲੀਪ ਸਿੰਘ ਨੂੰ ਜੰਮੂ ਥੀਂ ਲਾਹੌਰ ਲਿਆਂਦਾ ਗਿਆ ਸੀ। ਮਹਾਰਾਜਾ ਨੇ ਏਧਰ ਕੋਈ ਵਾਕਫੀ ਹਾਸਲ ਨਾ ਕੀਤੀ, ਸਾਧਾਰਨ ਦਰਿਆਫਤ ਕਰਨ ਪੁਰ ਡੋਗਰਾ ਪਾਰਟੀ ਨੇ ਪਾਲਿਸੀ ਨਾਲ ਉਪਰਲੇ ਮਨੋ ਮਹਾਰਾਜਾ ਅਗੇ ਵਫਾਦਾਰੀ ਦੀ ਸੌਂਹ ਖਾਣ ਦੀ ਬਨੌਟੀ ਰਸਮ ਅਦਾ ਕਰਕੇ ਲੂੰਬੜ ਚਾਲ ਚਲੀ।

ਮਹਾਰਾਜਾ ਸ਼ੇਰ ਸਿੰਘ ਸਿਖੀ ਸਰਲ ਸਭਾਉ ਰਖਣ ਕਰਕੇ ਸੌਂਹ ਚੁਕਣ ਨੂੰ ਠੀਕ ਮੰਨ ਗਿਆ, ਈਹੋ ਚਾਲਾਂ ਸੰਧਾਵਾਲੀਏ ਚਲਦੇ ਸਨ, ਅਰਥਾਤ ਮਨ ਹੋਰ ਤੇ ਮੁਖ ਹੋਰ। ੧੦ ਸਤੰਬਰ ਨੂੰ ਵਫਾਦਾਰੀ ਦੀ ਸੌਂਹ ਚੁਕਦੇ ਹਨ ਪਰ ਪੰਦਰਾਂ ਸਤੰਬਰ ਨੂੰ ਮਹਾਰਾਜੇ ਨੂੰ ਕਤਲ ਕਰਦੇ ਹਨ ਤਦੇ ਛਾਤੀ ਵਿਚ ਗੋਲੀ ਲਗਣ ਵੇਲੇ ਮਹਾਰਾਜੇ ਦੇ ਮੂੰਹੋਂ ਈਹੋ ਸ਼ਬਦ ਨਿਕਲੇ "ਇਹ ਕੀ ਦਗਾ ਕੀਤਾ" ਬੇਸ਼ਕ ਭਾਣਾਂ ਅਮਿੱਟ ਹੈ ਪਰ ਇਸ ਵਿਚ ਮਹਾਰਾਜਾ ਸ਼ੇਰ ਸਿੰਘ ਦੀਆਂ ਉਕਾਈਆਂ ਭੀ ਸਨ।

ਜਾਣ ਪਛਾਣ

ਸੰਧਾਵਾਲੀਆਂ ਦੀ ਅਲੂ ਪੁਰਾਣੀ ਸੀ, ਇਨ੍ਹਾਂ ਦੀ ਅਸਲ ਰਿਹਾਇਸ਼ ਰਾਜਾਸਾਂਸੀ ਦੀ ਸੀ। ਸੰਧਾਵਾਲੀਏ ਕੋਈ ਸਾਰੇ ਇਸ ਤਰਾਂ ਦੇ ਨਹੀਂ ਸਨ, ਦੋ ਚਾਰ ਨੇ ਇਹ ਕਾਰਾ ਕੀਤਾ ਸੀ, ਜਿਸ ਨੂੰ ਕਿ ਬਾਕੀ ਦੇ ਬੰਧੂ ਅੱਛਾ ਨਹੀਂ ਮੰਨਦੇ ਸਨ। ਸੰਧਾਵਾਲੀਆਂ ਨੇ ਸਿਖ ਰਾਜ ਦੀ ਕਾਇਮੀ ਲਈ ਬਹੁਤ ਕੁਰਬਾਨੀਆਂ ਕੀਤੀਆਂ ਸ਼ੇਰਿ ਪੰਜਾਬ ਦੇ ਬਹੁਤ ਹਿਤੂ ਰਹੇ, ਇਨ੍ਹਾਂ ਨੂੰ ਮਹਾਰਾਜਾ ਖੜਗ ਸਿੰਘ, ਮਹਾਰਾਜਾ ਨੌ ਨਿਹਾਲ ਸਿੰਘ ਮਹਾਰਾਣੀ ਚੰਦ ਕੌਰ ਦੇ ਮਾਰੇ ਜਾਣ ਦਾ ਰੰਜ ਸੀ, ਭਾਵੇਂ ਇਨ੍ਹਾਂ ਪਾਪਾਂ ਦਾ ਹਰਤਾ ਕਰਤਾ ਧਿਆਨ ਸਿੰਘ ਅਰ ਉਸ ਦੀ ਪਾਰਟੀ ਸੀ ਪਰ ਇਨ੍ਹਾਂ ਨੂੰ ਇਹ ਖਿਆਲ ਸਨ ਕਿ ਮਹਾਰਾਣੀ ਚੰਦ ਕੌਰ ਅਤੇ ਨੌ ਨਿਹਾਲ ਸਿੰਘ ਦੀ ਧਰਮ ਪਤਨੀ (ਧਰਮ ਕੌਰ) ਦੇ ਕਤਲ ਵਿਚ ਮਹਾਰਾਜਾ ਦੀ ਸਲਾਹ ਸੀ।

ਲਹਿਣਾ ਸਿੰਘ ਸ਼ੇਰਿ ਪੰਜਾਬ ਦਾ ਚਚੇਰਾ ਭਰਾ ਹੋਣੇ ਕਰਕੇ ਮਹਾਰਾਜਾ ਸ਼ੇਰ ਸਿੰਘ ਦਾ ਚਾਚਾ ਲਗਦਾ ਸੀ। ਅਤਰ ਸਿੰਘ, ਬੁਧ ਸਿੰਘ, ਵਸਾਵਾ ਸਿੰਘ, ਲਹਿਣਾ ਸਿੰਘ ਚਾਰ ਭਾਈ ਸਨ। ਕੇਹਰ ਸਿੰਘ ਅਤਰ ਸਿੰਘ ਦਾ ਪੁਤ੍ਰ ਸੀ ਅਤੇ ਅਜੀਤ ਸਿੰਘ, ਸ: ਬੁਧ ਸਿੰਘ ਦਾ ਪੋਤਰਾ, ਅਜੀਤ ਸਿੰਘ ਛੋਟੀ ਉਮਰ ਦਾ ਜੋਸ਼ੀਲਾ ਨੌਜਵਾਨ ਸੀ।

ਮਹਾਰਾਜਾ ਸ਼ੇਰ ਸਿੰਘ ਦਾ ਰਾਜ

੧੮ ਜਨਵਰੀ ਸੰਨ ੧੮੪੧ ਨੂੰ ਸ਼ਾਹਜ਼ਾਦਾ ਸ਼ੇਰ ਸਿੰਘ ਦਾ ਲਾਹੌਰ ਪਰ ਕਬਜ਼ਾ ਹੋਇਆ ੨੧ ਇਕੀ ਜਨਵਰੀ ਨੂੰ ਤਖਤ ਨਸ਼ੀਨੀ ਦੀ ਰਸਮ ਅਦਾ ਹੋਈ, ੯ ਮਾਘ (੧੮੯੮) ਵਾਲੇ ਦਿਨ ਸ਼ੇਰ ਸਿੰਘ ਨੇ ਮਹਾਰਾਜਾ ਬਣਕੇ ਰਾਜਾ ਧਿਆਨ ਸਿੰਘ ਨੂੰ ਵਜ਼ੀਰੀ ਦਾ ਸਿਰੋਪਾਉ ਦਿਤਾ । ਕੀਤੇ ਇਕਰਾਰ ਅਨੁਸਾਰ ਫੌਜਾਂ ਦੀ ਤਨਖਾਹ ਇਕ ਰੁਪਿਆ ਵਧਾਈ ਗਈ ਪਰ ਡੋਗਰਿਆਂ ਨੇ ਲਾਲਚ ਨਾਲ ਫੌਜਾਂ ਨੂੰ ਬੇ ਲਗਾਮ ਕਰ ਦਿਤਾ ਜੇ ਤਨਖਾਹ ਵਿਚ ਦੇਰੀ ਹੁੰਦੀ ਜਾਂ ਵਾਧਾ ਕਰੌਣਾਂ ਹੁੰਦਾ ਝੱਟ ਆਕੀ ਹੋ ਬੈਠਦੇ ਅਤੇ ਇਹ ਕੰਮ ਉਨ੍ਹਾਂ ਦੇ ਟਿਕੇ ਹੋਏ ਪੈਂਚ (ਚੌਧਰੀ) ਕਰਦੇ। ਮਹਾਰਾਜਾ ਸ਼ੇਰ ਸਿੰਘ ਨੇ ਬੜੀ ਹਿਕਮਤ ਨਾਲ ਫੌਜਾਂ ਨੂੰ ਕਾਬੂ ਕੀਤਾ, ਅੰਗਰੇਜ਼ੀ ਢੰਗ ਪਰ ਫੌਜਾਂ ਨੂੰ ਵੰਡਿਆ, ਛੌਣੀਆਂ ਦੂਰ ਦੂਰ ਕਰ ਦਿਤੀਆਂ, ਬੁਢਿਆਂ ਦੀ ਥਾਂ ਨੌਜਵਾਨ ਭਰਤੀ ਕੀਤੇ । ਹਮੇਸ਼ਾਂ ਆਪ ਕਵਾਇਦ ਵੇਖਦਾ ਅਤੇ ਅਦਾਲਤ ਕਰਦਾ, ਦੇਸ਼ ਵਿਚੋਂ ਪ੍ਰਜਾ ਨੂੰ ਦੁਖ ਦੇਣੇ ਵਾਲੇ ਚੋਰ ਡਾਕੂ ਸਭ ਗ੍ਰਿਫਤਾਰ ਕਰ ਲਿਤੇ। ਸੰਨ ੧੮੪੨ ਈ: ਵਿਚ ਲਾਰਡ ਐਲਨਬਰਗ ਨੇ ਮਹਾਰਾਜਾ ਨੂੰ ਮਿਲਣ ਦੀ ਖਾਹਸ਼ ਕੀਤੀ, ਜਿਸ ਪਰ ਕਿ ਮਹਾਰਾਜਾ ਨੂੰ ਮਲੌਣ ਦੀ ਥਾਂ ਵਜ਼ੀਰ ਧਿਆਨ ਸਿੰਘ ਨੇ ਟਿੱਕਾ ਪ੍ਰਤਾਪ ਸਿੰਘ ਨੂੰ ਸਾਥ ਆਪ ਮਿਲਾਯਾ।

ਮਹਾਰਾਜਾ ਸ਼ੇਰ ਸਿੰਘ ਨੇ ਸੰਨ ੧੮੪੨ ਵਿਖੇ ਕਾਬਲ ਵਿਚ ਘਿਰ ਗਏ ਅਤੇ ਵਿਪਤਾ ਵਿਚ ਫਸੇ ਅੰਗਰੇਜ਼ਾਂ

ਦੀ ਬਹੁਤ ਮਦਦ ਕੀਤੀ ਆਪਣੀ ਫੌਜ ਪਸ਼ਾਵਰ ਭੀ ਘਲੀ। ਆਪ ਨੇ ਜ਼ਮਾਨਤ ਦੇ ਕੇ ਇਸਤ੍ਰੀਆਂ ਅਤੇ ਬੱਚੇ ਛੁੜਵਾਏ। ਮਹਾਰਾਜਾ ਸ਼ੇਰ ਸਿੰਘ ਜੰਗ ਕਰਨ ਵਿਚ ਬਹੁਤ ਬਹਾਦਰ ਸੀ, ਉਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਕਈ ਜੰਗ ਜਿਤੇ, ਹਜ਼ਾਰੇ ਦੇ ਜੰਗ ਦਾ ਸੇਹਰਾ ਇਸਦੇ ਸਿਰ ਸੀ, ਕਈ ਥਾਂ ਗਵਰਨਰ ਭੀ ਰਿਹਾ,ਮਹਾਰਾਜਾ ਇਸ ਨੂੰ ਅੰਗਰੇਜ਼ ਆਫੀਸਰਾਂ ਦੀ ਮੁਲਾਕਾਤ ਵਿਚ ਭੀ ਘਲਦਾ ਰਿਹਾ। ਮ ਹਾਰਾਜਾ ਸ਼ੇਰ ਸਿੰਘ ਪਰ ਇਸ ਬਾਤ ਦਾ ਧੱਬਾ ਸੀ ਕਿ ਉਸ ਨੇ ਰਾਣੀ ਚੰਦ ਕੌਰ ਨੂੰ ਕਤਲ ਕਰਵਾਇਆ ਅਸਲੋਂ ਮੁੱਢ ਕਾਰਰਵਾਈ ਡੋਗਰਿਆਂ ਦੀ ਸੀ, ਜਿਨ੍ਹਾਂ ਨੇ ਕਿ ਉਸ ਦਾ ਰੁਪਿਆ ਅਤੇ ਜਾਗੀਰ ਹਜ਼ਮ ਕਰਨੀ ਸੀ, ਮਹਾਰਾਣੀ ਨੂੰ ਮਾਰਨੇ ਵਾਲੀਆਂ ਗੋਲੀਆਂ ਪਹਾੜਨਾਂ ਸਨ। ਮਹਾਰਾਜਾ ਸ਼ੇਰ ਸਿੰਘ ਵੱਡਾ ਕੱਦਾਵਰ ਅਤੇ ਰੋਹਬ ਵਾਲਾ ਸ਼ਕੀਲ ਜਵਾਨ ਸੀ,੧੫ ਸਤੰਬਰ ਸੰਨ ੧੮੪੩ ਈ: ਨੂੰ ਇਹ ਮਹਾਰਾਜਾ ਕਤਲ ਹੋਇਆ ਪੌਣੇ ਕੁ ਦੋ ਸਾਲ ਇਸ ਨੇ ਰਾਜ ਕੀਤਾ ਇਸ ਨੇ ਛੱਤੀਸ ਕੁ ਸਾਲਾਂ ਦੀ ਉਮਰ ਭੋਗੀ।

ਇਕ ਪੁਰਾਣੀ ਵਾਰਤਾ

ਮਹਾਰਾਜਾ ਸ਼ੇਰ ਸਿੰਘ ਕੌਰ ਦੀ ਹਾਲਤ ਵੇਲੇ ਬਹੁਤਾ ਮੁਕੇਰੀਆਂ ਅਤੇ ਵਟਾਲੇ ਰਿਹਾ ਕਰਦਾ ਸੀ, ਰਾਣੀ ਸਦਾ ਕੌਰ ਦੀ ਜਾਇਦਾਦ ਜੋ ਇਸ ਦੀ ਨਾਨੀ ਸੀ ਇਸੇ ਨੂੰ ਦਿਤੀ ਗਈ ਸੀ, ਵਜ਼ੀਰ ਧਿਆਨ ਸਿੰਘ ਸ਼ਾਹਜ਼ਾਦਿਆਂ ਨਾਲ ਅਕਸਰ ਮਤਰੇਈਆਂ ਵਾਲਾ ਪਿਆਰ ਰਖਦਾ ਸੀ ਅਤੇ ਆਪਣੇ ਪੁਤਰ

ਹੀਰਾ ਸਿੰਘ ਨੂੰ ਜੰਮਦੇ ਨੂੰ ਹੀ ਰਾਜੇ ਦਾ ਖਿਤਾਬ ਦਿਵਾ ਕੇ ਅਗੇ ਰਖਦਾ ਸੀ । ਸ਼ੇਰ ਸਿੰਘ ਸਰੀਰ ਕਰਕੇ ਤਕੜਾ ਅਰ ਖੁਲ੍ਹ ਦਿਲਾ ਦਲੇਰ ਸੀ, ਇਸ ਨੇ ਇਕ ਦਿਨ ਮਹਾਰਾਜਾ ਰਣਜੀਤ ਸਿੰਘ ਪਾਸੋਂ ਉਸ ਦੀ ਆਪਣੀ ਸਵਾਰੀ ਦਾ ਵਧੀਆ ਘੋੜਾ ਮੰਗਿਆ। ਸ਼ੇਰੇ ਪੰਜਾਬ ਨੂੰ ਭੀ ਆਪਣੀ ਸਵਾਰੀ ਦੇ ਘੋੜਿਆਂ ਨਾਲ ਅਤੀ ਪਿਆਰ ਸੀ, ਉਸ ਨੇ ਕੌਰ ਸ਼ੇਰ ਸਿੰਘ ਨੂੰ ਆਪਣੇ ਮਨ-ਪਸੰਦ ਦਾ ਘੋੜਾ ਨਾ ਦਿਤਾ, ਪਰ ਸ਼ੇਰ ਸਿੰਘ ਅਪਣੇ ਮਨ ਭੌਂਦਾ ਓਹੀ ਘੋੜਾ ਅਪਣੀ ਸਵਾਰੀ ਲਈ ਮੰਗਦਾ, ਮਹਾਰਾਜਾ ਕੌਰ ਨੂੰ ਕੋਰਾ ਜਵਾਬ ਦਿੰਦਾ, ਸ਼ੇਰ ਸਿੰਘ ਨੇ ਹਾਰਕੇ ਬਿਨਾ ਮਹਾਰਾਜਾ ਦੀ ਆਗਿਆ ਦੇ ਢਲਾਈ ਕਰੌਣ ਦੇ ਬਹਾਨੇ ਘੋੜਿਆਂ ਦੇ ਦਰੋਗੇ ਪਾਸੋਂ ਤਵੇਲੇ ਵਿਚ ਜਾ ਕੇ ਘੋੜਾ ਲੈ ਲਿਆ ਅਤੇ ਸਵਾਰ ਹੋ ਕੇ ਚਲਾ ਗਿਆ, ਕਈ ਦਿਨ ਵਾਪਸ ਨਾ ਦੇਣ ਪਰ ਦਾਰੋਗੇ ਨੇ ਮਹਾਰਾਜੇ ਪਾਸ ਸ਼ਕਾਇਤ ਕੀਤੀ ਕਿ ਕੌਰ ਸ਼ੇਰ ਸਿੰਘ ਜੀ ਘੋੜਾ ਲੈ ਗਏ ਸਨ ਵਾਪਸ ਨਹੀਂ ਲਿਆਏ । ਇਹ ਬਾਤ ਸੁਣ ਕੇ ਮਹਾਰਾਜਾ ਸਖਤ ਗੁੱਸੇ ਹੋਇਆ ਮਹਾਰਾਜਾ ਰਣਜੀਤ ਸਿੰਘ ਦੇ ਮੂੰਹ ਵਿਚ ਇਤਨੀ ਬਾਤ ਰਹਿ ਗਈ ਕਿ ਹੁਣੇ ਕੌਰ ਸ਼ੇਰ ਸਿੰਘ ਨੂੰ ਕੈਦ ਕਰੋ ਕਿ ਉਸ ਨੇ ਮਹਾਰਾਜਾ ਦਾ ਘੋੜਾ ਕਿਉਂ ਲਿਆ ? ਸ਼ੇਰ ਸਿੰਘ ਨੂੰ ਭੀ ਪਤਾ ਲਗਿਆ ਕਿ ਮਹਾਰਾਜਾ ਇਥੇ ਤਕ ਨਾਰਾਜ਼ ਹਨ ਉਸ ਨੇ ਮੁਆਫੀ ਵਾਸਤੇ ਮਿਲਣ ਦੇ ਬਹੁਤ ਯਤਨ ਕੀਤੇ, ਮਹਾਰਾਜੇ ਨੇ ਮੁਆਫੀ ਲਈ ਸਮਾਂ ਹੀ ਨਾ ਦਿਤਾ ਵਜ਼ੀਰ ਧਿਆਨ ਸਿੰਘ ਦਾ ਉਸ ਨੂੰ ਪਤਾ ਹੀ ਸੀ ਕਿ ਉਸ ਨੇ ਉਲਟਾ ਅੱਗ ਪਰ ਫੂਸ ਸੁਟਣਾ ਹੈ ਅਖੀਰ ਓਹ ਫਕੀਰ ਅਜੀਜ਼ਉਦੀਨ

ਹਕੀਮ ਪਾਸ ਗਿਆ ਕਿ ਕਿਵੇਂ ਮੈਨੂੰ ਮਹਾਰਾਜਾ ਸਾਹਿਬ ਪਾਸੋਂ ਮੁਆਫੀ ਦਲਾਓ। ਮੈਂ ਮੁੜ ਕੇ ਐਸਾ ਨਹੀਂ ਕਰਦਾ ਪਰ ਸ਼ੇਰ ਸਿੰਘ ਦਾ ਮਨਸ਼ਾ ਘੋੜਾ ਮੋੜਨ ਦਾ ਨਹੀਂ ਸੀ, ਹਕੀਮ ਨੇ ਕਿਹਾ ਅੱਛਾ ਹੁਣ ਮੈਂ ਮੁਆਫੀ ਲੈ ਦਿੰਦਾ ਹਾਂ ਫੇਰ ਇਉਂ ਨਾਂ ਕਰਨਾ। ਹਕੀਮ ਰੋਜ਼ਾਨਾ ਮਿਲਦਾ ਹੀ ਸੀ, ਜਿਸ ਵੇਲੇ ਓਹ ਮਹਾਰਾਜਾ ਸਾਹਿਬ ਪਾਸ ਗਿਆ ਓਹ ਪਹਿਲਾਂ ਹੀ ਨਾਰਾਜ਼ ਬੈਠੇ ਸਨ ਜਾਣ ਸਾਰ ਹਕੀਮ ਨੂੰ ਕਿਹਾ ਦੇਖੋ ਹਕੀਮ ਜੀ! ਕੌਰ ਨੇ ਕੈਸੀ ਬੁਰੀ ਬਾਤ ਕੀਤੀ ਹੈ, ਮਹਾਰਾਜਾ ਦਾ ਘੋੜਾ ਬਿਨਾ ਇਜਾਜ਼ਤ ਦੇ ਤਵੇਲੇ ਵਿਚੋਂ ਲੈ ਗਿਆ ਹੈ। ਹਕੀਮ ਨੇ ਕਿਹਾ ਠੀਕ ਹੈ ਮਹਾਰਾਜਾ ਸਾਹਿਬ! ਕੌਰ ਸਾਹਿਬ ਨੇ ਬਹੁਤ ਹੀ ਬੁਰਾ ਕੀਤਾ, ਇਹ ਘੋੜਾ ਇਸ ਤਰਾਂ ਲੈ ਗਿਆ ਹੈ ਜਿਵੇਂ ਕਿ ਉਸ ਦੇ ਬਾਪ ਦਾ ਹੁੰਦਾ ਹੈ, ਇਸ ਪਰ ਮਹਾਰਾਜਾ ਹੱਸ ਪਿਆ ਅਤੇ ਖੁਸ਼ ਹੋ ਕੇ ਕਹਿਣ ਲਗਿਆ ਅਛਾ, ਕੌਰ ਨੂੰ ਕਹੋ ਮਹਾਰਾਜਾ ਮੁਆਫ ਕਰਦਾ ਹੈ ਇਸ ਤਰਾਂ ਕੌਰ ਸ਼ੇਰ ਸਿੰਘ ਦੀ ਬੰਦ ਖਲਾਸੀ ਹੋਈ।

ਜਥਾ ਰਾਜਾ ਤਥਾ ਪ੍ਰਜਾ

ਡੋਗਰੇ ਤਾਂ ਪਹਿਲਾਂ ਹੀ ਦਾੜ੍ਹੀਆਂ ਦੀ ਮੁਸ਼ਕਾਂ ਦੇ ਕੇ ਰਖਦੇ ਸਨ, ਪਰ ਮਹਾਰਾਜਾ ਸ਼ੇਰ ਸਿੰਘ ਨੂੰ ਭੀ ਦਾੜ੍ਹਾ ਚਾੜ੍ਹਨ ਦੀ ਆਦਿਤ ਪਈ, ਸ਼ੇਰੇ ਪੰਜਾਬ ਖੁਲ੍ਹਾ ਦਾੜ੍ਹਾ ਰਖਦਾ ਅਤੇ ਦਾੜ੍ਹੇ ਦਾ ਅਦਬ ਰਖਕੇ ਖੁਸ਼ ਹੁੰਦਾ, ਪਰ ਸ਼ੇਰ ਸਿੰਘ ਨੇ ਦਾੜ੍ਹਾ ਬੰਧਣ ਦੀ ਪਰਪਾਟੀ ਚਲਾਈ, ਤੁੰਗਲ ਅਤੇ ਬੁਦਕੀਆਂ ਪਹਿਰਨ ਦੀ ਵਾਦੀ ਭੀ ਚਲੀ ਜਿਸ ਦਾ ਫਲ

ਜਥਾ ਰਾਜਾ ਤਥਾ ਪ੍ਰਜਾ ਵਾਲਾ ਪ੍ਰਚਾਰ ਹੁੰਦਾ ਗਿਆ। ਦਾੜ੍ਹੇ ਨੂੰ ਮੁਸ਼ਕਾਂ ਦੇਣੀਆਂ ਸਿਖ ਮਰਯਾਦਾ ਨਹੀਂ ਹੈ ਜੇ ਦਾੜ੍ਹਾ ਬੰਧਣ ਨਾਲ ਛੋਟਾ ਭਾਸਦਾ ਹੈ ਤਾਂ ਇਹ ਮਨ ਹੋਰ ਮੁਖ ਹੋਰ ਦਸ਼ਾ ਹੈ। ਸ਼ਿੰਗਾਰ ਰਸਿਕ ਲੋਕ ਭੀ ਦਾੜ੍ਹਾ ਬੰਧਣੇ ਵਲ ਝੁਕੇ। ਸਿਖ ਰਿਆਸਤਾਂ ਵਿਚ ਹਿੰਦੂ, ਮੁਸਲਮਾਨ ਦਾੜ੍ਹਾ ਰਖਕੇ ਚਾੜ੍ਹਦੇ ਰਹੇ ਹਨ, ਕਲਫ ਲੌਣ ਦਾ ਰਿਵਾਜ ਭੀ ਚਲਿਆ। ਫੌਜਾਂ ਵਿਚ ਹੁਣ ਹੁਕਮਨ ਦਾੜ੍ਹਾ ਚਾੜ੍ਹਿਆ ਜਾਂਦਾ ਹੈ। ਗੁਰੂ ਸਾਹਿਬਾਨ ਦੇ ਸਮੇਂ ਵਿਚ ਦਾੜ੍ਹਾ ਬੰਧਣੇ ਦਾ ਹੁੱਕਾ ਰਿਵਾਜ ਨਹੀਂ ਸੀ।ਮਿਸਲਾਂ ਦੇ ਆਰੰਭ ਤੀਕਰ ਕਿਸੇ ਸਿਖ ਨੇ ਦਾੜ੍ਹਾ ਨਹੀਂ ਬੰਧਿਆ ਬਲਕਿ ਦਾੜ੍ਹਾ ਬੰਧਣੇ ਵਾਲੇ ਨੂੰ ਲੰਡਾ ਕਿਹਾ ਜਾਂਦਾ ਸੀ, ਦਾੜ੍ਹਾ ਚਾੜ੍ਹਨੇ ਵਾਲਾ ਸਿਖਾਂ ਦੇ ਧਾਰਮਕ ਕੰਮਾਂ ਵਿਚ ਆਗੂ ਨਹੀਂ ਹੋ ਸਕਦਾ।

ਯੋਗ ਰਾਜਾ

ਗੁਰਵਾਕ ਹੈ 'ਤਖਤੈ ਰਾਜਾ ਸੋ ਬਹੈ ਜੋ ਤਖਤੈ ਲਾਇਕ ਹੋਈ' ਯੋਗ ਪੁਰਖ ਹੀ ਚੰਗਾ ਰਾਜ ਕਰ ਸਕਦਾ ਹੈ। ਇਹ ਠੀਕ ਹੈ ਕਿ ਰਾਜ ਤਖਤ ਦਾ ਮਾਲਕ ਰਾਜੇ ਦਾ ਯੋਗ ਪੁਤ੍ਰ ਹੈ ਕਿਸੇ ਦੀ ਮਾਰੀ ਮਾਰ ਜਾਂ ਘਾਲਣਾ ਉਸ ਦੀ ਵੰਸ ਦਾ ਜੱਦੀ ਹਕ ਹੋ ਜਾਂਦਾ ਹੈ ਪਰੰਤੂ ਅਯੋਗ ਪੁਤ੍ਰ ਜਾਂ ਉਸ ਦੀ ਵੰਸ ਜੋ ਰਾਜ ਕਰਨ ਦੇ ਕਾਬਲ ਨਾ ਹੋਵੇ ਸਚੇ ਅਰਥਾਂ ਵਿਚ ਹੱਕਦਾਰ ਸਮਝਣੀ ਗਲਤ ਤ੍ਰੀਕਾ ਹੈ ਗੁਰੂ ਸਾਹਿਬ ਨੇ ਫੁਰਮਾਇਆ ਹੈ "ਰਾਜਾ ਤਖਤ ਟਿਕੈ ਗੁਣੀ ਭੈ ਪੰਚਾਇਣ ਰਤ" ਅਰਥਾਤ ਰਾਜਾ ਗੁਣੀ ਹੋਵੇ ਅਤੇ ਪੰਚਾਇਣ (ਪਾਰਲੀਮੈਂਟ) ਦੇ ਆਸਰੇ ਨਾਲ

ਰਾਜ ਕਰੇ। ਰਾਜ ਕਰਨੇ ਦਾ ਮੁਖ-ਮੰਤਵ ਇਹ ਹੈ "ਰਾਜੇ ਚੁਲੀ ਨਿਆਵ ਕੀ" ਅਰ ਰਾਜ ਧਰਮ ਰਈਅਤ ਦਾ ਇਨਸਾਫ ਕਰਨਾ ਅਤੇ ਪਬਲਿਕ ਨੂੰ ਸ਼ਤਰੂਆਂ ਤੋਂ ਬਚਾ ਕੇ ਸੁਖ ਦੇਣਾ ਹੈ। ਇਹੋ ਅਸੂਲ ਮਾਨੁਖ ਮਾਤ੍ਰ ਦਾ ਸਾਂਝਾ ਹੈ।

ਰਾਜ ਪੂਤਾਂ ਵਲੋਂ ਡੋਲੇ

ਪਹਾੜੀ ਡੋਗਰੇ ਰਾਜਪੂਤ ਅਕਸਰ ਸਿੱਖ ਰਈਸਾਂ ਨੂੰ ਚਿਟ੍ਰੇ ਚੰਮ ਵਾਲੀਆਂ ਲੜਕੀਆਂ ਦੇ ਡੋਲੇ ਦੇ ਕੇ ਭਰਮੌਣ ਵਿਚ ਕਾਮਯਾਬ ਹੁੰਦੇ ਰਹਿੰਦੇ। ਹਿੰਦੂ ਰਾਜ ਪੂਤ ਲੜਕੀਆਂ ਦੀ ਰਾਹੀਂ ਹਰ ਪ੍ਰਕਾਰ ਦੇ ਮਤਲਬ ਨਿਕਾਲਦੇ। ਮਹਾਰਾਜਾ ਰਣਜੀਤ ਸਿੰਘ ਜੀ ਨੂੰ ਭੀ ਇਨ੍ਹਾਂ ਡੋਲਿਆਂ ਦੇ ਜਾਲ ਵਿਚ ਫਸਾ ਕੇ ਕਿਲੇ ਵਿਚ ਹਿੰਦੂ ਰਸਮਾਂ ਦਾ ਅੱਡਾ ਬਣਾਇਆ, ਈਹੋ ਮੁਖ ਕਾਰਨ ਸੀ ਕਿ ਮਹਾਰਾਜਾ ਰਣਜੀਤ ਸਿੰਘ ਮਹਾਰਾਣੀਆਂ ਨੂੰ ਲੈਕੇ ਕਦੀ ਗੰਗਾ ਨੂੰ ਦੌੜਦਾ ਕਦੀ ਦੇਵੀ ਦੇ ਛਤ੍ਰ ਝਲੌਂਦਾ ਫਿਰਦਾ, ਸਿੱਖਾਂ ਵਿਚ ਹਿੰਦੂ ਰਸਮਾਂ ਦਾ ਔਣਾਂ ਜਥਾ ਰਾਜਾ ਤਥਾ ਪ੍ਰਜਾ ਦੀ ਕਹਾਵਤ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਧਾਰਨਾ ਵਲੋਂ ਢਿੱਲੜ ਪਣਾ ਸੀ।ਮਹਾਰਾਜਾ ਸ਼ੇਰਸਿੰਘ ਜੀ ਨੂੰ ਭੀ ਇਨ੍ਹਾਂ ਡੋਗਰਿਆਂ ਨੇ ਡੋਲੇ ਦੇਣ ਦੀ ਚਾਟੇ ਪਾਇਆ ਇਨ੍ਹਾਂ ਦੇ ਭੀ ਇਕ ਪਹਾੜਨ ਲੜਕੀ ਦਾ ਡੋਲਾ ਪੇਸ਼ ਕੀਤਾ ਇਹ ਕਾਂਗੜੇ ਦੇ ਇਕ ਰਾਜਪੂਤ ਰਾਜੇ ਦੀ ਬੇਟੀ ਸੀ। ਇਸ ਥੀਂ ਇਕ ਲੜਕਾ ਹੋਇਆ ਜਿਸ ਦਾ ਨਾਮ ਸ਼ਿਵਦੇਵ ਸਿੰਘ ਸੀ, ਮਹਾਰਾਜਾ ਸ਼ੇਰ ਸਿੰਘ ਦਾ ਜੱਦੀ ਸ਼ਾਹਜ਼ਾਦਾ ਪ੍ਰਤਾਪ ਸਿੰਘ ਤਾਂ ਆਪ ਦੇ ਨਾਲ ਹੀ ਸੰਧਾਵਾਲੀਆਂ ਦੇ ਹਥੋਂ ਕਤਲ ਹੋ ਚੁਕਿਆ

ਸੀ, ਡੋਗਰਿਆਂ ਦੀ ਆਸ ਇਹਭੀ ਸੀਕਿ ਜੇ ਕਿਸੇ ਤਰਾਂ ਸ਼ਿਵਦੇਵ ਸਿੰਘ ਹੀ ਤਖਤ ਦਾ ਮਾਲਕ ਹੋ ਜਾਵੇ ਤਦ ਭੀ ਤ੍ਰੀਕੇ ਨਾਲ ਸਿੱਖ ਰਾਜ ਡੋਗਰੇ ਰਾਜਪੂਤਾਂ ਦੇ ਹਥ ਆ ਜਾਵੇਗਾ ਪਰ ਇਹ ਕੋਸ਼ਸ਼ਾਂ ਸਫਲ ਨਾ ਹੋਈਆਂ ਸੰਧਾਵਾਲੀਏ ਇਸ ਨਾਲ ਸਹਿਮਤ ਨਾ ਹੋਏ। ਸ਼ਿਵਦੇਵ ਸਿੰਘ ਮਹਾਰਾਜਾ ਦਲੀਪ ਸਿੰਘ ਨਾਲ ਅੰਗਰੇਜ਼ ਕੰਪਨੀ ਦੀ ਨਿਗਰਾਨੀ ਵਿਚ ਪੜ੍ਹਦਾ ਰਿਹਾ ਅਤੇ ਫਤਹ ਗੜ੍ਹ ਦੀ ਨਜ਼ਰ ਬੰਦੀ ਵੇਲੇ ਇਹ ਅਰ ਉਸ ਦੀ ਮਾਤਾ ਨਾਲ ਸਨ ਪਰ ਵਲਾਇਤ ਜਾਣ ਵੇਲੇ ਸ਼ਿਵਦੇਵ ਸਿੰਘ ਦੀ ਮਾਤਾ ਰਜ਼ਾਮੰਦ ਨਾ ਹੋਈ, ਸ਼ਾਇਦ ਉਸ ਨੂੰ ਭੀ ਇਹ ਖਿਆਲ ਹੋਵੇ ਕਿ ਸ਼ਾਇਦ ਰਾਜ ਗੱਦੀ ਸਾਨੂੰ ਹੀ ਮਿਲ ਜਾਵੇ ਪਰ ਇਹ ਪਹਾੜਨ ਰਾਣੀ ਸਮੇਤ ਆਪਣੇ ਪੁਤ੍ਰ ਸ਼ਿਵਦੇਵ ਸਿੰਘ ਦੇ ਬਨਾਰਸ ਵਿਚ ਅੰਗਰੇਜ਼ ਦੀ ਨਿਗਰਾਨੀ ਵਿਚ ਰਹੀ ਇਥੋਂ ਇਨ੍ਹਾਂ ਨੂੰ ਸੰਨ ੧੮੫੮ ਈ: ਨੂੰ ਅਵੱਧ ਇਲਾਕੇ ਵਿਚ ਅੱਠ ਕੁ ਹਜ਼ਾਰ ਦੀ ਜਾਗੀਰ ਦੇਕੇ ਵਸਾ ਦਿਤਾ ਗਿਆ। ਸ਼ਿਵਦੇਵ ਸਿੰਘ ਦੇ ਲੜਕੇ ਦਾ ਨਾਮ ਸੁਖਦੇਵ ਸਿੰਘ ਸੀ ਇਹ ਭੀ ਲਾਵਲਦੀ ਹਾਲਤ ਵਿਚ ਸੰਮਤ ੧੯੧੮ਨੂੰ ਚਲਾਣੇ ਕਰ ਗਿਆ।

ਮਿਸਲ ਦਾਰਾਂ ਵਿਚੋਂ ਭੀ ਕਈਆਂ ਨੂੰ ਹਿੰਦੂ ਰਾਜੇ ਲੜਕੀਆਂ ਦੇ ਕੇ ਪ੍ਰਚੌਂਦੇ ਸਨ, ਏਹੀ ਕਾਰਨ ਹੈ ਕਿ ਹੁਣ ਤੀਕਰ ਭੀ ਇਨ੍ਹਾਂ ਦੇ ਭਵਨਾਂ ਦੇ ਕਿਲਿਆਂ ਵਿਚ ਦੇਵੀ ਦੁਆਲੇ ਠਾਕਰ ਦੁਆਰੇ ਦੇਖੇ ਜਾਂਦੇ ਹਨ ਇਹ ਹਿੰਦੂ ਰਾਜਪੂਤ ਰਾਣੀਆਂ ਦੇ ਪੂਜਾ ਹਿਤ ਬਣਾਏ ਜਾਂਦੇ ਸਨ, ਜਿਨ੍ਹਾਂ ਨੂੰ ਕਿ ਦੇਖਕੇ ਸਿਖ ਮਹਾਰਾਣੀਆਂ ਅਤੇ ਉਨ੍ਹਾਂ ਦੀ ਉਲਾਦ ਪਰ ਹਿੰਦੂ ਰਸਮਾਂ ਦਾ ਅਸਰ ਪੈਂਦਾ ਰਹਿੰਦਾ। ਸਿੱਖ ਰਈਸਾਂ ਨੂੰ ਹਿੰਦੂ ਰਾਜਪੂਤਾਂ ਦੇ

ਅਥਵਾ ਅਨਮਤੀਆਂ ਦੇ ਡੋਲਿਆਂ ਨੂੰ ਮਿਠੀ ਜ਼ਹਿਰ ਸਮਝਣਾਂ ਚਾਹੀਦਾ ਸੀ ਹਿੰਦੂ ਰਾਜਪੂਤ ਮੁਗਲ ਬਾਦਸ਼ਾਹਾਂ ਨੂੰ ਭੀ ਲੜਕੀਆਂ ਦੇ ਡੋਲੇ ਦਿੰਦੇ ਰਹੇ, ਭਾਵੇਂ ਉਨ੍ਹਾਂ ਵਿਚ ਹਿੰਦੂ ਰਸਮੋ ਰਿਵਾਜ ਆਏ ਪਰ ਰਾਜ ਪੂਤ ਭੀ ਮੀਏਂ ਕੇ ਆਦਿ ਕਹਾ ਕੇ ਵੰਡੇ ਗਏ । ਬਾਦਸ਼ਾਹ ਅਕਬਰ ਨੇ ਬਬੇਰਿਆਂ ਨੂੰ ਆਪਣੇ ਇਲਾਹੀ ਮਤ ਵਿਚ ਲਿਆਂਦਾ ਉਸ ਵੇਲੇ ਦੇ ਬਬੇਹੇ ਰਾਜਪੂਤ ਮੁਸਲਮਾਨ ਬਣੇ ਹੋਏ ਹਨ।

ਬਾਬਾ ਗੁਰਬਖਸ਼ ਸਿੰਘ ਬੰਦਾ ਬਹਾਦਰ ਨੂੰ ਪਹਾੜੀ ਰਾਜ ਪੂਤਾਂ ਨੇ ਲੜਕੀਆਂ ਦੇ ਡੋਲੇ ਦੇਕੇ ਆਪਣੇ ਪੰਜੇ ਵਿਚ ਫਸੌਣ ਦਾ ਯਤਨ ਕੀਤਾ, ਅਖੀਰ ਜਿਸਦਾ ਘਾਟਾ ਸਿੱਖਾਂ ਅਤੇ ਬੰਦਾ ਬਹਾਦਰ ਨੇ ਚੰਗੀ ਤਰਾਂ ਅਨਭਵ ਕੀਤਾ।

ਨੋਟ—ਜੇ ਲਾਰਡ ਡਲਹੌਜ਼ੀ ਚਾਹੁੰਦਾ ਤਾਂ ਸ਼ਾਹੀ ਖਾਨ-ਦਾਨ ਵਿਚ ਹਿੰਦੀ ਨਸਲ ਜਾਂ ਖੂਨ ਕਾਇਮ ਰਖਣ ਲਈ ਮਹਾਰਾਜਾ ਦਲੀਪ ਸਿੰਘ ਨਾਲ ਮਹਾਰਾਜਾ ਸ਼ੇਰ ਸਿੰਘ ਦੀ ਰਾਜਪੂਤ ਰਾਣੀ ਨਾਲ ਸ਼ਾਦੀ ਕਰਵਾ ਸਕਦਾ ਸੀ ਪਰ ਉਸ ਨੂੰ ਤਾਂ ਏਥੇ ਤੀਕਰ ਕਰੜਾ ਕਰ ਲਿਆ ਕਿ ਅਟਾਰੀ ਵਾਲਾ ਰਿਸ਼ਤਾ ਭੀ ਨਹੀਂ ਲੈਣਾਂ ਚਾਹੁੰਦਾ। ਅਖੀਰ ਦਲੀਪ ਸਿੰਘ ਨੇ ਆਪਣੀ ਮਾਤਾ ਦਾ ਮ੍ਰਿਤਕ ਸੰਸਕਾਰ ਕਰਕੇ ਇੰਗਲੈਂਡ ਨੂੰ ਵਾਪਸ ਜਾਂਦਿਆਂ ਸਕੰਦਰੀਆ ਦੇ ਰਹਿਣਵਾਲੇ ਜਰਮਨ ਮੂਲਰ ਦੀ ਬੇਟੀ ਬੰਬਾ ਨਾਲ ੭ ਜੂਨ ੧੮੬੪ ਨੂੰ ਸ਼ਾਦੀ ਕਰਵਾਈ, ਇਸ ਦੀ ਮਾਤਾ ਐਬੇਸੀਨੀਅਨ ਹੋਣ ਕਰਕੇ ਇਹ ਅਰਬੀ ਜ਼ਬਾਨ ਬੋਲਦੀ ਸੀ।

ਕਪੂਰਥਲੇ ਦੀ ਗੱਦੀ

ਰਾਜਾ ਫਤਹ ਸਿੰਘ ਜੀ ਦਾ ਸਪੁਤ੍ਰ ਰਾਜਾ ਨਿਹਾਲ ਸਿੰਘ ਦਾ ਜਨਮ ਸੰਮਤ ੧੮੭੩ ਬਿ: ਦਾ ਸੀ। ਸ: ਫਤਹ ਸਿੰਘ ਜੀ ਬਹਾਦਰ ਦਾ ਦੇਹਾਂਤ ਅਕਤੂਬਰ ਸੰਨ ੧੮੪੦ ਈ: ਵਿਖੇ ਹੋਇਆ ਪਿਛੋਂ ਰਾਜ ਦਾ ਮਾਲਕ ਸਰਦਾਰ ਨਿਹਾਲ ਸਿੰਘ ਹੋਇਆ।

ਰਾਜ ਗੱਦੀ ਪਿਛੋਂ ਇਨ੍ਹਾਂ ਦੇ ਭਾਈ ਸ: ਅਮਰ ਸਿੰਘ ਨੇ ਕਾਫੀ ਕਲੇਸ਼ ਖੜੇ ਕੀਤੇ, ਕਤਲ ਕਰਨ ਤੀਕਰ ਨੌਬਤ ਪਹੁੰਚੀ। ਮਹਾਰਾਜਾ ਰਣਜੀਤ ਸਿੰਘ ਜੀ ਨੇ ਦੋਨਾਂ ਭਰਾਵਾਂ ਨੂੰ ਲਾਹੌਰ ਸਦ ਕੇ ਸੁਲਹ ਕਰਵਾ ਦਿਤੀ। ਸਰਦਾਰ ਅਮਰ ਸਿੰਘ ਨੂੰ ਸਵਾ ਕੁ ਲੱਖ ਰੁਪਏ ਦੀ ਜਾਗੀਰ ਦਿਵਾ ਦਿਤੀ। ਇਹ ਸਮਾਂ ਸੰਮਤ ੧੮੯੪ ਬਿ: ਦਾ ਸੀ। ਸਰਦਾਰ ਅਮਰ ਸਿੰਘ ਦਾ ਲਾਹੌਰ ਦਰਬਾਰ ਵਲੋਂ ਕਾਫੀ ਮਾਣ ਭੀ ਰਿਹਾ।

ਕਈਕ ਘਰੋਗੀ ਨਾਰਾਜ਼ੀਆਂ ਦੇ ਕਾਰਨ, ਰਾਜਾ ਨਿਹਾਲ ਸਿੰਘ ਸਤਲੁਜ ਟੱਪਕੇ ਕਲਾਰਕ ਦੀ ਰਾਹੀਂ ਅੰਗਰੇਜ਼ਾਂ ਨੂੰ ਜਾ ਮਿਲਿਆ। ਖਾਲਸਾ ਦਰਬਾਰ ਨਾਲ ਨਾ ਰਿਹਾ। ਵੈਸੇ ਇਸਦਾ ਰਸੂਖ ਅਰ ਮਾਣ ਅਰ ਬੀਰਤਾ ਦਾ ਸਿੱਕਾ ਲਾਹੌਰ ਦੇ ਸਰਦਾਰਾਂ ਵਿਚ ਮੰਨੀਦਾ ਸੀ ਅਰ ਨਵਾਬ ਕਪੂਰ ਸਿੰਘ ਦੀ ਗੱਦੀ ਪਰ ਬੈਠਣੇ ਕਰਕੇ ਵੈਸੇ ਭੀ ਪੰਥ ਵਿਚ ਬਹੁਤ ਇੱਜ਼ਤ ਨਾਲ ਦੇਖੀਦਾ ਸੀ।

ਸੰਮਤ ੧੯੦੨ (੧੮੪੫ ਈ:)ਵਿਖੇ ਸਤਿਲੁਜ ਵਾਲੀ ਜੰਗ ਲਾਹੌਰ ਦੀ ਫੌਜਾਂ ਨਾਲ ਅੰਗਰੇਜ਼ਾਂ ਦੀ ਹੋਈ ਜੰਗ ਵਿਖੇ

ਕਪੂਰਥਲੇ ਦੀ ਫੌਜ ਨੇ ਸਿਖਾਂ ਨਾਲ ਲੜਨੋ ਇਨਕਾਰ ਕਰ ਦਿਤਾ ਸੀ, ਬਲਕਿ ਉਥੇ ਦੇ ਵਜ਼ੀਰ ਰਜਬ ਅਲੀ ਖਾਂ ਨੂੰ ਕਤਲ ਕਰ ਦਿਤਾ, ਰਾਜਾ ਨਿਹਾਲ ਸਿੰਘ ਜੰਗ ਵਿਚ ਸ਼ਾਮਲ ਨਾ ਹੋ ਸਕਿਆ।

ਇਸ ਬਦਲੇ ਅੰਗਰੇਜ਼ਾਂ ਨੇ ਕਪੂਰਥਲੇ ਦਾ ਕਾਫੀ ਇਲਾਕਾ ਜ਼ਬਤੀ ਵਿਚ ਲਿਆਂਦਾ ਸੀ, ਕੁਛ ਨਾਰਾਜ਼ੀ ਹੋਈ। ਇਸ ਨਾਰਾਜ਼ੀ ਨੂੰ ਦੂਰ ਕਰਨ ਵਾਸਤੇ ਰਾਜਾ ਨਿਹਾਲ ਸਿੰਘ ਨੇ ਸਿਖਾਂ ਦੇ ਦੂਜੇ ਜੰਗਾਂ ਵਿਚ ਅੰਗਰੇਜ਼ਾਂ ਨੂੰ ਮਦਦ ਦਿਤੀ। ਤਦ ਲਾਰਡ ਜਾਨ ਲਾਰਨਸ ਗਵਰਨਰ ਜਨਰਲ ਨੇ ਕਪੂਰ-ਥਲੇ ਪਹੁੰਚਕੇ ਰਾਜਾ ਦਾ ਖਿਤਾਬ ਦਿਤਾ। ਜ਼ਬਤ ਕੀਤੇ ਗਏ ਕੁਝ ਇਲਾਕੇ ਭੀ ਛਡੇ। (ਵਿਸਥਾਰ ਹੋਰ ਜਗਾ ਤੇ ਆਵੇਗਾ) ਰਾਜਾ ਨਿਹਾਲ ਸਿੰਘ ਦਾ ਦੇਹਾਂਤ ੧੩ ਦਸੰਬਰ ਸੰਨ ੧੮੫੨ ਈ: (ਸੰਮਤ ੧੯੦੯) ਵਿਖੇ ਹੋਇਆ ਇਨਾਂ ਦੀ ਗੱਦੀ ਪਰ ਰਾਜਾ ਰਣਧੀਰ ਸਿੰਘ ਬਿਰਾਜਿਆ,ਇਸ ਨੇ ਸਰਕਾਰ ਅੰਗਰੇਜ਼ੀ ਦੀ ਬਹੁਤ ਸੇਵਾ ਕੀਤੀ।

ਨੋਟ—ਕੰਵਰ ਅਮਰ ਸਿੰਘ ਦੇ ਚਲਾਣੇ ਕਰਨ ਪਰ ਰਾਜਾ ਨਿਹਾਲ ਸਿੰਘ ਨੇ ਵਜ਼ੀਰ ਧਿਆਨ ਸਿੰਘ ਨਾਲ ਰਲਕੇ ਉਸ ਦੀ ਕਾਫੀ ਜਾਗੀਰ ਰਿਆਸਤ ਨਾਲ ਰਲਾ ਦਿਤੀ ਸੀ, ਮਹਾਰਾਜਾ ਸ਼ੇਰ ਸਿੰਘ ਨੇ ਨਾਰਾਜ਼ ਹੋਕੇ ਕਪੂਰਥਲੇ ਦੇ ਕੁਛ ਪਿੰਡ ਜ਼ਬਤ ਕਰ ਲਿਤੇ, ਇਸ ਨਾਰਾਜ਼ੀ ਨਾਲ ਸਤਲੁਜੋਂ ਪਾਰ ਪਖੋਵਾਲ ਜਾ ਰਿਹਾ ਸੀ ਇਸ ਜੰਗ ਵੇਲੇ ਇਸਦੀ ਫੌਜ ਸਿਖ ਫੌਜਾਂ ਨਾਲ ਫਲੌਰ ਜਾ ਰਲੀ ਸੀ। ਉਨ੍ਹਾਂ ਨੇ ਕੁਛ ਲੁਟ ਦਾਂ ਮਾਲ ਕਪੂਰਥਲੇ ਘਲਿਆ ਸੀ, ਰਾਜਾ ਨਿਹਾਲ ਸਿੰਘ ਦਾ

ਇਲਾਕਾ ਫਤਹਗੜ੍ਹ, ਈਸੜ੍ਹ, ਨਾਰਾਇਣ ਗੜ੍ਹ, ਜਗਰਾਉਂ, ਛੋਡਰੀ ਆਦਿ ਜੋ ਛੀ ਕੁ ਲਖ ਦਾ ਸੀ ਉਸ ਵੇਲੇ ਅੰਗਰੇਜ਼ਾਂ ਨੇ ਜ਼ਬਤ ਕੀਤਾ ਸੀ।

ਵਜ਼ੀਰ ਧਿਆਨ ਸਿੰਘ ਦਾ ਕਤਲ

ਸਚ ਹੈ, ਤੇਰੇ 'ਮਾਰਨੇ ਕਉ, ਤੇਰਾ ਪਾਪ ਮਹਾਂ ਬਲੀ ਹੈ' ਅਜੀਤ ਸਿੰਘ ਅਰ ਲੈਹਣਾ ਸਿੰਘ ਨੇ ਮਹਾਰਾਜਾ ਸ਼ੇਰ ਸਿੰਘ ਅਰ ਕੰਵਰ ਪ੍ਰਤਾਪ ਸਿੰਘ ਜੀ ਦੇ ਸਿਰ ਕੱਟ ਕੇ ਧਿਆਨ ਸਿੰਘ ਅਗੇ ਜਾ ਰਖੇ ਕਿ ਤੇਰੇ ਦੁਸ਼ਮਨਾਂ ਦੇ ਸਿਰ ਆਹ ਲਾਹੇ ਪਏ ਹਨ।ਅਸੀਂ ਤੇਰੇ ‡ਹੁਕਮ ਦੀ ਪਾਲਨਾਂ ਕਰ ਦਿੱਤੀਹੈ।

ਧਿਆਨ ਸਿੰਘ ਬਹੁਤ ਖੁਸ਼ ਹੋਇਆ, ਸਚ ਹੈ 'ਬਿਪ੍ਰੀਤ ਬੁਧੀ ਬਿਨਾਸ ਕਾਲੇ' ਜਦ ਮੌਤ ਆਉਂਦੀ ਹੈ ਪੁਰਸ਼ ਦੀ ਬੁਧੀ ਮਾਰੀ ਜਾਂਦੀ ਹੈ। ਧਿਆਨ ਸਿੰਘ ਸੰਧਾਵਾਲੀਆਂ ਦੇ ਨਾਲ ਕਿਲੇ ਵਿਚ ਜਾ ਰਿਹਾ ਹੰਕਾਰੀ ਨੂੰ ਏਹ ਨਾਂ ਸੁਝਿਆ ਕਿ ਏਹ ਕਰੋਧੀ ਮਤਾਂ ਮੈਨੂੰ ਹੀ ਨਾ ਮਾਰ ਸੁੱਟਣ। ਧਿਆਨ ਸਿੰਘ ਨੂੰ ਆਪਣੀ ਤਾਕਤ ਦਾ ਮਾਣ ਸੀ, ਫੁਲਿਆ ਫੁਲਿਆ ਨਾਲੇ ਦੱਲ ਪਿਆ ਪਰ ਉਸ ਦੇ ਪਾਪਾਂ ਦਾ ਫਲ ਭੀ ਅੰਤ ਮਿਲਣਾ ਸੀ।

ਸ: ਲਹਿਣਾ ਸਿੰਘ ਨੇ ਕਿਹਾ ਕਿ ਵਜ਼ੀਰ ਜੀ! ਹੁਣ ਰਾਜ ਗੱਦੀ ਦਾ ਮਾਲਕ ਕੌਣ ਹੋਵੇਗਾ? ਧਿਆਨ ਸਿੰਘ ਨੇ ਮੱਜਰੇ ਦਿਮਾਗ ਨਾਲ ਕਿਹਾ ਕਿ ਦਲੀਪ ਸਿੰਘ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਹੈ? ਸੰਧਾਵਾਲੀਆਂ ਨੂੰ ਝੱਟ ਕ੍ਰੋਧ ਚੰਡਾਲ

‡੧੫ ਸਤੰਬਰ ਦੀ ਤ੍ਰੀਕ ਪਹਿਲੋਂ ਮਿਥੀ ਹੋਈ ਸੀ ਧਿਆਨ ਸਿੰਘ ਕਿਲੇ ਵਿਚੋਂ ਆਇਆ ਹੀ ਸੀ।

ਚੜ੍ਹ ਗਿਆ ਕਿ ਮਾਰੀਏ ਤਾਂ ਅਸੀਂ ਕੰਮ ਸਭ ਸਾਡਾ ਹੁਣ ਭੀ ਗੱਦੀ ਦਾ ਮਾਲਕ ਦਲੀਪ ਸਿੰਘ ਨੂੰ ਬਣੌਣਾ ਚਾਹੁੰਦਾਹੈਂ ਅਰ ਆਪ ਵਜ਼ੀਰੀ ਕਰੇਂਗਾ ? ਇਸ ਪਰ ਉਥੇ ਹੀ ਉਸ ਦੇ ਗੋਲੀ ਮਾਰੀ, ਦੂਸਰੇ ਨੇ ਪਿਛੋਂ ਤਲਵਾਰ ਮਾਰ ਕੇ ਸਿਰ ਕੱਟ ਦਿਤਾ। ਆਪਣੇ ਮਾਲਕਾਂ ਨੂੰ ਖਤਮ ਕਰਾਕੇ ਧਿਆਨ ਸਿੰਘ ਭੀ ਨਾਲੇ ਚਲਣ ਵਾਲਾ ਹੋ ਗਿਆ ਲਾਹੌਰ ਦਾ ਰਾਜ ਕਰਨ ਦੇ ਬਾਨਣੂ ਬੰਨ੍ਹਦਾ ਆਪ ਭੀ ਮਕੜੀ ਦੀ ਤਰਾਂ ਆਪਣੇ ਤਣੇ ਹੋਏ ਜਾਲ ਵਿਚ ਫਸਕੇ ਮਰ ਗਿਆ।

ਮ: ਅਜੀਤ ਸਿੰਘ ਨੇ ਜ਼ਨਾਨਖਾਨੇ ਵਿਚੋਂ ਪੰਜਾਂ ਸਾਲਾਂ ਦੇ ਸ਼ਾਹਜ਼ਾਦਾ ਦਲੀਪ ਸਿੰਘ ਨੂੰ ਲਿਆਂਦਾ ਅਤੇ ਉਸ ਨੂੰ ਮਹਾਰਾਜਾ †ਸ਼ੇਰ ਸਿੰਘ ਦੇ ਲਹੂ ਦਾ ਟਿੱਕਾ ਲਗਾ ਕੇ ਰਾਜ ਤਿਲਕ ਦੀ ਰਸਮ ਕਰ ਦਿਤੀ। ਲਹੂ ਦਾ ਟਿੱਕਾ ਲਾ ਕੇ ਰਸਮ ਅਦਾ ਕਰਨੀ ਬਹੁਤ ਗਿਰੀ ਹੋਈ ਬਾਤ ਸੀ। ਲੈਹਣਾ ਸਿੰਘ ਨੇ ਘਰ ਵਿਚੇ ਆਪ ਹੀ ਵਜ਼ੀਰ ਬਣਕੇ ਐਲਾਨ ਕਰ ਦਿਤਾ। ਸਿਆਣਿਆਂ ਨੇ ਕਿਹਾ ਪਹਿਲਾਂ ਫੌਜਾਂ ਨੂੰ ਹੱਥ ਵਿਚ ਕਰੋ। ਲਹਿਣਾ ਸਿੰਘ ਨੇ ਹੈਂਕੜ ਨਾਲ ਕਿਹਾ ਅਸੀਂ ਇਹ ਕੰਮ ਫੌਜਾਂ ਦੇ ਜ਼ੋਰ ਨਾਲ ਨਹੀਂ ਕੀਤਾ।

---

†ਕਈਆਂ ਦਾ ਕਿਆਸ ਹੈ ਵਜ਼ੀਰ ਧਿਆਨ ਸਿੰਘ ਦੇ ਲਹੂ ਦਾ ਟਿੱਕਾ ਲਾਇਆ ਸੀ, ਖੈਰ ਕੁਛ ਹੋਵੇ ਇਹ ਚੰਗੇ ਲਗਨ ਦੀ ਬਾਤ ਨਹੀ ਸੀ। ਵਜ਼ੀਰ ਧਿਆਨ ਸਿੰਘ ਦੇ ਪੁਤ੍ਰ ਰਾਜਾ ਹੀਰਾ ਸਿੰਘ ਨੇ ਸੰਧਾਵਾਲੀਆਂ ਨੂੰ ਕਤਲ ਕਰਾ ਕੇ ਤਾਜ ਪੋਸ਼ੀ ਦੀ ਰਸਮ ੧੮ ਸਤੰਬਰ ਸੰਨ ੧੮੪੩ ਨੂੰ ਕੀਤੀ।

ਜਾਣ ਪਛਾਣ

ਵਜ਼ੀਰ ਧਿਆਨ ਸਿੰਘ ਨੇ ਵਜ਼ੀਰੀ ਕੀਤੀ ਆਪਣੀ ਨੀਤੀ ਨਾਲ, ਅਤੇ ਸਿਖਾਂ ਪਾਸੋਂ ਬਦਲੇ ਲਿਤੇ ਪੂਰੇ ਪੂਰੇ, ਸੰਧਾਵਾਲੀਏ ਦੋ ਅੜਿਕੇ ਓਹ ਦੇਵਨੇਤ ਨਾਲ ਆ ਗਿਆ ਓਹ ਕਿਲੇ ਵਲ ਮੁੜਨ ਦਾ ਧੋਖਾ ਖਾ ਗਿਆ, ਨਹੀਂ ਤਾਂ ਓਹ ਜ਼ਰੂਰ ਆਪਣੇ ਮੰਤਵ ਵਿਚ ਕਾਮਯਾਬ ਸੀ, ਦਲੀਪ ਸਿੰਘ ਨੂੰ ਗੱਦੀ ਬਿਠਾ ਕੇ ਓਹ ਪੰਜਾਬ ਦਾ ਰਾਜ ਜੇ ਕਰ ਸਕਦੇ ਸਨ ਕਰਦੇ ਪਰ ਇਉਂ ਭੀ ਨਾ ਕਰ ਸਕੇ। ਜੇ ਧਿਆਨ ਸਿੰਘ ਕਹਿ ਦਿੰਦਾ ਰਾਜ ਹੁਣ ਆਪਦਾ ਹੈ ਸੰਭਾਲੋ! ਫਿਰ ਭੀ ਕੁਛ ਨਹੀਂ ਹੁੰਦਾ ਸੀ, ਨੌਜਵਾਨ ਅਜੀਤਸਿੰਘ ਨੇ ਦੂਸਰੇ ਦੇ ਇਸ਼ਾਰੇ ਪਰ ਗੋਲੀ ਚਲਾਈ। ਵਜ਼ੀਰ ਧਿਆਨ ਸਿੰਘ ਦੀ ਪਾਲਿਸੀ ਅਤੇ ਕੁਟਲ ਨੀਤੀ ਸੰਥਿਆ ਪੂਰਤ ਹੈ। ਇਤਿਹਾਸ ਵਿਚੋਂ ਈਹੋ ਸਿਖਿਆ ਮਿਲਦੀ ਹੈ ਜੋ ਰਈਸ ਵਜ਼ੀਰਾਂ ਦੇ ਭਰੋਸੇ ਰਾਜ ਕਰਨ, ਓਹ ਅੰਤ ਧੋਖਾ ਖਾਂਦੇ ਹਨ। ਵਜ਼ੀਰ ਧਿਆਨ ਸਿੰਘ ਨੇ ਆਪਣੀ ਨੀਤੀ ਨਾਲ ਪੈਂਤੀਸ ਸਾਲ ਵਜ਼ੀਰੀ ਕੀਤੀ, ੧੫ ਸਤੰਬਰ ੧੮੪੩ ਨੂੰ ਕਤਲ ਹੋਇਆਂ, ਧਿਆਨ ਸਿੰਘ ਵਾਕਈ ਬੜਾ ਹੁਸ਼ਿਆਰ ਪੁਰਸ਼ ਸੀ।

ਸੰਧਾਵਾਲੀਆਂ ਦੀ ਦੂਰ ਅੰਦੇਸ਼ੀ

ਧਿਆਨ ਸਿੰਘ ਵਜ਼ੀਰ ਨੂੰ ਕਤਲ ਕਰਕੇ ਹੁਣ ਇਹ ਵਡੀ ਖੁਸ਼ੀ ਨਾਲ ਰਾਜ ਗੱਦੀ ਲੈ ਸਕਦੇ ਸੀ, ਚਲੋ ਖਾਨਦਾਨ ਤਾਂ ਸ਼ੇਰਿ ਪੰਜਾਬ ਦਾ ਲਹੂ ਸੀ ਪਰ ਧਿਆਨ ਸਿੰਘ ਨੂੰ ਮਾਰ ਕੇ

ਅਖਾਂ ਮੀਚ ਬੈਠੇ, ਇਹ ਨਾ ਸੋਚਿਆ ਕਿ ਧਿਆਨ ਸਿੰਘ ਕੋਈ ਕੱਲਾ ਤਾਂ ਨਹੀਂ ਹੈ ਉਸ ਦੇ ਪਿਛੇ ਉਸ ਦੀ ਜ਼ਬਰ ਦਸਤ ਡੋਗਰਾ ਪਾਰਟੀ ਹੈ। ਰਾਜਾ ਹੀਰਾ ਸਿੰਘ ਉਸ ਵੇਲੇ ਲਾਹੌਰੋਂ ਬਾਹਰ ਦੂਧੂ ਦੇ ਆਵੇ ਲਾਗੇ ਆਪਣੇ ਚਾਚਾ ਰਾਜਾ ਸੁਚੇਤ ਸਿੰਘ ਪਾਸ ਸੀ ਮਿਸਰ ਪਾਰਟੀ ਭੀ ਮਸ਼ਵਰੇ ਵਿਚ ਸ਼ਾਮਲ ਸੀ। ਸ: ਲਹਿਣਾ ਸਿੰਘ ਨੇ ਲਿਖਿਆ ਕਿ ਰਾਜਾ ਧਿਆਨ ਸਿੰਘ ਉਨ੍ਹਾਂ ਨੂੰ ਕਿਲੇ ਵਿਚ ਬੁਲੌਂਦਾ ਹੈ। ਸ: ਲਹਿਣਾ ਸਿੰਘ ਦੀ ਮਨਸ਼ਾ ਕਿਲੇ ਵਿਚ ਸਦਕੇ ਹੀਰਾ ਸਿੰਘ ਨੂੰ ਭੀ ਕਤਲ ਕਰਨੇ ਦੀ ਸੀ ਪਰ ਇਹ ਜਟਕੀ ਨੀਤੀ ਕੰਮ ਨਾ ਆਈ। ਮਹਾਂ ਹੁਸ਼ਿਆਰ ਜਲ੍ਹਾ ਪੰਡਿਤ ਨੇ ਹੀਰਾ ਸਿੰਘ ਨੂੰ ਕਿਹਾ ਕਿ ਜਦੋਂ ਤੀਕਰ ਰਾਜਾ ਸਾਹਿਬ ਦੀ ਚਿੱਠੀ ਨਾ ਪਹੁੰਚੇ ਨਹੀਂ ਜਾਣਾ ਚਾਹੀਦਾ,ਇਸ ਦਾ ਨਾਮ ਸੀ 'ਰਾਜ ਨੀਤੀ'। ਪਾਸੋਂ ਕੇਸਰੀ ਸਿੰਘ ਨੇ ਭੀ ਏਹੋ ਕਿਹਾ।

ਲਹਿਣਾ ਸਿੰਘ ਨੇ ਚਾਲ ਤਾਂ ਖੋਡੀ ਸੀ ਪਰ ਪੈਂਤੜਾ ਨਾ ਬਦਲਨਾ ਆਇਆ, ਇਸ ਦਾ ਨਾਮ ਸੀ 'ਸਵਾ ਪਹਿਰ ਦਿਨ ਚੜ੍ਹੇ' ਅਕਲ ਔਣ ਵਾਲੀ ਦਸ਼ਾ, ਉਧਰ ਰਾਜਾ ਹੀਰਾ ਸਿੰਘ ਨੂੰ ਭੀ ਅਸਲੀਅਤ ਦਾ ਪਤਾ ਲੱਗ ਗਿਆ,ਉਨ੍ਹਾਂ ਨੇ ਪੂਰਾ ਪੂਰਾ ਤੱਤਕਾਲ ਬਦਲਾ ਲਿਆ,ਸੰਧਾਵਾਲੀਆਂ ਦੀਆਂ ਤਜਵੀਜ਼ਾਂ ਪਰ ਪਾਣੀ ਫੇਰ ਦਿਤਾ।

ਹੀਰਾ ਸਿੰਘ ਦੀ ਹੁਸ਼ਿਆਰੀ

ਹੀਰਾ ਸਿੰਘ, ਧਿਆਨ ਸਿੰਘ ਦੇ ਪੁਤ੍ਰ ਨੇ ਜਿਸ ਵੇਲੇ ਆਪਣੇ ਬਾਪ ਦੀ ਮੌਤ ਬਾਰੇ ਸੁਣਿਆਂ ਓਹ ਜ਼ਹਿਰੀ ਸਰਪ ਦੀ

ਤਰਾਂ ਜ਼ਮੀਨ ਪਰ ਡਿਗ ਕੇ ਵਿਸ ਘੋਲਣ ਲਗਾ ਅਰ ਆਪਣੇ ਪਿਉ ਦੇ ਕਤਲ ਦਾ ਬਦਲਾ ਤਤਕਾਲ ਲੈਣ ਵਾਸਤੇ ਤਿਆਰ ਹੋਇਆ । ਹੀਰਾ ਸਿੰਘ ਬਾਪ ਨਾਲੋਂ ਭੀ ਵਧ ਕੇ ਹੁਸ਼ਿਆਰ ਅਰ ਚਾਲਾਕ ਸੀ, ਓਹ ਇਕ ਦਮ ਫੌਜਾਂ ਵਿਚ ਗਿਆ ਅਰ ਨੰਗੇ ਪੈਰ ਕਰਕੇ ਮੂੰਹ ਵਿਚ ਘਾਹ ਲੈ ਕੇ ਉਚੀ ਆਵਾਜ਼ ਨਾਲ ਘਿਘਿਆਕੇ ਪੁਕਾਰ ਕੀਤੀ ਕਿ ਹਾਏ ! ਸ਼ਾਹੀ ਖਾਨਦਾਨ ਨੂੰ ਸੰਧਾ ਵਾਲੀਆਂ ਨੇ ਕਤਲ ਕਰ ਦਿਤਾ ਹੈ। ਮਹਾਰਾਜਾ ਅਰ ਕੌਰ ਸਾਹਿਬ ਕਤਲ ਕਰ ਦਿਤੇ ਗਏ ਮੇਰਾ ਪਿਤਾ ਵਜ਼ੀਰ ਧਿਆਨ ਸਿੰਘ ਇਸ ਵਾਸਤੇ ਕਤਲ ਕੀਤਾ ਹੈ ਕਿ ਓਹ ਸੰਧਾ ਵਾਲੀਆਂ ਪਾਸੋਂ ਬਦਲਾ ਲੈਣਾ ਚਾਹੁੰਦਾ ਹੈ। ਗੁਰੂ ਦੇ ਵਾਸਤੇ ਖਾਲਸਾ ਜੀ ! ਸ਼ਾਹੀ ਖਾਨਦਾਨ ਨੂੰ ਕਤਲਿਆਮ ਤੋਂ ਬਚਾਓ। ਨਹੀਂ ਤਾਂ ਸਭ ਮਾਰੇ ਜਾਣਗੇ।

ਹੀਰਾ ਸਿੰਘ ਨੇ ਫੌਜ ਨੂੰ ਇਨਾਮ ਦੇਣ ਦਾ ਵਾਇਦਾ ਅਰ ਪਿਛਲੀ ਤਨਖਾਹਾਂ ਤੇ ਤ੍ਰੱਕੀ ਕਰਨ ਵਾਸਤੇ ਬਚਨ ਦਿਤੇ ਅਰ ਇਹ ਭੀ ਕਿਹਾ ਕਿ ਸੰਧਾ ਵਾਲੀਏ ਅੰਗਰੇਜ਼ਾਂ ਨਾਲ ਰਲ ਗਏ ਹਨ। ਥੋੜੇ ਦਿਨਾਂ ਤਕ ਲਾਹੌਰ ਵਿਚ ਅੰਗਰੇਜ਼ਾਂ ਦੀ ਫੌਜ ਆ ਜਾਵੇਗੀ। ਪੰਜਾਬ ਆਪ ਦੇ ਹਥੋਂ ਚਲਾ ਜਾਵੇਗਾ। ਗੁਲਾਮ ਹੋ ਕੇ ਦਿਨ ਗੁਜ਼ਾਰੋਗੇ ਆਦਿ। ਇਸ ਤਰਾਂ ਫੌਜਾਂ ਨੂੰ ਬਹੁਤ ਉਕਸਾਇਆ। ਭਾਵੇਂ ਹੀਰਾ ਸਿੰਘ ਦਾ ਰਸੂਖ ਫੌਜ ਵਿਚ ਪਹਿਲਾਂ ਭੀ ਕਾਫੀ ਸੀ ਪਰ ਇਸ ਵੇਲੇ ਦੀ ਉਸ ਦੀ ਤਕਰੀਰ ਨੇ ਸਭ ਦੇ ਦਿਲ ਹਿਲਾ ਦਿਤੇ ਅਰ ਸੰਧਾਵਾਲੀਆਂ ਨੂੰ ਮਾਰਨ ਵਾਸਤੇ ਫੌਜਾਂ ਤਿਆਰ ਹੋ ਗਈਆਂ। ਬਹੁਤ ਜੋਸ਼ ਵਧ ਗਿਆ ।

ਰਾਜਾ ਹੀਰਾ ਸਿੰਘ ਦਾ ਫੌਜ ਵਿਚ ਟੋਹਬ ਭੀ ਸੀ। ਉਸੇ ਵੇਲੇ ਨਜ਼ੀਬ ਪਲਟਣ ਅਵੀਤਾਵਲੇ ਦੀ ਫੌਜ ਧੌਂਕਲ ਸਿੰਘ ਵਾਲੀਆਂ ਡੋਗਰਾ ਫੌਜਾਂ ਆਦਿ ਕੋਈ ਤੀਸ ਬਤੀਸ ਹਜ਼ਾਰ ਜਵਾਨ ਸਣੇ ਤੋਪ ਖਾਨਿਆਂ ਦੇ ਚੜ੍ਹ ਪਿਆ। ਸਿੰਘਣੀਆਂ ਦੇ ਸ਼ਹੀਦ ਗੰਜ ਪਾਸ ਆ ਕੇ ਫੌਜ ਦੀ ਵੰਡ ਅਰ ਗਿਣਤੀ ਹੋਈ ਇਥੋਂ ਫ਼ੌਜ ਦਿਲੀ ਦਰਵਾਜ਼ੇ ਦੀ ਹੋ ਕੇ ਕਿਲੇ ਦੇ ਅਗੇ ਮਸੀਤ ਪਾਸ ਜਾ ਰਹੀ। ਸਰਦਾਰ ਅਜੀਤ ਸਿੰਘ ਅਰ ਸ੍ਰਦਾਰ ਲੈਹਣਾ ਸਿੰਘ ਪਾਸ ਥੋੜੀ ਜਹੀ ਫ਼ੌਜ ਸੀ ਦੋ ਤਰਫੋ ਤੋਪਾਂ ਦੇ ਫੈਰ ਸ਼ੁਰੂ ਹੋ ਪਏ। ਸੰਧਾ ਵਾਲੀਏ ਫਿਕਰ ਵਿਚ ਹੋਏ। ਜੰਗ ਕਰਕੇ ਮਰਨ ਮਾਰਨੇ ਦੀ ਠਾਣੀ ਪਰ ਮੁਕਾਬਲਾ ਨਾ ਕਰ ਸਕੇ। ਸਰਦਾਰ ਲੈਹਣਾ ਸਿੰਘ ਮੋਰੀ ਵਿਚ ਦੀ ਨੱਠਦਾ ਗੋਲੀ ਦਾ ਨਿਸ਼ਾਨਾਂ ਬਣ ਗਿਆ। ਸ: ਅਜੀਤ ਸਿੰਘ ਭਾਈ ਮਨੀ ਸਿੰਘ ਵਾਲੇ ਸ਼ਹੀਦ ਗੰਜ ਦੇ ਪਾਸੇ (ਕਿਲੇ ਦੇ ਪਿਛੇ) ਦੀਵਾਰ ਟੱਪ ਕੇ ਨੱਠਣ ਦੇ ਆਹਰ ਵਿਚ ਸੀ। ਉਸ ਨੇ ਢਾਲ ਤਲਵਾਰ ਹੇਠਾਂ ਸੁਟੀ ਅਰ ਆਪ ਫਸੀਲ ਟੱਪਣ ਲਈ ਕਿਲੇ ਦੀ ਦੀਵਾਰ ਨਾਲ ਲਟਕ ਹੀ ਰਿਹਾ ਸੀ ਕਿ ਇਕ ਪਠਾਨ ਨੇ ਆਕੇ ਉਸਦਾ ਸਿਰ ਕਟ ਦਿਤਾ।

ਸਃ ਹੀਰਾ ਸਿੰਘ ਦੇ ਕਾਰੇ

ਧਿਆਨਸਿੰਘ ਦੀ ਡੋਗਰਾ ਪਾਰਟੀ ਕੋਈ ਅੰਮ੍ਰਿਤਧਾਰੀ ਖਾਲਸੇ ਸਜੇ ਹੀ ਨਹੀਂ ਸਨ ਰਾਜਪੂਤਾਂ ਵਿਚ ਸਿੰਘ ਨਾਮ ਵੈਸੇ ਭੀ ਹੁੰਦੇ ਸਨ, ਕੇਵਲ ਵਾਧਾ ਇਨ੍ਹਾਂ ਵਿਚ ਕੇਸ ਦਾੜ੍ਹੇ ਰਖਣੇ ਦਾ ਸੀ ਓਹ ਭੀ ਲਾਲਚ ਅਰ ਦਿਖਾਵੇ ਖਾਤਰ ਸਨ। ਆਮ

ਲੋਕਾਂ ਨੂੰ ਧੋਖਾ ਲੱਗਦਾ ਸੀ ਕਿ ਇਹ ਸਿਖ ਹਨ ਹੀਰਾ ਸਿੰਘ ਆਪਣੇ ਬਾਪ ਧਿਆਨ ਸਿੰਘ ਨਾਲੋਂ ਚਾਲਾਕੀ ਵਿਚ ਚਾਰ ਕਦਮ ਅਗੇ ਸੀ। ਆਪਣੇ ਚਾਚੇ ਸੁਚੇਤ ਸਿੰਘ ਨਾਲ ਰਲਕੇ ਸੰਧਾ ਵਾਲੀਏ ਚੁਣ ਚੁਣ ਕੇ ਮਾਰੇ ਆਪ ਵਜ਼ੀਰ ਬਣ ਗਿਆ ਆਪਣਾ ਨਾਇਬ ਜੱਲਾ ਪੰਡਿਤ ਬਣਾ ਲਿਆ ਜੋ ਹਦ ਦਰਜੇ ਦਾ ਸ਼ਰਾਰਤੀ ਸੀ।

ਸੰਧਾ ਵਾਲੀਏ ਮਰਦੇ ਮੈਦਾਨ ਹੋ ਕੇ ਨਾ ਟੱਕਰ ਸਕੇ, ਸ: ਅਤਰ ਸਿੰਘ ਤਾਂ ਸਤਿਲੁਜ ਟੱਪ ਗਿਆ। ਸ: ਲੈਹਣਾਂ ਸਿੰਘ ਆਪਣੇ ਮਸਾਹਿਬ ਘਸੀਟੇ ਨਾਲ ਮੋਰੀ ਥਾਣੀ ਨਿਕਲ ਕੇ ਭਜਿਆ ਜਾਂਦਾ ਮਾਰਿਆ,ਅਜੀਤ ਸਿੰਘ ਕੰਧ ਪਰ ਦੀ ਨੱਠਿਆ ਜਾਂਦਾ ਕਤਲ ਕੀਤਾ, ਮਿਸਰ ਬੇਲੀ ਰਾਮ ਭੀ ਦੋ ਤਰਫਾ ਹੋਣ ਕਰਕੇ ਕਤਲ ਕੀਤਾ, ਸੰਧਾ ਵਾਲੀਆਂ ਦੀਆਂ ਜਾਗੀਰਾਂ ਜ਼ਬਤ ਕਰਕੇ ਹੀਰਾ ਸਿੰਘ ਨੇ ਰਾਜਾ ਸਾਂਸੀ ਪਹੁੰਚਕੇ ਮਕਾਨ ਭੀ ਢਹਾ ਸੁਟੇ। ਹੀਰਾ ਸਿੰਘ ਐਸਾ ਚਾਲਾਕ ਸੀ ਕਿ ਆਪਣੇ ਚਾਚੇ ਰਾਜਾ ਸੁਚੇਤ ਸਿੰਘ ਨਾਲ ਭੀ ਵਜ਼ੀਰੀ ਲਈ ਟਕਰਿਆ, ਉਸ ਨੂੰ ਭੀ ਪਿਛੇ ਸੁਟ ਦਿਤਾ। ਹੀਰਾ ਸਿੰਘ ਨੇ ਧਰਮੀ ਸਿਖ ਭੀ ਚੁਣ ਚੁਣ ਮਾਰੇ, ਜਰਾ ਕੁ ਕਿਸੇ ਦੀ ਅੱਖ ਮੈਲੀ ਦੇਖੀ ਪਾਰ ਬੁਲਾ-ਇਆ। ਭਾਈ ਬੀਰ ਸਿੰਘ ਨੌਰੰਗਾ ਬਾਦੀਏ ਦੇ ਡੇਰੇ ਪਰ ਇਸ ਲਈ ਹੱਲਾ ਕੀਤਾ ਸੀ ਕਿ ਓਹ ਡੋਗਰੇ ਰਾਜਪੂਤਾਂ ਨੂੰ ਪਿਛੇ ਧਕ ਕੇ ਸਿਖ ਵਜ਼ਾਰਤ ਕਰੌਣੀ ਚਾਹੁੰਦਾ ਹੈ। ਭਾਈ ਸਾਹਿਬ ਉਚ ਕੋਟੀ ਦੇ ਮਹਾਤਮਾਂ ਸਨ, ਇਨ੍ਹਾਂ ਦਾ ਰਸੂਖ ਬਹੁਤ ਸੀ ਇਨ੍ਹਾਂ ਪਾਸ ਸ: ਅਤਰ ਸਿੰਘ ਅਰ ਉਸਦਾ ਪੁਤਰ ਅਤੇ ਕੰਵਰ ਕਸ਼ਮੀਰਾ ਸਿੰਘ (ਸ਼ੇਰਿ ਪੰਜਾਬ ਦਾ ਪੁੱਤ੍ਰ) ਸੀ, ਹੀਰਾ ਸਿੰਘ ਨੇ

ਸਮੇਤ ਭਾਈ ਸਾਹਿਬ ਬੀਰ ਸਿੰਘ ਜੀ ਦੇ ਫੌਜਾਂ ਲਿਜਾਕੇ ਤੋਪਾਂ ਨਾਲ ਉਡਾਏ। ਹੀਰਾ ਸਿੰਘ ਨੇ ਆਪਣੇ ਚਾਚੇ ਰਾਜਾ ਗੁਲਾਬ ਸਿੰਘ ਪਾਸੋਂ ਹੱਲਾ ਕਰਾਕੇ ਕੰਵਰ ਪਸ਼ੌਰਾ ਸਿੰਘ ਨੂੰ ਸਿਆਲ ਕੋਟ ਪਹੁੰਚਾਕੇ ਮਰਵਾ ਦਿਤਾ ਕਿਉਂਕਿ ਪਸ਼ੌਰਾ ਸਿੰਘ ਭੀ ਕੁਛ ਰਾਜ ਲਈ ਸਿਰ ਉਠੌਂਦਾ ਸੀ। ਸਿੱਟਾ ਕੀ! ਜਿਨ੍ਹਾਂ ਪਾਸੋਂ ਜ਼ਰਾ ਕੁ ਭੀ ਖਤਰਾ ਸੀ ਕਤਲ ਕਰਵਾਏ, ਮਾਝੇ ਵਿਚ ਸ਼ਾਇਦ ਹੀ ਕੋਈ ਸਾਧ ਸੰਤ ਛੱਡਿਆ ਹੋਵੇ, ਭਾਈ ਗੁਰਮੁਖ ਸਿੰਘ ਜੈਸੇ ਗ੍ਰੰਥੀ ਸਭ ਮਾਰੇ ਗਏ।

†ਕੌਰ ਕਸ਼ਮੀਰਾ ਸਿੰਘ ਅਤੇ ਪਸ਼ੌਰਾ ਸਿੰਘ ਨੂੰ ਜੁਰਮਾਨਾ

ਮਹਾਰਾਜਾ ਸ਼ੇਰ ਸਿੰਘ ਦੇ ਕਤਲ ਪਿਛੋਂ ਕਾਇਦੇ ਅਨੁਸਾਰ ਦਲੀਪ ਸਿੰਘ ਨਾਲੋਂ ਗੱਦੀ ਦਾ ਹੱਕ ਵੱਡੇ ਕੌਰ ਦਾ ਸੀ ਦਲੀਪ ਸਿੰਘ ਤਾਂ ਸ਼ੇਰੇ ਪੰਜਾਬ ਦੇ ਗੁਜ਼ਰਨ ਵੇਲੇ ਪੌਣੇ ਕੁ ਦਸ ਮਹੀਨੇ ਦਾ ਸੀ (੪ ਸਤੰਬਰ ਸੰਨ ੧੮੩੮ ਨੂੰ ਜਨਮਿਆਂ) ਰਾਜਾ ਗੁਲਾਬ ਸਿੰਘ ਨੇ ਉਥੇ ਉਹਨਾਂ ਦੇ ਜ਼ਿੰਮੇ ਬਗਾਵਤ ਕਰਨੀ ਥੱਪ ਦਿਤੀ ਵਜ਼ੀਰ ਹੀਰਾ ਸਿੰਘ ਦੀ ਸਲਾਹ ਨਾਲ ਰਾਜਾ ਗੁਲਾਬਸਿੰਘ ਨੇ ਉਨ੍ਹਾਂ ਨੂੰ ਫੌਜ ਨਾਲ ਦਬਾਇਆ ਉਹਨਾਂ

---

†ਕੌਰ ਕਸ਼ਮੀਰਾ ਸਿੰਘ ਨੂੰ ੭ ਮਈ ਸੰਨ ੧੮੪੪ ਨੂੰ ਨੌਰੰਗਾਬਾਦੀ ਭਾਈ ਵੀਰ ਸਿੰਘ ਨਾਲ ਮਰਵਾਇਆ ਅਤੇ ਕੌਰ ਪਸ਼ੌਰਾ ਸਿੰਘ ਨੂੰ ਮਹਾਰਾਣੀ ਜਿੰਦ ਕੌਰ ਦੇ ਭਰਾਤਾ ਜਵਾਹਰ ਸਿੰਘ ਨੇ ੩੦ ਅਗਸਤ ਸੰਨ ੧੮੪੫ ਨੂੰ ਕਤਲ ਕਰਵਾਇਆ, ਇਸੇ ਕਾਰਨ ਜਵਾਹਰ ਸਿੰਘ ਤੇ ਹੀਰਾ ਸਿੰਘ ਦੀ ਮੌਤ ਹੋਈ।

ਈ ਲੱਖ ਰੁਪਏ ਦੀ ਜਾਗੀਰ ਗੁਲਾਬ ਸਿੰਘ ਦੇ ਨਾਲ ਲਗਦੀ ਸੀ, ਇਸ ਕਰਕੇ ਭੀ ਇਨ੍ਹਾਂ ਨਾਲ ਡੋਗਰਿਆਂ ਦੀ ਮੁਠ-ਭੇੜ ਹੋ ਜਾਂਦੀ ਸੀ, ਕੌਰਾਂ ਦੇ ਸੁਲਾਹ ਸਫਾਈ ਕਰਨ ਪਰ ਭੀ ਰਾਜਾ ਗੁਲਾਬ ਸਿੰਘ ਨੇ ਪੰਜਾਹ ਸੱਠ ਹਜ਼ਾਰ ਰੁਪਿਆ ਹਰਜਾਨਾ (ਜੁਰਮਾਨਾ) ਮੰਗ ਲਿਆ ਵਿਚਾਰੇ ਕੌਰਾਂ ਪਾਸ ਇਤਨਾ ਰੁਪਿਆ ਕਿਥੇ ਸੀ ਰਾਜਾ ਗੁਲਾਬ ਸਿੰਘ ਦੀ ਮਨਸ਼ਾ ਸੀ ਕਿ ਜੁਰਮਾਨੇ ਦੇ ਇਵਜ਼ ਵਿਚ ਇਨ੍ਹਾਂ ਦੀ ਜਾਗੀਰ ਮੈਂ ਖਰੀਦ ਲਵਾਂਗਾ, ਪਰ ਫੌਜਾਂ ਵਿਚ ਇਸ ਬਾਤ ਦੀ ਨਾਰਾਜ਼ਗੀ ਫੈਲ ਗਈ ਫੌਜਾਂ ਵਿਚ ਕੌਰਾਂ ਦੀ ਬਹੁਤ ਹਮਦਰਦੀ ਸੀ ਫੌਜ ਨੇ ਚੁਕ ਰਾਜਾ ਹੀਰਾ ਸਿੰਘ ਦੀ ਕੋਠੀ ਜਾ ਘੇਰੀ ਹੀਰਾ ਸਿੰਘ ਦੀ ਥਾਵੇਂ ਗਈਆਂ, ਬਹੁਤ ਘਾਬਰ ਗਿਆ। ਹੱਥ ਬੰਨ੍ਹਕੇ ਕਹਿਣ ਲਗਿਆ ਹੁਕਮ ਕਰੋ! ਫੌਜਾਂ ਦੇ ਪੈਚਾਂ ਨੇ ਉਸ ਪਾਸੋਂ ਇਹ ਸ਼ਰਤਾਂ ਕਰਵਾਈਆਂ, ਆਪਣੇ ਨਾਇਬ ਜਲਾ ਪੰਡਿਤ ਦਾ ਸਾਥ ਛਡੋ। ਕੌਰਾਂ ਨੂੰ ਕੋਈ ਦੁਖ ਨਾ ਦਿਤਾ ਜਾਵੇ। ਸ: ਜਵਾਹਰ ਸਿੰਘ ਨੂੰ ਜੇਲ੍ਹੋਂ ਰਿਹਾ ਕਰ ਦਿਓ। ਸਭ ਕੁਛ ਮੰਨਕੇ ਦਿਲ ਤਾਂ ਉਸਦਾ ਖੱਟਾ ਹੋ ਗਿਆ ਕਿ ਮੇਰੀ ਵਜ਼ੀਰੀ ਭੀ ਹੁਣ ਖਤਮ ਹੈ। ਉਸ ਦੀ ਇਹ ਹਾਲਤ ਵੇਖਕੇ ਉਸਦੇ ਚਾਚੇ ਸੁਚੇਤ ਸਿੰਘ ਦਾ ਚਿਤ ਵਜ਼ੀਰੀ ਨੂੰ ਲਲਚਾਇਆ।

ਜਾਣ ਪਛਾਣ

ਕੌਰਾਂ ਪਾਸੋਂ ਰਾਜਾ ਗੁਲਾਬ ਸਿੰਘ ਕਿਲ੍ਹਾ ਖੋਹਣਾ ਚਾਹੁੰਦਾ ਸੀ ਜੋ ਉਸ ਦੀ ਹੱਦ ਵਿਚ ਸੀ। ਉਹਨਾਂ ਪਰ ਸੰਧਾ-ਵਾਲੀਆਂ ਨਾਲ ਮਿਲਣ ਦਾ ਅਤੇ ਰਾਜਾ ਹੀਰਾ ਸਿੰਘ ਨੂੰ

ਮਾਰਨ ਦਾ ਇਰਾਦਾ ਦਸਕੇ ਦੂਸ਼ਨ ਥੱਪਿਆ ਸੀ ਇਹ ਤਾਂ ਉਸ ਵੇਲੇ ਮਹਾਂ ਮੰਤ੍ਰ ਹੀ ਸੀ ਜਿਸ ਨੂੰ ਮਾਰਨਾ ਜਾਂ ਬਦਨਾਮ ਕਰਨਾ ਝਟ ਕਹਿ ਛਡਣਾ ਇਹ ਅੰਗਰੇਜ਼ਾਂ ਨਾਲ ਰਲਿਆ ਹੈ ਇਸ ਪੱਜ ਨਾਲ ਡੋਗਰਿਆਂ ਨੇ ਫੌਜ ਨੂੰ ਬਹੁਤ ਧੋਖਾ ਦਿਤਾ ਅਤੇ ਕਿਤਨੇ ਬੇ-ਗੁਨਾਹ ਮਰਵਾਏ ਅਸਲੋਂ ਕੌਰਾਂ ਨੂੰ ਨਠਾਕੇ ਪਿਛੋਂ ਉਨ੍ਹਾਂ ਦੀ ਜਾਗੀਰ ਹਜ਼ਮ ਕਰਨੀ ਸੀ, ਇਨ੍ਹਾਂ ਪਾਸੋਂ ਬੀਸ ਕੁ ਹਜ਼ਾਰ ਦੀ ਰਕਮ ਬਦੋ ਬਦੀ ਭਰ ਭੀ ਲਿਤੀ ਫਿਰ ਭੀ ਪਿੱਛਾ ਨਾ ਛਡਿਆ। ਕਈ ਵੇਰ ਟਾਕਰੇ ਕੀਤੇ ਇਹ ਦੁਖੀ ਹੋ ਕੇ ਮਰਨ ਮਾਂਡਕੇ ਡਟ ਕੇ ਕਈ ਵੇਰ ਲੜੇ ਭੀ ਵਧ ਜ਼ੋਰ ਪੈਣ ਪਰ ਇਹ ਵਿਚਾਰੇ ਭਾਈ ਬੀਰ ਸਿੰਘ ਨੌਰੰਗਾਬਾਦੀਏ ਪਾਸ ਪਹੁੰਚੇ,ਫਰਯਾਦੀ ਹੋਏ, ਭਾਈ ਸਾਹਿਬ ਦਾ ਫੌਜਾਂ ਵਿਚ ਸਤਿਕਾਰ ਸੀ ਉਸ ਨੇ ਕੌਰਾਂ ਦੀ ਮਦਦ ਵਾਸਤੇ ਫੌਜਾਂ ਵਿਚ ਸੁਨੇਹਾ ਘਲਿਆ ਜਿਸ ਕਰਕੇ ਫੌਜਾਂ ਨੇ ਉਨ੍ਹਾਂ ਦੀ ਮਦਦ ਕੀਤੀ ਪਰ ਕੌਰ ਫਿਰ ਭੀ ਅਪਣੀਆਂ ਜਾਗੀਰਾਂ ਵਿਚ ਨਾਂ ਆਏ। ਜੱਲ੍ਹਾ ਪੰਡਿਤ ਬੌਨਾ ਅਵਤਾਰ ਮਹਾਂ ਛਲੀਆਂ ਸੀ ਅਰ ਇਹ ਹੀਰਾ ਸਿੰਘ ਦੀ ਮੁੱਛ ਬਾਲ ਸੀ ਜੋ ਇਹ ਕਹਿੰਦਾ ਸੋਈ ਹੁੰਦਾ ਸੀ, ਲੋਕੀਂ ਇਸ ਪਾਸੋਂ ਬਹੁਤ ਸਤੇ ਹੋਏ ਸਨ।

ਚਾਚੇ ਨਾਲ ਦੋ ਹੱਥ

ਰਾਜਾ ਧਿਆਨ ਸਿੰਘ ਦੇ ਭਰਾ ਰਾਜਾ ਸੁਚੇਤ ਸਿੰਘ ਦਾ ਮਨਸ਼ਾ ਸੀ ਵਜ਼ੀਰ ਆਜ਼ਮ ਮੈਂ ਬਣਾਂ ਪਰ ਸੰਭਾਲ ਲਈ ਭਤੀਜੇ ਹੀਰਾ ਸਿੰਘ ਨੇ ਜਿਸ ਵੇਲੇ ਇਸਨੇ ਸੁਚੇਤ ਸਿੰਘ ਨੂੰ ਹਥ ਮਾਰਦੇ ਨੂੰ ਦੇਖਿਆ ਇਸਦੀਆਂ ਦੋਨੋ ਡੋਗਰਾ ਪਲਟਨਾਂ ਬੇਹਥਿਆਰ

ਕਰਕੇ ਕਿਲੇ ਵਿਚੋਂ ਬਾਹਰ ਕਰ ਦਿਤੀਆਂ, ਜਿਸ ਪਰ ਕਿ ਸੁਚੇਤ ਸਿੰਘ ਜੰਗ ਕਰਨ ਨੂੰ ਤਿਆਰ ਹੋ ਪਿਆ ਪਰ ਇਸ ਦਾ ਭਾਈ ਰਾਜਾ ਗੁਲਾਬ ਸਿੰਘ ਇਸਨੂੰ ਜੰਮੂ ਨੂੰ ਲੈ ਗਿਆ ਸੀ। ਉਥੇ ਲਿਜਾਕੇ ਸੁਚੇਤ ਸਿੰਘ ਦਾ ਮਤਬੰਨਾ ਆਪਣੇ ਪੁਤ੍ਰ ਰਣਧੀਰ ਸਿੰਘ ਨੂੰ ਬਣਾ ਦਿਤਾ, ਇਸ ਤ੍ਰੀਕੇ ਨਾਲ ਰਾਜਾ ਹੀਰਾ ਸਿੰਘ ਦਾ ਹੱਕ ਮਾਰਿਆ ਗਿਆ, ਫੀਰੋਜ਼ਪੁਰ ਬੈਂਕ ਵਾਲਾ ਜੋ ਅਠਾਰਾਂ ਲੱਖ ਸੀ (ਸੁਚੇਤ ਸਿੰਘ ਦਾ) ਰਾਜਾ ਗੁਲਾਬ ਸਿੰਘ ਨੇ ਤ੍ਰੀਕੇ ਨਾਲ ਬਣਾ ਲਿਤਾ ਸੀ, (ਇਸੇ ਅਠਾਰਾਂ ਲਖ ਪਰ ਝਗੜੇ ਚਲੇ ਜੋ ਕਸ਼ਮੀਰ ਖ੍ਰੀਦਣ ਵੇਲੇ ਦਿਤਾ ਸੀ) ਹੀਰਾ ਸਿੰਘ ਹੁਣ ਗੁਲਾਬ ਸਿੰਘ ਨਾਲ ਭੀ ਗੁੱਸੇ ਸੀ।ਰਾਜਾ ਸੁਚੇਤ ਸਿੰਘ ਵਜ਼ੀਰੀ ਲਈ ਫਿਰ ਜੰਮੂ ਥੀਂ ਆਇਆ ਫੌਜਾਂ ਨਾਲ ਗੰਢ ਤਰੁਪ ਕਰਕੇ ਆਪਣੇ ਪੰਚਾਂ ਰਾਹੀਂ ਜੰਮੂ ਤੋਂ ਸ਼ਾਹਦਰੇ ਆ ਕੇ ਸ਼ੁਰੂ ਮਾਰਚ ਸੰਨ ੧੮੪੪ ਈ: ਨੂੰ ਜੰਗ ਲਈ ਤਿਆਰੀ ਆਰੰਭੀ। ਰਾਜਾ ਸੁਚੇਤ ਸਿੰਘ ਭਾਵੇਂ ਵਜ਼ੀਰੀ ਲਈ ਜੰਗ ਕਰਨਾ ਦਸਦਾ ਸੀ ਪਰ ਅੰਦਰ ਖਾਨਿਓਂ ਮਨਸ਼ਾ ਹੋਰ ਸੀ, ਓਹ ਗੁਲਾਬ ਸਿੰਘ ਦੀ ਪਾਲਿਸੀ ਸੀ। ਉਧਰ ਹੀਰਾ ਸਿੰਘ ਫੌਜਾਂ ਦੀ ਚਰਨੀ ਜਾ ਲਗਿਆ ਉਸ ਵੇਲੇ ਜਿਸ ਵਲ ਫੌਜਾਂ ਓਹੀ ਆਗੂ ਸੀ। ਫੌਜਾਂ ਹੀਰਾ ਸਿੰਘ ਦੇ ਦਮ ਵਿਚ ਫਸ ਗਈਆਂ ਇਸ ਨੇ ਲਗਦੇ ਹਥ ਸਤਾਈ ਮਾਰਚ ਨੂੰ ਪੰਦਰਾਂ ਬੀਸ ਹਜ਼ਾਰ ਫੌਜ ਲੈਕੇ ਮੰਜੇ ਤੋਂ ਉਠਦੇ ਸੁਚੇਤ ਸਿੰਘ ਨੂੰ ਜਾ ਨੱਪਿਆ ਸਮੇਤ ਸਾਥੀਆਂ (ਬਸੰਤ ਸਿੰਘ ਕੇਸਰ ਸਿੰਘ ਆਦਿ) ਦੇ ਮਾਰਿਆ ਗਿਆ, ਰਾਜਾ ਸੁਚੇਤ ਸਿੰਘ ਨੇ ਤੜਫਦੇ ਨੇ ਪਾਣੀ ਮੰਗਿਆ ਹੀਰਾ ਸਿੰਘ ਨੇ ਕਿਹਾ ਪਾਣੀ ਦੀ ਥਾਂ ਵਜ਼ਾਰਤ ਲਵੇ ।

ਫੌਜਾਂ ਨੂੰ ਬਿਗਾੜਨਾ

ਡੋਗਰਿਆਂ ਨੇ ਫੌਜ ਨੂੰ ਇਨਾਮ ਅਤੇ ਤਨਖਾਹਾਂ ਵਧੌਣ ਦੇ ਪੱਜ ਨਾਲ ਬਿਗਾੜ ਦਿਤਾ, ਧਿਆਨ ਸਿੰਘ ਦੇ ਹੱਥ ਭੀ ਇਹੋ ਕੁੰਜੀ ਸੀ, ਮਹਾਰਾਜਾ ਸ਼ੇਰ ਸਿੰਘ ਨੇ ਭੀ ਇਨਾਮ ਦਿਤੇ, ਹੀਰਾ ਸਿੰਘ ਨੇ ਸਭ ਨਾਲੋਂ ਵਧ ਖ਼ਾਬ ਕੀਤਾ ਤਨਖਾਹ ਅਠ ਤੋਂ ੧੨) ਬਾਰਾਂ ਕੀਤੇ, ਘੋੜ ਚੜ੍ਹਿਆਂ ਦੇ ੩੦) ਕੀਤੇ ਇਹ ਅਜ ਕਲ ਦੇ ਸੌ ਰੁਪਏ ਦੇ ਬਰਾਬਰ ਸਨ ਨਿਰਖ ਬਹੁਤ ਹੀ ਸਸਤੇ ਸਨ, ਫੌਜਾਂ ਦੀ ਐਸੀ ਦਸ਼ਾ ਹੋ ਗਈ ਜੋ ਰੁਪਏ ਦਿੰਦਾ ਉਸ ਵਲ ਝੁਕ ਜਾਂਦੇ। ਰਾਜਾ ਸੁਚੇਤ ਸਿੰਘ ਨੇ ਕਹਿ ਦਿਤਾ ਜੇ ਮੈਨੂੰ ਵਜ਼ੀਰ ਬਣਾ ਦਿਓ ਤਾਂ ਬਾਰਾਂ ਦੇ ਤੇਰਾਂ ਕਰ ਦਿਆਂਗਾ, ਘਰੋਂ ਤਾਂ ਕੁਛ ਦੇਣਾ ਨਹੀਂ ਸੀ ਸ਼ਾਹੀ ਖਜ਼ਾਨੇ ਵਿਚੋਂ ਚੁਕਦਾ ਕਰਨਾ ਸੀ ਇਸ ਕਰਕੇ ਜੋ ਖੁਸ਼ੀ ਕਹਿ ਛਡਦੇ ਸਨ ਉਸ ਵੇਲੇ ਬੁਤਕੀਆਂ ਅਤੇ ਕੈਂਠਿਆਂ ਦੇ ਇਨਾਮ ਦਾ ਰਿਵਾਜ਼ ਪਿਆ। ਸਰਦਾਰਾਂ ਨੂੰ ਵਧ ਕੀਮਤੀ ਚੀਜ਼ਾਂ ਦੇਣੀਆਂ ਫੌਜਾਂ ਨੂੰ ਕੁਰਾਹੇ ਪੌਣਾਂ ਹਦੋਂ ਵਧ ਕਸੂਰ ਸੀ, ਇਹ ਡੋਗਰਿਆਂ ਨਿਸ਼ੰਕ ਹੋਕੇ ਕੀਤਾ, ਜੇ ਇਹ ਨਾ ਹੁੰਦਾ ਫੌਜਾਂ ਕਦੀ ਮਹਾਤਮਾ ਬੀਰ ਸਿੰਘ ਦੇ ਡੇਰੇ ਪਰ ਹਮਲਾ ਨਾ ਕਰਦੀਆਂ। ਫੌਜਾਂ ਵਿਚ ਸਿਖ ਰਾਜ ਕਾਇਮੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੀ ਸਪਿਰਟ ਹਦੋਂ ਵਧ ਸੀ ਇਸੇ ਕਰਕੇ ਅੰਗਰੇਜ਼ਾਂ ਦੇ ਤਹਿਤ ਤੋਂ ਬਹੁਤ ਨੱਠਦੇ ਸਨ ਜਿਸ ਨੂੰ ਅੰਗਰੇਜ਼ਾਂ ਦਾ ਪੱਖੀ ਸਮਝਦੇ ਉਸ ਤੋਂ ਵਿਰੁਧ ਹੁੰਦੇ, ਇਸੇ ਕਰਕੇ ਡੋਗਰੇ ਜਿਸ ਨੂੰ ਮਾਰਨਾ ਹੁੰਦਾ ਉਸ ਪਰ ਏਹੋ ਇਲਜ਼ਾਮ ਥਪਦੇ ਸਨ। ਦੂਜੀ ਤਰਕੀਬ ਇਨਾਮ ਸਨ, ਸੋ ਓਹੀ

ਦੇਵੇ ਜਿਸ ਪਾਸ ਕਿ ਸ਼ਾਹੀ ਖਜ਼ਾਨਾ ਹੋਵੇ। ਸ਼ਾਹ ਮੁਹੰਮਦ ਨੇ ਇਸ ਦਸ਼ਾ ਪਰ ਲਿਖਿਆ ਸੀ:-

'ਕੜੇ ਕੰਠੇ ਇਨਾਮ ਰੁਪਏ ਬਾਰਾਂ,ਕਦੇ ਪੰਜ ਤੇ ਸੱਤ ਨਾ ਮੂਲ ਲੈਂਦੇ। ਕਈ ਤੁਰੇ ਹੀ ਕਿਲੇ ਦੀ ਲੁਟ ਕਰਕੇ, ਕਈ ਸ਼ਹਿਰ ਦੇ ਲੁਟ ਬਜ਼ਾਰ ਲੈਂਦੇ। ਸ਼ਾਹ ਮੁਹੰਮਦਾ ਚੜ੍ਹੇ ਮਝੈਲ ਭਾਈਏ, ਪੈਸਾ ਤਲਬ ਦਾ ਨਾਲ ਪੈਜਾਰ ਲੈਂਦੇ।

ਰਾਜਾ ਹੀਰਾ ਸਿੰਘ ਨੇ ਤਬਾਹੀ ਮਚਾ ਦਿਤੀ

ਮਹਾਰਾਜਾ ਦਲੀਪ ਸਿੰਘ ਜੀ ਨੂੰ ਸੋਲਾਂ ਦਸੰਬਰ ਸੰਨ ੧੮੪੩ ਈ: ਨੂੰ ਰਾਜ ਸਿੰਘਾਸਨ ਪਰ ਬਿਠਾ ਦਿਤਾ ਸੀ ਅਰ ਇਨ੍ਹਾਂ ਦੀ ਮਾਤਾ ਜਿੰਦ ਕੌਰ ਬਤੌਰ ਸਰਬਰਾਹ ਦੇ ਨੀਯਤ ਹੋਈ ਪਰ ਹੈਰਾਨੀ ਇਹ ਹੈ ਕਿ ਜਿਸਦੇ ਪਿਉ ਨੇ ਵਜ਼ੀਰੀ ਦੇ ਜ਼ੋਰ ਨਾਲ ਤਿੰਨ ਮਹਾਰਾਜੇ ਕੌਂਤ ਅਤੇ ਤਿੰਨ ਚਾਰ ਰਾਣੀਆਂ ਮਰਵਾਕੇ ਸ਼ਾਹੀ ਖਾਨਦਾਨ ਦੀ ਤਬਾਹੀ ਕਰ ਦਿਤੀ ਹੋਵੇ, ਓਹੀ ਮੁੜ ਵਜ਼ੀਰ ਆਜ਼ਮ ਬਣ ਜਾਵੇ, ਬਲਕਿ ਇਸਨੇ ਆਪਣੇ ਚਾਚਾ ਰਾਜਾ ਸੁਚੇਤ ਸਿੰਘ ਨੂੰ ਭੀ ਮਰਵਾਇਆ, ਫਿਰ ਅੱਠਾਂ ਸਾਲਾਂ ਦੇ ਬੱਚੇ ਅਗੇ ਸਵਾਏ ਹੀਰਾ ਸਿੰਘ ਦੇ ਵਜ਼ੀਰੀ ਲਈ ਸਿਖ ਸਭ ਮੁਕ ਗਏ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਉਸ ਵੇਲੇ ਮਾਇਆ ਧਾਰੀ ਸਰਦਾਰ ਹੀ ਬਹੁਤ ਰਹਿ ਗਏ, ਧਰਮੀ ਬੰਦੇ ਬਹੁਤ ਘਟ ਸਨ। ਇਸ ਥੀਂ ਭੀ ਹੋਰ ਵੱਡੀ ਹੈਰਾਨੀ ਇਹ ਹੈ ਕਿ ਹੀਰਾ ਸਿੰਘ ਨੇ ਆਪਣਾ ਨਾਇਬ ਜੱਲਾ ਪੰਡਿਤ ਬਣਾਇਆ ਜੋ ਮਹਾਂ ਸ਼ਰਾਰਤੀ ਸੀ, ਇਸ ਪਾਸੋਂ ਹਰ ਕੋਈ ਦੁਖੀ ਸੀ।

ਮਹਾਰਾਣੀ ਨੇ ਆਪਣਾ ਭਾਈ ਜਵਾਹਰ ਸਿੰਘ ਪਾਸ ਮੰਗਵਾਇਆ ਪਰ ਹੀਰਾ ਸਿੰਘ ਚਮਕ ਪਿਆ ਕਿ ਮਤਾਂ ਈਹੋ ਹੀ ਵਜ਼ੀਰ ਨਾ ਹੋ ਜਾਵੇ, ਉਸ ਪਰ ਇਲਜ਼ਾਮ ਲਾਇਆ ਕਿ ਜਵਾਹਰ ਸਿੰਘ ਅੰਗਰੇਜ਼ਾਂ ਦਾ ਮੁਲ ਖ੍ਰੀਦਿਆ ਗੋਲਾ ਹੈ। ਇਸ ਦੂਸ਼ਨ ਨੂੰ ਦਸਕੇ ਉਸਨੂੰ ਕੈਦ ਕੀਤਾ ਸੀ, ਜਵਾਹਰ ਸਿੰਘ ਮਹਾਰਾਣੀ ਜਿੰਦ ਕੌਰ ਦੇ ਰਸੂਖ ਨਾਲ ਕੈਦੋਂ ਨਿਕਲ ਗਿਆ, ਨਹੀਂ ਤਾਂ ਜੇਲ੍ਹ ਵਿਚੇ ਪਿਆ ਸੜ ਮਰਦਾ। ਹੀਰਾ ਸਿੰਘ ਨੇ ਫੌਜ ਦੀ ਤਨਖਾਹ ਵਧਾਕੇ ਫੌਜ ਖੁਸ਼ ਕਰ ਲਈ ਕਿਉਂਕਿ ਘਰੋਂ ਤਾਂ ਕੁਝ ਜਾਣਾ ਹੀ ਨਹੀਂ ਸੀ। ਹੀਰਾ ਸਿੰਘ ਇਤਨਾ ਚਾਲਬਾਜ਼ ਸੀ ਕਿ ਰਾਜਾ ਗੁਲਾਬ ਸਿੰਘ ਜੋ ਮਹਾਂ ਚਾਲਾਕ ਸੀ, ਉਸ ਨੂੰ ਪਿਛੇ ਸੁੱਟ ਗਿਆ। ਸੰਧਾਵਾਲੀਏ ਤਾਂ ਇਸਨੇ ਬਰਬਾਦ ਹੀ ਕਰ ਛੱਡੇ ਸੀ। ਦੋ ਕੁ ਮਹੀਨੇ ਪਿਛੋਂ ਭਜੇ ਹੋਏ ਸ: ਅਤਰ ਸਿੰਘ ਨੂੰ ਭੀ ਜਾ ਮਾਰਿਆ। ਚੂੰਕਿ ਮਹਾਰਾਜਾ ਦਾ ਮਾਮਾ ਜਵਾਹਰ ਸਿੰਘ ਹੀਰਾ ਸਿੰਘ ਦਾ ਪੱਕਾ ਵੈਰੀ ਹੋ ਚੁਕਿਆ ਸੀ, ਦੂਜੇ ਖਾਲਸਾ ਫੌਜਾਂ ਵਿਚ ਹੀਰਾ ਸਿੰਘ ਤੋਂ ਵਿਰੁਧ ਸਖਤ ਨਫਰਤ ਫੈਲ ਗਈ ਸੀ ਕਿਉਂਕਿ ਉਸਨੇ ਡੋਗਰਿਆਂ ਪਾਸੋਂ ਮਹਾਤਮਾ ਬੀਰ ਸਿੰਘ ਜੀ ਨੌਰੰਗਾ ਬਾਦੀਏ ਨੂੰ ਬੇਗੁਨਾਹ ਹਾਲਤ ਵਿਚ ਮਰਵਾ ਦਿਤਾ ਸੀ। ਭਾਈ ਸਾਹਿਬ ਦਾ ਫੌਜਾਂ ਵਿਚ ਬਹੁਤ ਸਤਿਕਾਰ ਸੀ ਅਰ ਇਹ ਪਹਿਲਾਂ ਫੌਜ ਵਿਚ ਨੌਕਰ ਭੀ ਰਹੇ ਸਨ। ਇਸ ਵੇਲੇ ਹੀਰਾ ਸਿੰਘ ਦੀ ਇਹ ਹਾਲਤ ਸੀ ਕਿ ਓਹ ਇਕ ਦਮ ਨੱਠ ਜਾਵੇ, ਸਿਆਣਾ ਤਾਂ ਇਹ ਹਦ ਦਰਜੇ ਦਾ ਸੀ, ਇਸਨੇ ਨੱਠਣ ਲਈ ਗੁਪਤ ਤਿਆਰੀ ਕਰ ਛਡੀ। ਰਾਜਾ ਹੀਰਾ ਸਿੰਘ ਦਾ ਮੰਤ੍ਰੀ ਪੰਡਿਤ ਜਲ੍ਹਾ ਦੇ ਹਥੋਂ ਫੌਜ ਭੀ ਦੁਖੀ ਸੀ, ਹੀਰਾ ਸਿੰਘ ਨੂੰ

ਫੌਜ ਵਲੋਂ ਸੁਨੇਹਾ ਗਿਆ ਕਿ ਪੰਡਿਤ ਸਾਹਿਬ ਨੂੰ ਸਾਡੇ ਹਵਾਲੇ ਕਰੋ ਨਹੀਂ ਤਾਂ ਆਪਣੀ ਸੁਖ ਨਾ ਭਾਲੋ ! ਹੀਰਾ ਸਿੰਘ ਜਲ੍ਹੇ ਨੂੰ ਫੌਜ ਦੇ ਹਵਾਲੇ ਨਾ ਕਰਨਾ ਪਸੰਦ ਕਰਕੇ ਆਪ ਹੀ ਨਠਣ ਲਈ ਸ਼ਾਹੀ ਖਜ਼ਾਨਾ ਗਡਿਆਂ ਪਰ ਪਹਿਲਾਂ ਹੀ ਲਦਵਾ ਕੇ ਜੰਮੂ ਨੂੰ ਤੋਰ ਦਿਤਾ ਅਤੇ ਆਪ ਸਾਥੀਆਂ ਸਮੇਤ ਰਾਤ ਨੂੰ ਚਲ ਪਿਆ। ਉਸ ਵੇਲੇ ਸ਼ਾਹੀ ਖਜ਼ਾਨੇ ਵਿਚ ਕੁਛ ਨਹੀਂ ਰਿਹਾ ਸੀ। ਜਲ੍ਹਾ ਪੰਡਿਤ ਪਰ ਇਹ ਦੂਸ਼ਨ ਸੀ ਕਿ ਉਸ ਨੇ ਮਹਾਰਾਣੀ ਜਿੰਦ ਕੌਰ ਨੂੰ ਜ਼ਹਿਰ ਦਲਾਈ ਹੈ।

ਜਾਣ ਪਛਾਣ

ਜਿਸ ਵੇਲੇ ਹੀਰਾ ਸਿੰਘ ਨੇ ਨੌਰੰਗ ਬਾਦ ਦੇ ਡੇਰੇ ਪਰ ਸ: ਅਤਰ ਸਿੰਘ ਸੰਧਾਵਾਲੀਏ ਦੀ ਗ੍ਰਿਫਤਾਰੀ ਦੇ ਵਾਸਤੇ ਹੱਲਾ ਕੀਤਾ ਸੀ ਉਥੇ ਨਿਹੱਥੀ ਸਿਖ ਸੰਗਤ ਭੀ ਕਾਫੀ ਜਮਾਂ ਸੀ, ਤੋਪਾਂ ਨਾਲ ਬਹੁਤ ਸਾਰੇ ਬੰਦੇ ਮਾਰੇ, ਸ: ਅਤਰ ਸਿੰਘ ਪਰ ਇਹ ਇਲਜ਼ਾਮ ਸੀ ਕਿ ਓਹ ਅੰਗਰੇਜ਼ਾਂ ਦਾ ਖੁਫੀਆ ਹੈ। ਭਾਈ ਵੀਰ ਸਿੰਘ ਪਾਸੋਂ ਉਸ ਦੀ ਮੰਗ ਕੀਤੀ, ਉਹਨਾਂ ਨੇ ਕਿਹਾ ਸ਼ਰਣ ਆਏ ਨੂੰ ਸੰਗਤ ਨਹੀਂ ਦੇ ਸਕਦੀ।

(ਸਰਦਾਰ ਅਤਰ ਸਿੰਘ ਸਰਦਾਰ ਹਮੀਰ ਸਿੰਘ ਦਾ ਪੁਤ੍ਰ ਅਰ ਸ: ਲਹਿਣਾ ਸਿੰਘ ਦਾ ਭਾਈ ਸੀ) ਹੱਲਾ ਕਰਨੇ ਵਾਲੀ ਫੌਜ ਦਾ ਕਮਾਂਡਰ ਡੋਗਰਾ ਲਾਭ ਸਿੰਘ ਸੀ ਇਸੇ ਦੀ ਗੋਲੀ ਨਾਲ ਅਤਰ ਸਿੰਘ ਦਾ ਅੰਤ ਹੋਇਆ ਸੀ, ਇਸੇ ਲਾਭ ਸਿੰਘ ਨੂੰ ਸ: ਜਵਾਹਰ ਸਿੰਘ ਨੇ ਫੌਜ ਨਾਲ ਹੀਰਾ ਸਿੰਘ ਨਾਲ ਕਸ਼ਮੀਰ ਨੂੰ ਨੱਠੇ ਜਾਂਦਿਆਂ ਨੂੰ ਮਾਰਿਆ ਸੀ।

ਪਿੱਛੇ ਦਸ ਆਏ ਹਾਂ ਕਿ ਭਾਈ ਵੀਰ ਸਿੰਘ ਜੀ ਲਾਹੌਰ ਦੀ ਤਸੀਲ ਕਸੂਰ ਨਗਰ ਰਤੋਕੀ (ਸਟੇਸ਼ਨ ਖਾਸ) ਦਾ ਸੀ, ਇਥੇ ਭਾਈ ਵੀਰ ਸਿੰਘ ਨੌਰੰਗਾਬਾਦੀਏ ਦਾ ਪਵਾਇਆ ਡੇਰਾ ਹੈ ੨੭ ਵਿਸਾਖ ਨੂੰ ਮੇਲਾ ਭਰਦਾ ਹੈ। ਨੱਬੇ ਕੁ ਘੁਮਾਂ ਜ਼ਮੀਨ ਭੀ ਮੁਆਫੀ ਹੈ। ਭਾਈ ਸਾਹਿਬ ਪ੍ਰਸਿੱਧ ਮਹਾਤਮਾ ਸਨ, ਇਨ੍ਹਾਂ ਨੇ ਮਾਝੇ ਵਿਚ ਸਿਖੀ ਦਾ ਕਾਫੀ ਪ੍ਰਚਾਰ ਕੀਤਾ ਸੀ। ਇਨ੍ਹਾਂ ਦਾ ਅਸਲ ਨਗਰ ਅੰਮ੍ਰਿਤਸਰ ਦੇ ਜ਼ਿਲੇ ਵਿਚ ਗਗੋਬੂਹਾ ਸੀ। ਪਿਤਾ ਦਾ ਨਾਮ ਭਾਈ ਸੇਵਾ ਸਿੰਘ, ਮਾਈ ਦਾ ਨਾਮ ਧਰਮ ਕੌਰ ਸੀ। ਜਨਮ ੧੮੨੫ ਬਿਕ੍ਰਮੀ ਦਾ ਸੀ। ਪਹਿਲੇ ਇਹ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਨੌਕਰ ਸਨ। ਪਿੰਡ ਨੌਰੰਗਾਬਾਦ ਰਹਿਣ ਕਰਕੇ ਨਾਮ ਨਾਲ ਨੌਰੰਗਾ ਬਾਦ ਲਗਿਆ। ਬਾਬਾ ਜੀ ਆਪਣੇ ਸੇਵਕਾਂ ਨਾਲ ਹਰੀ ਕੇ ਪੱਤਣ ਪਰ ਛੀ ਸਤ ਹਜ਼ਾਰ ਸੰਗਤਾਂ ਸਮੇਤ ਅਟਕੇ ਹੋਏ ਸੀ।

ਸੰਗਤ ਵਿਚੋਂ ਸਿਖਾਂ ਨੇ ਬਾਬਾ ਜੀ ਅਗੇ ਪ੍ਰਾਰਥਨਾ ਕੀਤੀ ਕਿ ਸਾਨੂੰ ਭੀ ਜੰਗ ਦਾ ਹੁਕਮ ਦਿਉ, ਇਨ੍ਹਾਂ ਨੇ ਕਿਹਾ ਕਿ ਸਿੱਖਾਂ ਪਰ ਵਾਰ ਨਹੀਂ ਕਰਨਾ। ਜਿਸ ਨੇ ਸਾਡੀ ਆਗਿਆ ਨਹੀਂ ਮੰਨਣੀ ਇਥੋਂ ਚਲਿਆ ਜਾਵੇ, ਅਖੀਰ ਬਾਬਾ ਜੀ ਦੇ ਸੱਜੇ ਪੱਟ ਪਰ ਗੋਲਾ ਲਗਣ ਨਾਲ ਲਤ ਉਡ ਗਈ, ਉਸ ਵੇਲੇ ਭੀ ਸਿਖਾਂ ਨੇ ਕਿਹਾ ਕਿ ਜਦ ਸਿਖ ਮਾਰਦੇ ਹਨ ਆਪਾਂ ਕਿਉਂ ਨਾ ਲੜੀਏ ? ਇਨ੍ਹਾਂ ਨੇ ਫਿਰ ਭੀ ਇਹੋ ਕਿਹਾ ਕਿ ਓਹ ਸਿੱਖ ਭੁੱਲੜ ਹਨ ਅੰਤ ਪਛਤੌਣਗੇ, ਆਪਾਂ ਨੇ ਗਲਤੀ ਨਹੀਂ ਕਰਨੀ।

ਬਾਬਾ ਜੀ ਇਸ ਸੁਨਹਿਰੀ ਅਸੂਲ ਨੂੰ ਪਾਲ ਦੇ ਹੋਏ

ਕਿ ਸਿਖ ਨੂੰ ਸਿੱਖ ਪਰ ਵਾਰ ਨਹੀਂ ਕਰਨਾ ਚਾਹੀਦਾ, ੨੭ ਵਿਸਾਖ ਸੰਮਤ ੧੯੦੧ ਨੂੰ ਸ਼ਹੀਦੀ ਪਾ ਗਏ । ਆਪ ਦੀ ਸ਼ਹੀਦੀ ਇਸ ਬਾਤ ਦੀ ਸ਼ਹਾਦਤ ਹੈ ਕਿ ਸਿੱਖ ਭਰਾਵਾਂ ਪਰ ਵਾਰ ਨਹੀਂ ਕਰਨਾ। ਭਾਈ ਬੀਰ ਸਿੰਘ ਜੀ ਜੈਸੇ ਮਹਾਤਮਾਂ ਨੂੰ ਮਾਰਕੇ ਹੀਰਾ ਸਿੰਘ ਨਹੀਂ ਬਚ ਸਕਦਾ ਸੀ, ਜਿਸ ਫੌਜ ਨੇ ਉਥੇ ਹਮਲਾ ਕੀਤਾ ਉਸ ਨੂੰ "ਗੁਰੂ ਮਾਰੀ" ਕਿਹਾ ਜਾਂਦਾ ਸੀ।

ਰਾਜਾ ਹੀਰਾ ਸਿੰਘ ਦਾ ਕਤਲ

ਆਪਣੀ ਵਲੋਂ ਹੀਰਾ ਸਿੰਘ ਲਾਹੌਰ ਦਰਬਾਰ ਅਤੇ ਉਸਦੇ ਹਮਾਇਤੀਆਂ ਨੂੰ ਮੁਕਾ ਕੇ ਬੀਸ ਦਸੰਬਰ ਸੰਨ ੧੮੪੪ ਈ: ਨੂੰ ਜੰਮੂ ਨੂੰ ਚਲਿਆ, ਹਾਲੀਂ ਇਹ ਰਾਵੀ ਦਰਿਆ ਹੀ ਲੰਘਿਆ ਸੀ, ਪਿਛੋਂ ਪਤਾ ਲਗ ਗਿਆ। ਅਜੇ ਅੱਠ ਨੌ ਕੋਹਾਂ ਪਰ ਗਏ ਸਨ ਕਿ ਪਿਛੋਂ ਖਾਲਸਾ ਫੌਜਾਂ ਨੂੰ ਲੈ ਕੇ ਸ: ਜਵਾਹਰ ਸਿੰਘ, ਸ: ਸ਼ਾਮ ਸਿੰਘ (ਅਟਾਰੀ) ਸ: ਅਤਰ ਸਿੰਘ ਕਾਲਿਆਂ ਵਾਲਾ ਚੜ੍ਹ ਪਏ। ਵਾਹੋ ਦਾਹੀ ਬਾਰਾਂ ਕੋਹਾਂ ਵਿਚ ਹੀ ਜਾ ਘੇਰੇ ਹੀਰਾ ਸਿੰਘ ਨਾਲ ਭੀ ਦੋ ਢਾਈ ਹਜ਼ਾਰ ਡੋਗਰਾ ਫੌਜ ਸੀ, ਡਟਕੇ ਦੋ ਤਰਫਾ ਜੰਗ ਹੋਇਆ, ਹੀਰਾ ਸਿੰਘ ਬਹਾਦਰਾਂ ਦੀ ਤਰਾਂ ਲੜ ਕੇ ਮਰਿਆ । ਉਹਦਾ ਸਾਥੀ ਪੰਡਿਤ ਜਲ੍ਹਾ ਭੀ ਕੁਚਲਿਆ ਗਿਆ, ਮੀਆਂ ਸੋਹਣ ਸਿੰਘ (ਰਾਜਾ ਗੁਲਾਬ ਸਿੰਘ ਦਾ ਪੁਤ੍ਰ) ਲਾਭ ਸਿੰਘ ਆਦਿ ਸਿਰਕਰਦੇ ਮਰਨ ਪਰ ਫੌਜ ਨਠ ਤੁਰੀ।

ਰਾਜਾ ਹੀਰਾ ਸਿੰਘ ਨੇ ਬਚਾਉ ਲਈ ਚਾਲਾਂ ਬਹੁਤ ਖੇਡੀਆਂ, ਜਦ ਫੌਜਾਂ ਨੇੜੇ ਢੁਕਦੀਆਂ ਤਾਂ ਰੁਪਏ ਅਸ਼ਰਫੀਆਂ

ਜ਼ਮੀਨ ਪਰ ਸੁਟਵਾ ਦਿੰਦਾ ਤਾਂ ਕਿ ਫੌਜਾਂ ਇਸਦੇ ਚੁਗਣ ਵਿਚ ਰੁਝ ਜਾਣਤੇ ਅਸੀਂ ਅਗੋ ਨਿਕਲਦੇ ਜਾਈਏ, ਪਰਏਹ ਤਰਕੀਬ ਭੀ ਕਾਰਗਰ ਨਾ ਹੋ ਸਕੀ। ਮਨ ਧਨ ਉਸ ਦਾ ਸਭ ਲੁਟਿਆ ਗਿਆ ਅਤੇ ਸਿਰ ਵਢ ਕੇ ਲਾਹੌਰ ਲਿਆ ਕੇ ਮੰਦੇ ਲੋਕਾਂ ਨੂੰ ਸਿਖਿਆ ਦੇਣ ਲਈ ਬਾਂਸਾਂ ਪਰ ਲਟਕਾਕੇ ਸ਼ਹਿਰ ਵਿਚਫੇਰੇ ਗਏ।

ਨੋਟ—ਦਸਿਆ ਹੈ ਕਿ ਸ਼ੇਰੇ ਪੰਜਾਬ ਦੇ ਚਲਾਣੇ ਵੇਲੇ ਬਾਰਾਂ ਤੇਰਾਂ ਕ੍ਰੋੜ ਰੁਪਿਆ ਖਜ਼ਾਨੇ ਵਿਚ ਨਕਦ ਸੀ। ਸਵਾ ਕੁ ਤਿੰਨ ਕਰੋੜ ਦੀ ਸਾਲਾਨਾ ਆਮਦਨ ਸੀ। ਉਪ੍ਰੰਤ ਬੇ ਸ਼ੁਮਾਰ ਧਨ, ਕੀਮਤੀ ਮਾਲ ਹੀਰੇ, ਜਵਾਹਿਰ, ਮੋਤੀ, ਜੇਵਰ ਸੀ ਜੋ ਜੰਮੂ ਵਲ ਨੂੰ ਕਿਸੇ ਨਾ ਕਿਸੇ ਢੰਗ ਨਾਲ ਡੋਗਰਾ ਪਾਰਟੀ ਚੁਕ ਚੁਕਾਕੇ ਲੈ ਜਾਂਦੀ ਰਹੀ। ਰਾਜਾ ਹੀਰਾ ਸਿੰਘ ਦਾ ਕਤਲ ੨੧ ਦਸੰਬਰ ਸੰਨ ੧੮੪੪ ਨੂੰ ਹੋਇਆ।

ਪੂਰਬੀ ਖਾਲਸਾ ਦਰਬਾਰ ਦੇ ਰਈਸ

ਇਹ ਦਸਿਆ ਜਾ ਚੁਕਿਆ ਹੈ ਕਿ ਸੰਨ ੧੮੦੯ ਦੇ ਲਾਹੌਰ ਦਰਬਾਰ ਦੇ ਅਹਿਦਨਾਮੇ ਵੇਲੇ ਸਤਿਲੁਜੋਂ ਪਾਰ ਦੇ ਰਈਸ ਸਰਕਾਰ ਅੰਗਰੇਜ਼ੀ ਦੇ ਅਧੀਨ ਹੋ ਚੁਕੇ ਸਨ, ਪੂਰਬੀ ਰਿਆਸਤਾਂ ਨਾਲ ਕੀਤੀਆਂ ਸ਼ਰਤਾਂ ਅਨੁਸਾਰ ਇਹਨਾਂ ਦਾ ਕੋਈ ਅਧਿਕਾਰ ਨਹੀਂ ਸੀ ਕਿ ਲਾਹੌਰ ਦਰਬਾਰ ਨਾਲ ਰਾਜਸੀ ਤਅੱਲਕ ਰਖਣ। ਸਿਖੀ ਭਾਵਨਾ ਅਰ ਰਿਸ਼ਤੇ ਦੇ ਕਾਰਨ ਜੇ ਕੋਈ ਰਖਦਾ ਸੀ ਤਾਂ ਉਹ ਸਰਕਾਰ ਦੀ ਕਰੋਪੀ ਦਾ ਕਾਰਨ ਹੁੰਦਾ ਸੀ। ਜਿਨ੍ਹਾਂ ਰਈਸਾਂ ਨੇ ਸਤਿਲੁਜੋਂ ਪਾਰ ਦੇ ਜੰਗ ਵਿਚ ਮੱਦਦ ਨਾ ਦਿਤੀ ਅਥਵਾ ਉਧਰ ਰੁਖ ਰਖਿਆ, ਓਹ ਆਪਣੇ

ਇਲਾਕੇ ਜ਼ਬਤ ਕਰਵਾ ਬੈਠੇ।

ਕਈ ਰਈਸਾਂ ਦੇ ਲਾਵਲਦ ਜਾਣ ਪਰ ਸਰਕਾਰੀ ਕਾਨੂੰਨ ਨਾਲ ਰਿਆਸਤਾਂ ਸਰਕਾਰ ਅੰਗਰੇਜ਼ੀ ਦੇ ਇਲਾਕੇ ਨਾਲ ਮਿਲਣ ਕਰਕੇ ਨਿਸ਼ਾਨ ਹੀ ਮਿਟ ਗਏ, ਪੂਰਬੀ ਖਾਲਸਾ ਦਰਬਾਰ ਦਾ ਇਲਾਕਾ ਸਤਿਲਜ ਅਤੇ ਜਮਨਾ ਦੇ ਵਿਚਕਾਰ ਕਾਫੀ ਸੀ। ਬਲਕਿ ਕਈ ਦਿੱਲੀ ਵਲ ਵਧ ਚੁਕੇ ਸਨ। ਬਾਈ ਧਾਰ ਪਹਾੜੀ ਰਾਜੇ ਸਭ ਖਾਲਸਾ ਜੀ ਦੇ ਅਧੀਨ ਸਨ। ਕਿਸੀ ਨੂੰ ਦਮ ਮਾਰਨ ਦੀ ਥਾਂ ਨਹੀਂ ਸੀ। ਲਾਰਡ ਡਲਹੌਜੀ ਦੀ ਪਾਲਿਸੀ ਦੇਸੀ ਰਿਆਸਤਾਂ ਨੂੰ ਬਿਲਕੁਲ ਖਤਮ ਕਰਨੇ ਦੀ ਸੀ, ਸਤਵੰਜਾ ਦੇ ਗਦਰ ਨੇ ਉਸ ਦੀਆਂ ਸਖਤੀਆਂ ਨੂੰ ਬੰਦ ਕਰ ਦਿਤਾ, ਮਹਾਰਾਣੀ ਵਿਕਟੋਰੀਆ ਨੇ ਸ਼ਾਂਤ ਵਰਤਾਈ, (ਇਹ ਹਾਲਾਤ ਅਗੇ ਔਣਗੇ)।

ਰਿਆਸਤ ਕੈਂਥਲ ਭਾਈਕਿਆਂ ਦੀ ਬਹੁਤ ਪ੍ਰਸਿੱਧ ਸੀ, ਸ: ਬਘੇਲ ਸਿੰਘ ਜਥੇਦਾਰ ਦਾ ਇਲਾਕਾ ਬਹੁਤ ਵਸੀਹ ਸੀ ਅੰਬਾਲੇ ਦੇ ਗਿਰਦੇ ਕਈ ਛੋਟੀਆਂ ਛੋਟੀਆਂ ਰਿਆਸਤਾਂ ਸਨ। ਜੈਸਾ ਕਿ ਬਾਬਾ ਗ੍ਰੀਬ ਦਾਸ ਦਾ ਵਾਰਸ ਸ: ਗੋਪਾਲ ਸਿੰਘ ਪ੍ਰਸਿਧ ਸੀ, ਇਨ੍ਹਾਂ ਦੀ ਰਿਆਸਤ ਮਨੀ ਮਾਜਰਾ ਨਾਮ ਸੇ ਪ੍ਰਸਿੱਧ ਸੀ, ਇਹਨਾਂ ਨਾਲ ਨਾਭਾ ਰਾਜ ਦੇ ਸਨਬੰਧ (ਰਿਸ਼ਤੇ) ਸਨ। ਸ: ਹਮੀਰ ਸਿੰਘ, ਗੋਵਰਧਨ ਸਿੰਘ, ਗੁਰਬਖਸ਼ ਸਿੰਘ ਸ੍ਰਕਾਰ ਅੰਗਰੇਜ਼ੀ ਵਲੋਂ 'ਰਾਜਾ' ਖਿਤਾਬ ਨਾਲ ਨਿਵਾਜੇ ਰਹੇ। ਅਖੀਰ ਇਹ ਰਾਜਧਾਨੀ ਰਾਜਾ ਭਗਵਾਨ ਸਿੰਘ ਦੇ ਉਲਾਦ ਹੀਣ (ਔਤ) ਰਹਿਣ ਨਾਲ ਖਤਮ ਹੋ ਗਈ। ਕਰਨਾਲ ਦੇ ਜ਼ਿਲੇ ਵਿਚ ਲਾਡੂਏ ਵਾਲੇ ਰਈਸ ਬਹੁਤ ਬਹਾਦਰ ਅਤੇ ਪ੍ਰਸਿਧ

ਸਨ । ਇਨ੍ਹਾਂ ਨੇ ਜੰਗ ਵੇਲੇ ਖਾਲਸਾ ਦਰਬਾਰ ਦਾ ਪੱਖ ਲਿਆ ਸੀ ਇਹ ਰਿਆਸਤ ਖਤਮ ਹੋਈ । ਰਿਆਸਤ ਬੂੜੀਆ (ਜਗਾਧਰੀ ਅੰਬਾਲਾ) ਇਸ ਨੂੰ ਸ: ਨਾਨੂੰ ਸਿੰਘ ਜੀ ਨੇ ਸੰਨ ੧੭੬੪ ਈ: ਵਿਚ ਤਲਵਾਰ ਨਾਲ ਕਾਇਮ ਕੀਤਾ ਸੀ (ਭਾਈ ਸੰਤੋਖ ਸਿੰਘ ਜੀ ਕਵਿਰਾਜ ਕਰਤਾ ਸੂਰਜ ਪ੍ਰਕਾਸ਼ ਦੀ ਇਹ ਨਗਰ ਜਨਮ ਭੂਮੀ ਸੀ)ਰਿਆਸਤ ਬੂੜੀਆ ਵਿਖੇ ਸੰਨ ੧੭੬੪ ਈ: ੧੭੮੬ ਤੀਕਰ ਸਰਦਾਰ ਭਗਵਾਨ ਸਿੰਘ ਨੇ ਰਾਜ ਕੀਤਾ ਉਪਰੰਤ ੧੮੦੫ ਈ: ਤੀਕਰ ਸਰਦਾਰ ਸ਼ਮਸ਼ੇਰ ਸਿੰਘ ਬਹਾਦਰ ਬਾਦ ਵਿਚ ਸ: ਗੁਲਾਬ ਸਿੰਘ ੧੮੪੪ ਤੋਂ ੧੮੯੩ ਅਗੇ ਸਰਦਾਰ ਜੀਉਣ ਸਿੰਘ, ਰਾਜਿੰਦਰ ਸਿੰਘ ਸੰਨ ੧੯੨੧ ਤੀਕਰ ਉਪਰੰਤ ਸ: ਰਤਨ ਸਿੰਘ, ਅਮੋਲਕ ਸਿੰਘ, ਲਾਲ ਸਿੰਘ ਆਦਿ ਕਈ ਸਰਦਾਰ ਹੋਏ ਇਹ ਭੀ ਪ੍ਰਸਿਧ ਰਿਆਸਤ ਸੀ ਇਹ ਰਾਜੇ ਰਹੇ ਵੰਡਾਂ ਕਰਕੇ ਅਤੇ ਅੰਗਰੇਜ਼ੀ ਰਾਜ ਦੇ ਪਿਛੋਂ ਪ੍ਰਸਿੱਧੀ ਵਿਚ ਨਹੀਂ ਰਹੇ ਇਸ ਪ੍ਰਕਾਰ ਜੇ ਸਾਰੀਆਂ ਪੂਰਬੀ ਸਿਖ ਰਿਆਸਤਾਂ ਦੇ ਹਾਲ ਇਥੇ ਲਿਖੇ ਜਾਣ ਬਹੁਤ ਵਿਸਥਾਰ ਹੈ (ਪ੍ਰਸੰਗ ਅਨੁਸਾਰ ਔਣਗੇ) ਪੂਰਬੀ ਦਰਬਾਰ ਦੇ ਅਸਲੋਂ ਓਹੀ ਇਲਾਕੇ ਬਚੇ ਜਿਨ੍ਹਾਂ ਦੀ ਸਰਪਰਸਤੀ ਅੰਗ-ਰੇਜ਼ੀ ਸਰਕਾਰ ਦੇ ਅਨਕੂਲ ਸੀ । ਪਾਠਕਾਂ ਦੀ ਵਾਕਫੀ ਲਈ ਕੇਵਲ ਕੁਛ ਕੁ ਵਡੇ ਸਿਖ ਰਈਸਾਂ ਦਾ ਸੰਖੇਪ ਹਾਲ ਅਗੇ ਦਰਜ ਹੈ:—

ਮਹਾਰਾਜਾ ਕਰਮ ਸਿੰਘ ਪਟਿਆਲਾ

ਰਾਜਾ ਸਾਹਿਬ ਸਿੰਘ ਦੇ ਘਰ ਰਾਣੀ ਆਸ ਕੌਰ ਦੇ

ਉਦਰ ਤੋਂ ੧੬ ਅਕਤੂਬਰ ਸੰਨ ੧੭੯੮ ਈ: (੧੮੫੫ ਬਿ:) ਨੂੰ ਟਿੱਕਾ ਕਰਮ ਸਿੰਘ ਦਾ ਜਨਮ ਹੋਇਆ। ਰਾਜਾ ਸਾਹਿਬ ਸਿੰਘ ਦੇ ਦੇਹਾਂਤ ਪਿਛੋਂ ੩੦ ਜੂਨ ਸੰਨ ੧੮੧੩ ਈ: (੧੮੭੦ ਬਿ:) ਨੂੰ ਪਟਿਆਲਾ ਦੀ ਗੱਦੀ ਪਰ ਬੈਠਿਆ। ਬਾਲ ਅਵਸਥਾ ਸਮੇਂ ਰਾਜ ਪ੍ਰਬੰਧ ਰਾਣੀ ਆਸ ਕੌਰ ਅਰ ਮਿਸਰ ਨੌਧਾ (ਨੌਧਾ ਮਲ) ਦੇ ਜ਼ਿੰਮੇ ਰਿਹਾ। ਮਾਘ ਸੁਦੀ ੫ ਸੰਮਤ ੧੮੬੭ ਵਿਖੇ ਥਾਨੇਸਰ ਦੇ ਸਰਦਾਰ ਭੰਗਾ ਸਿੰਘ ਦੀ ਸਪੁੱਤਰੀ ਰੂਪ ਕੌਰ ਨਾਲ ਸ਼ਾਦੀ ਹੋਈ। ਰਾਜਾ ਕਰਮ ਸਿੰਘ ਜੀ ਨੇ ਅਠ ਨੌ ਸ਼ਾਦੀਆਂ ਕਰਾਈਆਂ ਬਚੇ ਹੋਕੇ ਮਰਦੇ ਰਹੇ। ਅਖੀਰ ਸ: ਦੂਧ ਸਿੰਘ ਰਲੇਵਾਲੇ ਦੀ ਸਪੁਤਰੀ ਰਾਣੀ ਚੰਦ ਕੌਰ ਥੀਂ ਟਿੱਕਾ ਨਰਿੰਦਰਸਿੰਘ ਦਾ ਜਨਮ ਹੋਇਆ ਅਰ ਰਾਇ ਪੁਰ ਵਾਲੀ ਰਾਣੀ ਮਾਨ ਕੌਰ ਦੇ ਪੇਟੋਂ ਕੰਵਰ ਦੀਪ ਸਿੰਘ ਹੋਇਆ। ਮਹਾਰਾਜਾ ਕਰਮ ਸਿੰਘ ਪ੍ਰਤਾਪੀ ਰਾਜਾ ਸੀ, ਇਸਨੇ ਬਰਕਤ ਅਲੀ ਖਾਂ ਏਗ ਬਾਦੀ ਨੂੰ ਰਿਆਸਤ ਦੇ ਦਸਤੂਰ ਕਾਇਮ ਪਰ ਲਾਇਆ। ਮਹਾਰਾਜਾ ਕਰਮ ਸਿੰਘ ਨੂੰ ਸਰਕਾਰ ਅੰਗਰੇਜ਼ੀ ਵਲੋਂ ਸੰਨ ੧੮੧੦ ਵਿਖੇ 'ਮਹਾਰਾਜਾ' ਦੀ ਪਦਵੀ ਪ੍ਰਾਪਤ ਹੋਈ। ਸੰਨ ੧੮੧੪ ਈ: ਵਿਚ ਨੈਪਾਲ ਦੇ ਜੰਗ ਵਿਚ ਖ਼ਿਦਮਤਾਂ ਕਰਕੇ ਨਾਮ ਪਾਇਆ ਅਰ ਸਨਦਾਂ ਮਿਲੀਆਂ। ਉਸ ਵੇਲੇ ਤਿੰਨ ਕੁ ਲਖ ਰੁਪੈ ਅੰਗਰੇਜ਼ੀ ਸਰਕਾਰ ਨੂੰ ਬਤੌਰ ਕਰਜ਼ੇ ਦੇ ਮੱਦਦ ਭੀ ਦਿਤੀ। ਇਸ ਬਦਲੇ ਕਿਉਥਲ, ਬਘਾਟ, ਜਮਅਈ ਆਦਿ ਇਲਾਕੇ ਮਿਲੇ, ਇਸਨੇ ਬਹਾਦੁਰ ਗੜ੍ਹ ਦਾ ਕਿਲਾ ਫੇਰ ਤਿਆਰ ਕਰਵਾਇਆ।

ਮਹਾਰਾਜਾ ਕਰਮ ਸਿੰਘ ਨੇ ਭਾਵੇਂ ਸੰਨ ੧੮੧੮ ਈ:

ਤੋਂ ਰਾਜ ਦੀ ਵਾਗ ਡੋਰ ਹਥ ਵਿਚ ਲੀਤੀ ਪਰ ਕੰਮ ਪਹਿਲਾਂ ਭੀ ਕਰਦਾ ਸੀ ਦੋਬਾਰਾ ਸੰਨ ੧੮੨੭ ਵਿਚ ਸਰਕਾਰ ਨੂੰ ਬੀਸ ਲਖ ਕਰਜ਼ਾ ਭੀ ਦਿਤਾ ਸੀ । ਸਿਖ ਅਰ ਅੰਗਰੇਜ਼ੀ ਫੌਜਾਂ ਦੀ ਸੰਨ ੧੮੪੫ ਈ: ਦੇ ਜੰਗਾਂ ਵਿਚ ਸਰਕਾਰ ਅੰਗ-ਰੇਜ਼ੀ ਦੀ ਇਸ ਨੇ ਇਮਦਾਦ ਕੀਤੀ। ਮਹਾਰਾਜਾ ਕਰਮ ਸਿੰਘ ਸਿੱਖ ਧਰਮ ਦਾ ਭੀ ਪਰੇਮੀ ਸੀ, ਇਸ ਨੇ ਰਿ: ਪਟਿਆਲਾ ਵਿਚ ਇਤਿਹਾਸਕ ਕਿਤਨੇ ਹੀ ਗੁਰਦੁਆਰੇ ਬਣਵਾਏ ਅਰ ਜਾਗੀਰਾਂ ਭੀ ਲਾਈਆਂ। ਇਸ ਦੇ ਦਰਬਾਰੀ ਬਹੁਤ ਸੇ ਵਿਦ-ਵਾਨ ਸਨ। ੨੩ ਦਸੰਬਰ ਸੰਨ ੧੮੪੫ (ਸੰਮਤ ੧੯੦੨ ਬਿ:) ਨੂੰ ਪਟਿਆਲਾ ਵਿਖੇ ਦੇਹਾਂਤ ਹੋਇਆ।

ਇਥੇ ਇਹ ਬਾਤ ਭੀ ਜਾਨਣੀ ਚਾਹੀਦੀ ਹੈ ਕਿ ਸਾਹਿਬ ਸਿੰਘ ਦਾ ਪੁਤ੍ਰ ਕੰਵਰ ਅਜੀਤ ਸਿੰਘ ਜੋ ਕਿ ਸੰਮਤ ੧੮੬੬ ਬਿ: ਵਿਖੇ ਰਾਣੀ ਨੰਦ ਕੌਰ ਦੇ ਉਦਰ ਥੀਂ ਪੈਦਾ ਹੋਇਆ ਇਨਾਂ ਦੀ ਸ਼ਾਦੀ ਰਾਧਾ ਸਿੰਘ ਮਾਨ ਪਿੰਡ ਮੌੜ ਦੀ ਬੇਟੀ ਨਾਲ ਹੋਈ ਸੀ। ਦੂਜੀ ਸ਼ਾਦੀ ਬਿਂਦ੍ਰਾਬਨ ਕਰਾਈ ਸੀ। ਕੰਵਰ ਅਜੀਤ ਸਿੰਘ ਨੇ ਪਟਿਆਲੇ ਦੀ ਗੱਦੀ ਵਾਸਤੇ ਅੱਠ ਸਾਲ ਵਲਾਇਤ ਤਕ ਮੁਕੱਦਮਾ ਕੀਤਾ। ਅਖੀਰ ਨੀਤੀਵਾਨ ਮਹਾਰਾਜਾ ਕਰਮ ਸਿੰਘ ਨੇ ਪਟਿਆਲੇ ਸੱਦਕੇ ਸੱਠ ਹਜ਼ਾਰ ਰੁਪਏ ਸਾਲ ਦੀ ਜਾਗੀਰ ਦੇਕੇ ਰਾਜ਼ੀ ਨਾਮਾ ਕਰ ਲਿਆ । ਕੌਰ ਸਾਹਿਬ ਮਲਕ ਪੁਰ ਕਾਨ੍ਹਪੁਰ ਆਦਿ ਵੱਧ ਰਿਹਾ। ਸੰਮਤ ੧੯੧੦ ਵਿਚ ਪਟਿਆਲੇ ਆਇਆ ਅਰ ਇਥੇ ਹੀ ਦੇਹਾਂਤ ਹੋਇਆ।

ਉਕਤ ਝਗੜੇ ਦੇ ਕਾਰਨ ਭੀ ਮਹਾਰਾਜਾ ਕਰਮ ਸਿੰਘ ਨੂੰ ਸਰਕਾਰ ਦੀਆਂ ਕਈ ਵਸ਼ੇਸ਼ ਸੇਵਾ ਕਰਨੀਆਂ ਪਈਆਂ

ਲਾਹੌਰ ਦਰਬਾਰ ਨਾਲ ਭੀ ਇਸ ਨੂੰ ਪ੍ਰੇਮ ਸੀ।

ਰਾਜਾ ਦੇਵਿੰਦਰ ਸਿੰਘ ਨਾਭਾ

ਰਾਜਾ ਦੇਵਿੰਦਰ ਸਿੰਘ ਤੋਂ ਪਹਿਲਾਂ ਰਾਣੀ ਦਿਆ ਕੌਰ ਦੇ ਉਦਰ ਤੋਂ ਕੌਰ ਰਣਜੀਤ ਸਿੰਘ ਦਾ ਜਨਮ ਹੋਇਆ ਸੀ, ਪਰ ਇਸ ਵਲੀ ਅਹਿਦ ਦਾ ਦੇਹਾਂਤ ਸੰਨ ੧੮੩੨ ਈ: ਵਿਖੇ ਹੋਇਆ ਇਸਦੀ ਖੰਨੇ ਵਾਲੀ ਰਾਣੀ ਤੋਂ ਸੰਤੋਖ ਸਿੰਘ ਜਨਮਿਆਂ ਇਸਦਾ ਚਲਾਣਾ ਭੀ ਰਣਜੀਤ ਸਿੰਘ ਦੇ ਹੁੰਦਿਆਂ ਹੀ ਸੰਨ ੧੮੩੦ ਈ: ਵਿਖੇ ਹੋਇਆ ਜਿਸ ਕਰਕੇ ਏਹ ਸ਼ਾਖ ਖਤਮ ਹੀ ਹੋ ਗਈ ਰਣਜੀਤ ਸਿੰਘ ਤਾਂ ਰਾਜਾ ਜਸਵੰਤ ਸਿੰਘ ਦੇ ਹੁੰਦੇ ਹੀ ਚਲਾਣਾ ਕਰ ਗਿਆ ਸੀ। ਦੇਵਿੰਦਰ ਸਿੰਘ ਨੇ ਸੰਤੋਖ ਸਿੰਘ ਦੀ ਸ਼ਾਦੀ ਸ਼ਾਹਬਾਦ ਵੱਡੀ ਧੂਮ ਧਾਮ ਨਾਲ ਕੀਤੀ ਸੀ ।

ਦੇਵਿੰਦਰ ਸਿੰਘ ਜੋ ਕਿ ਰਾਜਾ ਜਸਵੰਤ ਸਿੰਘ ਨਾਭਾ ਦਾ ਛੋਟਾ ਪੁਤਰ ਸੀ ਜੋ ੨੨ ਭਾਦਰੋਂ ਸੰਮਤ ੧੮੭੯ ਬਿ: ਨੂੰ ਮੁਦਾਰ ਹਰੀ ਸਿੰਘ ਜੋਧਪੁਰੀਏ (ਪਟਿਆਲਾ) ਦੀ ਸਪੁਤ੍ਰੀ ਹਰ ਕੌਰ ਥੀਂ ਜਨਮਿਆਂ। ਰਾਜਾ ਦੇਵਿੰਦਰ ਸਿੰਘ ਦੀ ਪਹਿਲੀ ਸ਼ਾਦੀ ਰਾਜਾ ਰਾਮ ਸਿੰਘ ਬੱਲਮ ਗੜ੍ਹੀਏ ਦੀ ਲੜਕੀ ਨਾਲ ਹੋਈ । ਦੂਜੀ ਰੰਘੜ ਨੰਗਲ ਦੀ ਮਾਨ ਕੌਰ ਨਾਲ ਹੋਈ। ਜਿਸ ਤੋਂ ਕੌਰ ਭਰਪੂਰ ਸਿੰਘ ਅਰ ਭਗਵਾਨ ਸਿੰਘ ਦੋ ਪੁਤ੍ਰ ਜਨਮੇ । ਰਾਜਾ ਦੇਵਿੰਦਰ ਸਿੰਘ ੫ ਅਕਤੂਬਰ ਸੰਨ ੧੮੪੦ ਈ: ਨੂੰ ਗੱਦੀ ਪਰ ਬੈਠਾ। ਰਾਜਾ ਦੇਵਿੰਦਰ ਸਿੰਘ ਜੈਗੁਪਾਲ ਨਾਮੀ ਮਾਧਵਾ ਚਾਰੀ ਵੈਰਾਗੀਆਂ ਦੀ ਸੰਗਤ ਨਾਲ ਸਿਖ ਧਰਮ ਤੋਂ

ਨਫਰਤ ਕਰਨੇ ਲਗ ਪਿਆ ਸੀ, ਜਿਸ ਕਾਰਨ ਸਿਖ ਇਸ ਪਾਸੋਂ ਨਾਰਾਜ਼ ਸਨ। ਇਸ ਨੇ ਪੋਪਾਂ ਨੂੰ ਬਹੁਤ ਮਾਲ ਧਨ ਲੁਟਾਇਆ ।

ਸੰਨ ੧੮੪੫ ਈ: ਵਿਚ ਸਿਖਾਂ ਅਰ ਅੰਗਰੇਜ਼ਾਂ ਵਿਚ ਜੰਗ ਹੋਏ, ਉਸ ਵੇਲੇ ਰਾਜਾ ਦੇਵਿੰਦਰ ਸਿੰਘ ਦਾ ਕਸੂਰ ਠਹ-ਰਾਯਾ ਗਿਆ ਕਿ ਓਹ ਲਾਹੌਰ ਦਰਬਾਰ ਦਾ ਹਿਤੂ ਹੈ ਅਰ ਅੰਗਰੇਜ਼ੀ ਸਰਕਾਰ ਦਾ ਸਹਾਇਕ ਨਹੀਂ ਹੈ। ਜਿਸ ਕਸੂਰ ਬਦਲੇ ਮੇਜਰ ਬ੍ਰਾਡਫੁਟ ਨੇ ਰਾਜਾ ਦੇਵਿੰਦਰ ਸਿੰਘ ਨੂੰ ਗੱਦੀਓਂ ਉਤਾਰ ਕੇ ਉਸਦੇ ਟਿੱਕੇ ਭਰਪੂਰ ਸਿੰਘ ਨੂੰ ਗੱਦੀ ਪਰ ਬਿਠਾ ਦਿਤਾ,ਅਰ ਰਾਜਾ ਦੇਵਿੰਦਰ ਸਿੰਘ ਦੀ ਪਚਾਸ ਹਜ਼ਾਰ ਰੁਪਿਆ ਪਿਨਸ਼ਨ ਕਰਕੇ ਮਥਰਾ ਵਿਖੇ ਜਲਾਵਤਨ ਰਖਿਆ ਗਿਆ ਇਸੇ ਕਸੂਰ ਵਿਚ ਲਗਪਗ ਚੌਥਾ ਹਿਸਾ ਰਿਆਸਤ ਦਾ (ਲਖ ਰੁਪਏ ਦੀ ਆਮਦਨੀ ਦੇ ਅੱਸੀਕੁ ਪਿੰਡ) ਪਖੋਵਾਲ, ਰੋੜੀ ਦਾਰੜੂ ਆਦਿ ਪਰਗਣੇ ਜ਼ਬਤ ਸ੍ਰਕਾਰ ਕੀਤੇ ਗਏ ਸਨ।

ਰਾਜਾ ਸਾਹਿਬ ਸੰਨ ੧੮੪੬ ਈ: ਤੋਂ ਲੈਕੇ ਸੰਨ ੧੮੫੫ ਈ: ਤਕ ਮਥਰਾ ਵਿਖੇ ਜਲਾਵਤਨ ਰਿਹਾ, ਬਾਦ ਮਹਾਰਾਜਾ ਖੜਗ ਸਿੰਘ ਵਾਲੇ ਮਹੱਲਾਂ ਵਿਚ ਰਖਿਆ ਗਿਆ ਉਥੇ ਹੀ ਇਸਦਾ ਦੇਹਾਂਤ ਨਵੰਬਰ ਸੰਨ ੧੮੬੫ ਈਸਵੀ ਵਿਖੇ ਹੋਇਆ ਅਰ ਨਾਭੇ ਲਿਆ ਕੇ ਦਾਹ ਕੀਤਾ ਗਿਆ।

ਨੋਟ–ਕਈਆਂ ਦਾ ਖਿਆਲ ਸੀ ਕਿ ਮਾਮਲਾ ਸ਼ਕੀ ਸੀ, ਅਰ ਫੈਸਲੇ ਵੇਲੇ ਮੇਜਰ ਬ੍ਰਾਡ ਫੁਟ ਜੰਗ ਵਿਖੇ ਮਰ ਚੁਕਿਆ ਸੀ। ਜ਼ਬਤ ਹੋਏ ਇਲਾਕੇ ਵਿਚੋਂ ਫਰੀਦਕੋਟ ਅਤੇ ਪਟਿਆਲਾ ਨੂੰ ਬਰਾਬਰ ਦੇ ਹਿਸੇ ਦਿਤੇ, ਕੁਝ ਹਿਸਾ ਫੌਜੀ

ਖਰਚ ਵਲੋਂ ਸਰਕਾਰ ਨੇ ਰਖਿਆ ਸੀ।

ਰਾਜਾ ਪਹਾੜਾ ਸਿੰਘ ਫਰੀਦ ਕੋਟੀਆ

ਪਹਾੜਾ ਸਿੰਘ ਸੰਮਤ ੧੮੪੬ ਬਿਕ੍ਰਮੀ ਵਿਖੇ ਜਨਮਿਆਂ। ਬੜਾ ਦੂਰ ਅੰਦੇਸ਼ ਹੋਇਆ ਅਤੇ ਬਹਾਦਰ ਭੀ ਸੀ। ਇਸਨੇ ਆਪਣੇ ਰਾਜ ਨੂੰ ਚੰਗੀ ਤਰੱਕੀ ਦਿਤੀ। ਚੜ੍ਹਤ ਸਿੰਘ ਬਰਾੜ ਦੇ ਤਿੰਨ ਪੁਤਰ ਸਨ। ਗੁਲਾਬ ਸਿੰਘ, ਪਹਾੜਾ ਸਿੰਘ, ਸਾਹਿਬ ਸਿੰਘ।

ਪਹਾੜਾ ਸਿੰਘ ਸੰਨ ੧੮੨੭ ਈਸਵੀ (੧੮੮੪ ਬਿ:) ਵਿਚ ਆਪਣੇ ਵਡੇ ਭਾਈ ਗੁਲਾਬ ਸਿੰਘ ਦੇ ਪੁਤਰ ਅਤਰ ਸਿੰਘ ਦੇ ਚਲਾਣੇ ਪਰ ਰਾਜ ਸਿੰਘਾਸਨ ਪਰ ਬੈਠਿਆ। ਸਾਹਿਬ ਸਿੰਘ ਛੋਟੇ ਭਾਈ ਨੂੰ ਪਿੰਡ ਮਹਿਮੂਆਣਾ ਦਿਤਾ, ਅੰਗਰੇਜ਼ਾਂ ਅਰ ਸਿਖਾਂ ਵਿਚਕਾਰ ਜੋ ਜੰਗ ਸੰਨ ੧੮੪੫ (੧੯੦੨ ਬਿਕ੍ਰਮੀ) ਨੂੰ ਹੋਈ ਪਹਾੜਾ ਸਿੰਘ ਅੰਗਰੇਜ਼ਾਂ ਦੇ ਪਖ ਪਰ ਰਿਹਾ ਅਰ ਪੂਰਨ ਇਮਦਾਦ ਦਿਤੀ, ਜਿਸ ਪਰ ਸਰਕਾਰ ਨੇ ਇਸਨੂੰ ਰਾਜਾ ਪਦਵੀ ਬਖਸ਼ੀ। ਸੰਮਤ ੧੯੦੬ ਬਿ: ਵਾਲੀ ਮੱਦਦੀ ਸਨਦ ਭੀ ਮਿਲੀ ਰਾਜਾ ਪਹਾੜਾ ਸਿੰਘ ਦਾ ਦੇਹਾਂਤ ਇਸੇ ਸਾਲ ਸੰਨ ੧੯੪੯ ਈ: ਵਿਚ ੬੦ ਕੁ ਸਾਲਾਂ ਦੀ ਉਮਰ ਭੋਗਕੇ ਹੋਇਆ।

ਰਾਜਾ ਪਹਾੜਾ ਸਿੰਘ ਦੇ ਤਿੰਨੇ ਪੁਤ੍ਰ ਦੀਪ ਸਿੰਘ, ਅਨੋਖ ਸਿੰਘ ਤੇ ਵਜ਼ੀਰ ਸਿੰਘ ਸਨ। ਦੀਪ ਸਿੰਘ ਦੀ ਪੈਦਾਇਸ਼ ਦੇਸ ਕੌਰ ਤੋਂ ਸੀ। ਇਸਦੀ ਪਹਿਲੀ ਸ਼ਾਦੀ ਪ੍ਰਤਾਪ ਕੌਰ ਨਾਲ ਦਾਹਲਾਂ ਦੇ ਹੋਈ ਸੀ। ਦੂਜੀ ਸ਼ਾਦੀ ਦਇਆ ਕੌਰ ਨਾਲ

ਨਗਰ ਰੁੜਕੀ (ਧਾਲੀ ਵਾਲ) ਹੋਈ। ਇਸਦਾ ਚਲਾਣਾ ਸੰਮਤ ੧੯੭੨ ਬਿ: ਵਿਚ ਹੋਇਆ। ਦੂਜਾ ਅਨੋਖ ਸਿੰਘ, ਇਹ ਦੀਪ ਸਿੰਘ ਦਾ ਛੋਟਾ (ਸਕਾ ਭਾਈ) ਦੋ ਸ਼ਾਦੀਆਂ ਵਿਚੋਂ ਉਲਾਦ ਨਹੀਂ ਸੀ। ਤੀਜੇ ਪੁਤਰ ਵਜੀਰ ਸਿੰਘ ਨੇ ਆਪਣੀ ਭਰਜਾਈ ਪਰੇਮ ਕੌਰ ਨਾਲ ਪੁਨਰ ਅਨੰਦ ਕਰਵਾਏ। ਵਜ਼ੀਰ ਸਿੰਘ ਚੰਦ ਕੌਰ ਦੇ ਉਦਰ ਥੀਂ ਸੰਮਤ ੧੮੭੨ ਬਿ: ਵਿਚ ਜਨਮਿਆਂ ਸੀ। ਇਸਦੀ ਸ਼ਾਦੀ ਮਾਨਸ਼ਾਹੀਏ ਸਰਦਾਰ ਸ਼ਾਮ ਸਿੰਘ ਦੀ ਪੁਤਰੀ ਇੰਦਰ ਕੌਰ ਨਾਲ ਹੋਈ, ਜਿਸ ਥੀਂ ਕੌਰ ਬਿਕ੍ਰਮ ਸਿੰਘ ਦਾ ਜਨਮ ਹੋਇਆ।

ਰਾਜਾ ਵਜੀਰ ਸਿੰਘ ਫਰੀਦ ਕੋਟੀਆ

ਰਾਜਾ ਪਹਾੜਾ ਸਿੰਘ ਜੀ ਦਾ ਤੀਜਾ ਪੁਤ੍ਰ ਜਿਸਦੀ ਪੈਦਾਇਸ਼ ਸੰਮਤ ੧੮੭੨ ਬਿ: ਦੀ ਸੀ। ਰਾਜਾ ਪਹਾੜਾ ਸਿੰਘ ਨਾਲ ਜੰਗਾਂ ਯੁਧਾਂ ਵਿਚ ਭੀ ਰਿਹਾ। ਪਿਤਾ ਦੇ ਚਲਾਣੇ ਪਰ ਸੰਮਤ ੧੯੦੬ ਬਿ: ਵਿਖ ਗੱਦੀ ਪਰ ਬੈਠਾ, ਇਸਨੇ ਸੰਮਤ ੧੯੧੪ ਬਿ: (੧੮੫੭ ਈ.) ਵਾਲੇ ਗਦਰ ਵਿਚ ਅੰਗਰੇਜ਼ਾਂ ਦੀ ਬਹੁਤ ਮੱਦਦ ਕੀਤੀ। ਇਹ ਮੇਜਰ ਫਰੈਡਰਿਕ ਮਾਰਸਤਨ ਨਾਲ ਫੌਜ ਸਮੇਤ ਰਿਹਾ ਅਰ ਰੁਪਏ ਦੀ ਮੱਦਦ ਭੀ ਦਿਤੀ। ਗਦਰ ਵਿਖੇ ਸੇਵਾ ਕਰਨ ਦੇ ਸਿਲੇ ਵਿਚ ਸਰਕਾਰ ਅੰਗ੍ਰੇਜ਼ੀ ਵਲੋਂ "ਬੈਰਾੜ ਬੰਸ" ਖਿਤਾਬ ਭੀ ਮਿਲਿਆ। ਗਿਆਰਾਂ ਤੋਪਾਂ ਦੀ ਸਲਾਮੀ ਮਨਜ਼ੂਰ ਕੀਤੀ। ਫਰੀਦ ਕੋਟ ਨੂੰ ਇਸ ਰਾਜੇ ਨੇ ਚੰਗੀ ਰੌਣਕ ਦਿਤੀ।

ਦਸਿਆ ਹੈ ਕਿ ਰਾਜਾ ਵਜ਼ੀਰ ਸਿੰਘ ਨਾਲੇ ਦਾ ਪੂਰਨ

ਜਤੀ ਸੀ ਅਰ ਸਾਧੂ ਬ੍ਰਿਤੀ ਸੀ। ਇਨ੍ਹਾਂ ਦਾ ਇਕ ਕਛਹਿਰਾ ਫਰੀਦਕੋਟ ਦੇ ਤੋਸ਼ੇ ਖਾਨੇ ਵਿਖੇ ਪਿਆ ਦਸੀਦਾ ਹੈ, ਜਿਨ੍ਹਾਂ ਇਸਤ੍ਰੀਆਂ ਨੂੰ ਬੱਚਾ ਪੈਦਾ ਹੋਣ ਵੇਲੇ ਰੁਕਾਵਟ ਯਾਂ ਖਾਸ ਕਸ਼ਟ ਹੁੰਦਾ ਹੈ, ਇਸ ਨੂੰ ਧੋ ਕੇ ਉਸਦਾ ਪਾਣੀ ਪਿਲੌਣ ਨਾਲ ਬਚਾ ਸੁਖ ਨਾਲ ਪੈਦਾ ਹੋ ਜਾਂਦਾ ਹੈ। ਇਹ ਪੁਰਾਣੇ ਖਿਆਲ ਬੱਝੇ ਚਲੇ ਆ ਰਹੇ ਹਨ।

ਰਾਜਾ ਰਣਧੀਰ ਸਿੰਘ ਕਪੂਰਥਲੀਆ

ਰਾਜਾ ਨਿਹਾਲ ਸਿੰਘ ਦਾ ਵੱਡਾ ਸਪੁਤ੍ਰ ਰਾਜਾ ਰਣਧੀਰ ਸਿੰਘ ਜਿਸ ਦਾ ਜਨਮ ਮਾਰਚ ਸੰਨ ੧੮੩੧ ਈ: ਵਿਖੇ ਹੋਇਆ ਸੀ। ਪਿਤਾ ਦੇ ਗੁਜਰਨ ਪਰ ਬਾਈ ਕੁ ਸਾਲਾਂ ਦੀ ਉਮਰ ਵਿਚ ਰਾਜ ਸਿੰਘਾਸਨ ਪਰ ਬੈਠਾ। ਰਾਜਾ ਰਣਧੀਰ ਸਿੰਘ ਨੇ ਸੰਨ ੧੮੫੭ (੧੯੧੪ ਬਿ:) ਦੇ ਗਦਰ ਵੇਲੇ ਸਰਕਾਰ ਅੰਗਰੇਜ਼ੀ ਦੀ ਤਨੋ ਮਨੋ ਧਨੋ ਲਾਕੇ ਸਹਾਇਤਾ ਕੀਤੀ, ਜਿਸ ਕਰਕੇ ਅਵਧ ਦੇ ਇਲਾਕੇ ਵਿਚ ਕਾਫੀ ਜ਼ਮੀਨ ਮਿਲੀ ਅਰ ਪੰਦਰਾਂ ਹਜ਼ਾਰ ਰੁਪਏ ਦਾ ਖਿੱਲਤ ਅਰ ਗਿਆਰਾਂ ਤੋਪਾਂ ਦੀ ਸਲਾਮੀ ਕੀਤੀ ਗਈ। ਅਨੇਕਾਂ ਸਰਕਾਰੀ ਖਿਦਮਤਾਂ ਬਦਲੇ "ਫਰਜ਼ੰਦੇ ਦਿਲਬੰਦ ਰਸੂਖੁਲਇਤਕਾਦ ਦੌਲਤੇ ਇੰਗਲਸ਼ੀਆ" ਦਾ ਖਿਤਾਬ ਪ੍ਰਾਪਤ ਹੋਇਆ। ਰਾਜਾ ਸਾਹਿਬ ਵਲਾਇਤ ਨੂੰ ਜਾ ਰਹੇ ਸਨ ਜਹਾਜ ਵਿਖੇ ਸਖਤ ਬੀਮਾਰ ਹੋ ਗਏ, ਅਦਨ ਥੀਂ ਵਾਪਸ ਔਂਦੇ ਜਹਾਜ ਵਿਚ ੨ ਅਪਰੈਲ ਸੰਨ ੧੮੭੦ ਨੂੰ ਅਕਾਲ ਚਲਾਣਾ ਕੀਤਾ।

ਭਾਈ ਸਾਹਿਬ ਉਦੇ ਸਿੰਘ ਕੈਂਥਲੀਆ

ਭਾਈ ਲਾਲ ਸਿੰਘ ਦਾ ਦੂਜਾ ਪੁੱਤਰ ਭਾਈ ਉਦੇ ਸਿੰਘ ਸੀ ਇਹ ਭਾਈ ਭਗਤੂ ਦੀ ਵੰਸ ਵਿਚ ਹੋਣ ਕਰਕੇ ਭਾਈ ਕੇ ਕਹੀਦੇ ਸਨ। ਰਾਜ ਕਰਕੇ ਆਪਣੇ ਇਲਾਕੇ ਵਿਚ ਸੁਤੰਤ੍ਰ ਰਾਜੇ ਸਨ । ਇਸ ਰਾਜ ਦੀ ਤਰੱਕੀ ਸਰਦਾਰ ਗੁਰਬਖਸ਼ ਸਿੰਘ ਤੋਂ ਹੋਈ। ਇਹ ਬਹਾਦਰ ਸੰਮਤ ੧੮੧੭ ਬਿ: ਵਿਖੇ ਚਾਲੇ ਪਾ ਗਿਆ ਸੀ ਇਸਦੇ ਵਡੇ ਪੁਤਰ ਬੁੱਢਾ ਸਿੰਘ ਨੇ ਕੋਹਾੜ ਰਾਜਧਾਨੀ ਬਣਾਕੇ ਪਹੇਆ ਅਰ ਥਾਨੇਸਰ ਆਦਿ ਫਤਹ ਕੀਤੇ ਸਨ । ਲਾਲ ਸਿੰਘ ਕੈਂਥਲ ਦਾ ਮਾਲਕ ਹੋਇਆ। ਇਸਦੇ ਦੋ ਪੁਤਰ ਸਨ, ਪਰਤਾਪ ਸਿੰਘ ਤੇ ਉਦੇ ਸਿੰਘ। ਲਾਲ ਸਿੰਘ ਪੰਤਾਲੀ ਛਿਤਾਲੀ ਸਾਲ ਰਾਜ ਕਰਕੇ ਸੰਮਤ ੧੮੭੫ ਬਿ: ਵਿਚ ਚਾਲੇ ਪਾ ਗਿਆ । ਉਪਰੰਤ ਇਸਦਾ ਵਡਾ ਬੇਟਾ ਪਰਤਾਪ ਸਿੰਘ ਗੱਦੀ ਨਸ਼ੀਨ ਹੋਇਆ। ਇਸਦੇ ਨਾਬਾਲਗ ਹੋਣ ਕਰਕੇ ਰਾਜ ਦਾ ਪਰਬੰਧ ਇਸਦੀ ਮਾਤਾ ਸਾਹਿਬ ਕੌਰ ਕਰਦੀ ਰਹੀ, ਅਰ ਪਰਤਾਪ ਸਿੰਘ ਦਾ ਮਾਮਾਂ ਸਮੁੰਦ ਸਿੰਘ ਸਹਾਇਕ ਰਿਹਾ। ਪਰਤਾਪ ਸਿੰਘ ਬਹੁਤ ਸਿਆਣਾ ਸੀ ਪਰੰਤੂ ਇਹ ੧੮੮੦ ਬਿ: ਵਿਚ ਚਲਾਣੇ ਕਰ ਗਿਆ। ਲਾਰਡ ਮਰੋ ਇਸ ਨਾਲ ਬਹੁਤ ਪ੍ਰੇਮ ਰਖਦਾ ਸੀ। ਪ੍ਰਤਾਪ ਸਿੰਘ ਦੇ ਚਲਾਣੇ ਪਿਛੋਂ ਉਦੇ ਸਿੰਘ ਗੱਦੀ ਨਸ਼ੀਨ ਹੋਇਆ। ਇਹ ਵਿਦਵਾਨ ਤਾਂ ਸੀ, ਪਰ ਇਸਦਾ ਸਰੀਰ ਜੰਗੀ ਕੰਮਾਂ ਦੇ ਯੋਗ ਨਹੀਂ ਸੀ। ਇਸ ਵਿਦਿਆ ਦੇ ਪਰੇਮੀ ਨੇ ਭਾਈ ਸੰਤੋਖ ਸਿੰਘ ਜੀ ਕਵਿਰਾਜ ਨੂੰ ਪਾਸ ਰਖਕੇ ਗ੍ਰੰਥ ਸੂਰਜ ਪ੍ਰਕਾਸ਼ ਆਦਿ ਲਿਖ-

ਵੌਣ ਵਿਚ ਧਨ ਅਰ ਆਰਾਮ ਦੀ ਮੱਦਦ ਦਿਤੀ ਸੀ। ਭਾਈ ਉਦੇ ਸਿੰਘ ਭਾਵੇਂ ਪ੍ਰੇਮੀ ਸਿਖ ਸੀ, ਪਰ ਹਿੰਦੂ ਸਿਖੀ ਦਾ ਪੱਕਾ ਪ੍ਰਚਾਰਕ ਸੀ। ਪੰਡਤਾਂ, ਸੰਨਿਆਸੀਆਂ, ਸਾਧਾਂ ਪਰ ਬਹੁਤ ਸ਼ਰਧਾ ਰੱਖਦਾ ਸੀ। ਸੂਰਜ ਪ੍ਰਕਾਸ਼ ਵਿਚ ਹਿੰਦੂ ਰਸਮੋਂ ਰਿਵਾਜ ਦੀਆਂ ਲਿਖਤਾਂ ਪੈਣ ਦਾ ਮੁਖ ਕਾਰਨ ਰਾਜਾ ਉਦੇ ਸਿੰਘ ਸੀ, ਕਵਿ ਰਾਜ ਸੰਤੋਖ ਸਿੰਘ ਨੂੰ ਪੰਡਤਾਂ ਦੇ †ਅਧੀਨ ਰਖਕੇ ਕੰਮ ਲੈਂਦਾ ਸੀ, ਓਹ ਹਮੇਸ਼ਾਂ ਕਵੀ ਜੀ ਪਰ ਸਿਰੋਮਣਤਾ, ਪੰਡਤਾਂ ਦਾ ਦਬਾਉ ਰਖਦੇ ਸਨ। ਰਾਜਾ ਉਦੇ ਸਿੰਘ ਸੰਨਿਆਸੀਆਂ ਦੇ ਪਟਨੇ ਲਗਕੇ ਜੋਗਾ ਅਭਿਆਸ ਵਿਚ ਭੀ ਭਰਮਦਾ ਰਿਹਾ। ਇਸ ਨੂੰ ਅਧਰੰਗ ਦੀ ਬੀਮਾਰੀ ਸੀ। ਸੂਰਜ ਪ੍ਰਕਾਸ਼ ਵਿਚ ਜੋ ਭੀ ਮਨਮਤਾਂ ਦੇ ਪ੍ਰਸੰਗ ਹਨ ਇਹ ਭਾਈ ਉਦੇ ਸਿੰਘ ਜੀ ਦੇ ਸ਼ਰਧਾਲੂ ਪੰਡਤਾਂ ਦਾ ਰੋਹਬ ਹੈ। ਰਾਜਾ ਉਦੇ ਸਿੰਘ ਨੇ ਇਤਨੇ ਗੁਰਦੁਆਰੇ ਨਹੀਂ ਬਣਾਏ ਜਿਤਨੇ ਕਿ ਦੇਵੀਆਂ ਆਦਿ ਦੇ ਮੰਦਰ ਬਣਵਾਏ ਸਨ। ਰਾਜਾ ਉਦੇ ਸਿੰਘ ਸੰਨਿਆਸੀ ਰਾਮਗਿਰ ਪਰ ਗੁਰੂ ਦੀ ਮਾਨਿੰਦ ਇਥੋਂ ਤਕ ਸ਼ਰਧਾ ਰਖਦਾ ਸੀ ਕਿ ਆਪ ਉਸ ਸੰਨਿਆਸੀ ਪਾਸ ਖੁਦ ਚਲਕੇ ਜਾਂਦੇ ਸਨ। ਭਾਈ ਸਾਹਿਬ ਦਾ ਸਿਖ ਰਿਆਸਤਾਂ ਵਲੋਂ ਕਾਫੀ ਮਾਣ ਰਹਿੰਦਾ ਸੀ ਕਈ ਵਾਰ ਭਾਈ ਸਾਹਿਬ ਹੋਣ ਦੀ ਥਾਂ ਕਰਕੇ ਪੂਜਾ ਪਾਠ ਵਿਚ ਨਗਰ ‡ਅਰਪਨ ਹੁੰਦੇ ਰਹਿੰਦੇ ਸਨ ਪਰ ਭਾਈ ਸੰਤੋਖ ਸਿੰਘ ਜੀ ਨੂੰ ਬਾਲਮੀਕੀ ਰਮਾਯਣ ਦਾ ਟੀਕਾ ਕਰਨੇ ਪਰ

---

†ਭਾਈ ਸਾਹਿਬ ਉਸਦੀ ਸਹਾਇਤਾ ਦੇ ਕਾਰਨ ਨੇੜੇ ਲਗੇ ਸਨ।

‡ਜਿਨ੍ਹਾਂ ਸਿਖਾਂ ਦੇ ਇਹ ਪੁਜਾਰੀ ਸਨ ਉਥੇ ਭੀ ਹਿੰਦੂ ਸਿਖੀ ਨੇ ਪ੍ਰਵੇਸ਼ ਕੀਤਾ।

ਪੰਡਿਤਾਂ ਦੀ ਪ੍ਰੇਰਨਾ ਨਾਲ ਮੋਬਲੀ ਨਾਮੀ ਨਗਰ ਬਖਸ਼ ਦਿਤਾ ਸੀ। ਜਿਸਤੋਂ ਆਪਦੀ ਵਡੀ ਖੁਸ਼ੀ ਦਾ ਕਾਰਨ ਮਿਲਦਾ ਹੈ। ਗੁਰ ਪ੍ਰਤਾਪ ਸੂਰਜ ਤਿਆਰ ਕਰਨ ਵਿਚ ਕਾਫੀ ਸਹਾਇਤਾ ਤਾਂ ਦਿਤੀ ਪਰ ਕਵਿਰਾਜ ਜੀ ਕਈ ਵਾਰ ਨਿਰਾਸਤਾ ਵਿਚ ਇਧਰ ਉਧਰ ਚਲੇ ਜਾਂਦੇ ਰਹੇ। ਜਿਸ ਤੋਂ ਅਨੁਮਾਨ ਲਗਦਾ ਹੈ ਕਿ ਅਨਮਤੀ ਆਰੂਆਂ ਦਾ ਆਪ ਨਾਲੋਂ ਵਧ ਮਾਣ ਸੀ। ਭਾਈ ਉਦੇ ਸਿੰਘ ੧੪ ਮਾਰਚ ਸੰਨ ੧੮੪੩ (੧੮੯੯ ਮਾਹ ਫਗਣ) ਨੂੰ ਚਲਾਣਾ ਕਰ ਗਏ।

ਅੰਗਰੇਜ਼ਾਂ ਦੇ ਕਾਨੂੰਨ ਅਨੁਸਾਰ ਬੇ ਔਲਾਦ ਜਾਣ ਕਰਕੇ ਪੰਜਵਾਂ ਹਿੱਸਾ ਕੌਲੀ ਵਾਲਿਆਂ ਨੂੰ ਦੇ ਕੇ ਬਾਕੀ ਚਾਰ ਕੁ ਲੱਖ ਦੀ ਰਿਆਸਤ ਅੰਗਰੇਜ਼ੀ ਰਾਜ ਨਾਲ ਰਲਾਈ ਗਈ ਸੀ, ਪਿਛੋਂ ਭਾਈ ਗੁਲਾਬ ਸਿੰਘ ਆਦਿ ਸਨਬੰਧੀਆਂ ਨੇ ਦਾਵੇ ਭੀ ਚਲਾਏ ਪਰ ਕੁਝ ਨਾਂ ਬਣਿਆਂ। ਭਾਈ ਸਾਹਿਬ ਜੀ ਦੀਆਂ ਦੋ ਰਾਣੀਆਂ ਸਾਹਿਬ ਕੌਰ ਤੇ ਸੁਜਾਨ ਕੌਰ ਪਿਛੋਂ ਸਰਕਾਰੀ ਪੈਨਸ਼ਨ ਪਰ ਗੁਜ਼ਰਾਨ ਕਰਦੀਆਂ ਰਹੀਆਂ। ਰਾਜਾ ਉਦੇ ਸਿੰਘ ਦੀ ਮਾਤਾ ਨੇ ਪਹੋਏ ਰਹਿਕੇ ਦੁਖਾਂ ਨਾਲ ਦਿਨ ਗੁਜਾਰੇ। ਇਸ ਪ੍ਰਕਾਰ ਇਹ ਸ਼ਾਖ ਹੀ ਮੁਕ ਗਈ।

ਲਾਹੌਰ ਦਰਬਾਰ ਵਿਖੇ ਵਜ਼ੀਰੀ ਦੀਆਂ ਵੰਡਾਂ

ਰਾਜਾ ਧਿਆਨ ਸਿੰਘ ਦੀ ਥਾਂ ਉਸ ਦਾ ਪੁਤ੍ਰ ਹੀਰਾ ਸਿੰਘ ਵਜ਼ੀਰ ਬਣਿਆਂ। ਚਾਰ ਕੁ ਦਿਨਾਂ ਦੀ ਵਜ਼ੀਰੀ ਸ: ਲਹਿਣਾ ਸਿੰਘ ਦੇ ਹਿਸੇ ਭੀ ਆਈ ਸੀ। ਰਾਜਾ ਹੀਰਾ ਸਿੰਘ ਦਾ ਚਾਚਾ ਸੁਚੇਤ ਸਿੰਘ ਵਜ਼ੀਰੀ ਲੈਣ ਦੇ ਬਦਲੇ ਉਸੀ ਦੇ

ਹਥੋਂ ਮਾਰਿਆ ਗਿਆ। ਸਰਦਾਰ ਅਤਰ ਸਿੰਘ ਸੰਧਾਵਾਲੀਆ ਭੀ ਵਜ਼ੀਰੀ ਚਾਹੁੰਦਾ ਸੀ, ਉਸ ਨੂੰ ਭੀ ਹੀਰਾ ਸਿੰਘ ਨੇ ਕਤਲ ਕਰਵਾਇਆ। ਵਜ਼ੀਰ ਹੀਰਾ ਸਿੰਘ ਦੇ ਕਤਲ ਪਿਛੋਂ ਕੋਈ ਵਜ਼ੀਰੀ ਲਈ ਹੱਥ ਨਹੀਂ ਨਿਕਾਲਦਾ ਸੀ। ਰਾਜਾ ਗੁਲਾਬ ਸਿੰਘ ਮੌਕਾ ਤਾੜਕੇ ਚੁਪ ਵਟ ਗਿਆ, ਫੌਜ ਦਾ ਹਰ ਇਕ ਪਰ ਦਬਾਉ ਸੀ ਫੌਜਾਂ ਪਾਸੋਂ ਕੰਮ ਸੋ ਲਵੇ ਜਿਸ ਪਾਸ ਖੁਲ੍ਹੇ ਖਜ਼ਾਨੇ ਹੋਣ। ਖਜਾਨਾ ਤਾਂ ਜੰਮੂ ਜਾ ਉਪੜਿਆ ਸੀ, ਮਹਾਰਾਣੀ ਚੰਦ ਕੌਰ ਵੇਲੇ ਦੀ ਲੁਟ ਨੇ ਖਜਾਨਾ ਮੁੜ ਨਹੀਂ ਭਰਨ ਦਿਤਾ ਪ੍ਰਬੰਧ ਬਿਗੜਨੇ ਕਰਕੇ ਥਾਉਂ ਥਾਈਂ ਹਾਕਮ ਭੀ ਹੱਥ ਘੁੱਟਣ ਲਗੇ, ਰਾਜਾ ਗੁਲਾਬ ਸਿੰਘ ਵਲ ਜੰਮੂ ਦਾ ਮਾਮਲਾ ਸਤਾਸੀ ਲੱਖ ਸੀ। ਫੌਜਾਂ ਨੂੰ ਤਨਖਾਹਾਂ ਦੇਣੀਆਂ ਭੀ ਕਠਨ ਸਨ। ਨਿਤ ਨਵੇਂ ਇਨਾਮ ਦੇਣ ਵਾਲੇ ਵਜ਼ੀਰ ਬਣਦੇ। ਡੋਗਰੇ ਲਾਹੌਰ ਦਾ ਤਖਤ ਜ਼ਰੂਰ ਮਲ ਲੈਂਦੇ ਜੇ ਕਦੀ ਫੌਜ ਉਨ੍ਹਾਂ ਥੀਂ ਵਿਰੁਧ ਨਾ ਹੁੰਦੀ ਫੌਜ ਦੇ ਆਸਰੇ ਹੀ ਰਾਜ ਸੀ। ਫੌਜ ਸ਼ਾਹੀ ਖਾਨ-ਦਾਨ ਪਰ ਕੁਰਬਾਨ ਹੁੰਦੀ ਸੀ ਤੇ ਦਰਬਾਰ ਲਈ ਮਰ ਮਿਟਣ ਨੂੰ ਤੱਤਪਰ ਰਹਿੰਦੀ ਸੀ। ਵਜ਼ੀਰੀ ਤੋਂ ਡਰਦੇ ਕਈ ਤਾਂ ਲੁਕ ਗਏ। ਸ: ਲਹਿਣਾ ਸਿੰਘ ਮਜੀਠਾ ਬੀਮਾਰੀ ਦਾ ਬਹਾਨਾ ਲਾਕੇ ਰਾਜ ਤਬਾਹ ਹੋ ਰਹੇ ਨੂੰ ਛਡਕੇ ਸਤਲੁਜੋਂ ਪਾਰ ਚਲ ਗਿਆ ਫੌਜ ਦੀ ਮਨਸ਼ਾ ਸੀ ਕਿ ਇਹ ਅਗਵਾਈ ਕਰੇ ਉਧਰ ਅੰਗਰੇਜ਼ਾਂ ਨਾਲ ਜਾ ਰਲਿਆ। 'ਹਾਰੀ ਦੇ ਨਾਉਂ' ਜਵਾਹਰ ਸਿੰਘ ਨੇ ਹੀ ਵਜ਼ੀਰ ਬਣਨਾ ਸੀ ਪਰ ਇਹ ਵਜ਼ੀਰੀ ਦੀ ਡਿਊਟੀ ਨਿਭੌਣ ਦੇ ਯੋਗ ਨਹੀਂ ਸੀ। ਕਿਉਂਕਿ ਸਮਾਂ ਬਹੁਤ ਨਾਜ਼ਕ ਸੀ ਅਤੇ ਇਹ ਨਾ ਤਜਰਬੇਕਾਰ ਸੀ।

ਅੰਤਮ ਹਥਿਆਰ

ਫੌਜਾਂ ਵਿਚ ਹੀਰਾ ਸਿੰਘ ਦੇ ਮਰਨ ਪਿਛੋਂ ਡੋਗਰਿਆਂ ਦਾ ਕੋਈ ਰਸੂਖ ਅਤੇ ਇਤਬਾਰ ਨਹੀਂ ਸੀ। ਜਦ ਫੌਜਾਂ ਨੇ ਵਜ਼ੀਰ ਹੀਰਾ ਸਿੰਘ ਨੂੰ ਮਾਰ ਦਿਤਾ ਤਾਂ ਹੋਰ ਵਡਾ ਕੌਣ ਸੀ। ਰਾਜਾ ਗੁਲਾਬ ਸਿੰਘ ਚੁਪ ਕੀਤੀ ਅਤੇ ਬਹੁਤ ਗਹਿਰੀ ਪਾਲਿਸੀ ਨਾਲ ਚਲਿਆ, ਤਦੇ ਉਸ ਨੇ ਲਾਭ ਬਹੁਤ ਉਠਾਏ, ਨਾ ਕਿਸੇ ਦੇ ਸਿਰ ਆਇਆ ਅਤੇ ਨਾ ਹੀ ਉਭਰ ਕੇ ਕੁਛ ਕਹਿੰਦਾ ਭੀ,ਅਗੋ ਸਮੇਂ ਸਿਰ ਨਰਮੀ ਤੋਂ ਕੰਮ ਲੈਂਦਾ ਸੀ,ਡੋਗਰੇ ਜ਼ਰੂਰ ਰਾਜ ਸਾਂਭ ਲੈਂਦੇ ਜੇ ਹੀਰਾ ਸਿੰਘ ਦਾ ੦ਸੂਖ ਫੌਜਾਂ ਵਿਚ ਰਹਿੰਦਾ। ਹੁਣ ਡੋਗਰਿਆਂ ਪਾਸ ਅੰਤਮ ਹਥਿਆਰ ਇਕੋ ਸੀ ਕਿ ਓਹ ਫੌਜਾਂ ਨੂੰ ਕਿਸੇ ਤਰਾਂ ਕਮਜ਼ੋਰ ਜਾਂ ਕਿਸੇ ਪਾਸੇ ਟਕਰਾਕੇ ਮਰਵੌਣ। ਇਸ ਲਈ ਓਹ ਇਸੇ ਭੰਨ ਘੜ ਵਿਚ ਲਗੇ ਰਹਿੰਦੇ। ਕਾਬਲ ਕੰਧਾਰ ਵਲੋਂ ਸਿਖਾਂ ਨਾਲ ਕੋਈ ਟਾਕਰਾ ਨਹੀਂ ਕਰ ਸਕਦਾ ਸੀ ਅਰ ਓਹ ਖਾਲਸੇ ਦੀ ਬਹਾਦਰੀ ਤੋਂ ਜਾਣੂ ਸਨ ਉਨ੍ਹਾਂ ਦਾ ਖਿਆਲ ਸੀ ਕਿ ਸਿਖ ਫੌਜਾਂ ਨੂੰ ਅੰਗਰੇਜ਼ਾਂ ਨਾਲ ਟਕਰਾ ਕੇ ਸਿਧਾ ਕਰਕੇ ਫੇਰ ਕਾਮਯਾਬੀ ਹੈ ਜਿਸ ਕਰਕੇ ਓਹ ਏਸੇ ਧਨ ਵਿਚ ਲਗੇ ਰਹੇ ਰਾਜਾ ਗੁਲਾਬ ਸਿੰਘ ਨੇ ਇਹੋ ਯਤਨ ਕੀਤੇ ਕਿ ਓਹ ਫੌਜਾਂ ਨੂੰ ਏਧਰ ਟਕਰਾਕੇ ਆਪਣਾ ਕੋਈ ਲਾਭ ਉਠਾਵੇ, ਚਾਹੇ ਕਿਧਰੋਂ ਭੀ ਮਿਲੇ।

†ਜਵਾਹਰ ਸਿੰਘ ਦੀ ਵਜ਼ੀਰੀ

ਰਾਜਾ ਹੀਰਾ ਸਿੰਘ ਨੂੰ ਪਤਾ ਸੀ ਕਿ ਵਜ਼ੀਰ ਬਣਨ ਲਈ ਸ: ਜਵਾਹਰ ਸਿੰਘ ਉਤਾਵਲਾ ਹੈ ਉਸ ਨੇ ਓਹੋ ਵਜ਼ੀਰ ਧਿਆਨ ਸਿੰਘ ਵਾਲਾ ਹਥਿਆਰ ਵਰਤਿਆ ਕਿ ਸਰਦਾਰ ਜਵਾਹਰ ਸਿੰਘ ਅੰਗਰੇਜ਼ਾਂ ਵਲੋਂ ਖੜਾ ਹੋਇਆ ਹੈ। ਇਸ ਨੇ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਪਾਸ ਲੈ ਜਾਣਾ ਹੈ, ਸਰਦਾਰ ਜਵਾਹਰ ਸਿੰਘ ਨੇ ਭੀ ਐਸਾ ਹੋਛਾ ਪਨ ਕੀਤਾ ਕਿ ਰਾਜਾ ਹੀਰਾ ਸਿੰਘ ਤੋਂ ਵਿਰੁਧ ਹੋਕੇ ਫੌਜਾਂ ਵਿਚ ਜਾ ਕਿਹਾ ਕਿ ਸਾਡੀ ਮੱਦਦ ਨਾ ਰਖੋਗੇ ਤਾਂ ਮੈਂ ਮਹਾਰਾਜੇ ਨੂੰ ਅੰਗਰੇਜ਼ਾਂ ਪਾਸ ਲੈ ਜਾਵਾਂਗਾ, ਬਾਤ ਕੇਵਲ ਇਹ ਫੌਜਾਂ ਨੂੰ ਹਮਦਰਦੀ ਪੈਦਾ ਕਰਨ ਲਈ ਪ੍ਰੇਰਨਾ ਅਤੇ ਹਿੱਤ ਦੀ ਸੀ। ਇਸਦਾ ਉਲਟਾ ਫਲ ਇਹ ਹੋਇਆ ਕਿ ਫੌਜਾਂ ਨੇ ਸਰਦਾਰ ਜਵਾਹਰ ਸਿੰਘ ਨੂੰ ਗ੍ਰਿਫਤਾਰ ਕਰਕੇ ਵਜ਼ੀਰ ਹੀਰਾ ਸਿੰਘ ਦੇ ਪਾਸ ਘਲ ਦਿਤਾ, ਹੀਰਾ ਸਿੰਘ ਦੀ ਬਾਤ ਹੀ ਫੁਰ ਗਈ। ਉਸ ਨੇ ਜਵਾਹਰ ਸਿੰਘ ਨੂੰ ਚੁਕ ਜੇਹਲ ਵਿਚ ਡੱਕ ਦਿਤਾ ਹਾਲਾਂਕਿ ਇਹ ਮਹਾਰਾਣੀ ਦਾ ਭ੍ਰਾਤਾ ਸੀ, ਅਖੀਰ ਫੌਜਾਂ ਅਤੇ ਮਹਾਰਾਣੀ ਦੇ ਜ਼ੋਰ ਨਾਲ ਜੇਲ੍ਹੋਂ ਨਿਕਲਿਆ ਨਹੀਂ ਤਾਂ ਉਥੇ ਹੀ ਸੜ ਮਰਦਾ। ਇਸ ਨੇ ਇਕ ਹਿੰਮਤ ਕੀਤੀ ਕਿ ਫੌਜ ਲੈਕੇ ਨਠੇ ਜਾਂਦੇ ਹੀਰਾ ਸਿੰਘ ਦਾ ਪਿਛਾ ਕੀਤਾ ਜਿਸ ਕਾਰਨ ਕਿ ਏਹੀ ਵਜ਼ੀਰ ਹੋ ਗਿਆ ਪਰ

---

†ਸ: ਜਵਾਹਰ ਸਿੰਘ, ਮ: ਜਿੰਦ ਕੌਰ ਦਾ ਭਰਾਤਾ ਸ: ਮੰਨਾ ਸਿੰਘ 'ਔਲਖ' ਨੱਗਰ ਚਾਹੜ (ਸਿਆਲਕੋਟ) ਦਾ ਸਪੁੱਤ੍ਰ ਸੀ ਜਵਾਹਰ ਸਿੰਘ ਦੀ ਵੱਡੀ ਭੈਣ ਸ: ਜਵਾਲਾ ਸਿੰਘ ਪੜ੍ਹਾਣੀਏ ਦੇ ਘਰ ਸੀ।

ਇਸ ਨੂੰ ਵਜ਼ੀਰ ਬਣਨ ਪਰ ਇਹ ਨਾ ਸੁਝੀ ਕਿ ਪਹਿਲਾਂ ਸਿਖਾਂ ਦੀ ਤਾਕਤ ਅਤੇ ਜਥੇਬੰਦੀ ਕਰਾਂ, ਇਸ ਨੇ ਝਟ ਰਾਜਾ ਗੁਲਾਬ ਸਿੰਘ ਪਰ ਫੌਜ ਚਾੜ ਦਿਤੀ ਕਿਉਂਕਿ ਉਸ ਵਲ ਕਈ ਸਾਲਾਂ ਦਾ ਮਾਮਲਾ ਬਕਾਇਆ ਰਹਿੰਦਾ ਸੀ । ਚੂੰਕਿ ਰਾਜਾ ਗੁਲਾਬ ਸਿੰਘ ਬੇਸ਼ੁਮਾਰ ਧਨ ਲੁਟਕੇ ਅਰ ਹੀਰਾ ਸਿੰਘ ਸੁਚੇਤ ਸਿੰਘ ਦੀ ਜਾਇਦਾਦ ਸੰਭਾਲਕੇ ਵੱਡਾ ਧਨੀ ਹੋ ਗਿਆ ਸੀ ਵਿਸ਼ੇਸ਼ ਕਰਕੇ ਮਹਾਰਾਣੀ ਚੰਦ ਕੌਰ ਦਾ ਧਨ ਮਾਲ ਸੰਭਾਲਕੇ ਇਤਨਾ ਮਾਲਦਾਰ ਸੀ, ਜਿਤਨਾ ਕਿ ਖਾਲਸਾ ਦਰਬਾਰ ਦੇ ਖਜ਼ਾਨੇ ਵਿਚ ਭੀ ਰੁਪਿਆ ਨਹੀਂ ਸੀ। ਸ: ਜਵਾਹਰ ਸਿੰਘ ਵਜ਼ੀਰ ਨੇ ਆਪਣੇ ਹੁਕਮ ਨਾਲ ਸਰਦਾਰ ਮੇਵਾ ਸਿੰਘ ਜਨਰਲ ਮਜੀਠਾ ਅਰ ਸਰਦਾਰ ਸ਼ਾਮ ਸਿੰਘ ਅਟਾਰੀ ਅਤੇ ਸ: ਫਤਹ ਸਿੰਘ ਮਾਨ ਆਦਿ ਸਰਦਾਰਾਂ ਦੀ ਸਰਕਰਦਗੀ ਵਿਚ ਖਾਲਸਾ ਫੌਜ ਨੂੰ ਰਾਜਾ ਗੁਲਾਬ ਸਿੰਘ ਦੀ ਸੁਧਾਈ ਵਾਸਤੇ ਜੰਮੂ ਘਲਿਆ, ਮੁਦਾ ਇਹ ਕਿ ਆਪ ਨੇ ਸਰਕਾਰ ਦਾ ਖਜ਼ਾਨਾ ਜੋ ਲੁਟਿਆ ਹੈ ਵਾਪਸ ਕਰੋ । ਪਰ ਇਹ ਬਾਤ ਕੁਸਮੇਂ ਦੀ ਸੀ, ਡੋਗਰਾ ਪਾਰਟੀ ਨੇ ਭੀ ਸ: ਫਤਹ ਸਿੰਘ ਮਾਨ ਨੂੰ ਜੋ ਵਡਾ ਬਹਾਦਰ ਤੇ ਜਾਂ ਨਿਸਾਰ ਸੀ ਅਜਾਈਂ ਮਾਰ ਦਿਤਾ, ਜਿਸ ਕਾਰਨ ਖਾਲਸਾ ਫੌਜ ਨੇ ਭੀ ਹੱਲਾ ਕਰ ਦਿਤਾ, ਜਿਸ ਪਰ ਰਾਜਾ ਗੁਲਾਬ ਸਿੰਘ ਹਥ ਜੋੜ ਮੂੰਹ ਵਿਚ ਘਾਸ ਫੜਕੇ ਖਾਲਸੇ ਦੀ ਚਰਨੀ ਆ ਪਿਆ । ਮੀਸਨੀ ਚਾਲ ਦੀ ਮੁਆਫੀ ਨਾਲ ਅਠਾਰਾਂ ਲੱਖ ਰੁਪਿਆ ਦੇ ਕੇ ਸਭ ਦਾ ਮੂੰਹ ਪੋਚ ਦਿਤਾ, ਖਾਲਸਾ ਬਹਾਦਰ ਇਸੇ ਵਿਚ ਖੁਸ਼ ਹੋਕੇ 'ਖਿਮਾਂ ਦੇ ਬੈਠਾ ।' ਇਸ ਤੋਂ ਬਿਨਾਂ ਅਠਾਰਾਂ ਲੱਖ ਰੁਪਏ ਬਾਗੀ ਹੋ ਰਹੇ ਮੂਲ ਰਾਜ ਪਾਸੋਂ

ਉਗਰਾਹਕੇ ਛੱਤੀ ਲਖ ਖਜ਼ਾਨੇ ਵਿਚ ਜਮਾਂ ਆ ਕੀਤਾ। ਇਹ ਕੋਈ ਬਹਾਦਰੀ ਨਹੀਂ ਸੀ ਬਲਕਿ ਡੋਗਰਿਆਂ ਨੂੰ ਲਾਹੌਰ ਔਣ ਲਈ ਮੰਦਾ ਹੀ ਸਾਬਤ ਹੋਇਆ। ਸਚ ਪੁਛੋ ਤਾਂ ਖਾਲਸਾ ਦਰਬਾਰ ਦੇ ਰਈਸ ਰਾਜਨੀਤੀ ਵਲੋਂ ਬਹੁਤ ਬੁਰੀ ਤਰਾਂ ਫੇਹਲ ਹੋਏ, ਡੋਗਰਿਆਂ ਮਿਸਰਾਂ ਦੀ ਪਾਲਿਸੀ ਨੂੰ ਖੁੰਢੀ ਨਹੀਂ ਕਰ ਸਕੇ। ਅਪਰੈਲ ਸੰਨ ੧੮੪੫ ਈ: ਨੂੰ ਫੌਜ ਰਾਜਾ ਗੁਲਾਬ ਸਿੰਘ ਨੂੰ ਸੁਲਹ ਸਫਾਈ ਕਰਕੇ ਲਾਹੌਰ ਲਈ ਆਈ ਪਰ ਇਹ ਤ੍ਰੀਕਾ ਸਰਪ ਨੂੰ ਦੁਧ ਪਲੌਣ ਵਾਲਾ ਸਿੱਧ ਹੋਇਆ। ਮਹਾਰਾਣੀ ਜਿੰਦ ਕੌਰ ਨਾਲ ਉਸਦਾ ਪਹਿਲਾਂ ਹੀ ਰਸੂਖ ਸੀ, ਉਸ ਨੂੰ ਮਿੱਠੀਆਂ ੨ ਗੱਲਾਂ ਨਾਲ ਖੁਸ਼ ਕਰ ਲਿਆ, ਉਸ ਨੇ ਗੁਲਾਬ ਸਿੰਘ ਦੀ ਉਲਟੀ ਆਓ ਭਗਤ ਕੀਤੀ ਅਤ ਵਜ਼ੀਰ ਬਣਨੇ ਵਾਸਤੇ ਕਿਹਾ ਪਰ ਜਵਾਹਰ ਸਿੰਘ ਨੂੰ ਇਹ ਬਾਤ ਪਸੰਦ ਨਹੀਂ ਸੀ, ਕਿਉਂਕਿ ਓਹ ਵਜ਼ੀਰੀ ਆਪ ਚਾਹੁੰਦਾ ਸੀ।

ਜਾਣ ਪਛਾਣ

ਰਸਤੇ ਵਿਚ ਰਾਜਾ ਗੁਲਾਬ ਸਿੰਘ ਨੇ ਸ਼ਾਹੀ ਫੌਜਾਂ ਨੂੰ ਰੁਪਿਆ ਵੰਡਿਆ ਤੇ ਪਾੜ ਲਿਆ, ਸ: ਮੇਵਾ ਸਿੰਘ ਮਜੀਠਾ, ਮਿਸਰ ਲਾਲ ਸਿੰਘ ਉਸ ਵਲ ਦਮ ਭਰਨ ਲਗੇ। ਰਸਤੇ ਵਿਚ ਕੌਰ ਪਸ਼ੌਰਾ ਸਿੰਘ ਆ ਮਿਲਿਆ ਉਸ ਨੂੰ ਖੁਸ਼ ਕਰ ਲਿਆ ਕਿ ਤਕੜੇ ਹੋਵੋ, ਰਾਜ ਗੱਦੀ ਆਪ ਨੂੰ ਦਲਾਵਾਂਗੇ, ਫੌਜ ਉਸ ਪਰ ਅਗੇ ਹੀ ਖੁਸ਼ੀ ਸੀ। ਰਾਜਾ ਗੁਲਾਬ ਸਿੰਘ ਨੂੰ ਭਾਰੀ ਹਥਿਆਰ ਮਿਲ ਗਿਆ। ਲਾਹੌਰ ਆ ਕੇ ਰਾਜਾ ਗੁਲਾਬ ਸਿੰਘ ਨੇ ਸੱਠ ਕੁ ਲੱਖ ਰੁਪਿਆ ਸਾਲਾਨਾ ਦੇਣਾ ਕਰਕੇ

ਪਹਾੜੀ ਰਿਆਸਤਾਂ ਦੇ ਅਖਤਿਆਰ ਲਿਖਵਾ ਲੀਤੇ।

ਸਿੱਖ ਡੋਗਰਾ ਪਾਰਟੀ ਤੇ ਮਿਸਰਾਂ ਦੀਆਂ ਚਾਲਾਂ ਤੇ ਸਾਜ਼ਸ਼ਾਂ ਤੋਂ ਵਾਕਫ ਜ਼ਰੂਰ ਸਨ ਪਰ ਓਹ ਹਮੇਸ਼ਾਂ ਸਰਲ ਸੁਭਾਉ ਤੇ ਅਨਭਿਗਤਾ ਤੋਂ ਕੰਮ ਲੈਂਦੇ। ਸਮਾ ਲਗੇ ਪਰ 'ਪਾੜੋ ਤੇ ਮਾਰੋ ਪਾਲਿਸੀ' ਥੀਂ ਘਬਰਾਕੇ ਪਿਛੇ ਹਟਦੇ ਰਹਿੰਦੇ ਅਤੇ ਕਈ ਨਿਰਾਸ ਹੋ ਕੇ ਘਰ ਜਾ ਬੈਠਦੇ। ਕੋਈ ਤੀਰਥੀਂ ਜਾ ਨਿਕਲਦਾ ਕੋਈ ਮਾਲਵੇ ਵਲ ਦੀ ਜਾਗੀਰਾਂ ਵਿਚ ਆ ਕੇ ਮੂੰਹ ਲੁਕਾ ਬੈਠਦਾ ਲਾਹੌਰ ਵਿਚ ਅਕਸਰ ਨੌਕਰੀਆਂ ਦੇ ਚਾਹਵਾਨ ਹੀ ਡਟੇ ਰਹਿੰਦੇ, ਉਹਨਾਂ ਨੂੰ ਰਾਜ ਦਾ ਇਤਨਾ ਫਿਕਰ ਨਹੀਂ ਸੀ ਜਿਤਨਾ ਕਿ ਆਪਣੇ ਪੇਟ ਦਾ ਸੀ ਡੋਗਰੇ ਮਿਸਰ ਇਨ੍ਹਾਂ ਨੂੰ ਲਾਲਚ ਵਿਚ ਫਸੌਣ ਦੀ ਕੋਸ਼ਸ਼ ਰਖਦੇ। ਰਾਜਾ ਹੀਰਾ ਸਿੰਘ ਦੀ ਮੌਤ ਪਰ ਸਿਖਾਂ ਦੇ ਸੰਭਲਣ ਦਾ ਖਾਸ ਮੌਕਾ ਸੀ, ਸ: ਜਵਾਹਰ ਸਿੰਘ ਵਜ਼ੀਰ ਰਾਜਸੀ ਕੰਮਾਂ ਵਿੱਚ ਇਤਨਾ ਮਾਹਰ ਨਹੀਂ ਸੀ, ਜਿਤਨੀ ਕਿ ਲੋੜ ਸੀ। ਰਾਜ ਮਾਤਾ ਨੇ ਕੰਵਰ ਪਸ਼ੌਰਾ ਸਿੰਘ ਨੂੰ ਸਿਆਲਕੋਟ ਚੰਗੀ ਜਾਗੀਰ ਦੇ ਕੇ ਖੁਸ਼ ਕਰ ਲਿਆ ਸੀ, ਪਰ ਜਵਾਹਰ ਸਿੰਘ ਨੇ ਉਸ ਨੂੰ ਖ਼ਤਮ ਕਰ ਦਿਤਾ,ਕੰਵਰ ਪਸ਼ੌਰਾ ਸਿੰਘ ਦੀ ਇਛਾ ਰਾਜ ਸਾਂਭਣ ਦੀ ਉੱਕੀ ਨਹੀਂ ਸੀ। ਉਹ ਕੇਵਲ ਬਤੌਰ ਸ਼ਾਹਜ਼ਾਦੇ ਦੀ ਇੱਜ਼ਤ ਤੇ ਗੁਜ਼ਾਰਾ ਚਾਹੁੰਦਾ ਸੀ। ਰਾਜਾ ਹੀਰਾ ਸਿੰਘ (ਵਜ਼ੀਰ ਧਜਾਨ ਸਿੰਘ ਦਾ ਪੁਤ੍ਰ) ਮਾਰਿਆ ਗਿਆ, ਲੋੜ ਇਹ ਸੀ ਉਸ ਵੇਲੇ ਹਕੂਮਤ ਦਾ ਯੋਗ ਪ੍ਰਬੰਧ ਹੁੰਦਾ, ਪਰ ਸਿਖ ਆਗੂ ਰੁਪਏ ਪਿਛੇ ਉਸਦੇ ਪਿਛੇ ਗਏ ! ਕਿਉਂਕਿ ਸਾਰਾ ਸ਼ਾਹੀ ਖ਼ਜ਼ਾਨਾ ਡੋਗਰੇ ਲੁਟਕੇ ਲੈ ਗਏ ਸਨ, ਰਾਜਾ ਹੀਰਾ ਸਿੰਘ ਦਾ ਛੋਟਾ

ਭਾਈ ਮੀਆਂ ਜਵਾਹਰ ਸਿੰਘ ਖਜ਼ਾਨਾ ਸੰਭਾਲਕੇ ਕੁਬੇਰ ਦੇਵਤਾ ਬਣ ਬੈਠਿਆ, ਸਾਰਾ ਧਨ ਜਸਰੋਟੇ ਜਮਾਂ ਸੀ, ਇਥੋਂ ਇਸਨੇ ਕਾਫੀ ਦੌਲਤ ਆਪਣੇ ਚਾਚੇ ਰਾਜਾ ਗੁਲਾਬ ਸਿੰਘ ਪਾਸ ਜੰਮੂ ਪਹੁੰਚਾ ਛੱਡੀ। ਜਿਸ ਕਰਕੇ ਖਾਲਸੇ ਨੇ ਜਸਰੋਟੇ ਅਤੇ ਜੰਮੂ ਪਰ ਚੜ੍ਹਾਈ ਕੀਤੀ, ਮੁਦਾ ਕੇਵਲ ਮਾਇਆ ਦੀ ਵਾਪਸੀ ਦਾ ਰਖਿਆ। ਡੋਗਰਿਆਂ ਦੇ ਖਾਤਮੇ ਦੇ ਖਿਆਲ ਉਸ ਨੂੰ ਉਕੇ ਨਹੀਂ ਸਨ ਮਹਾਰਾਣੀ ਜਿੰਦ ਕੌਰ ਦਾ ਹੁਕਮ ਭੀ ਏਹੀ ਸੀ ਕਿ ਰਾਜਾ ਹੀਰਾ ਸਿੰਘ ਦਾ ਇਲਾਕਾ ਮਾਲ, ਧਨ ਆਦਿ ਵਿਰਸਾ ਲਾਹੌਰ ਦਰਬਾਰ ਦੇ ਹਵਾਲੇ ਹੋਵੇ ਤੇ ਮੀਆਂ ਜਵਾਹਰ ਸਿੰਘ ਨੂੰ ਭੀ ਸਰਕਾਰ ਦੇ ਹਵਾਲੇ ਕਰੋ ਪਰ ਗੁਲਾਬ ਸਿੰਘ ਨੂੰ ਕੋਈ ਨੁਕਸਾਨ ਨਾ ਪਹੁੰਚਾਣ ਦਾ ਹੁਕਮ ਨਾਲ ਹੀ ਦੇ ਦਿਤਾ, ਪ੍ਰੰਤੂ ਚੁਕ ਤੇ ਲੁਟ ਦਾ ਮੋਢੀ ਅਸਲੋਂ ਰਾਜਾ ਗੁਲਾਬ ਸਿੰਘ ਹੀ ਸੀ। ਉਸਨੇ ਉਪਰੋਂ ਮਿੱਠਤਾ ਧਾਰਕੇ ਅੰਦਰੋਂ ਸਿੱਖਾਂ ਨਾਲ ਟਾਕਰਾ ਕੀਤਾ, ਰੁਪਏ ਖਰਚ ਲਈ ਉਸ ਪਾਸ ਬੇਸ਼ੁਮਾਰ ਸੀ। ਸਿਖਾ ਨੇ ਜਸਰੋਟਾ ਜਾ ਮਾਰਿਆ। ਖਾਲਸਾ ਦਰਬਾਰ ਵਲੋਂ ਸ: ਚਤਰ ਸਿੰਘ ਅਟਾਰੀ, ਸ਼ਾਮ ਸਿੰਘ ਅਟਾਰੀ, ਅਤਰ ਸਿੰਘ ਕਾਲਿਆਂ ਵਾਲਾ, ਭਾਈ ਰਾਮ ਸਿੰਘ, ਮਿਸਰ ਲਾਲ ਸਿੰਘ ਆਦਿ ਨਾਲੋਂ ਸਾਥੀ ਮਾਇਆ ਦੇ ਬੰਦੇ ਵੱਧ ਸਨ। ਜਸਰੋਟਾ ਮਾਰਕੇ ਜੰਮੂ ਪਰ ਧਾਵਾ ਜਾ ਕੀਤਾ ਪਰ ਉਥੇ ਭੀ ਮਾਇਆ ਦਾ ਹੀ ਝਗੜਾ ਮੁਖ ਰਖਿਆ, ਜਰਨੈਲ ਮੇਵਾ ਸਿੰਘ ਮਜੀਠੀਆ, ਸ਼ਾਮ ਸਿੰਘ ਅਟਾਰੀ, ਰਾਜਾ ਲਾਲ ਸਿੰਘ, ਸੁਲਤਾਨ ਮਹੰਮਦ ਖਾਨ ਅਵੀ ਤਾਬਿਲੇ, ਕੋਰਟ ਸਾਹਿਬ ਭਗਤ ਰਾਮ ਆਦਿ ਨੇ ਜੰਮੂ ਆ ਕੇ ਜਾਇਦਾਦ ਪਰ ਕਬਜ਼ਾ ਕੀਤਾ, ਪਰ ਫਤਹ ਸਿੰਘ ਮਾਨ ਤੇ

ਉਸਦੇ ਸਾਥੀ ਧੋਖੇ ਨਾਲ ਮਾਰੇ ਗਏ । ਜਰਨੈਲ ਰਣਜੋਧ ਸਿੰਘ ਮਜੀਠਾ, ਕਰਨਲ ਬਿਜੈ ਸਿੰਘ, ਰਾਜਾ ਲਾਲ ਸਿੰਘ ਨੇ ਵਖ ਵਖ ਥਾਵਾਂ ਪਰ ਹਲੇ ਬੋਲੇ। ਜੰਮੂ ਪਰ ੨੭ ਮਾਰਚ ਸੰਨ ੧੮੪੫ (੧੬ ਚੇਤ੍ਰ ਸੰਮਤ ੧੯੦੨) ਨੂੰ ਧਾਵਾ ਕੀਤਾ ਰਾਜਾ ਗੁਲਾਬ ਸਿੰਘ ਬਿਨਾ ਕੁਛ ਕਹੇ ਦੇ ਲਾਹੌਰ ਨੂੰ ਸਿਧਾ ਕਰ ਲਿਆ ਪਰ ਰਸਤੇ ਵਿਚ ਆ ਕੇ ਰਾਜਾ ਗੁਲਾਬ ਸਿੰਘ ਨੇ ਐਸੀ ਪਾਲਿਸੀ ਖੇਡੀ ਕਿ ਸਿੱਖ ਹੀ ਆਪਸ ਵਿਚ ਦੀ ਪਾੜ ਲਿਤੇ ਰਸਤੇ ਵਿਚ ਆਪਸ ਵਿਚ ਦੀ ਖੜਕਣ ਲਗੀ ਸੀ ਕਿ ਮਹਾ-ਰਾਣੀ ਜਿੰਦ ਕੌਰ ਨੇ ਸਤ ਅਪ੍ਰੈਲ ਨੂੰ ਰਾਤੋ ਰਾਤ ਗੁਲਾਬ ਸਿੰਘ ਪਾਸ ਚਿੱਠੀ ਪਹੁੰਚਾਈ ਕਿ ਆਪ ਨੂੰ ਕੁਛ ਨੁਕਸਾਨ ਨਹੀਂ ਪਹੁੰਚੇਗਾ, ਨਾ ਆਪਦੀ ਇਜ਼ਤ ਵਿਚ ਫਰਕ ਪਊਗਾ, ਇਹ ਸ਼ਾਂਤੀ ਵਰਤੌਣ ਲਈ ਰਾਜ ਮਾਤਾ ਦੀ ਪਾਲਿਸੀ ਸੀ ਜਿਸ ਕਰਕੇ ਸ਼ਾਂਤੀ ਤਾਂ ਵਰਤ ਗਈ ਪਰ ਮੁਦਾ ਕੋਈ ਹਲ ਨਾ ਹੋਇਆ। ਰਾਵੀ ਦੇ ਕੰਢੇ ਮਸ਼ਵਰੇ ਹੁੰਦੇ ਰਹੇ ਮਹਾਰਾਣੀ ਜਿੰਦ ਕੌਰ ਨੂੰ ਭੀ ਇਹ ਸ਼ਕ ਸੀ ਕਿ ਫੌਜਾਂ ਵਿਚੋਂ ਬਹੁਤੇ ਰਾਜਾ ਗੁਲਾਬ ਸਿੰਘ ਦੇ ਹਾਮੀ ਫੌਜੀ ਵਧ ਸਨ ਇਸੇ ਸ਼ਕ ਕਰਕੇ ਰਾਜਾ ਗੁਲਾਬ ਸਿੰਘ ਨੂੰ ਕੋਈ ਭੀ ਨੁਕਸਾਨ ਨਾ ਪਹੁੰਚਿਆ। ੨੨ ਅਪਰੈਲ ੧੮੪੫ (੧੨ ਵਿਸਾਖ ੧੯੦੨) ਨੂੰ ਆਪ ਹੀ ਕੁਛ ਸਿਰਕਰਦਿਆਂ ਨੇ ਰਾਜਾ ਗੁਲਾਬ ਸਿੰਘ ਦੀ ਹਾਜ਼ਰ ਜਮਾਨਤ ਭਰ ਦਿਤੀ, ਰਾਜਾ ਗੁਲਾਬ ਸਿੰਘ ਚਾਰ ਪੰਜ ਮਹੀਨੇ ਲਾਹੌਰ ਰਹਿਕੇ ਜੰਮੂ ਨੂੰ ਚਲਾ ਗਿਆ ਇਸ ਤਰਾਂ ਖਾਲਸੇ ਦਾ ਹੱਲਾ ਨਿਸਫਲ ਹੀ ਗਿਆ।

ਰਾਜਾ ਗੁਲਾਬ ਸਿੰਘ ਦੀ ਸਾਜ਼ਸ਼

ਰਾਜਾ ਗੁਲਾਬ ਸਿੰਘ ਨੇ ਆਪਣੀ ਐਸੀ ਚਾਲ ਖੇਡੀ ਕਿ ਧਿਆਨ ਸਿੰਘ ਨਾਲੋਂ ਭੀ ਵਧ ਗਿਆ। ਉਸਨੇ ਹੀਰਾ ਸਿੰਘ ਦੇ ਆਖੇ ਕੰਵਰ ਪਸ਼ੌਰਾ ਸਿੰਘ ਨੂੰ ਸਿਆਲਕੋਟ ਪਹੁੰ-ਚਕੇ ਅਧੀਨ ਕੀਤਾ ਸੀ ਪਰ ਇਹ ਚਕਮਾ ਦਿਤਾ ਕਿ ਸਮੇਂ ਪਏ ਤੋਂ ਆਪਨੂੰ ਬਾਦਸ਼ਾਹ ਬਣਾਵਾਂਗੇ। ਸੋ ਉਸਨੂੰ ਜਾ ਚੁਕਿਆ ਕਿ ਹੁਣ ਆਪ ਦਾ ਮੌਕਾ ਹੈ। ਗੱਦੀ ਦਾ ਹੱਕ ਆਪਦਾ ਹੈ, ਦਲੀਪ ਸਿੰਘ ਤਾਂ ਬਚਾ ਹੈ। ਭਾਵੇਂ ਕੌਰ ਪਸ਼ੌਰਾ ਸਿੰਘ ਮਹਾ-ਰਾਜਾ ਰਣਜੀਤ ਸਿੰਘ ਦਾ ਪੁਤ੍ਰ ਹੋਣੇ ਕਰਕੇ ਹੱਕੀ ਸੀ ਪਰ ਉਸਦਾ ਰਾਜ ਲੈਣੇ ਦਾ ਦਾਵਾ ਨਹੀਂ ਸੀ, ਕਿਉਂਕਿ ਦਲੀਪ ਸਿੰਘ ਉਸਦਾ ਛੋਟਾ ਭਾਈ ਸੀ ਪਰ ਓਹ ਚਾਹੁੰਦਾ ਸੀ ਕਿ ਮੇਰੀ ਬਤੌਰ ਕੌਰਾਂ ਦੇ ਇਜ਼ਤ ਹੋਵੇ ਅਰ ਦਰਬਾਰ ਵਲੋਂ ਗੁਜ਼ਾਰਾ ਭੀ ਮਿਲੇ ਅਰ ਹੋਰ ਜਾਗੀਰ ਭੀ ਮਿਲੇ। ਮਹਾਰਾਣੀ ਜਿੰਦ ਕੌਰ ਨੇ ਲਾਹੌਰ ਔਣ ਪਰ ਕੰਵਰ ਪਸ਼ੌਰਾ ਸਿੰਘ ਦਾ ਬਹੁਤ ਸਤਿਕਾਰ ਕੀਤਾ ਪਰ ਸ: ਜਵਾਹਰ ਸਿੰਘ ਨੂੰ ਵਾਧੂ ਪਿਸੂ ਪੈ ਗਏ, ਮਤਾਂ ਵਜ਼ੀਰੀ ਯਾਂ ਗੱਦੀ ਲਈ ਰੌਲਾ ਨਾ ਕਰੇ, ਉਸਦਾ ਨਿਰਾਦਰ ਕੀਤਾ ਗਿਆ। ਇਹ ਬਾਤ ਬਹੁਤ ਬੁਰੀ ਸੀ, ਓਹ ਭੀ ਸ਼ਾਹਜ਼ਾਦਾ ਸੀ, ਜੇ ਉਸਨੂੰ ਕੋਈ ਵੱਡਾ ਔਹਦਾ ਦਿੰਦੇ ਯਾਂ ਮਹਾਰਾਜਾ ਦਲੀਪ ਸਿੰਘ ਦਾ ਸਰਪਰਸਤ ਕੀਤਾ ਜਾਂਦਾ, ਤਾਂ ਰੌਲਾ ਹੀ ਨਹੀਂ ਪੈਣਾ ਸੀ ਕਿਉਂਕਿ ਫੌਜਾਂ ਵਿਚ ਉਸਦਾ ਮਾਣ ਸੀ। ਜਵਾਹਰ ਸਿੰਘ ਮਿਸਰ ਪਾਰਟੀ ਦੇ ਹੱਥਾਂ ਵਿਚ ਸੀ, ਮਿਸਰ ਲਾਲ ਸਿੰਘ ਨੂੰ ਨਾਇਬ ਵਜ਼ੀਰ ਬਣਾਕੇ ਉਸ ਦੇ

ਭਾਈ ਤੇਜ ਸਿੰਘ ਨੂੰ ਸਿਪਾਹ-ਸਲਾਰ ਬਣਾ ਦਿਤਾ ਅਰ ਦੋਨਾਂ ਨੂੰ ਰਾਜਾ ਦਾ ਖਿਤਾਬ ਦੇ ਦਿੱਤਾ । ਜਵਾਹਰ ਸਿੰਘ ਕੇਵਲ਼ ਮਹਾਰਾਜਾ ਦਾ ਮਾਮਾ ਹੋਣ ਕਰਕੇ ਵੱਡਾ ਸੀ ਪਰ ਵਜ਼ੀਰੀ ਲਾਲ ਸਿੰਘ ਦੇ ਪੰਜੇ ਵਿਚ ਸੀ, ਉਸਦੇ ਭਾਈ ਦੇ ਹੱਥਾਂ ਵਿਚ ਫੌਜੀ ਤਾਕਤ ਸੀ। ਜਿਸ ਕਰਕੇ ਓਹ ਭੀ ਡੋਗਰਿਆਂ ਦੀ ਤਰਾਂ ਪਾਰਟੀ ਬਣਾ ਚੁਕੇ ਸਨ। ਇਨ੍ਹਾਂ ਨੇ ਜਵਾਹਰ ਸਿੰਘ ਨੂੰ ਐਸਾ ਚੁਕਿਆ ਕਿ ਜੰਗ ਕਰਕੇ ਕੰਵਰ ਪਸ਼ੌਰਾ ਸਿੰਘ ਨੂੰ ਗ੍ਰਿਫਤਾਰ ਕਰਕੇ ਸੁਲਾਹ ਹੋਣ ਪਿਛੋਂ ਧੋਖੇ ਨਾਲ ਮਰਵਾ ਦਿਤਾ ਅਰ ਇਹ ਖੂਨ ਲਗਿਆ ਜਵਾਹਰ ਸਿੰਘ ਦੇ ਨਾਮ, ਜਿਸਦਾ ਫਲ ਇਹ ਹੋਇਆ ਕਿ ਫੌਜਾਂ ਵਿਚ ਜਵਾਹਰ ਸਿੰਘ ਤੋਂ ਵਿਰੁਧ ਸਖਤ ਨਫਰਤ ਫੈਲ਼ ਗਈ।

ਵਧ ਵਾਕਫੀ ਲਈ

ਕੌਰ ਪਸ਼ੌਰਾ ਸਿੰਘ ਰਾਜਾ ਗੁਲਾਬ ਸਿੰਘ ਦੀ ਚੁੱਕ ਵਿਚ ਸੀ ਇਹ ਚਾਲ ਪੁਰਾਣੀ ਧਿਆਨ ਸਿੰਘ ਵਾਲੀ ਸੀ । ਕੌਰ ਬੇਸ਼ਕ ਹੱਕਦਾਰ ਸੀ ਪਰ ਜਦ ਦਲੀਪ ਸਿੰਘ ਨੂੰ ਸਭ ਨੇ ਮਹਾਰਾਜਾ ਮੰਨ ਲਿਤਾ ਹੁਣ ਰੌਲਾ ਪੌਣਾ ਬੇਅਰਥ ਸੀ। ਰਾਜਾ ਗੁਲਾਬ ਸਿੰਘ ਨੇ ਜੋ ਤੀਸ ਪੈਂਤੀਸ ਲੱਖ ਰੁਪਿਆ ਹੋਰ ਜੋ ਦਰਬਾਰ ਨੂੰ ਭਰਨਾ ਸੀ ਉਹ ਰੁਪਿਆ ਫੌਜਾਂ ਨੂੰ ਖਰਾਬ ਕਰਨ ਵਿਚ ਵਰਤ ਲਿਆ ਸ: ਮੇਵਾ ਸਿੰਘ ਮਜੀਠੀਆ ਭੁਚਲਾ ਲਿਤਾ, ਏਧਰੋਂ ਦਰਬਾਰ ਨਾਲ ਗੰਢਕੇ ਜੰਮੂ ਜਾ ਬੈਠਾ। ਕੌਰ ਪਸ਼ੌਰਾ ਸਿੰਘ ਨੂੰ ਬਗਾਵਤ ਲਈ ਹਰ ਪ੍ਰਕਾਰ ਦੀ ਮੱਦਦ ਦੇ ਵਾਇਦੇ ਨਾਲ ਚੁੱਕਿਆ, ਕੌਰ ਨੇ ਅਟਕ, ਸਿਆਲਕੋਟ ਬਗਾਵਤ

ਕਰ ਦਿਤੀ, ਆਪ ਨੂੰ ਪੰਜਾਬ ਦਾ ਮਹਾਰਾਜਾ ਹੋਣ ਦਾ ਐਲਾਨ ਕਰ ਦਿਤਾ। ਇਹ ਸੀ ਰਾਜਾ ਗੁਲਾਬ ਸਿੰਘ ਨੂੰ ਬੇਮੌਕੇ ਛੇੜਨ ਦਾ ਫਲ। ਲਾਹੌਰ ਤੋਂ ਫੌਜੀ ਬਗਾਵਤ ਨੂੰ ਦਬੌਣ ਲਈ ਵਜ਼ੀਰ ਜਵਾਹਰ ਸਿੰਘ ਨੇ ਫੌਜ ਘੱਲੀ। ਸਿਖਾਂ ਦੀ ਘਰ ਵਿਚੇ ਖੜਕਾ ਕੇ ਰਾਜਾ ਗੁਲਾਬ ਸਿੰਘ ਅਟੰਕ ਰਿਹਾ। ਫੌਜਾਂ ਕੌਰ ਸਾਹਿਬ ਦੇ ਹਕ ਵਿਚ ਸਨ ਪਰ ਉਸ ਨੂੰ ਸੁਲਾਹ ਦੇ ਬਹਾਨੇ ਨਾਲ ਗ੍ਰਿਫ-ਤਾਰ ਕਰਕੇ ਪਿਛੇ ਨੂੰ ਖਬਰ ਘਲੀ। ਵਜ਼ੀਰ ਜਵਾਹਰ ਸਿੰਘ ਨੇ ਜੋਸ਼ ਵਿਚ ਆਕੇ ਉਸਦੇ ਫੌਰਨ ਕਤਲ ਦਾ ਹੁਕਮ ਘਲ ਦਿਤਾ ਹਾਲਾਂ ਕਿ ਕੌਰ ਨੇ ਸੁਲਹ ਲਈ ਹਥ ਪਸਾਰੇ ਸਨ। ਕੌਰ ਨੂੰ ਕਤਲ ਕਰ ਦਿਤਾ ਗਿਆ। ਜਿਸ ਦਾ ਫਲ ਵਜ਼ੀਰ ਜਵਾਹਰ ਸਿੰਘ ਤੋਂ ਵਿਰੁਧ ਫੋਜਾਂ ਵਿਚ ਗੁੱਸਾ ਵਧ ਗਿਆ।

ਜਾਣ ਪਛਾਣ

ਕੌਰ ਪਸ਼ੌਰਾ ਸਿੰਘ ਨੂੰ ਭੀ ੩੦ ਅਗਸਤ ਸੰਨ ੧੮੪੫ ਈ:ਨੂੰ ਕਤਲ ਕਰਕੇ ਦਰਿਆਇ ਅਟਕ ਵਿਚ ਸੁਟਿਆ ਗਿਆ। ਰਾਜਾ ਗੁਲਾਬ ਸਿੰਘ ਏਧਰ ਜਵਾਹਰ ਸਿੰਘ ਦੇ ਨਾਲ ਸੀ ਕਿ ਕੌਰ ਨੂੰ ਛੇਤੀ ਮਾਰੇ। ਉਥੇ ਫੌਜ ਭੀ ਘਲੀ ਸੀ, ਇਸ ਤਰਾਂ ਇਸਦੀ ਦੋ ਤਰਫੀ ਚਾਲ ਸੀ। ਕੰਵਰ ਉਸ ਵੇਲੇ ਚੌਬੀਸ ਸਾਲਾਂ ਦਾ ਨੌਜਵਾਨ ਸੀ। ਇਸਨੇ ਜੰਗ ਕਰਕੇ ਅਟਕ ਕਿਲਾ ਮਾਰ ਭੀ ਲਿਆ ਸੀ। ਜੰਗ ਨਾਲ ਫਤਹ ਕਠਨ ਸੀ ਫੌਜਾਂ ਨੇ ਉਸ ਨਾਲ ਨਹੀਂ ਲੜਨਾ ਸੀ। ਕੌਰ ਕਸ਼ਮੀਰਾ ਸਿੰਘ ਅਤੇ ਪਸ਼ੌਰਾ ਸਿੰਘ ਦੀ ਜਾਗੀਰ ਸਿਆਲ ਕੋਟ ਆਦਿ ਰਾਜਾ ਗੁਲਾਬ ਸਿੰਘ ਨਾਲ ਲਗਦੀ ਸੀ, ਹੱਦਾਂ ਮਿਲਣੇ ਕਰਕੇ ਹਮੇਸ਼ਾਂ

ਅਣਬਣ ਰਹਿੰਦੀ। ਕੌਰ ਕਸ਼ਮੀਰਾ ਸਿੰਘ ਪਹਿਲਾਂ ਹੀਰਾ ਸਿੰਘ ਨੇ ਭਾਈ ਬੀਰ ਸਿੰਘ ਦੇ ਡੇਰੇ ਵਿਚ ਮਰਵਾਇਆ। ਪਸ਼ੌਰਾਸਿੰਘ ਇਥੇ ਕਤਲ ਹੋ ਗਿਆ, ਜਿਸ ਕਰਕੇ ਉਸ ਦਾ ਰਸਤਾ ਖੁਲ੍ਹਾ ਬਣ ਗਿਆ। ਜੇ ਕੌਰ ਜਿਤ ਜਾਂਦਾ, ਤਦ ਭੀ ਗੁਲਾਬ ਸਿੰਘ ਨੇ ਉਸ ਨਾਲ ਗੱਦੀ ਦਲੌਣ ਦਾ ਗੁਪਤੀ ਵਾਇਦਾ ਕਰ ਰਖਿਆ ਸੀ, ਇਸ ਦਾ ਨਾਮ ਹੈ ਰਾਜਨੀਤੀ ਚਾਲਾਂ ਜੋ ਸਠ ਲਖ ਸਾਲਾਨਾ ਦੇਣਾ ਦਰਬਾਰ ਨਾਲ ਕਰ ਗਿਆ ਸੀ, ਕਿਸ ਲੈ ਲੈਣਾ ਸੀ।

ਸ: ਜਵਾਹਰ ਸਿੰਘ ਦੀ ਵਾਧੂ ਲਾਲਸਾ

ਸ: ਜਵਾਹਰ ਸਿੰਘ ਮਹਾਰਾਣੀ ਦਾ ਭਰਾ ਅਤੇ ਮਹਾ-ਰਾਜੇ ਦਾ ਮਾਮਾਂ ਸੀ। ਉਸ ਦਾ ਰਸੂਖ ਫੌਜਾਂ ਅਤੇ ਸਰਦਾਰਾਂ ਵਿਚ ਘਟ ਸੀ, ਵਜ਼ੀਰੀ ਦੇ ਕੰਮਾਂ ਤੋਂ ਭੀ ਅਣਜਾਣ ਸੀ, ਸਨਬੰਧੀ ਕਰਕੇ ਹੀ ਵਡਾ ਸੀ। ਮਹਾਰਾਣੀ ਜਿੰਦ ਕੌਰ ਨੂੰ ਭੀ ਪਤਾ ਸੀ ਕਿ ਇਹ ਵਜ਼ੀਰੀ ਨਹੀਂ ਕਰ ਸਕਦਾ, ਉਹ ਉਲਟਾ ਮਿਸਰ ਲਾਲ ਸਿੰਘ ਨੂੰ ਆਪਣਾ ਨਾਇਬ ਥਾਪ ਕੇ ਉਸ ਦੀ ਕਠ ਪੁਤਲੀ ਬਣ ਗਿਆ ਅਤੇ ਬਰਾਹਮਣ ਪਾਰਟੀ ਨੂੰ ਅਗੇ ਲੈ ਆਂਦਾ। ਮਿਸਰ ਲਾਲ ਸਿੰਘ ਦਾ ਭਾਈ ਤੇਜ ਸਿੰਘ ਫੌਜਾਂ ਦਾ ਵਡਾ ਅਫਸਰ ਬਣ ਗਿਆ। ਅਟਾਰੀ ਵਾਲੇ ਸ: ਚਤਰ ਸਿੰਘ ਏਸੇ ਵਿਚ ਖੁਸ਼ ਹੋ ਗਏ ਕਿ ਉਨ੍ਹਾਂ ਦਾ ਰਿਸ਼ਤਾ ਵਜ਼ੀਰਜਵਾਹਰ ਸਿੰਘ ਦੀ ਇਛਾ ਨਾਲ ਮਹਾਰਾਜਾ ਦਲੀਪ ਸਿੰਘ ਨਾਲ ਹੋ ਗਿਆ। ਸਰਦਾਰ ਜਵਾਹਰ ਸਿੰਘ ਮਿਸਰ ਪਾਰਟੀ ਦੇ ਹਥਾਂ ਵਿਚ ਆ ਗਿਆ ਸੀ।

ਸ: ਜਵਾਹਰ ਸਿੰਘ ਦਾ ਕਤਲ

ਕੰਵਰ ਪਸ਼ੌਰਾ ਸਿੰਘ ਨੂੰ ਧੋਖੇ ਨਾਲ ਕਤਲ ਕਰਵਾ ਕੇ ਸ: ਜਵਾਹਰ ਸਿੰਘ ਖੁਸ਼ੀ ਤਾਂ ਹੋਇਆ ਹੋਊ ਪਰ ਉਸ ਨੇ ਆਪਣੀ ਮੌਤ ਖਰੀਦ ਲਈ। ਉਧਰ ਲਾਲ ਸਿੰਘ ਅਰ ਤੇਜ ਸਿੰਘ ਮਿਸਰਾਂ ਦੇ ਫੌਜ ਹਥਾਂ ਵਿਚ ਸੀ, ਜੋ ਭੂਹੇ ਕਰ ਦਿਤੀ। ਮਿਸਰਾਂ ਦਾ ਇਹ ਇਰਾਦਾ ਪੱਕਾ ਹੋ ਗਿਆ ਕਿ ਜਵਾਹਰ ਸਿੰਘ ਨੂੰ ਕਤਲ ਕਰਾਵੇ, ਸਿਪਾਹ ਸਾਲਾਰ ਤੇਜ ਸਿੰਘ ਇਸ ਸਾਜਸ਼ ਦੇ ਵਿਚ ਸੀ।

ਸ਼ਾਹਜ਼ਾਦਾ ਪਸ਼ੌਰਾ ਸਿੰਘ ਨੂੰ ਗ੍ਰਿਫਤਾਰ ਕਰਨੇ ਵਾਸਤੇ ਸ: ਚਤਰ ਸਿੰਘ ਅਟਾਰੀ ਅਰ ਸ: ਜਵਾਹਰ ਸਿੰਘ ਦਾ ਬੇਲੀ 'ਫਤਹ ਮੁਹੰਮਦ ਖਾਨ ਨਵਾਲਾ' ਗਏ ਸੀ। ਅਟਕ ਜਾ ਕੇ ਜੰਗ ਤਾਂ ਜਿਤਣੇ ਦਾ ਹੌਂਸਲਾ ਨਾ ਪਿਆ, ਧੋਖੇ ਨਾਲ ਵਿਸਾਹ-ਘਾਤ ਕੀਤਾ। ਇਹ ਕੰਮ ਚੰਗਾ ਨਾ ਹੋਇਆ ਪਰ ਲਾਹੌਰੀ ਸਰਦਾਰਾਂ ਨੂੰ ਰਾਜਾ ਗੁਲਾਬ ਸਿੰਘ ਨੇ ਐਸਾ ਰੋਲਿਆ ਕਿ ਦੁਸ਼-ਮਨ ਦੀ ਛਾਤੀ ਨਾਲ ਸਪ ਮਾਰਨੇ ਵਾਲਾ ਕੰਮ ਕੀਤਾ ਅਰ ਸਭ ਦੀ ਅਖੀਂ ਘਟਾ ਪਾਇਆ। ਮਿਸਰ ਸਾਹਿਬ ਭੀ ਈਹੋ ਚਾਹੁੰਦੇ ਸੀ। †ਪਹਿਲੀ ਸਤੰਬਰ ਸੰਨ ੧੮੪੫ ਨੂੰ ਨੀਤੀ ਰਹਿਤ ਜਵਾਹਰ ਸਿੰਘ ਭੂਹੇ ਹੋ ਰਹੇ ਅਰ ਲਾਲਚ ਵਸ ਅਤੇ ਕਿਸੇ ਦੇ ਚੁਕੇ ਹੋਏ, ਕਲੇਸ਼ ਵਿਚ ਮਹਾਰਾਣੀ ਜਿੰਦ ਕੌਰ ਅਰ ਮਹਾਰਾਜਾ ਦਲੀਪਸਿੰਘ ਸਮੇਤ ਹਾਥੀ ਪਰ ਚੜ੍ਹਕੇ ਫੌਜ ਵਿਚ ਆਗਿਆਪਿ

---

†ਕਈਆਂ ਦੀ ਲਿਖਤ ਮੂਜਬ ੨੧ ਸਤੰਬਰ ਨੂੰ ਜਵਾਹਰ ਸਿੰਘ ਦਾ ਕਤਲ ਹੋਇਆ।

ਇਸ ਤਰਾਂ ਸ਼ਾਂਤੀ ਹੋ ਜਾਊਗੀ ਪਰ ਅੱਗ ਮਚਾਊ ਫੌਜ ਵਿਚ ਹਾਜ਼ਰ ਸਨ। ਜਾਣ ਸਾਰ ਬਿਨਾਂ ਕਿਸੇ ਗਲ ਬਾਤ ਦੇ ਜਵਾਹਰ ਸਿੰਘ ਨੂੰ ਕਤਲ ਕਰ ਦਿਤਾ, ਮਹਾਰਾਣੀ ਤੇ ਮਹਾਰਾਜਾ ਦਲੀਪ ਸਿੰਘ ਨੂੰ ਬਚਾ ਲਿਆ ਗਿਆ। ਸਿਟਾ ਇਹ ਹੋਇਆ ਕਿ ਲਾਲ ਸਿੰਘ ਵਜ਼ੀਰ ਹੋ ਗਿਆ, ਤੇਜ ਸਿੰਘ ਮਿਸਰ ਪਹਿਲਾਂ ਹੀ ਕਮਾਂ-ਡਿੰਗ ਚੀਫ ਸੀ। ਖਾਲਸਾ ਦਰਬਾਰ ਡੋਗਰਿਆਂ ਤੋਂ ਨਿਕਲ ਕੇ ਮਿਸਰਾਂ ਦੇ ਪੰਜੇ ਵਿਚ ਆ ਗਿਆ। ਮਹਾਰਾਣੀ ਜਿੰਦ ਕੌਰ ਨੂੰ ਆਪਣੇ ਪੱਖ ਪਰ ਕਰਕੇ ਫੌਜਾਂ ਨਾਲ ਵੈਰ ਪਵਾ ਦਿਤਾ ਕਿ ਤੇਰਾ ਭਾਈ ਸਿਖ ਸਰਦਾਰਾਂ ਨੇ ਮਰਵਾਇਆ ਹੈ।

ਵਧ ਵਾਕਫੀ

ਰਾਜਾ ਹੀਰਾ ਸਿੰਘ ਦੇ ਮਾਰੇ ਜਾਣ ਪਰ ਉਸ ਦੇ ਸਾਥੀ ਬਦਲਾ ਲੈਣ ਦੀ ਤਾਕ ਵਿਚ ਸਨ। ਜਵਾਹਰ ਸਿੰਘ ਉਪਰ ਗੋਲੀ ਦਾਗਣੇ ਵਾਲਾ ਪ੍ਰਿਥੀ ਸਿੰਘ ਡੋਗਰਾ ਸੀ. ਇਹ ਕਾਰਾ ਜਵਾਹਰ ਮਲ ਦੀ ਫੌਜ ਨੇ ਕੀਤਾ। ਜਵਾਹਰ ਸਿੰਘ ਫੌਜਾਂ ਵਿਚ ਵੰਡਣ ਲਈ ਅਸ਼ਰਫੀਆਂ ਦੀਆਂ ਥੈਲੀਆਂ ਭਰ ਕੇ ਨਾਲ ਲੈ ਗਿਆ, ਫੌਜ ਨੇ ਓਹ ਭੀ ਲਟੀਆਂ। ਡੋਗਰਾ ਪ੍ਰਿਥੀ ਸਿੰਘ ਤਾਂ ਰਾਤੋ ਰਾਤ ਨੱਠ ਕੇ ਜੰਮੂ ਨੂੰ ਚਲਾ ਗਿਆ, ਜਵਾਹਰ ਮਲ ਨੂੰ ਫੌਜ ਨੇ ਗ੍ਰਿਫਤਾਰ ਕਰਕੇ ਮਹਾਰਾਣੀ ਦੇ ਹਵਾਲੇ ਕੀਤਾ, ਓਹ ਭੀ ਮਹਾਰਾਣੀ ਨੇ ਤਰਸ ਕਰਕੇ ਰਿਹਾ ਕਰ ਦਿਤਾ।

ਫੌਜਾਂ ਨੇ ਮਹਾਰਾਣੀ ਪਾਸੋਂ ਮੁਆਫੀ ਤਾਂ ਮੰਗੀ ਪਰ ਹੁਣ ਕੀ ਬਣਦਾ ਸੀ, ਮਹਾਰਾਣੀ ਆਪਣੇ ਭਰਾ ਦੀ ਮੌਤ ਪਰ ਅਤਯੰਤ ਦੁਖੀ ਹੋਈ ਤੇ ਵਿਰਲਾਪ ਕੀਤਾ। ਵਜ਼ੀਰ ਜਵਾਹਰ

ਸਿੰਘ ਦੀ ਮੌਤ ਨਾਲ ਸਿਖ ਰਾਜ ਹੋਰ ਜ਼ਿਆਦਾ ਖਤਰੇ ਵਿਚ ਹੋ ਗਿਆ, ਚੂੰਕਿ ਹੁਣ ਵਾਗ ਡੋਰ ਬ੍ਰਾਹਮਣ ਪਾਰਟੀ ਦੇ ਹਥ ਵਿਚ ਆ ਗਈ ਸੀ, ਮਹਾਰਾਣੀ ਹਮੇਸ਼ਾਂ ਬ੍ਰਾਹਮਣਾਂ ਨੂੰ ਖੁਸ਼ ਕਰਨ ਵਾਸਤੇ ਸਰਾਧ ਕਰੌਂਦੀ ਅਤੇ ਆਪ ਚਰਨ ਧੋਂਦੀ। ਹੋਰ ਸਿਖ ਭੀ ਰੀਸੋ ਰੀਸੀ ਭਗੌਤੀ ਭਗਤ ਅਤੇ ਪੋਪ ਲੀਲ੍ਹਾ ਦੇ ਗੁਲਾਮ ਬਣਦੇ ਗਏ, ਫਤਹ ਦੀ ਥਾਂ ਭਗਵਤੀ ਦੀ ਜੈ ਹੋ ! ਪੰਡਤਾਂ ਅਗੇ ਕਰਨ ਲਗ ਪਏ। ਮਹਾਰਾਣੀ ਹਰ ਮਹੀਨੇ ਦੋ ਢਾਈ ਸੌ ਬ੍ਰਾਹਮਣਾਂ ਨੂੰ ਸੱਦਕੇ ਚਰਨ ਧੋਂਦੀ ਅਤੇ ਨਿਉਂਦੇ ਛਕਾ ਕੇ ਕਾਫੀ ਦਛਣਾ ਦਿੰਦੀ। ਉਸ ਦਾ ਖਿਆਲ ਸੀ ਕਿ ਇਹ ਮੇਰੇ ਪੁਤਰ ਦਾ ਰਾਜ ਕਾਇਮ ਰਖਣਗੇ। ਸਿਖਾਂ ਵਿਚ ਸਰਾਧ ਔਣ ਦਾ ਭੀ ਏਹੀ ਮਸਾਂ ਹੈ।

ਜਦ ਮਹਾਰਾਣੀ ਆਪ ਚਰਨ ਧੋਂਦੀ, ਸਿਖ ਸਰਦਾਰਾਂ ਦੀ ਕੀ ਮਜਾਲ ਸੀ ਨਾ ਧੋਣ ! ਸਿਖਾਂ ਵਲੋਂ ਮਹਾਰਾਣੀ ਦਾ ਚਿਤ ਉਪਰਾਮ ਹੋ ਚੁਕਿਆ ਸੀ। ਬ੍ਰਾਹਮਣ ਪਾਰਟੀ ਨੇ ਨਿਸਚਾ ਕਰਾਇਆ ਸੀ ਕਿ ਤੇਰਾਭਰਾ ਸਿਖਾਂ ਨੇ ਮਾਰਿਆ ਹੈ, ਹਾਲਾਂਕਿ ਇਹ ਬਾਤ ਉਕੀ ਗਲਤ ਸੀ।

ਯੋਗਤਾ ਦੀ ਚੋਣ ਜਾਂ ਫੈਸਲੇ ਦਾ ਤ੍ਰੀਕਾ

ਪਰਚੀਆਂ ਪਾਕੇ ਕਿਸੀ ਅਛਾਈ ਦਾ ਫਲ ਨਿਕਾਲਨਾ ਗਲਤ ਤਰੀਕਾ ਅਤੇ ਜੂਏ ਬਾਜ਼ੀ ਹੈ, ਜਿਨ੍ਹਾਂ ਨੂੰ ਆਪਣੇ ਕੰਮ ਕਰਨ ਦੀ ਕਰਤਾਰ ਵਲੋਂ ਬੁਧੀ ਹੈ ਪਰਚੀਆਂ ਕਿਉਂ ਪੌਣ ? ਬੰਦਾ ਬਹਾਦਰ ਦੇ ਵੇਲੇ ਸਰੋਵਰ ਵਿਚ ਪਰਚੀਆਂ ਸੁਟਣ ਦਾ ਜ਼ਿਕਰ ਹੈ ਪਰ ਇਹ ਪ੍ਰਾਪੇਗੰਡਾ ਸੀ। ਭਾਈ ਮਤਾਬ ਸਿੰਘ

ਮੀਰਾਂ ਕੋਟੀਏ ਵੇਲੇ ਦਸਮ ਗ੍ਰੰਥ ਦੀ ਬੀੜ ਪਰ ਰੌਲਾ ਪਿਆ ਦਸਿਆ ਹੈ ਕਿ ਫੈਸਲਾ ਨਾ ਹੋਣ ਪਰ ਸ਼ਰਤ ਲਗੀ ਸੀ ਕਿ ਜੇ ਮਤਾਬ ਸਿੰਘ ਜੀ ਮੱਸੇ ਰੰਗੜ ਦਾ ਸਿਰ ਕੱਟ ਲਿਆਉਣ ਤਾਂ ਦਸਮ ਗ੍ਰੰਥ ਇਕੱਠਾ ਰਹੇ ਜੇ ਆਪ ਸ਼ਹੀਦ ਹੋ ਜਾਣ ਤਾਂ ਇਸ ਬੀੜ ਨੂੰ ਪੋਥੀਆਂ ਵਿਚ ਵਖ ਵਖ ਕਰ ਦੇਣਾ ਇਹ ਬਾਤ ਭੀ ਗੁਰਮਤ ਵਿਚਾਰ ਥੀਂ ਬਾਹਰ ਸੀ ਇਹ ਸਚਾਈ ਪਰ ਚੱਲਣ ਦੇ ਸਾਧਨ ਨਹੀਂ ਹਨ। ਮਾਲੂਮ ਹੁੰਦਾ ਹੈ ਕਿ ਐਸਾ ਨਹੀਂ ਹੋਇਆ। ਹਾਂ ਵਿਚਾਰ ਮੁਕ ਨਹੀਂ ਸਕੀ ਸੀ, ਭਲਾ ਜੇ ਰੌਲਾ ਮੁਕੌਣਾ ਹੈ ਉਸ ਦੀ ਮਰਯਾਦਾ ਪੰਜ ਪਿਆਰਿਆਂ ਦਾ ਕੀਤਾ ਫੈਸਲਾ, ਜਿਨਾਂ ਨੂੰ ਅਖਤਿਆਰ ਦਿਤੇ ਜਾਣ ਸਰਬ ਸੰਮਤੀ ਦਾ ਹੈ, ਜੋ ਭੀ ਗੁਰੂ ਹਜ਼ੂਰੀ ਵਿਚ ਕਰਨ ਪ੍ਰਵਾਨੀਕ ਹੁੰਦਾ ਹੈ, ਸਰਤਾਂ ਜਾਂ ਚਿਠੀਆਂ ਪੌਣੀਆਂ ਗਲਤ ਅਤੇ ਅੰਧਾ ਧੁੰਧ ਹੈ। ਦਸਿਆਂ ਹੈ ਕਿ ਜਿਸ ਵੇਲੇ ਮੀਆਂ ਪ੍ਰਿਥੀ ਸਿੰਘ (ਪੁਤਰ ਮੀਆਂ ਅਰਬੇਲ ਸਿੰਘ ਡੋਗਰਾ) ਦੀ ਗੋਲੀ ਨਾਲ ਸ: ਜਵਾਹਰ ਸਿੰਘ ਵਜ਼ੀਰ ਮਾਰਿਆ ਗਿਆ ਤਾਂ ਅਗੇ ਨੂੰ ਮੌਤ ਥੀਂ ਡਰਦਾ ਕੋਈ ਵਜ਼ੀਰ ਨਾ ਬਣੇ ਜਿਸ ਪਰ ਵਜ਼ੀਰੀ ਦੇ ਉਮੈਦਵਾਰ ਮਿਸਰ ਲਾਲ ਸਿੰਘ ਰਾਜਾ ਗੁਲਾਬ ਸਿੰਘ ਕਸ਼ਮੀਰ, ਤੇਜ ਸਿੰਘ ਇਹ ਤਿੰਨੇ ਨਿਤਰੇ ਸਨ। ਫੈਸਲੇ ਲਈ ਪਰਚੀਆਂ ਲਿਖ ਕੇ ਮਹਾਰਾਜਾ ਦਲੀਪ ਸਿੰਘ ਦੇ ਹਥੋਂ ਪਰਚੀਆਂ ਨਿਕਲਵਾਈਆਂ, ਪਰਚੀ ਮਿਸਰ ਲਾਲ ਸਿੰਘ ਦੀ ਨਿਕਲੀ, ਚਲੋ ਉਸੀ ਨੂੰ ਵਜ਼ੀਰ ਥਾਪ ਦਿਤਾ ਸੋ ਇਸ ਅੰਧਾ ਧੁੰਦ ਚੋਣ ਦਾ ਫਲ ਕੀ ਹੋਇਆ? ਇਤਿਹਾਸ ਗਵਾਹ ਹੈ। ਰਾਜਾ ਤੇਜ ਸਿੰਘ ਸੈਨਾ ਪਤੀ ਥਾਪ ਦਿਤਾ। ਇਸੇ ਤਰਾਂ ਨਜੂਮੀਆਂ ਦੇ ਫੰਧੇ ਵਿਚ ਫਸਣ ਵਾਲੇ

ਕਦੀ ਭੀ ਕਾਮਯਾਬ ਨਹੀਂ ਹੋਏ। ਸਿਖ ਧਰਮ ਵਿਚ ਪੰਜ ਪਿਆਰਿਆਂ ਦਾ ਫੈਸਲਾ ਪ੍ਰਧਾਨ ਹੈ, ਜੇ ਐਸਾ ਹੁੰਦਾ ਤਾਂ ਕੀ ਸਰਦਾਰ ਸ਼ਾਮ ਸਿੰਘ ਜੀ ਜੇਸੇ ਵਫ਼ਾਦਾਰ ਸਿਖ ਵਜ਼ੀਰ ਨਾਂ ਬਣਦੇ ?

ਖਾਲਸਾ ਪਾਰਲੀਮੈਂਟ

ਸਤਿਗੁਰੂ ਨਾਨਕ ਦੇਵ ਜੀ ਨੂੰ ਸਿੱਖ ਧਰਮ ਦੀ ਨੀਂਹ "ਪੰਚਾਇਤੀ" ਅਸੂਲਾਂ ਅਨੁਸਾਰ ਰਖੀ। ਗੁਰੂ ਸਾਹਿਬਾਂ ਨੇ ਆਪ ਨੂੰ ਮਨੁਸ਼ ਮਾਤ੍ਰ ਦਾ ਸੇਵਕ ਸਮਝ ਕੇ "ਗੁਰਤਾ" ਦੀ ਪਦਵੀ ਨੂੰ ਨਿਭਾਇਆ। ਆਪ ਲਈ ਕੇਵਲ "ਨਾਨਕ" ਸ਼ਬਦ ਵਰਤ ਕੇ ਦਾਸ ਆਦਿ ਨਿੰਮ੍ਰਤਾ ਭਰੇ ਸ਼ਬਦ ਵਰਤੇ। ਯੋਗਤਾ ਅਰ ਗੁਰ ਸੰਗਤ ਦੀ ਚੋਣ ਦੇ ਅਸੂਲਾਂ ਨਾਲ, ਪੁਤਰਾਂ (ਉਲਾਦ) ਦਾ ਲਿਹਾਜ਼ ਜਾਂ ਸੰਸਾਰੀ ਹੱਕਾਂ ਨੂੰ ਪਿਛੇ ਰਖ ਕੇ ਗੁਰੂ ਗੱਦੀ ਦੇ ਯੋਗ (ਲਾਇਕ) ਪੁਰਖ 'ਅੰਗਦ' ਜੀ ਨੂੰ ਗੁਰੂ ਅਸਥਾਪਨ ਕੀਤਾ, ਪਿਛਲੀ ਜਾਤ ਪਾਤ ਦਾ ਭੀ ਇਸ ਵਿਚ ਹਥ ਨਹੀਂ ਰਖਿਆ। ਆਪ ਨੇ ਮਨੁਸ਼ ਮਾਤ੍ਰ ਲਈ 'ਪੰਚ ਪਰਵਾਨ ਪੰਚ ਪਰਧਾਨ। ਪੰਚੇ ਪਾਵਹਿ ਦਰਗਹਿ ਮਾਨੁ॥ ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰ ਏਕੁ ਧਿਆਨੁ॥ ਜੇ ਕੋ ਕਹੈ ਕਰੈ ਵੀਚਾਰ॥' ਆਦਿ ਵਾਕਾਂ ਅਨੁਸਾਰ 'ਪੰਚ ਕੌਂਸਲ' ਤਥਾ ਪੰਚਾਇਤੀ (ਪਾਰਲੀਮੈਂਟ) ਅਸੂਲਾਂ ਪਰ ਸਿਖ ਧਰਮ ਦੀ ਨੀਂਹ ਰਖੀ। ਪਿਛਲੀ ਲਕੀਰ ਦੀ ਫਕੀਰੀ ਦਾ ਰਿਵਾਜ ਰੱਦ ਕਰ ਦਿਤਾ। ਗੁਰੂ ਸਾਹਿਬ ਜੀ ਨੇ ਰਾਜ ਜੋਗ ਮਾਰਗ ਨੂੰ ਇਕੱਠਾ ਚਲਾਇਆ ਹੈ। ਧਰਮ ਤੋਂ ਰਹਿਤ ਰਾਜ

ਕਰਨੇ ਨੂੰ ਪਾਪ ਕਰਮ ਦਸਿਆ ਹੈ—"ਕਿਆ ਸੁਲਤਾਨ ਸਲਾਮ ਵਿਹੂਣਾ ?' (ਆਸਾ ਮ: ੧)

ਸੰਸਾਰੀ ਰਾਜ ਸਾਜ ਲਈ ਇਹ ਅਸੂਲ ਫੁਰਮਾਯਾ ਹੈ, ਰਾਜਾ ਤਖਤ ਟਿਕੈ ਗੁਣੀ ਭੈ ਪੰਚਾਇਣ ਰਤ॥' (ਮਾਰੂ ਮ: ੧) ਅਰਥਾਤ ਤਖਤ ਪਰ ਗੁਣਵਾਨ (ਗੁਣ ਸੰਪੰਨ) ਚੁਣਿਆਂ ਰਾਜਾ ਬੈਠੇ ਅਰ ਪੰਚਾਇਤ (ਪਾਰਲੀਮੈਂਟ) ਦੇ ਡਰ (ਅਧੀਨ ਤਥਾ ਅਸੂਲਾਂ) ਵਿਚ ਚਲੇ । ਇਹ ਮਰਯਾਦਾ ਸਿਖ ਧਰਮ ਅਨੁਸਾਰ 'ਖਾਲਸਾ ਪਾਰਲੀਮੈਂਟ' ਦੀ ਹੈ । ਪੁਨਾ:—'ਤਖਤ ਬਹੈ ਤਖਤੈ ਕੀ ਲਾਇਕ ।' (ਮਾਰੂ ਮ: ੧ ਸੋਲਹਾ) ਅਰਥਾਤ ਤਖਤ ਪਰ ਯੋਗ (ਲਾਇਕ) ਪੁਰਸ਼ ਨੂੰ ਬਠੌਣਾ ਚਾਹੀਦਾ ਹੈ। ਵਾਰ ਮ: ੧ ਵਿਖੇ ਉਕਤ ਸਿਧਾਂਤ ਦੀ ਵਿਆਖਿਆ ਕੀਤੀ ਹੈ। 'ਨਿਹਕੰਟਕ ਰਾਜ ਭੁੰਚ ਤੂੰ ਗੁਰਮੁਖ ਸਚ ਕਮਾਈ ॥ ਸਚੈ ਤਖਤ ਬੈਠਾ ਨਿਆਉ ਕਰਿ ਸੰਗਤ ਮੇਲ ਮਿਲਾਈ॥' ਇਹ ਮਰਯਾਦਾ ਗੁਰੂ ਸੰਗਤ ਤਥਾ ਪੰਥ ਦੇ ਕੁੰਡੇ ਹੇਠਾਂ ਚਲਣੇ ਦੀ ਹੈ। ਗੁਰੂ ਸਾਹਿਬਾਂ ਨੇ ਗੁਰੂ ਸੰਗਤ ਦੀ ਚੋਣ ਅਰ ਯੋਗਤਾ ਅਨੁਸਾਰ ਚੋਣ ਦਾ ਅਸੂਲ ਚਲਾਇਆ ਪਰ ਪ੍ਰਧਾਨਤਾ ਧਰਮ ਦੀ ਰੱਖੀ ਦਸੇ ਗੁਰੂ ਸਾਹਿਬ ਇਸੇ ਅਸੂਲ ਨਾਲ ਗੁਰੂ ਗੱਦੀ ਪਰ ਬਿਰਾਜੇ । ਇਹ ਭੀ ਭਰਮ ਦੂਰ ਕਰ ਦਿਤਾ ਕਿ ਯੋਗ (ਲਾਇਕ) ਪੁਰਸ਼ ਚਾਹੇ ਪੁਤ੍ਰ ਸਬੰਧੀ ਅਥਵਾ ਸਿਖ ਹੈ ਜੋ ਭੀ ਉਸ ਪਦਵੀ ਦੇ ਯੋਗ ਹੈ ਉਸੇ ਦੀ ਚੋਣ ਕੀਤੀ । ਆਪੇ ਯਾਂ ਧੱਕੇ ਨਾਲ ਅਥਵਾ ਲਾਲਚੀ ਅਰ ਪੂਜਾ ਵਡਿਆਈ ਦੇ ਭੁਖੱੜ ਆਗੂ (ਗੁਰੂ) ਨਹੀਂ ਹੋਣ ਦਿਤੇ ਇਸ ਅਸੂਲ ਨੂੰ ਪਾਲਣ ਵਾਸਤੇ 'ਗੁਰੂ ਸੰਗਤ, ਵਸੇਸ਼ ਕਰਕੇ ਗੁਰੂ ਸਾਹਿਬਾਂ

ਨੇ ਬਹੁਤ ਹੀ ਤਸੀਹੇ ਝਲੇ। ਗੁਰਿਆਈ ਵ ਸਤੇ ਹਦੋਂ ਵਧ ਖਿਚਾਂ ਵਾਲੇ ਪੁਰਸ਼ ਅਗੇ ਆਏ, ਜੋ ਧੱਕੇ ਜਾਂਦੇ ਰਹੇ । ਅਖੀਰ ਸ੍ਰੀ ਦਸਮ ਗੁਰੂ ਜੀ ਨੇ ਸੰਮਤ ੧੭੫੬ ਬਿ: ਦੀ ਵਿਸਾਖੀ ਪਰ ਪੰਜ ਪਿਆਰਿਆਂ ਦੀ ਛਾਂਟ ਕਰਕੇ ਕਤੱਈ ਫੈਸਲਾ ਮੁਕਾ ਦਿਤਾ ਕਿ ਅਗੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜ ਪਿਆਰੇ ਆਗੂ ਹਨ ਅਰ ਇਹੋ 'ਖਾਲਸਾ ਪਾਰਲੀਮੈਂਟ' ਦੀ ਮਰਯਾਦਾ ਹੈ। ਇਸ ਅਸੂਲ ਨੂੰ ਮੁਖ ਰਖ ਕੇ ਗੁਰੂ ਸਾਹਿਬਾਂ ਨੇ ਪੰਜਾਂ ਪਿਆਰਿਆਂ ਪਾਸੋਂ ਆਪ ਅੰਮ੍ਰਿਤ ਛਕਕੇ 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ' ਕਹਾਇਆ, ਅਰ ਇਸ਼ੇ ਆਸੇ ਨਾਲ ਹਜ਼ੂਰ ਸਾਹਿਬ ਵਿਖੇ ਆਪਣੇ ਸਚ ਖੰਡ ਨੂੰ ਪਿਆਨੇ ਕਰਨੇ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਗੇ ਲਈ 'ਗੁਰੂ' ਮੰਨਣ ਦਾ ਹੁਕਮ ਦੇਕੇ ਸਰਬ ਕਾਰਜ ਸਿੱਧੀ ਲਈ ਪੰਜ ਪਿਆਰਿਆਂ ਦੁਆਰੇ ਗੁਰਮਤਾ ਕਰਨਾ ਫੁਰਮਾਇਆ ਭਾਵ ਜੋ ਭੀ ਸਾਂਝਾ ਕਾਰਜ ਕਰਨਾ ਹੋਵੇ ਪੰਜ ਪਿਆਰਿਆਂ (ਖਾਲਸਾ ਪੰਚਾਇਣ) ਨੂੰ ਪੁਛੋ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੁਰਮਤਾ ਸੋਧੋ! ਅਗੇ ਲਈ ਜੋ ਭੀ ਕੋਈ ਚਲਾਏ ਗਏ ਅਸੂਲ ਤੋਂ ਵਿਰੁਧ ਹੋਰਨਾਂ ਨੂੰ ਗੁਰੂ ਕਹੇ ਯਾਂ ਕਹਾਵੇ ਅਥਵਾ ਨਵਾਂ ਗੁਰੂ ਬਣਨੇ ਦਾ ਪ੍ਰਚਾਰ ਕਰੇ, ਉਸ ਬੇਮੁਖ ਨੂੰ ਸੰਗਤ ਪੰਗਤ ਤੋਂ ਬਾਹਰ ਕਰੋ। ਸੋ ਉਕਤ ਅਸੂਲ ਸਿਖਾਂ ਵਿਚ ਚਲਿਆ ਆ ਰਿਹਾ ਹੈ ਪਰ ਮਨਮੁਖ ਪੁਰਸ਼ ਇਸ ਤੋਂ ਵਿਰੁਧ ਚਲਕੇ ਦੁਧ ਵਿਚ ਕਾਂਜੀ ਪੌਣ ਵਾਲਾ ਕਿੱਤਾ ਕਰਦੇ ਰਹਿੰਦੇ ਹਨ। (ਗੁਰੂ ਸਦਾਏ ਅਗਿਆਨੀ ਅੰਧਾ ਕਿਸ ਓਹ ਮਾਰਗ ਪਾਵੇ ?)।

ਉਕਤ ਗੁਰਮਤ ਅਸੂਲਾਂ ਨੂੰ ਅਗੇ ਰਖ ਕੇ ਸਿਖਾਂ ਨੇ ਰਾਜ ਜੋਗ ਵਿਚ ਪ੍ਰਵਿਰਤੀ ਕੀਤੀ 'ਬੰਦਾ, ਬਹਾਦਰ' ਬਾਬਾ ਗੁਰਬਖਸ਼ ਸਿੰਘ ਕੱਲਾ ਇਕ ਸਿਖ ਸੀ ਪੰਥ ਦੇ ਅਧੀਨ ਜਥੇਦਾਰ ਸੀ। ਉਸ ਦੇ ਸਾਥੀ ਪੰਜ ਸਿੰਘ ਉਸੀ ਦਰਜੇ ਦੇ ਆਗੂ ਸਨ। ਜਿਸ ਵੇਲੇ ਬੰਦਾ ਬਹਾਦਰ ਜ਼ਰਾ ਭੀ ਗੁਰਮਤ ਵਿਰੁਧ ਚਲਿਆ, ਫੌਰਨ ਡਾਂਟਿਆ ਗਿਆ। ਇਸ ਅਸੂਲ ਨਾਲ ਸਿਖਾਂ ਦੀ ਹਰ ਮੈਦਾਨ ਫਤਹ ਹੁੰਦੀ ਰਹੀ ਜੇ ਜ਼ਰਾ ਉਕਾਈ ਖਾਧੀ ਤੇ ਖੁਦਗਰਜ਼ੀ ਆਈ ਤਾਂ ਢਿੱਲਤਾ ਆ ਪਈ ਮਿਸਲਾਂ ਵਾਲ 'ਗੁਰਮਤਾ' ਸਾਂਝਾ ਕਰਨ ਕਰਕੇ ਵਧੇ, ਫੁਲੇ ਭੀ। ਸੁਆਰਥਾਂ ਵਿਚ ਫਸਕੇ ਖਰਾਬ ਭੀ ਹੋਏ। 'ਖਾਲਸਾ ਦਰਬਾਰ' ਸਾਂਝਾ ਕਾਇਮ ਕੀਤਾ। ਦੁਨੀਆਂ ਭਰ ਵਿਚ ਮਿਲਾਪ ਨਾਲ ਫਤਹ ਦਾ ਡੰਕਾ ਵੱਜਣ ਲਗਿਆ। ਅਖੀਰ ਸ਼ੇਰੇ ਪੰਜਾਬ ਨੇ ਭਾਰੀ ਭੁਲ ਕੀਤੀ, ਬਿਨਾਂ ਸੰਗਤ ਦੇ ਗੁਰਮਤੇ ਦੇ ਆਪਣੇ ਸ਼ਾਹਜ਼ਾਦੇ ਨੂੰ ਗੱਦੀ ਦਿਤੀ, ਪੰਚਾਇਤੀ ਅਸੂਲ ਨੂੰ ਬਹੁਤ ਧੱਕਾ ਲਗਿਆ। ਬਿਨਾਂ 'ਖਾਲਸਾ ਪਾਰਲੀਮੈਂਟ' ਜਾਂ ਕੌਂਸਲ ਦੇ ਮਹਾਰਾਜੇ ਵਾਰੋ ਵਾਰੀ ਵਿਰੋਧੀਆਂ ਦੀਆਂ ਚਾਲਾਂ ਨਾਲ ਕਤਲ ਹੁੰਦੇ ਗਏ ਜੇ ਪੰਚਾਇਤੀ ਅਸੂਲ ਹੁੰਦੇ ਤਾਂ ਕਿਸੇ ਅਹਿਲਕਾਰ ਦੀ ਤਾਕਤ ਕੀ ਸੀ ਆਪਣੀ ਮਰਜ਼ੀ ਨਾਲ ਰਾਜਿਆਂ ਨੂੰ ਨਜ਼ਰਬੰਦੀਆਂ ਵਿਚ ਮਾਰਦਾ ਜਾਂ ਕੋਈ ਹੱਕੀ ਜਾਂ ਲਾਲਚੀ ਆਕੇ ਕਤਲ ਕਰਦਾ। ਇਹ ਸਾਰਾ ਨੁਕਸਾਨ ਯਾਂ ਘਾਟਾ ਸ਼ਖਸੀ ਹਕੂਮਤ ਦਾ ਫਲ ਸੀ। ਜਦ ਸਿਖੀ ਅਸੂਲ ਹੀ ਛੱਡ ਦਿਤੇ, ਸਿਖ ਰਾਜ ਜਾਂ 'ਖਾਲਸਾ ਦਰਬਾਰ' ਰਹਿ ਹੀ ਨਹੀਂ ਸਕਦਾ ਸੀ। ਜਦੋਂ ਭੀ ਸਿਖ ਗੁਰਮਤ ਤੋਂ ਉਲਟ ਚਲੇ

ਹਨ, ਠੋਕਰਾਂ ਖਾਂਦੇ ਰਹੇ ਹਨ। ਖਾਲਸਾ ਦਰਬਾਰ ਦੇ ਹਮੇਸ਼ਾਂ ਕਾਇਮਰਹਿਣੇਦਾ ਅਸੂਲ ਹੀ ਇਹ ਸੀਕਿ ਮਹਾਰਾਜੇ ਦੀ ਰਿੱਛਾ ਯਾ ਅਗਵਾਈ ਲਈ (ਖਾਲਸਾ ਪਾਰਲੀਮੈਂਟ) ਹੁੰਦੀ, ਮਹਾ-ਰਾਜਿਆਂ ਨੂੰ ਹਰ ਹਾਲਤ ਵਿਚ ਖਾਲਸਾ ਪਾਰਲੀਮੈਂਟ ਦੇ ਕੁੰਡੇ ਹੇਠਾਂ ਚਲਣਾ ਪੈਂਦਾ।

ਜੋ ਅਸੂਲ ਗੁਰੂ ਸਾਹਿਬਾਂ ਨੇ ਚਲਾਏ ਸਨ ਅੰਗਰੇਜ਼ੀ ਪਾਰਲੀਮੈਂਟ ਉਨ੍ਹਾਂ ਪਰ ਕਾਇਮ ਹੈ। ਇਸੇ ਕਾਰਨ ਇਨਾਂ ਦਾ ਰਾਜ ਵਧਦਾ ਫੁਲਦਾ ਜਾ ਰਿਹਾ ਹੈ ਅਰ ਪੰਜਾਬ ਦਾ ਰਾਜ ਭੀ ਇਨਾਂ ਨੂੰ ਇਨ੍ਹਾਂ ਅਸੂਲਾਂ ਦੀ ਕ੍ਰਿਪਾ ਨਾਲ ਪ੍ਰਾਪਤ ਹੋਇਆ। ਸੰਸਾਰ ਵਿਚ ਇਹ ਬਾਤ ਪ੍ਰਸਿਧ ਹੋਈ ਕਿ ਸਿਖ ਪ੍ਰਬੰਧ ਨਹੀਂ ਕਰ ਸਕਦੇ ਪਰ ਫਤਹ ਕਰਨਾ ਜਾਣਦੇ ਹਨ। ਇਸ ਕਲੰਕ ਜਾਂ ਇਲਜ਼ਾਮ ਦਾ ਕਾਰਨ ਇਹੋ ਹੈ ਕਿ ਸਿਖ ਉਤਨਾ ਚਿਰ ਹੀ ਚੜ੍ਹਦੀ ਕਲਾਂ ਵਲ ਜਾਂਦੇ ਹਨ, ਜਿਤਨਾ ਚਿਰ ਕਿ ਓਹ ਗੁਰਮਤ ਅਸੂਲਾਂ ਨਾਲ ਪਰੇਮ ਰਖਦੇ ਅਰ ਅਮਲ ਕਰਦੇ ਹਨ ਯਾਂ ਤੇ ਸਿਖਾਂ ਦਾ ਰਾਜ ਜਾਣਾ ਗੁਰਮਤ ਅਸੂਲਾਂ ਤੋਂ ਡਿਗਣੇ ਦਾ ਮੁਖ ਕਾਰਨ ਸੀ। ਸਰ ਲੈਪਲ ਗ੍ਰਿਫਨ ਨੇ ਲਿਖਿਆ ਹੈ ਮਹਾਰਾਜਾ ਰਣਜੀਤ ਸਿੰਘ ਨੇ ਸਿਖਾਂ ਦੀ ਈਸ਼ਵਰੀ ਹਕੂਮਤ ਜਾਂ ਪੰਚਾਇਤੀ ਹਕੂਮਤ ਦੇ ਭਾਵਾਂ ਦੇ ਖਿਆਲਾਂ ਨੂੰ ਨਹੀਂ ਭੁਲਾਇਆ ਉਸ ਨੇ ਅਕਾਲ ਪੁਰਖ ਦੀ ਸਹਇਤਾ ਨਾਲ ਇਕ ਈਸਾਈ ਬਾਦਸ਼ਾਹ ਦੀ ਭਾਂਤ ਰਾਜ ਪ੍ਰਬੰਧ ਕੀਤਾ, ਮਹਾਰਾਜੇ ਦੇ ਸਿੱਕਿਆਂ ਪਰ ਗੁਰੂ ਦਾ ਨਾਮ ਸੀ। ਓਹ (ਸ਼ੇਰੇ ਪੰਜਾਬ) ਅਜੇਹਾ ਪਾਤਸ਼ਾਹ ਸੀ ਜਿਹਾ ਕਿ ਪਬਲਿਕ ਦਾ ਆਪਣਾ ਚੁਣਿਆਂ ਹੋਇਆ (ਜਥੇਦਾਰ)

ਹੁੰਦਾ ਹੈ। ਆਮ ਜਨਤਾ ਵਿਖੇ ਓਹ ਹਰਦਿਲ ਅਜ਼ੀਜ਼ ਸੀ।

ਇਹ ਠੀਕ ਹੈ ਕਿ ਸ਼ੇਰੇ ਪੰਜਾਬ ਪੰਚਾਇਤੀ ਅਸੂਲਾਂ ਥੀਂ ਵਾਕਿਫ ਸੀ ਪਰੰਤੂ ਆਖਰੀ ਸਮੇਂ ਵਿਚ ਉਸਨੇ ਸਖਤ ਭੁਲ ਕੀਤੀ। ਜੋ ਆਪਣੇ ਸ਼ਾਹਜ਼ਾਦੇ ਨੂੰ ਗੱਦੀ ਦੇ ਕੇ ਅਨਮਤੀ ਵਜ਼ੀਰ ਦੇ ਹਥ ਵਿਚ ਰਾਜ ਦੀ ਬਾਗ ਡੋਰ ਦਿਤੀ।

ਸਿਖ ਰਾਜ ਦੇ ਆਗੂ ਮਿਸਰ

ਨਗਰ ਇਕਰੀ ਜ਼ਿਲਾ ਮੇਹਰਠ ਦਾ ਰਹਿਣ ਵਾਲਾ ਖੁਸ਼ਾਲਾ, ਗੌੜ ਬ੍ਰਾਹਮਣ ਮੰਗਦਾ ਖਾਂਦਾ ਲਾਹੌਰ ਆਇਆ। ਸੰਮਤ ੧੮੬੪ ਬਿ: ਵਿਖੇ ਫੌਜ ਵਿਚ ਭਰਤੀ ਹੋ ਗਿਆ ਬਹੁਤ ਚੁਸਤ ਚਾਲਾਕ ਅਰ ਛਲੀਆ ਸੀ, ਸ਼ੇਰੇ ਪੰਜਾਬ ਵਿਚ ਇਹ ਖਿਆਲ ਸਨ ਕਿ ਜਦ ਕਦੀ ਕਿਸੇ ਸੁੰਦਰ ਜਵਾਨ ਨੂੰ ਦੇਖਦਾ ਖੁਸ਼ ਹੁੰਦਾ, ਉਸ ਦੇ ਦਿਲ ਦੇ ਛਲ ਭੀ ਭੁਲਾ ਦਿੰਦਾ ਸੀ।

ਇਕ ਦਿਨ ਆਖ ਦਿਤਾ ਕਿ ਜੇ ਇਹ ਖੁਸ਼ਾਲਾ ਸਿੰਘ ਹੁੰਦਾ ਦਾੜੇ ਨਾਲ ਸੁੰਦਰ ਲੱਗਦਾ। ਝਟ ਇਸਨੇ ਸਿਖਾਂ ਦੀ ਰੀਸੇ ਦਾੜਾ ਕੇਸ ਰੱਖ ਲਏ, ਉਸ ਵੇਲੇ ਕੇਸ ਦਾੜੇ ਨਾਲ ਹੀ ਸਿਖ ਦੀ ਪਹਿਚਾਨ ਸੀ। ਇਹ ਅੰਮ੍ਰਿਤ ਛਕਕੇ ਸਿਖ ਨਹੀਂ ਸਜਿਆ ਸੀ ਸਿਰਫ ਸ਼ਕਲ ਸਿਖ ਦੀ ਬਣਾਈ ਸੀ। ਚੁਕ ਮਹਾਰਾਜਾ ਨੇ ਉਸ ਨੂੰ ਫੌਜ ਵਿਚ ਜਮਾਂਦਾਰ ਕਰ ਦਿਤਾ, ਇਥੋਂ ਧਿਆਨ ਸਿੰਘ ਵਜ਼ੀਰ ਨੇ ਇਸ ਨਾਲ ਸੀਟੀ ਮਿਲਾਕੇ ਡਿਉਢੀ ਵਿਚ ਆਪਣੇ ਅਧੀਨ ਰੱਖ ਲਿਆ। ਜਿਤਨੇ ਪਾਪ ਪੁੰਨ ਹੁੰਦੇ, ਇਸ ਦੀ ਰਾਹੀਂ ਹੁੰਦੇ ਸੀ। ਰਣਵਾਸ ਦੀਆਂ

ਖਬਰਾਂ ਵੀ ਇਹੋ ਦਿੰਦਾ ਸੀ। ਅਲ ਜਮਾਂਦਾਰ ਰਹੀ ਪਰ ਵਜ਼ੀਰ ਧਿਆਨ ਸਿੰਘ ਨਾਲ ਪਾਰਟੀ ਤੇ ਸੁਲਾਹ ਹੋਣ ਕਰਕੇ ਉਸ ਸਮੇਂ ਦਾ ਇਹ ਡਿਉਢੀ ਮੁਬਾਰਕ ਦਾ ਡਿਕਟੇਟਰ ਸੀ। ਵਡੇ ਵਡੇ ਸਰਦਾਰਾਂ ਨੂੰ ਭੀ ਇਹ ਧਮਕਾ ਦਿੰਦਾ ਸੀ। ਇਸ ਨੇ ਧਿਆਨ ਸਿੰਘ ਦੇ ਸਾਰੇ ਕੰਮ ਕੀਤੇ ਅਰ ਉਸ ਦਾ ਖੁਫੀਆ ਭੀ ਸੀ।

ਮਹਿਲਾਂ ਵਿਖੇ ਪੋਪ ਲੀਲਾ ਪ੍ਰਚਾਰਨ ਦਾ ਇਹ ਭਾਰੀ ਲੀਡਰ ਸੀ, ਸਭ ਰਸਮੋ ਰਿਵਾਜ ਇਹ ਕਰੌਂਦਾ ਸੀ, ਰਣਵਾਸ ਵਿਚ ਭੀ ਕੁਝ ਕਰਨਾ ਹੋਵੇ ਪੁਛੋ ਜਮਾਂਦਾਰ ਖੁਸ਼ਾਲ ਸਿੰਘ ਨੂੰ, ਇਸ ਸ਼ਖਸ ਨੂੰ ਜੇ ਸਿਖਾਂ ਵਿਚ ਪੋਪ ਲੀਲਾ ਦਾ ਅਵਤਾਰ ਕਿਹਾ ਜਾਵੇ ਤਾਂ ਨਾਵਾਜਬ ਨਹੀਂ। ਸੰਨ ੧੮੪੪ ਈ: ਵਿਚ ਇਸ ਦਾ ਅੰਤ ਹੋਇਆ। ਇਸਦੇ ਭਤੀਜੇ ਮਿਸਰ ਜੱਸਾ ਮਲ ਗੌੜ ਬ੍ਰਾਹਮਣ ਦਾ ਪੁਤ੍ਰ ਨਗਰ ਇਕਰੀ ਜ਼ਿਲਾ ਮੇਹਰਠ ਦਾ ਤੇਜਾ ਸਿੰਘ ਸੀ ਅਰ ਜਮਾਂਦਾਰ ਖੁਸ਼ਾਲ ਸਿੰਘ ਇਨਾਂ ਦਾ ਚਾਚਾ ਸੀ, ਇਨਾਂ ਦਾ ਨਾਮ ਪਹਿਲੇ ਤੇਜੂ ਅਰ ਰਾਮ ਲਾਲ ਸੀ। ਜਮਾਂਦਾਰ ਖੁਸ਼ਾਲ ਸਿੰਘ ਨੇ ਇਨਾਂ ਨੂੰ ਭੀ ਫੌਜ ਵਿਚ ਭਰਤੀ ਕਰਵਾ ਦਿਤਾ, ਦੇਖਾ ਦੇਖੀ ਫੌਜੀ ਰਿਵਾਜ ਨਾਲ ਇਨਾਂ ਦੇ ਨਾਮ ਨਾਲ ਭੀ 'ਸਿੰਘ' ਸ਼ਬਦ ਆ ਗਿਆ ਕਿਉਂਕਿ ਸਰਦਾਰ ਸ਼ਬਦ ਸਿਖਾਂ ਲਈ ਰੀਜ਼ਰਬ ਸੀ। ਇਨਾਂ ਨੇ ਆਪਣੇ ਵਤਨ ਮੇਹਰਠ ਦੇ ਇਲਾਕੇ ਤੋਂ ਕਾਫੀ ਆਦਮੀ ਭਰਤੀ ਕਰ ਲਏ।

ਮਿਸਰ ਲਾਲ ਸਿੰਘ ਪਰਲੇ ਦਰਜੇ ਦਾ ਚਾਲਬਾਜ਼ ਸੀ, ਮਹਾਰਾਣੀ ਜਿੰਦ ਕੌਰ ਦਾ ਭਾਈ ਵਜ਼ੀਰੀ ਦੇ ਲਾਇਕ

ਨਹੀਂ ਸੀ, ਕੇਵਲ ਭਾਈ ਕਰਕੇ ਵਜ਼ੀਰ ਹੋ ਗਿਆ ਸੀ, ਉਸ ਨੇ ਫੌਜ ਵਿਚੋਂ ਬਦਲਕੇ ਲਾਲ ਸਿੰਘ ਨੂੰ ਆਪਣਾ ਨਾਇਬ ਕੀਤਾ । ਹੋਰ ਧਰਮੀ ਜੋਧੇ ਸਿਖ ਉਸ ਦੀ ਨਿਗਾਹ ਵਿਚ ਨਾ ਆਏ। ਲਾਲ ਸਿੰਘ ਨੂੰ ਨਾਇਬ ਵਜ਼ੀਰ ਹੋਣ ਕਰਕੇ ਰਾਜ਼ੇ ਦਾ ਖਿਤਾਬ ਦਿਤਾ, ਇਸ ਨੇ ਮਹਾਰਾਣੀ ਜਿੰਦ ਕੌਰ ਨੂੰ ਐਸਾ ਹਥਾਂ ਪਰ ਚਾੜਿਆ ਜੋ ਉਸ ਨੂੰ ਇਸ ਦੀ ਚੇਲੀ ਕਿਹਾ ਜਾਵੇ ਤਾਂ ਸ਼ਾਇਦ ਭੁਲ ਨ ਹੋਵੇ, ਇਸੇ ਦੀ ਸਫਾਰਸ਼ ਨਾਲ ਭਗਤ ਰਾਮ ਅਰ ਦੀਨਾ ਨਾਥ ਖਜ਼ਾਨਚੀ ਬਣਾਏ ਗਏ। ਮਾਨੋਂ ਸਿਖ ਖਜ਼ਾਨਾ ਸੰਭਾਲਣਾ ਕਦੀ ਸਿਖੇ ਹੀ ਨਹੀਂ ਸਨ । ਮਿਸਰ ਜੀ ਨੇ ਐਸੀ ਗਹਿਰੀ ਚਾਲ ਚਲੀ ਕਿ ਵਜ਼ੀਰ ਜਵਾਹਰ ਸਿੰਘ ਨੂੰ ਪੁਠੇ ਚੌਕ ਵਿਚ ਪਾਕੇ ਫੌਜਾਂ ਪਾਸੋਂ ਮਰਵਾ ਦਿਤਾ। ਨਫਰਤ ਇਹ ਫੈਲਾਈ ਕਿ ਕੰਵਰ ਪਸ਼ੌਰਾ ਸਿੰਘ ਵਜ਼ੀਰ ਨੂੰ ਜਵਾਹਰ ਸਿੰਘ ਨੇ ਮਰਵਾਇਆ ਹੈ । ਪਸ਼ੌਰਾ ਸਿੰਘ ਦੀ ਬਹਾਦਰੀ ਦੀ ਕਦਰ ਫੌਜਾਂ ਵਿਚ ਕਾਫੀ ਸੀ, ਸੋ ਫ਼ੌਜਾਂ ਨੂੰ ਚੁਕਕੇ ਅਰ ਭੜਕਾ ਕੇ ਸਿੰਘ ਨਾਮ ਵਾਲੇ (ਨਾਮ ਧਰੀਕ ਸਿਖ) ਸਿਖਾਂ ਪਾਸੋਂ ਕਤਲ ਕਰਵਾਇਆ ਅਰ ਬਦਨਾਮ ਕੀਤਾ ਕਿ ਖਾਲਸਾ ਫੌਜਾਂ ਨੂੰ ਉਨਾਂ ਨੇ ਮਾਰਿਆ ਹੈ, ਮਹਾਰਾਣੀ ਚੰਦ ਕੌਰ ਨੂੰ ਸਿਖਾਂ ਦੇ ਲਹੂ ਦੀ ਪਿਆਸੀ ਬਣਾ ਕੇ ਆਪ ਉਸ ਦਾ ਵਫਾਦਾਰ ਤੇ ਦਰਦੀ ਹੋ ਗਿਆ, ਰਾਜ ਨੀਤੀਆਂ ਤੋਂ ਅਣਜਾਣ ਮਹਾਰਾਣੀ ਇਸ ਦੀਆਂ ਚਾਲਾਂ ਵਿਚ ਫਸ ਗਈ ਕਿ ਇਹੋਮੇਰਾ ਵਡਾ ਹਮਦਰਦੀ ਹੈ। ਫੌਜੀ ਸਿਖ ਸਰਦਾਰ ਵੈਰੀ ਮੰਨੇਪਰ ਓਹ ਪਰਦੇ ਵਿਚਰਹਿਣ ਵਾਲੀ ਨਹੀਂ ਸਮਝ ਸਕਦੀ ਸੀ ਕਿ ਮੇਰੇ ਭਾਈ ਦੇ ਖ਼ੂਨ ਦੇ ਜ਼ਿੰਮੇਵਾਰ, ਫੌਜ ਦੇ ਵਡੇ

ਆਫੀਸਰ ਮਿਸਰ ਹੀ ਹਨ ਜਿਨਾਂ ਨੇ ਕਿ ਭੂਹੇ ਕੀਤੀ ਗਈ ਪਾਰਟੀ ਦੇ ਸਾਹਮਣੇ ਵਜ਼ੀਰ ਜਵਾਹਰ ਸਿੰਘ ਨੂੰ ਖਾਹਮਖਾਹ ਲਿਆਂਦਾ ਸੀ।

ਮਹਾਰਾਣੀ ਜਿੰਦ ਕੌਰ ਨੇ ਸਿਖਾਂ ਨੂੰ ਪਿੱਠ ਦੇਕੇ, ਆਪਣੇ ਭਾਈ ਦੀ ਮੌਤ ਪਿਛੋਂ ਸੰਨ ੧੮੪੪ ਈ: ਵਿਚ ਆਪਣਾ ਵਜ਼ੀਰ ਆਜ਼ਮ ਲਾਲ ਸਿੰਘ ਨੂੰ ਥਾਪਿਆ। ਇਸ ਨੇ ਵਜ਼ੀਰ ਬਣ ਕੇ ਆਪਣੇ ਭਰਾਤਾ ਤੇਜ ਸਿੰਘ ਨੂੰ ਰਾਜਾ ਦਾ ਖਿਤਾਬ ਦਿਲਾਕੇ ਫੌਜਾਂ ਦਾ ਪੱਕਾ ਸਿਪਾਹ ਸਾਲਾਰ (ਸੈਨਾਪਤੀ) ਬਣਾ ਦਿਤਾ, ਇਸਤਰਾਂ ਮਿਸਰਾਂ ਨੇ ਰਾਜ ਦੀ ਸਾਰੀ ਤਾਕਤ ਆਪਣੀ ਮੁਠੀ ਵਿਚ ਲੈ ਲੀਤੀ, ਮਹਾਰਾਣੀ ਇਨਾਂ ਦੇ ਧੜੇ ਚੜ੍ਹ ਗਈ, ਮਹਾਰਾਜਾ ਬੱਚਾ ਸੀ ਇਸ ਕਰਕੇ ਜੋ ਜੀਅ ਆਵੇ, ਮਿਸਰ ਲਾਲ ਸਿੰਘ ਕਰਦਾ ਸੀ।

ਮਿਸਰ ਲਾਲ ਸਿੰਘ ਨੇ ਆਪਣੀ ਗਰਜਾਂ ਅਰ ਡਿਕਟੇਟਰੀ ਦੇ ਸੁਤੰਤਰ ਚਲੌਣ ਹਿਤ ਖਾਲਸਾ ਦਰਬਾਰ ਦੀ ਬਹੁਤ ਸੇਵਾ ਭੀ ਕੀਤੀ ਪਰ ਉਹ ਨਿਸਫਲ ਰਹੀ। ਮਿਸਰ ਲਾਲ ਸਿੰਘ ਦੋਗਲਾ ਹੋਕੇ ਚਲਿਆ, ਸਰਕਾਰ ਅੰਗਰੇਜ਼ੀ ਨੂੰ ਕੁਛ ਦਸਣਾ, ਅਰ ਮਹਾਰਾਣੀ ਨੂੰ ਕੁਝ ਸਖੌਣਾ, ਮਹਾਰਾਣੀ ਇਸ ਦੀ ਸਲਾਹ ਨੂੰ ਰਬ ਦੀ ਕਲਾਮ ਵਤ ਸਮਝਦੀ ਸੀ। ਇਸਦੀ ਖੁਸ਼ੀ ਵਾਸਤੇ ਮਹਿਲਾਂ ਵਿਚ ਹਰ ਰਸਮ ਪਰ ਸਿਖ ਧਰਮ ਤੋਂ ਵਿਰੁਧ ਕਰਨ ਲਗ ਪਈ।

ਸਿਖ ਚਿੜਦੇ ਰਹਿੰਦੇ ਸੀ। ਮਿਸਰ ਲਾਲ ਸਿੰਘ ਨੇ ਮਹਾਰਾਣੀ ਦੇ ਸਾਹਮਣੇ ਕਸਮ ਉਠਾਈ ਸੀ ਕਿ ਜਿਨਾਂ ਨੇ ਤੇਰਾ ਭਾਈ ਮਾਰਿਆ ਉਨਾਂ ਦਾ ਬਦਲਾ ਲੈ ਕੇ ਸ਼ਾਂਤੀ ਕਰਾਂਗਾ

ਸੋ ਇਸਨੇ ਇਸੇ ਢੰਗ ਅਰ ਪਾਲਿਸੀ ਨਾਲ ਬਹੁਤ ਸਿਖ ਸਰਦਾਰ ਮੰਗਣ ਹਾਰੇ ਬਣਾਏ। ਦੋਗਲੀ ਚਾਲ ਕਰਕੇ ਇਹ ਸਰਕਾਰ ਅੰਗਰੇਜ਼ੀ ਦੀ ਕਿਰਪਾ ਦਾ ਪਾਤਰ ਭੀ ਨਹੀਂ ਬਣਿਆਂ ਜਿਸ ਕਰਕੇ ਮਹਾਰਾਣੀ ਜਿੰਦ ਕੌਰ ਨਾਲ ਕੈਦੀ ਬਣਕੇ ਆਗਰੇ ਰਿਹਾ ਜਿਥੇ ਕਿ ਇਸ ਨੇ ਕੈਦ ਵਿਚੋਂ ਸੰਨ ੧੮੬੬ ਈ: ਵਿਚ ਪ੍ਰਾਣ ਛਡੇ।

ਨੋਟ—ਕਈ ਲੇਖਕਾਂ ਨੇ ਮਿਸਰ ਲਾਲ ਸਿੰਘ ਨੂੰ ਜਮਾਂਦਾਰ ਖੁਸ਼ਾਲ ਸਿੰਘ ਦਾ ਪੁਤ੍ਰ ਲਿਖਿਆ ਹੈ, ਅਜ ਕਲ ਇਨਾਂ ਦਾ ਖਾਨਦਾਨ ਸ਼ੇਖੂਪੁਰ ਵਿਖੇ ਜਾਗੀਰਦਾਰ ਹੈ ਇਕ ਸੌ ਅੱਸੀ ਪਿੰਡ ਇਨਾ ਪਾਸ ਜਾਗੀਰ ਦੇ ਦਸੇ ਹਨ। ਸ: ਜਵਾਹਰ ਸਿੰਘ ਦੇ ਕਤਲ ਪਰ ਕੁਛ ਮਹੀਨੇ ਮਹਾਰਾਣੀ ਜਿੰਦ ਕੌਰ ਪੰਚਾਇਤ ਦੀ ਮਦਦ ਨਾਲ ਆਪ ਰਾਜ ਕਰਦੀ ਰਹੀ ਵਜ਼ੀਰੀ ਬਹੁਤ ਮਹਿੰਗੀ ਦਿਖਦੀ ਸੀ। ਸਲਾਹਕਾਰ ਮਿਸਰ ਲਾਲ ਸਿੰਘ ਹੀ ਸੀ। ਜੋ ਕਿ ੧੫ ਨਵੰਬਰ ਸੰਨ ੧੮੪੫ ਈ: ਨੂੰ ਪ੍ਰਤੱਖ ਵਜ਼ੀਰ ਹੋਇਆ। ਇਸ ਸਮੇਂ ਤੋਂ ਮਹਾਰਾਣੀ ਮਿਸਰ ਪਾਰਟੀ ਦੀ ਕ੍ਰਿਪਾ ਦੀ ਪਾਤਰ ਬਣੀ।

ਮਹਾਰਾਣੀ ਜਿੰਦ ਕੌਰ ਦੀ ਹਕੂਮਤ

ਜਿਸ ਪਰਕਾਰ ਖਾਲਸਾ ਦਰਬਾਰ ਵਲੋਂ ੩੦ ਨਵੰਬਰ ਸੰਨ ੧੮੪੦ ਈ: ਨੂੰ ਐਲਾਨ ਕੀਤਾ ਗਿਆ ਸੀ ਕਿ ਰਾਜ ਦਾ ਪ੍ਰਬੰਧ ਮਹਾਰਾਣੀ ਚੰਦ ਕੌਰ ਕਰੇਗੀ, ਇਸੇ ਤਰਾਂ ੨੧ ਸਤੰਬਰ ਸੰਨ ੧੮੪੫ (੮ ਅਸੂ ਸੰਮਤ ੧੯੦੨) ਨੂੰ ਸ: ਜਵਾਹਰ ਸਿੰਘ ਵਜ਼ੀਰ ਦੇ ਕਤਲ ਪਿਛੋਂ ੯ ਅਸੂ (੨੨ ਸਤੰਬਰ)

ਨੂੰ ਫੌਜੀ ਪੰਚਾਇਤ ਦੀ ਰਜ਼ਾਮੰਦੀ ਨਾਲ ਫੈਸਲਾ ਹੋਇਆ ਕਿ ਅਗੇ ਨੂੰ ਸਰਕਾਰੀ ਕਾਗਜ਼ਾਂ ਪਰ ਰਾਜ ਮਾਤਾ ਆਪਣੇ ਦਸਖਤ ਕਰੂਗੀ।

ਚੂੰਕਿ ਮਹਾਰਾਜਾ ਦਲੀਪ ਸਿੰਘ ਮਾਸੂਮ ਬੱਚਾ ਸੀ, ਇਸ ਦਾ ਜਨਮ ੬ ਸਤੰਬਰ ਸੰਨ ੧੮੩੮ ਨੂੰ ਹੋਇਆ ਕਾਇਦੇ ਮੂਜਬ ਕੰਵਰ ਪਸ਼ੌਰਾ ਸਿੰਘ ਰਾਜ ਗੱਦੀ ਦਾ ਹਕਦਾਰ ਸੀ। ਵਜ਼ੀਰ ਜਵਾਹਰ ਸਿੰਘ ਨੇ ਕੰਵਰ ਪਸ਼ੌਰਾ ਸਿੰਘ ਨੂੰ ਧੋਖੇ ਨਾਲ ਆਪਨੇ ਆਦਮੀ ਘਲਕੇ ਅਟਕ ਪਰ ਪੰਜ ਸਤੰਬਰ ੧੮੪੫ ਨੂੰ ਕਤਲ ਕਰਵਾ ਦਿਤਾ ਸੀ, ਜਿਸ ਦਾ ਫਲ ਜਵਾਹਰ ਸਿੰਘ ਦੀ ਮੌਤ ਹੋਈ। ਭਾਵੇਂ ਜਵਾਹਰ ਸਿੰਘ ਦੀ ਮੌਤ ਰਾਜਾ ਗੁਲਾਬ ਸਿੰਘ ਦੀ ਚੁਕ ਨਾਲ ਉਸ ਦੇ ਆਦਮੀਆਂ ਦੁਆਰੇ ਹੋਈ, ਪਰ ਜਵਾਹਰ ਸਿੰਘ ਦਾ ਕੰਵਰ ਪਸ਼ੌਰਾ ਸਿੰਘ ਨੂੰ ਮਰਵੌਣਾਂ ਸਖਤ ਗਲਤੀ ਸੀ।

ਜਵਾਹਰ ਸਿੰਘ ਵਜ਼ੀਰੀ ਲਈ ਮਹਾਰਾਜੇ ਦਾ ਮਾਮਾ ਹੋਣ ਕਰਕੇ ਤਾਂ ਯੋਗ ਸੀ ਪਰ ਵੈਸੇ ਧਕੜ ਅਤੇ ਸ਼ਰਾਬੀ ਹੋਣ ਦਾ ਉਸ ਵਿਚ ਨੁਕਸ ਸੀ। ਇਸ ਨੂੰ ਡੋਗਰੇ ਨਹੀ ਚਾਹੁੰਦੇ ਸਨ। ਇਸ ਦੇ ਹੁੰਦਿਆਂ ਉਨਾਂ ਦੀ ਦਾਲ ਗਲਣੀ ਕਠਨ ਸੀ, ਪਹਿਲਾਂ ਤਾਂ ਇਸ ਨੂੰ ਰਾਜਾ ਹੀਰਾ ਸਿੰਘ ਡੋਗਰੇ ਨੇ ਆਪਣੀ ਵਜ਼ੀਰੀ ਦੇ ਜ਼ੋਰ ਨਾਲ ੨੫ ਨਵੰਬਰ ਸੰਨ ੧੮੪੩ ਨੂੰ ਕੈਦ ਵਿਚ ਸੁਟਕੇ ਮਾਰਨਾ ਚਾਹਿਆ ਸੀ, ਪਰ ਮਹਾਰਾਣੀ ਦਾ ਭਾਈ ਹੋਣ ਕਰਕੇ ਬਚ ਰਿਹਾ, ਦੂਜੇ ਰਾਜਾ ਹੀਰਾ ਸਿੰਘ ਨੇ ਕੰਵਰ ਕਸ਼ਮੀਰਾ ਸਿੰਘ ਨੂੰ ਉਸਨੇ ੫ ਮਈ ਸੰਨ ੧੮੪੪ (ਵਿਸਾਖ ਸੰਮਤ ੧੯੦੧) ਨੂੰ ਨੌਰੰਗਾਬਾਦ ਦੇ ਡੇਰੇ ਪਰ

ਹਮਲਾ ਕਰਕੇ ਕਤਲ ਕਰਵਾ ਦਿਤਾ ਸੀ, ਰਾਜਾ ਹੀਰਾ ਸਿੰਘ ਦੀ ਵਿਉਂਤ ਭੀ ਸ਼ਾਹੀ ਖਾਨਦਾਨ ਖਤਮ ਕਰਨ ਦੀ ਸੀ।

ਹੀਰਾ ਸਿੰਘ ਨੇ ਤੀਜਾ ਹਲਾ ਜਵਾਹਰ ਸਿੰਘ ਪਰ ਸਤੰਬਰ ਸੰਨ ੧੮੪੪ ਵਿਚ ਜੱਲੇ ਪੰਡਿਤ ਦੀ ਚੁਕ ਨਾਲ ਕੀਤਾ, ਇਸ ਕਰਕੇ ਉਸ ਨੂੰ ਹਾਰਕੇ ਜੰਮੂ ਨੂੰ ਨੱਠਣਾ ਪਿਆ, ਰਾਜਾ ਹੀਰਾ ਸਿੰਘ ੨੨ ਦਸੰਬਰ ਸੰਨ ੧੮੪੪ ਨੂੰ ਕਤਲ ਕੀਤਾ ਗਿਆ, ਜਵਾਹਰ ਸਿੰਘ ਤੇ ਹੀਰਾ ਸਿੰਘ ਦੀ ਮੌਤ ਦੇ ਪਿਛੋਂ ਮਹਾਰਾਣੀ ਨੂੰ ਵਜ਼ੀਰ ਦੀ ਲੋੜ ਪਈ, ਉਸ ਵੇਲੇ ਵਜੀਰੀ ਲਈ ਤਿੰਨ ਪੁਰਸ਼ ਉਤਾਵਲੇ ਸਨ, ਰਾਜਾ ਗੁਲਾਬ ਸਿੰਘ ਮਿਸਰ ਲਾਲ ਸਿੰਘ ਤੇ ਮਿਸਰ ਤੇਜ ਸਿੰਘ। ਕਿਸੇ ਹੋਰ ਸ਼ਿਖ ਨੂੰ ਅਗੇ ਨਾ ਵਧਣ ਦਿਤਾ।

ਰਾਜ ਮਾਤਾ ਨੇ ਇਨਾਂ ਦੀ ਚੋਣ ਚਿਠੀਆਂ ਪੌਣ ਦੇ ਏਹੂਦਾ ਤ੍ਰੀਕੇ ਨਾਲ ਕੀਤੀ, ਇਸ ਨਿਕੰਮੇ ਤ੍ਰੀਕੇ ਨਾਲ ਮਿਸਰ ਲਾਲ ਸਿੰਘ ਪੂਰਬੀਏ ਦੇ ਨਾਮ ਦੀ ਚਿਠੀ ਨਿਕਲ ਪਈ ਇਸ ਨੂੰ ਵਜ਼ੀਰ ਥਾਪ ਕੇ ਰਾਜੇ ਦਾ ਖਿਤਾਬ ਦਿਤਾ ਗਿਆ। ਭਾਵੇਂ ਲਾਲ ਸਿੰਘ ਡੋਗਰਾ ਪਾਰਟੀ ਦੇ ਵਿਰੁਧ ਸੀ, ਪਰ ਉਨਾਂ ਦੇ ਬਿਨਾਂ ਇਹ ਕਰ ਕੁਛ ਨਹੀਂ ਸਕਦਾ ਸੀ। ਰਾਜ ਮਾਤਾ ਨੂੰ ਚਾਹੀਦਾ ਇਹ ਸੀ ਕਿ ਮਿਸਰਾਂ ਡੋਗਰਿਆਂ ਨੂੰ ਛਡ ਕੇ ਕਿਸੇ ਯੋਗ ਸਿਖ ਨੂੰ ਰਾਜੇ ਦਾ ਖਿਤਾਬ ਦੇ ਕੇ ਵਜ਼ੀਰ ਥਾਪਦੀ, ਸਰਦਾਰ ਸ਼ਾਮ ਸਿੰਘ ਅਟਾਰੀ ਜੈਸੇ ਕੀ ਸਾਰੇ ਹੀ ਵਜ਼ੀਰੀ ਦੇ ਯੋਗ ਨਹੀਂ ਸਨ ? ਪਰ ਮਹਾਰਾਣੀ ਨੂੰ ਮਿਸਰਾਂ ਦੀ

ਪੂਜਾ (ਸ੍ਰਾਧ ਆਦਿ ਹਿੰਦੂ ਰਸਮਾਂ) ਕਰਣ ਦੀ ਕਾਫੀ ਲਗਨ ਸੀ।

ਰਾਜ ਮਾਤਾ ਨੂੰ ਭੀ ਸ਼ੇਰੇ ਪੰਜਾਬ ਦੀ ਤਰਾਂ ਕਿਸੇ ਸਿਖ ਨੂੰ ਰਾਜਾ ਖਿਤਾਬ ਦੇਣਾ ਨਹੀਂ ਫੁਰਿਆ ਪਰ ਜਦ ਜੰਗ ਵਿਚ ਮਿਸਰ ਲਾਲ ਸਿੰਘ ਨੇ ਅੰਗਰੇਜ਼ਾਂ ਨਾਲ ਰਲਕੇ ਸ਼ਕਸਤ ਹੋਣ ਦਾ ਮੁਢ ਬੰਨ ਦਿਤਾ ਉਸ ਵੇਲੇ ਸ਼ਾਮ ਸਿੰਘ ਅਟਾਰੀ ਜੈਸੇ ਸਿਰਲਬ ਸਿਖ ਚੇਤੇ ਆਏ। ਜਿਨਾਂ ਨੇ ਰਾਜ ਕਾਇਮ ਕਰਮ ਵਿਚ ਸੇਵਾ ਉਠਾਈ ਸੀ । ਭਾਵੇਂ ਜਰਨੈਲ ਮੇਵਾ ਸਿੰਘ ਮਜੀਠੀਆ ਫੌਜਾਂ ਦੀ ਅਗਵਾਈ ਚੰਗੀ ਕਰ ਸਕਦਾ ਸੀ, ਪਰ ਉਸ ਦੇ ਸਲਾਹਕਾਰ ਉਹੀ ਰਾਜਾ ਗੁਲਾਬ ਸਿੰਘ ਤੇਜਾ ਸਿੰਘ ਮਿਸਰ ਲਾਲ ਸਿੰਘ ਆਦਿਕਾਂ ਦੀ ਪਾਰਟੀ ਸੀ । ਰਾਜ ਮਾਤਾ ਵਾਕਈ ਸੀ ਅਕਲ ਦਾ ਕੋਟ ਤੇ ਦੂਰ ਅੰਦੇਸ਼ ਪਰ ਉਸ ਨੇ ਆਪਣੀ ਹਕੂਮਤ ਵਿਚ ਮਰਜੀ ਉਤੇ ਸਿਖਾਂ ਨੂੰ ਆਗੂ ਨਾ ਚੁਨਣ ਵਿਚ ਗਲਤੀ ਖਾਧੀ।

ਹਿੰਦੂ ਸਿੱਖੀ ਦੀ ਆਮਦ

ਸਿਖ ਰਾਜ ਵਿਚ ਡੋਗਰਿਆਂ ਅਤੇ ਮਿਸਰਾਂ ਦੇ ਮੁਖੀ ਅਹਿਲਕਾਰ ਹੋਣੇ ਕਰਕੇ ਸਿਖ ਪੰਥ ਵਿਚ ਹਿੰਦੂ ਸਿਖੀ ਦੀ ਆਮਦ ਹੋਈ । ਇਨਾਂ ਦੇ ਵਜ਼ੀਰ ਹੋਣ ਪਰ ਸਿਖਾਂ ਵਿਚ ਸ੍ਰਾਧ ਅਤੇ ਦੇਵੀ ਭਗਤੀ (ਭਗੌਤੀ ਭਗਤੀ) ਜ਼ੋਰਾਂ ਨਾਲ ਚਲੀ ਸੰਨ ੧੮੨੫ ਈ: ਤੋਂ ੧੮੫੦ ਈ: ਤੀਕਰ ਹਿੰਦੂ ਸਿਖੀ ਦਾ ਬੋਲ ਬਾਲਾ ਬੁਲੰਦ ਹੁੰਦਾ ਗਿਆ। ਮਹਾਰਾਜਾ ਰਣਜੀਤ

ਸਿੰਘ ਜੀ ਨੇ ਹਿੰਦੂਆਂ ਦੀ ਲਾਪਚਾਰੀ ਅਤੇ ਖੁਸ਼ੀ ਲਈ ਹਿੰਦੂ ਸਿਖੀ ਖਰੀਦੀ ਅਤੇ ਸਿਖਾਂ ਵਿਚ ਦੀਵਾਲੀ, ਦੁਸਹਿਰਾ ਤੇ ਹੋਲੀਆਂ ਆਦਿਕ ਹਿੰਦੂ ਰਸਮਾਂ ਨੂੰ ਗੁਰਪੁਰਬਾਂ ਦੀ ਥਾਂ ਅਪਣਾਇਆ । ਡੋਗਰਿਆਂ ਨੇ ਪਹਾੜੀ ਦੇਵੀਆਂ ਦੀਆਂ ਬਰਕਤਾਂ ਦਸਕੇ ਉਸ ਨੂੰ ਭਰਮਾਇਆ ਅਤੇ ਦਸਮ ਗੁਰੂ ਜੀ ਦੇ ਦੇਵੀ ਪੂਜਨ ਦੇ ਪ੍ਰਸੰਗ ਸਿੱਖ ਗ੍ਰੰਥਾਂ ਵਿਚ ਪ੍ਰਵੇਸ਼ ਕਰਾਕੇ ਘੇਰਾ ਪਾ ਲਿਆ। ਉਸੀ ਸਮੇਂ ਵਿਚ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਦੀ ਪਰਿਕਰਮਾਂ ਵਿਖੇ ਦੇਵੀ ਪੂਜਾ ਠਾਕਰ ਪੂਜਾ (ਬੁਤ ਪ੍ਰਸਤੀ) ਆਈ ਜਿਸ ਨੂੰ ਕਿ ਸਿੰਘ ਸਭਾਵਾਂ ਦੇ ਪ੍ਰਚਾਰ ਨੇ ਰੋਕਿਆ। ਸ਼ੋਕ ! ਸ੍ਰੀ ਹਜ਼ੂਰ ਸਾਹਿਬ (ਅਬਚਲ ਨਗਰ ਨਾਦੇੜ ਦੱਖਣ) ਵਿਖੇ ਅਜਾਂ ਤੀਕਰ ਪੁਜਾਰੀ ਗੁਰਦਵਾਰੇ ਵਿਚ ਹਿੰਦੂਆਂ ਦਾ ਦੁਸਹਿਰਾ ਮਨੌਂਦੇ ਅਤੇ ਗੁਰੂ ਸਾਹਿਬਾਨ ਦੇ ਸਥਾਨ ਨੂੰ ਸੁਖਾ ਅਫੀਮ ਤੇ ਪ੍ਰਸ਼ਾਦਿਆਂ ਦੇ ਭੋਗ ਲਗਵਾਕੇ ਮਨਮਤਾਂ ਕਰਕੇ ਸਿਖੀ ਨੂੰ ਬਦਨਾਮ ਕਰਦੇ ਹਨ ਅਕਸਰ ਸਿਖ ਰਈਸ ਗੁਰਪੁਰਬਾਂ ਦੀ ਥਾਵੇਂ ਦੁਸਹਿਰੇ ਨੂੰ ਤਰਜੀਹ ਦੇਕੇ ਸਿਖੀ ਨਿਜਮਾਂ ਨੂੰ ਚੋਟਾਂ ਲਗੌਂਦੇ ਆਏ ਹਨ। ਅਜੇ ਭੀ ਵਿਲੜ ਲਾਣੇ ਨੂੰ ਪਿਛਲੀ ਫੋਟਾਂ ਦਬਾਈ ਜਾਂਦੀਆਂ ਹੈਨ। ਪੋਪ ਲੀਲਾ ਨਾਲ ਵਿਆਹ ਦਾ ਰਿਵਾਜ ਭੀ ਡੋਗਰਿਆਂ ਦੀ ਕ੍ਰਿਪਾ ਸੀ ਜਿਸ ਕਰਕੇ ਸੂਰਜ ਪ੍ਰਕਾਸ਼ ਵਿਚ ਭਾਈ ਉਦੇ ਸਿੰਘ ਕੈਥਲੀਏ ਨੇ ਪੰਡਿਤਾਂ ਦੇ ਕਹੇ ਮਨਮਤਾਂ ਅਤੇ ਪੋਪ ਲੀਲਾ ਪਵਾਈ। ਅਤੇ ਸਿਖ ਧਰਮ ਨੂੰ ਹਿੰਦੂ ਰੰਗਤ ਚਾੜੀ। ਸੰਨ ੧੮੮੦ ਈ: ਤੋਂ ਲਾਕੇ ੧੯੨੦ ਈ: ਤੀਕ ਪੂਰੇ ਚਾਲੀ ਸਾਲ ਸਿੰਘ ਸਭਾਵਾਂ ਨੇ

ਹਿੰਦੂ ਸਿਖੀ ਦਾ ਕਾਫੀ ਅੰਧੇਰਾ ਪੰਥ ਵਿਚੋਂ ਦੂਰ ਕੀਤਾ। ਪੰਚ ਖਾਲਸਾ ਦੀਵਾਨ ਨੇ 'ਹਮ ਹਿੰਦੂ ਨਹੀਂ' ਆਦਿਕ ਗ੍ਰੰਥਾਂ ਦੁਆਰੇ ਚੰਗਾ ਪ੍ਰਚਾਰ ਕੀਤਾ ਪਰ ਅਜੇ ਤੀਕਰ ਹਿੰਦੂ ਸਿਖੀ ਦੇ ਜਾਲ ਪੂਰਨ ਤੌਰ ਤੇ ਨਹੀਂ ਕਟੇ ਜਾ ਸਕੇ, ਸਿਖਾਂ ਵਿਚ ਅੰਮ੍ਰਿਤਸਰ ਦੀ ਦੀਵਾਲੀ, ਮੁਕਤਸਰ ਦੀ ਮਾਘੀ, ਹਜ਼ੂਰ ਸਾਹਿਬ ਦਾ ਦੁਸਹਿਰਾ, ਅਨੰਦ ਪੁਰ ਸਾਹਿਬ ਦਾ ਹੋਲਾ (ਹੋਲੀ ਦੀ ਨਕਲ) ਨਨਕਾਣੇ ਸਾਹਿਬ ਦੀ ਕੱਤਕ ਪੂਰਨ ਮਾਸ਼ੀ ਘਰ ਕਰ ਚੁਕੇ ਹਨ। ਪਰਮ ਸ਼ੋਕ ! ਸਿਖ ਹਿੰਦੂ ਤਿਉਹਾਰਾਂ ਨੂੰ ਜੱਫੇ ਮਾਰੀ ਬੈਠੇ ਹਨ।

ਪੁਰਾਣੀਆਂ ਇਮਾਰਤਾਂ

ਗੁਰਦੁਆਰਿਆਂ ਦੀਆਂ ਪੁਰਾਣੀਆਂ ਇਮਾਰਤਾਂ, ਬਹੁਤੀ ਸੰਗਤ ਦੀ ਇਕਤ੍ਰਤਾ ਦੇ ਖਿਆਲ ਨਾਲ ਨਹੀਂ ਬਣੀਆਂ ਅਰ ਨਾਹੀਂ ਇਹ ਇਕੋ ਸੰਚੇ ਵਿਚ ਹਨ, ਜਿਹਾ ਕਿ ਮੁਸਲਮਾਨਾਂ ਦੀਆਂ ਮਸਜਦਾਂ, ਈਸਾਈਆਂ ਦੇ ਗਿਰਜੇ, ਹਿੰਦੂਆਂ ਦੇ ਠਾਕਰ ਦੁਆਰੇ ਆਦਿ ਇਕੋ ਕਿਸਮ ਦੇ ਹਨ, ਹਾਲਾਂਕਿ ਗੁਰੂ ਪੰਚਮ ਪਾਤਸ਼ਾਹ ਨੇ ਸ੍ਰੀ ਹਰਿਮੰਦਰ ਦਾ ਨਮੂਨਾ ਹਥੀਂ ਕਾਇਮ ਕੀਤਾ ਸੀ, ਹਰ ਇਕ ਗੁਰਦੁਆਰੇ ਪਰ ਗੁੰਬਜ਼ ਦਾ ਹੋਣਾ ਜ਼ਰੂਰੀ ਹੈ! ਸਿਖਾਂ ਦੇ ਕੁਝ ਗੁਰਦੁਆਰੇ ਹਿੰਦੂ ਮੰਦਰਾਂ ਦੇ ਅਸਰ ਹੇਠਾਂ ਬਣੇ। ਸਮਾਧਾਂ ਤੇ ਸ਼ਹੀਦ ਗੰਜਾਂ ਦੀ ਸ਼ਕਲ ਭੀ ਅਡਰੀ ਨਹੀਂ ਹੈ।

ਗੁਰਦੁਆਰੇ ਪੌਣ ਦਾ ਮੁਖ ਪ੍ਰਯੋਜਨ 'ਖਾਲਸਾ ਧਰਮ ਦਾ ਕੇਂਦਰ ਹੈ' ਛੀਵੇਂ ਗੁਰੂ ਜੀ ਦੇ ਸਪੁਤ੍ਰ ਬਾਬਾ ਅੱਟਲ ਦਾ

ਮੰਦਰ ਕਈ ਮਨਜਲਾਂ ਦਾ ਉਸਾਰਕੇ ਉਚਾ ਕੀਤਾ ਹੈ। ਬੇਸ਼ਕ ਇਹ ਤ੍ਰੀਕਾ ਸ਼ਾਨ ਤੇ ਯਾਦਗਾਰ ਦਾ ਹੈ, ਪਰ ਕੰਮ ਕੇਵਲ ਇਕੋ ਹੇਠਲਾ ਸਥਾਨ ਔਂਦਾ ਹੈ ਉਸ ਵਿਚ ਭੀ ਬੈਠਣ ਨੂੰ ਥਾਂ ਨਹੀਂ ਹੈ।

ਇਹ ਸਥਾਨ ਸੰਨ ੧੮੨੨ ਈ: ਵਿਚ ਸ਼ੇਰੇ ਪੰਜਾਬ ਨੇ ਬਨੌਣਾ ਅਰੰਭ ਕੀਤਾ, ਦਰਸ਼ਨੀ ਡਿਓੜੀ ਰਾਣੀ ਸਦਾ ਕੌਰ ਨੇ ਬਣਵਾ ਦਿਤੀ, ੧੮੩੦ ਈ: ਵਿਚ ਗੁੰਬਜ਼ ਆਦਿ ਸ: ਤੇਜਾ ਸਿੰਘ ਮਜੀਠੀਏ ਨੇ ਤਯਾਰ ਕਰਵਾਇਆ, ਦਰ ਅਸਲ ਇਹ ਸਮਾਧਾਂ ਦਾ ਸਥਾਨ ਹੈ। ਪਰ ਵਧ ਗੁਰਦੁਆ-ਰਿਆਂ ਦੀ ਇਮਾਰਤਾਂ ਸ਼ੇਰੇ ਪੰਜਾਬ ਵਲੋਂ ਹੀ ਬਣੀਆਂ ਹਨ। ਬਾਬਾ ਅਟੱਲ ਦੀ ਸਮਾਧ ਪਰ ਸੰਨ ੧੮੩੫ ਈ: ਵਿਚ ਮਹਾਰਾਣੀ ਜਿੰਦ ਕੌਰ ਨੇ ਸੋਨੇ ਦੇ ਪਤ੍ਰੇ ਲਗਵਾਏ, ਜਿਨਾਂ ਤੋਂ ਪਤਾ ਲਗਦਾ ਹੈ ਇਹ ਸਭ ਹਿੰਦੂ ਰਸਮਾਂ ਦਾ ਅਸਰ ਹੈ, ਉਨਾਂ ਪਰ ਤਸਵੀਰਾਂ ਭੀ ਹਿੰਦੂ ਧਰਮ ਦੇ ਨਿਸਚੇ ਦੀਆਂ ਹਨ।

ਮਹਾਰਾਜਾ ਦਲੀਪ ਸਿੰਘ

ਦਲੀਪ ਸਿੰਘ ੫ ਫਰਵਰੀ ਸੰਨ ੧੮੩੭ ਈ: ਨੂੰ ਰਾਣੀ ਜਿੰਦ ਕੌਰ ਦੀ ਕੁਖੋਂ ਜਨਮਿਆਂ, ਇਹ ਸ਼ੇਰੇ ਪੰਜਾਬ ਦਾ ਛੋਟਾ ਪੁਤਰ ਸੀ, ਅਜੇ ਇਸ ਦੀ ਉਮਰ ਪੌਣੇ ਕੁ ਦਸ ਮਹੀਨੇ ਦੀ ਸੀ ਜਦੋਂ ਕਿ ਸ਼ੇਰੇ ਪੰਜਾਬ ਦਾ ਚਲਾਣਾ ਹੋ ਗਿਆ। ਮਹਾਰਾਜਾ ਸ਼ੇਰ ਸਿੰਘ ਅਤੇ ਕੌਰ ਪ੍ਰਤਾਪ ਸਿੰਘ ਦੇ ਚਲਾਣੇ ਵੇਲੇ ਕੌਰ ਪਸ਼ੌਰਾ ਸਿੰਘ, ਕਸ਼ਮੀਰਾ ਸਿੰਘ ਆਦਿ ਜਿੰਦਾ ਸਨ ਕਾਇਦੇ ਮੂਜਬ ਰਾਜ ਤਖਤ ਦੇ ਉਹ ਭੀ ਹੱਕੀ ਸਨ। ਪਰ

ਸੰਧਾਵਾਲੀਆਂ ਨੇ ੧੫ ਸਤੰਬਰ ਸੰਨ ੧੮੪੩ ਈ: ਨੂੰ ਮਹਾਰਾਜਾਸ਼ੇਰਸਿੰਘ ਅਤੇ ਉਨਾਂਦੇਕੌਰ ਪ੍ਰਤਾਪਸਿੰਘਨੂੰ ਕਤਲ ਕਰ ਕੇਦਲੀਪਸਿੰਘ ਨੂੰ ਗੱਦੀ ਪਰ ਬਿਠਾ ਦਿਤਾ ਉਸ ਵੇਲੇ ਦਲੀਪ ਸਿੰਘ ਪੰਜਾਂ ਕੁ ਸਾਲਾਂ ਦਾ ਬੱਚਾ ਸੀ, ਤਖਤ ਪਰ ਬਿਠੌਣ ਵਾਲੇ ਸੰਧਾਵਾਲੀਏ ਭੀ ਮਾਰੇ ਗਏ। ਕੰਮ ਕਰਨੇ ਵਾਲੀ ਕੋਈ ਯੋਗ ਕੌਂਸਲ ਕਿਸੇ ਬਣਾਈ ਹੀ ਨਹੀਂ ਸੀ। ਰਾਜ ਪੁਤਰ ਉਸੀ ਡੋਗਰਾ ਪਾਰਟੀ ਦੀ ਮੁਠੀ ਵਿਚ ਆਗਿਆ, ਧਿਆਨ ਸਿੰਘ ਦੇ ਕਤਲ ਹੋਣ ਪਰ ਉਸਦਾ ਪੁਤਰ ਰਾਜਾ ਹੀਰਾ ਸਿੰਘ ਆਪੇ ਹੀ ਵਜ਼ੀਰ ਬਣ ਗਿਆ। ਮਹਾਰਾਜਾ ਦਲੀਪ ਸਿੰਘ ਦੀ ਮਾਤਾ ਜਿੰਦ ਕੌਰ ਚਾਹੇ ਬਹੁਤ ਹੁਸ਼ਿਆਰ ਅਤੇ ਨੀਤੀ ਵੇਤਾ ਸੀ ਪਰ ਮਹਿਲਾਂ ਵਿਚ ਰਹਿਕੇ ਓਹ ਖੁਲੇ ਦਿਲ ਨਾਲ ਦਲੀਪ ਸਿੰਘ ਦੇ ਰਾਜ ਦਾ ਪ੍ਰਬੰਧ ਨਹੀਂ ਕਰ ਸਕਦੀ ਸੀ ਇਕ ਪਾਸੇ ਤਾਂ ਡੋਗਰੇ ਵਿਰੋਧੀਆਂ ਦੇ ਛਲੀਏ ਸਨ ਦੂਜੇ ਪਾਸੇ ਸਿਖ ਸਰਦਾਰ ਆਪਣੀ ਜਾਨ ਤੋਂ ਡਰਦੇ ਅਗੇ ਵਧ ਕੇ ਮਦਦ ਨਹੀਂ ਕਰ ਸਕਦੇ ਸਨ । ਇਸ ਹਾਲਤ ਵਿਚ ਮਹਾਰਾਜਾ ਦਾ ਰਾਜ ਬਤੌਰ ਯਤੀਮ ਦੇ ਸੀ, ਚਾਹੇ ਕੋਈ ਮਾਰੇ ਚਾਹੇ ਕੋਈ ਰਖੇ ਕਿਉਂਕਿ ਉਹ ਮਾਸੂਮ ਬੱਚਾ ਰਾਜ ਪ੍ਰਬੰਧ ਨਹੀਂ ਕਰ ਸਕਦਾ ਸੀ। ਅਰ ਨਾ ਹੀ ਮਹਾਰਾਣੀ ਜਿੰਦ ਕੌਰ ਕੱਲੀ ਕੁਝ ਕਰ ਸਕਦੀ ਸੀ, ਜਿਸ ਕਰਕੇ ਰਾਜ ਦੀ ਜਿੰਦ ਜਾਨ ਹੀਰਾ ਸਿੰਘ ਆਦਿਕ ਡੋਗਰੇ ਅਤੇ ਮਿਸਰ ਲਾਲ ਸਿੰਘ ਤੇਜ ਸਿੰਘ ਆਦਿਕ ਬ੍ਰਾਹਮਣ ਪਾਰਟੀ ਦੇ ਹਥਾਂ ਵਿਚ ਆ ਗਈ ਇਹ ਠੀਕ ਹੈ ਕਿ ਖਾਲਸਾ ਸਿੰਘਣੀਆਂ ਵਿਚ ਰਾਜ ਕਰਨ ਦਾ ਬਲ ਹੈ ਜਿਹਾ ਕਿ ਰਾਣੀ ਸਦਾ ਕੌਰ ਆਦਿਕ

ਵਟਾਲਾ ਨੇ ਰਾਜ ਕੀਤਾ ਪਰ ਲਾਹੌਰ ਦਰਬਾਰ ਦੀਆਂ ਜੜ੍ਹਾਂ ਡੋਗਰੇ ਅਤੇ ਮਿਸਰਾਂ ਦੇ ਹਥਾਂ ਵਿਚ ਮਜ਼ਬੂਤੀ ਨਾਲ ਆ ਚੁਕੀਆਂ ਸਨ ਅਤੇ ਸਾਰੀ ਫੌਜੀ ਤਾਕਤ ਭੀ ਉਨਾਂ ਦੇ ਹੀ ਪਾਸ ਸੀ, ਮਹਾਰਾਣੀ ਜਿੰਦ ਕੌਰ ਅਤੇ ਉਸਦਾ ਪੁਤਰ ਦਲੀਪ ਸਿੰਘ ਨਾ ਹੀ ਫੌਜ ਦੀ ਕਮਾਨ ਕਰ ਸਕਦੇ ਸਨ ਅਤੇ ਨਾ ਹੀ ਉਨਾਂ ਦਾ ਫੌਜ ਪਰ ਹੁਕਮ ਚਲ ਸਕਦਾ ਸੀ। ਹਾਂ ਉਨਾਂ ਪਰ ਬਤੌਰ ਯਤੀਮਾਂ ਦੇ ਕੋਈ ਤਰਸ ਹੀ ਕਰ ਸਕਦਾ ਸੀ ਉਸ ਵੇਲੇ ਧਰਮੀ ਬੰਦੇ ਭੀ ਸਨ ਪਰ ਓਹ ਭੀ ਮਾਰ ਸੁਟੇ ਜਿਹਾ ਕਿ ਭਾਈ ਬੀਰ ਸਿੰਘ ਨੌਰੰਗਾ ਬਾਦੀਆ ਜੇ ਸੰਧਾਵਾਲੀਏ ਭੀ ਰਹਿ ਜਾਂਦੇ ਤਦ ਭੀ ਕੁਝ ਇਨ੍ਹਾਂ ਦਾ ਪੱਖ ਰਹਿੰਦਾ। ਮਹਾਰਾਣੀ ਜਿੰਦ ਕੌਰ ਦਾ ਪਿਤਾ ਘਰ (ਦਲੀਪ ਸਿੰਘ ਦਾ ਨਾਨਕਾ ਘਰ) ਦਾ ਭੀ ਐਸਾ ਜ਼ੋਰ ਨਹੀਂ ਸੀ ਜੋ ਫੌਜੀ ਤਾਕਤ ਨਾਲ ਵਿਰੋਧੀਆਂ ਨੂੰ ਦਬਾ ਕੇ ਆਪਣੇ ਦੋਹਤਰੇ ਦੀ ਮੱਦਦ ਕਰ ਸਕਦੇ ਅਤੇ ਮਹਾਰਾਜਾ ਦਾ ਮਾਮਾ ਸ: ਜਵਾਹਰ ਸਿੰਘ ਇਤਨਾ ਰਾਜਨੀਤਕ ਹਸਤੀ ਦਾ ਮਨੁਖ ਨਹੀਂ ਸੀ ਜੋ ਕਿ ਐਸੀ ਨਾਜ਼ਕ ਹਾਲਤ ਨੂੰ ਸੰਭਾਲ ਲੈਂਦਾ, ਉਸ ਨੇ ਮੱਦਦ ਤਾਂ ਕੀਤੀ ਪਰ ਕਾਹਲੀ ਅਤੇ ਨੀਤੀ ਥੀਂ ਵਿਰੁਧ ਰਹਿਕੇ, ਜਿਸ ਕਰਕੇ ਓਹ ਕਾਮਯਾਬ ਨਾ ਹੀ ਹੋ ਸਕਿਆ। ਡੋਗਰਿਆਂ ਦੀ ਤਾਕਤ ਨੂੰ ਜ਼ਬਰਦਸਤ ਸਿਖ ਕੌਂਸਲ ਹੀ ਤੋੜ ਸਕਦੀ ਸੀ ਪਰ ਜਵਾਹਰ ਸਿੰਘ ਨੂੰ ਆਪਣੀ ਵਜ਼ੀਰੀ ਦੀ ਲਾਲਸਾ ਚਿੰਬੜ ਗਈ ਨਾ ਹੀ ਉਹ ਬਤੌਰ ਸੇਵਾ ਅਤੇ ਭੈਣ ਭਾਣਜੇ ਦੀ ਰੱਛਾ ਲਈ ਰਸੂਖ ਪੈਦਾ ਕਰ ਸਕਿਆ, ਉਸ ਵੇਲੇ ਮਜੀਠੀਆ ਸ: ਲੈਹਣਾ ਸਿੰਘ ਮਦਦ ਕਰ ਸਕਦਾ ਸੀ ਪਰ ਉਹ ਬਹੁਤ ਡਰਾਕਲ ਅਤੇ ਦੇਹ ਰਖ ਬੰਦਾ ਨਿਕਲਿ-

ਆ, ਉਸ ਵੇਲੇ ਅਤਰ ਸਿੰਘ ਸੰਧਾਵਾਲੀਆ ਵਜ਼ੀਰੀ ਦੇ ਯੋਗ ਸੀ ਉਸ ਨੂੰ ਭੀ ਹੀਰਾ ਸਿੰਘ ਨੇ ਮਰਵਾ ਦਿਤਾ ਸੀ, ਕਪੂਰ-ਥਲੀਆ ਰਾਜਾ ਨਿਹਾਲ ਸਿੰਘ ਜੇ ਫੌਜੀ ਤਾਕਤ ਨਾਲ ਅਗੇ ਵਧਦਾ ਤਾਂ ਲਾਹੌਰ ਦਾ ਤਖਤ ਸੰਭਾਲ ਲੈਂਦਾ। ਸ਼ੋਕ! ਕਿ ਮਿਸਲਾਂ ਦੀ ਤਾਕਤ ਭੀ ਖੁਰਦਬੁਰਦ ਸੀ ਜੇ ਕਦੀ ਮਿਸਲਾਂ ਦੀ ਤਾਕਤ ਭੀ ਹੁੰਦੀ ਤਦ ਭੀ ਡੋਗਰੇ ਕੁਝ ਨਹੀਂ ਕਰ ਸਕਦੇ ਸਨ। ਸਿਟਾ ਕੀ! ਮਹਾਰਾਜਾ ਦਲੀਪ ਸਿੰਘ ਦਾ ਰਾਜ ਯਤੀਮ ਦਾ ਰਾਜ ਸੀ।

ਮਹਾਰਾਜਾ ਦਲੀਪ ਸਿੰਘ ਦਾ ਰਾਜ

ਅਰਥਾਤ

ਯਤੀਮ ਦਾ ਰਾਜ

ਸ਼ਾਹਜ਼ਾਦਾ ਦਲੀਪ ਸਿੰਘ ਦਾ ਜਨਮ ਪੰਜ ਫਰਵਰੀ ਸੰਨ ੧੮੩੭ ਈ: ਨੂੰ ਹੋਇਆ, ਇਸਦੇ ਜਨਮ ਤੋਂ ਥੋੜੇ ਸਮੇਂ ਪਿਛੋਂ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਪਰ ਇਹ ਬਤੌਰ ਯਤੀਮ ਦੇ ਰਹਿ ਗਿਆ ਅਤੇ ਹੋਰ ਸ਼ਾਹਜ਼ਾਦਿਆਂ ਅਤੇ ਵਡੀਆਂ ਮਹਾਰਾਣੀਆਂ ਦੇ ਹੁੰਦਿਆਂ ਮਾਨੋ ਇਸ ਦੀ ਮਾਤਾ ਜਿੰਦ ਕੌਰ ਅਤੇ ਇਹ (ਮਾਂ ਪੁਤ੍ਰ) ਦੋਵੇਂ ਮਹਿਲਾਂ ਵਿਚ ਯਤੀਮਾਂ ਦੀ ਮਾਨਿੰਦ ਸਨ, ਕਿਉਂਕਿ ਇਨਾਂ ਦੀ ਆਪਣੀ ਤਾਕਤ ਕੋਈ ਨਹੀਂ ਸੀ।

ਨੋਟ–ਇਤਿਹਾਸ ਕਾਰਾਂ ਨੇ ਦਲੀਪ ਸਿੰਘ ਦੀ ਜਨਮ ਦੀ ਤਾਰੀਖ ਬਾਰੇ ਗੜਬੜ ਮਚਾਈ ਹੈ, ਕਈਆਂ ਨੇ ਚਾਰ

ਦਸੰਬਰ ਸੰਨ ੩੮ ਦਾ ਜਨਮ ਲਿਖਿਆ ਕਿਸੇ ਨੇ ਛੀ ਅਤੇ ਸੱਤ ਸਤੰਬਰ (੨੩ ਭਾਦਰੋਂ) ਕਈਆਂ ਨੇ ਇਥੋਂ ਤੀਕਰ ਲਿਖ ਦਿਤਾ ਹੈ ਕਿ ਮਹਾਰਾਣੀ ਜਿੰਦ ਕੌਰ ਸ਼ੇਰੇ ਪੰਜਾਬ ਦੀ ਵਿਵਾਹਤਾ ਇਸਤ੍ਰੀ ਨਹੀਂ ਸੀ ਐਸੇ ਘਾਟੇ ਸਿਖਾਂ ਵਲੋਂ ਇਤਹਾਸ ਨਾ ਲਿਖੇ ਜਾਣ ਦੇ ਸਬਬ ਹਨ।

ਦਲੀਪ ਸਿੰਘ ਨੂੰ ੧੮ ਦਸੰਬਰ ਸੰਨ ੧੮੪੩ ਈ: ਨੂੰ ਉਨਾਂ ਦੇ ਖਾਨਦਾਨ ਦੇ ਸਿਰਕਰਦੇ ਸੰਧਾਵਾਲੀਆਂ ਨੇ ਜਾਇਜ਼ ਵਾਰਸ ਹੋਣ ਕਰਕੇ ਰਾਜ ਸਿੰਘਾਸਨ ਪਰ ਬਿਠਾਇਆ ਅਤੇ ਖਾਲਸਾ ਦਰਬਾਰ ਵਲੋਂ ਪ੍ਰਵਾਨਗੀ ਦੀ ਮੋਹਰ ਲਾਈ ਗਈ, ਉਸ ਵੇਲੇ ਦਲੀਪ ਸਿੰਘ ਦੀ ਉਮਰ ਛੀ ਕੁ ਸਾਲ ਦੀ ਸੀ। ਸੰਧਾਵਾਲੀਆਂ ਦੇ ਮਾਰੇ ਜਾਣ ਪਰ ਦਲੀਪ ਸਿੰਘ ਵਧ ਤੋਂ ਵਧ ਯਤੀਮ ਹੋ ਗਿਆ। ਉਸ ਦੇ ਮਾਮੇ ਸ: ਜਵਾਹਰ ਸਿੰਘ ਦੇ ਕਤਲ ਹੋਣ ਪਰ ਹੋਰ ਭੀ ਢਾਹ ਲਗ ਗਈ। ਹੁਣ ਇਸ ਦਾ ਜੀਵਨ ਅਤੇ ਰਾਜ ਡੋਗਰਿਆਂ ਅਤੇ ਮਿਸਰਾਂ (ਬ੍ਰਹਮਣਾਂ) ਦੇ ਤਰਸ ਅਤੇ ਰਖਿਆ ਵਿਚ ਸੀ ਇਸੇ ਕਰਕੇ ਰਾਜ ਮਾਤਾ ਜਿੰਦ ਕੌਰਾਂ ਬ੍ਰਹਮਨਾਂ ਅਤੇ ਡੋਗਰਿਆਂ ਦੀ ਕ੍ਰਿਪਾ ਦੀ ਪਾਤ੍ਰ ਬਣੀ, ਉਨਾਂ ਨੂੰ ਖੁਸ਼ ਰਖਣ ਲਈ ਸ੍ਰਾਧ ਕਰਦੀ ਅਤੇ ਦੇਵੀ ਪੂਜਾ ਦੀ ਪਰੇਮਣ ਰਹਿੰਦੀ, ਦੂਜੀ ਧਿਰ ਮਹਾਰਾਜਾ ਰਣਜੀਤ ਸਿੰਘ ਜੀ ਦੇ ਪਰਮ ਮਿਤ੍ਰ ਅੰਗਰੇਜ਼ ਸਨ, ਜਿਨਾਂ ਨਾਲ ਕਿ ਸ਼ੇਰੇ ਪੰਜਾਬ ਨੇ ਅਖੀਰ ਦਮ ਤਕ ਕਾਇਦੇ ਅਨੁਸਾਰ ਪੂਰਨ ਦੋਸਤਾਨਾ ਨਿਭਾਇਆ। ਇਸ ਹਾਲਤ ਵਿਚ ਯਤੀਮ ਮਹਾ-ਰਾਜਾ ਦਲੀਪ ਸਿੰਘ ਅੰਗਰੇਜ਼ਾਂ ਦੀ ਕ੍ਰਿਪਾ ਦਾ ਪਾਤ੍ਰ ਅਤੇ ਮੱਦਦ ਦਾ ਮੁਹਤਾਜ ਸੀ ਕਿਉਂਕਿ ਕਾਇਦੇ ਅਨੁਸਾਰ ਮਿਤ੍ਰ

ਦਾ ਪੁਤ੍ਰ ਆਪਣੇ ਪੁਤ੍ਰ ਸਮਾਨ ਹੁੰਦਾ ਹੈ। ਮਹਾਰਾਜਾ ਦਲੀਪ ਸਿੰਘ ਦੇ ਸੰਬੰਧੀ ਅਤੇ ਨਾਨਕੇ (ਨਾਨਕੇ ਦਾਦਕੇ) ਮੁਕ ਚੁਕੇ ਸਮਾਨ ਸਨ। ਜੇ ਕੋਈ ਉਸ ਦੀ ਧਿਰ ਬਾਕੀ ਸੀ ਤਾਂ ਉਹ ਸਿਖ ਦਰਬਾਰ ਦੇ ਆਗੂ ਬ੍ਰਹਮਣ ਅਤੇ ਡੋਗਰਾ ਪਾਰਟੀ ਹੀ ਸੀ ਕਿਉਂਕਿ ਸਿਖ ਕੌਂਸਲ ਨੇਮਾਂ ਅਨੁਸਾਰ ਕੋਈ ਨਹੀਂ ਸੀ ਨਾ ਹੀ ਕੋਈ ਸਿਖ ਅਗੇ ਵਧ ਕੇ ਮੱਦਦ ਕਰਨ ਦਾ ਹੀਆ ਰਖਦਾ ਸੀ। ਬ੍ਰਹਮਣ ਅਤੇ ਡੋਗਰਾ ਪਾਰਟੀ ਸ੍ਵੈ ਰਾਜ ਜਾਂ ਸਿਖ ਰਾਜ ਨੂੰ ਖਤਮ ਕਰਕੇ ਨਿਜ ਰਾਜ ਦੇ ਸੁਪਨੇ ਲੈ ਰਹੀ ਸੀ। ਚਿਤੋਂ ਓਹ ਅੰਗਰੇਜ਼ੀ ਰਾਜ ਦੇ ਭੀ ਖੈਰ ਖਾਹ ਨਹੀਂ ਸਨ ਬਲਕਿ ਉਨਾਂ ਨੂੰ ਨਿਜ ਸ੍ਵਾਰਥ ਦਗਧ ਕਰ ਰਹੇ ਸਨ। ਓਹ ਚਾਹੁੰਦੇ ਸਨ ਕਿ ਜਿਵੇਂ ਭੀ ਯਤੀਮ ਮਹਾਰਾਜੇ ਦਾ ਰਾਜ ਲੁਟਿਆ ਜਾਵੇ ਲੁਟ ਲਵੋ । ਸ਼ੋਕ ! ਕਿ ਉਨਾਂ ਨੂੰ ਸ਼ੇਰੇ ਪੰਜਾਬ ਦੀਆਂ ਮੇਹਰਬਾਨੀਆਂ ਭੁਲ ਗਈਆਂ ਸਨ ਜਿਸ ਨੇ ਕਿ ਉਨਾਂ ਨੂੰ ਕੰਗਾਲਾਂ ਤੋਂ ਰਾਜੇ, ਵਜ਼ੀਰ, ਜਰਨੈਲ, ਦੀਵਾਨ ਜਾਗੀਰਦਾਰ ਸਰਦਾਰ ਬਣਾਇਆ ਸੀ ਮਾਨੋ ! ਉਨਾਂ ਦੇ ਨੇੜੇ ਅਕ੍ਰਿਤ-ਘਣਤਾ ਆ ਚੁਕੀ ਸੀ।

੯ ਮਾਰਚ ਸੰਨ ੧੮੪੬ ਨੂੰ ਜੋ ਦੋਬਾਰਾ ਸੰਧੀ-ਪੱਤ੍ਰ ਬਣਿਆਂ ਸਭ ਇਨਾਂ ਆਗੂਆਂ ਦੀਆਂ ਮੇਹਰਬਾਨੀਆਂ ਸਨ ! ਸ਼ੇਰੇ ਪੰਜਾਬ ਦੇ ਲਿਖੇ ਸੰਧੀ ਪੱਤ੍ਰ ਨੂੰ ਰੱਦ ਕਰਨੇ ਦੀ ਇਹੋ ਟੇਢੀਆਂ ਚਾਲਾਂ ਸਨ। ਇਨਾਂ ਦਾ ਮੰਤਵ ਕੇਵਲ ਆਪਣੀਆਂ ਗਰਜ਼ਾਂ ਸਨ। ਸ਼ੇਰੇ ਪੰਜਾਬ ਦਾ ਰਾਜ ਚਾਹੇ ਕਿਸੇ ਢਠੇ ਖੂਹ ਵਿਚ ਪਵੇ, ਯਾਂਤੇ ਇਸ ਹਾਲਤ ਵਿਚ ਰਾਜ ਕਿਵੇਂ ਰਹਿ

ਸਕਦਾ ਸੀ ? ਹਾਂ ਇਹ ਕੇਵਲ ਕਿਹਾ ਜਾ ਸਕਦਾ ਹੈ ਕਿ ਸਿਖਾਂ ਦਾ ਰਾਜ ਅੰਗਰੇਜ਼ਾਂ ਨੇ ਲਿਆ, ਅਸਲੋਂ ਸਿਖਾਂ ਦਾ ਰਾਜ ਉਸ ਸਮੇਂ ਦੇ ਡੋਗਰਿਆਂ ਅਤੇ ਬ੍ਰਾਹਮਣਾਂ ਨੇ ਬਰਬਾਦ ਕੀਤਾ, ਬ੍ਰਹਮਣਾਂ ਡੋਗਰਿਆਂ ਪਾਸੋਂ ਅਗੋਗਿਆ। ਸਿਖਾਂ ਨੇ ਸੀਸਵਾਰ ਕੇ ਰਾਜ ਕਾਇਮ ਕੀਤਾ, ਬ੍ਰਹਮਣਾਂ ਅਤੇ ਡੋਗਰਿਆਂ ਨੇ ਆਗੂ ਹੋਕੇ ਉਸ ਨੂੰ ਬਰਬਾਦ ਕੀਤਾ, ਕਿਉਂਕਿ ਮਹਾਰਾਜ ਖੜਗ ਸਿੰਘ, ਨੌ ਨਿਹਾਲ ਸਿੰਘ, ਸ਼ੇਰ ਸਿੰਘ ਅਤੇ ਹੋਰ ਕਿਤਨੇ ਸਿਖ ਆਗੂਆਂ ਦੇ ਕਤਲ ਵਿਚ ਇਨਾਂ ਦਾ ਪੂਰਨ ਹੱਥ ਸੀ ਸਿਖ ਰਾਜ ਦੀ ਬਰਬਾਦੀ ਦੇ ਕਾਰਨ ਉਸ ਸਮੇਂ ਦੇ ਦਗੇਬਾਜ਼ ਡੋਗਰੇ, ਬ੍ਰਹਮਣ ਆਗੂ ਸਨ ਜਿਨਾਂ ਨੇ ਕਿ ਖਾਹਮ ਖਾਹ ਜੰਗ ਛੇੜੀ ਅਤੇ ਸਿਖਾਂ ਨੂੰ ਮਰਵੌਣ ਲਈ ਦਰਿਆਂ ਦੇ ਪੁਲ ਤੋੜੇ ਅਤੇ ਪਿਛੋਂ ਬਾਰੂਦ ਦੀ ਥਾਂ ਸਰਸੋਂ ਵਿਚ ਰੇਤਾ ਮਿਲਾ ਕੇ ਸਿਪਾਹੀਆਂ ਨੂੰ ਥੈਲੀਆਂ ਘਲੀਆਂ ਅਰ ਰਸਦ ਪਾਣੀ ਅਤੇ ਜੰਗੀ ਸਾਮਾਨ ਸਭ ਬੰਦ ਕਰਕੇ ਨਿਹੱਥੀ ਸ਼ਕਲ ਵਿਚ ਸਿਖ ਮਰਵਾਏ, ਜਦ ਜੰਗ ਕਰਵੌਣ ਵਾਲੇ ਹੀ ਸਿਖ ਫੌਜਾਂ ਨੂੰ ਮਰਵੌਣਾਂ ਅਪਣਾ ਪਰਮ ਧਰਮ ਸਮਝਦੇ ਸਨ, ਫਿਰ ਸਿਖ ਰਾਜ ਕਿਉਂ ਨਾ ਬਰਬਾਦ ਹੁੰਦਾ ?

ਅੰਗਰੇਜ਼ਾਂ ਨਾਲ ਜੰਗ

ਖਾਲਸਾ ਦਰਬਾਰ ਫੁਟ ਦਾ ਘਰ ਅਰ ਡੋਗਰੇ ਬ੍ਰਹਮਣ ਦੀ ਪਾਰਟੀ ਦਾ ਸ਼ਿਕਾਰ ਬਣ ਰਿਹਾ ਸੀ। ਅੰਗਰੇਜ਼ਾਂ ਨੂੰ ਮਿੰਟ ਮਿੰਟ ਦੀ ਖਬਰ ਪਹੁੰਚਦੀ ਸੀ, ਸਤਲੁਜ ਦੀ ਹਦ ਬੰਦੀ ਤੋਂ ਬਾਦ ਅੰਗਰੇਜ਼ੀ ਵਕੀਲ ਲਾਹੌਰ ਰਹਿੰਦਾ ਸੀ। ਸਤਲੁਜੋਂ ਪਾਰ ਦੇ ਰਈਸ ਅੰਗਰੇਜ਼ਾਂ ਦੇ ਅਧੀਨ ਸਨ। ਸਤਲੁਜ ਅਤੇ

ਜਮਨਾ ਦੇ ਵਿਚਕਾਰਲੇ ਇਲਾਕੇ ਸੰਨ ੧੮੦੯ ਦੇ ਅਹਿਦ-ਨਾਮੇ ਅਨੁਸਾਰ ਖਾਲਸਾ ਦਰਬਾਰ ਦੀ ਖੁਲੇ ਤੌਰ ਪਰ ਮੱਦਦ ਨਹੀਂ ਕਰ ਸਕਦੇ ਸਨ। ਸਤਲੁਜ ਪਾਸ ਦੇ ਇਲਾਕਿਆਂ ਵਿਚ ਗੜ ਬੜ ਰਹਿੰਦੀ ਸੀ ਅੰਗਰੇਜ਼ਾਂ ਵਲੋਂ ਫੀਰੋਜ਼ਪੁਰ, ਲੁਧਿਆਨਾ ਅੰਬਾਲਾ ਵਿਖੇ ਫੌਜਾਂ ਭੀ ਵਧਾਈਆਂ ਗਈਆਂ। ਫੀਰੋਜ਼ਪੁਰ ਇਲਾਕੇ ਵਿਚ ਅਤੇ ਕੋਟ ਕਪੂਰੇ ਆਦਿ ਖਾਲਸਾ ਦਰਬਾਰ ਦੇ ਅਧਿਕਾਰਾਂ ਵਿਚ ਫਰਕ ਪੈ ਰਿਹਾ ਸੀ ਮੇਜਰ ਬਰਾਡਫੁਟ ਨੇ ਹੱਦ ਬੰਦੀ ਥੀਂ ਅਗੇ ਹੱਥ ਪਸਾਰੇ। ਇਕਰ ਦੀਆਂ ਅੰਗਰੇਜ਼ਾਂ ਵਲੋਂ ਕਈ ਕੁ ਵਧੀਕੀਆਂ ਦਸਕੇ ਲੜੌਣ ਦੇ ਹਾਮੀਆਂ ਨੇ ਸਿਖ ਫੌਜਾਂ ਨੂੰ ਅੰਗਰੇਜ਼ਾਂ ਥੀ ਵਿਰੁਧ ਭੜਕਾਇਆ।

ਜੰਗ ਦੇ ਹਾਮੀ ਤੇ ਵਿਰੋਧੀ

ਨਵੰਬਰ ਸੰਨ ੧੮੪੫ ਈ: ਨੂੰ ਸ਼ੇਰੇ ਪੰਜਾਬ ਦੀ ਸਮਾਧ ਪਰ ਇਕ ਇਕੱਠ ਹੋਇਆ ਜਿਸ ਵਿਚ ਕਿ ਜੰਗ ਬਾਰੇ ਵਿਚਾਰ ਸੀ। ਮਹਾਰਾਣੀ ਜਿੰਦ ਕੌਰ ਘਰ ਦੀ ਫੁਟ ਨੂੰ ਚੰਗੀ ਤਰਾਂ ਮਹਿਸੂਸ ਕਰਦੀ ਸੀ ਕਿ ਜੰਗ ਦਾ ਸਮਾਂ ਨਹੀਂ ਹੈ ਹੋਰ ਭੀ ਦੂਰ ਅੰਦੇਸ਼ ਸਰਦਾਰ ਜੰਗ ਕਰਨ ਦੇ ਹਾਮੀ ਨਹੀਂ ਸਨ, ਕਈ ਕੁ ਨਿਊਟਰ ਭੀ ਰਹੇ, ਕਿਉਂਕਿ ਫੌਜ ਵਿਚ ਵਿਰੋਧੀ ਰਾਇ ਵਾਲੇ ਨੂੰ ਅੰਗਰੇਜ਼ਾਂ ਦਾ ਹਾਮੀ ਦਸੀਦਾ ਸੀ ਡੋਗਰਿਆਂ ਤੇ ਬ੍ਰਹਮਣਾਂ ਨੇ ਫੌਜ ਨੂੰ ਭੜਕਾ ਰਖਿਆ ਸੀ ਜੇ ਤੁਸੀਂ ਜੰਗ ਨਹੀਂ ਕਰੋਗੇ ਤਾਂ ਅੰਗਰੇਜ਼ ਆਏ ਸਮਝੋ ਓਹ ਤਿਆਰੀ ਵਿਚ ਹਨ। ਡੋਗਰਾ ਅਤੇ ਮਿਸਰ ਪਾਰਟੀ ਦੀ ਦਿਲੀ ਮਨਸ਼ਾ ਫੌਜ ਨੂੰ ਤਬਾਹ ਕਰਵਾ ਕੇ ਆਪਣੀ ਮਨਮਰਜ਼ੀ

ਦਾ ਰਾਜ ਕਾਇਮ ਕਰਨੇ ਦੀ ਸੀ ਪਰ ਮੌਜੂਦਾ ਫੌਜ ਦੇ ਹੁੰਦਿਆਂ ਕਿਸੇ ਦੀ ਦਾਲ ਗਲਣੀ ਔਖੀ ਸੀ। ਫੌਜ ਦੇ ਭੜਕੌਣ ਦਾ ਮੁਦਾ ਹੀ ਫੌਜਾਂ ਨੂੰ ਤਬਾਹ ਕਰੌਣ ਦਾ ਸੀ, ਕਿਉਂਕਿ ਪਿਛੋਂ ਰਸਦਾਂ ਤੇ ਜੰਗੀ ਸਮਾਨ ਇਨਾਂ ਨੇ ਹੀ ਦੇਣਾ ਸੀ ਅਤੇ ਕਮਾਨ ਭੀ ਆਪ ਕਰਨੀ ਸੀ। ਇਸ ਹਾਲਤ ਵਿਚ ਫੌਜ ਦੀ ਜਿੱਤ ਜਾਂ ਹਾਰ ਉਨਾਂ ਦੀ ਮੁਠੀ ਵਿਚ ਸੀ, ਮਿਸਰ ਲਾਲ ਸਿੰਘ ਤੇਜ ਸਿੰਘ ਨੇ ਜੰਗ ਲਈ ਫੌਜ ਨੂੰ ਖੂਬ ਭੜਕਾਇਆ ਰਾਜਾ ਦੀਨਾ ਨਾਥ ਨੇ ਤਕਰੀਰ ਕਰਕੇ ਖੂਬ ਚੁਕਿਆ, ਸ: ਰਣਜੋਧ ਸਿੰਘ ਮਜੀਠੇ ਜੈਸੇ ਪਿਛੇ ਸਤਬਚਨ ਦੇ ਅਧਿਕਾਰੀ ਸਨ। ਦਰ ਅਸਲ ਇਸ ਜੰਗ ਦਾ ਆਰੰਭ ਸਮੁਚੇ ਤੌਰ ਪਰ ਸਿਖ ਦਰਬਾਰ ਵਲੋਂ ਨਹੀਂ ਸੀ ।ਬਲਕਿ ਬ੍ਰਹਮਣਾਂ ਤੇ ਡੋਗਰਿਆਂ ਦੀ ਚੁਕ ਸੀ। ਵੈਸੇ ਭੀ ਸਪਸ਼ਟ ਹੈ ਕਿ ਫ਼ੌਜ ਦਾ ਸੈਨਾ ਪਤੀ (ਸਿਪਾਹ ਸਲਾਰ) ਮਿਸਰ ਲਾਲ ਸਿੰਘ, ਤੇਜ ਸਿੰਘ, ਰਾਜਾ ਗੁਲਾਬ ਸਿੰਘ ਆਦਿ ਸਨ। ਸਿਟਾ ਕੀ ੧੦ ਨਵੰਬਰ ਸੰਨ ੧੮੪੫ ਨੂੰ ਜੰਗ ਦਾ ਐਲਾਨ ਹੋ ਗਿਆ, ਬਹੁਸੰਮਤੀ ਅਗੇ ਵੀਚਾਰਵਾਨ ਅਰ ਦੂਰਅੰਦੇਸ਼ ਹਾਰ ਜਾਇਆ ਕਰਦੇ ਹਨ। ਇਹ ਕੁਦਰਤੀ ਬਾਤ ਹੈ ਕਿ ਜੁਸ਼ੀਲੇ ਪੁਰਸ਼ਾਂ ਨੂੰ ਚਾਲਾਕ ਛੇਤੀ ਭੜਕਾ ਕੇ ਲੜਾ ਦਿਆ ਕਰਦੇ ਹਨ ਇਸੇ ਕਰਕੇ ਅਨਮਤੀਆਂ ਪਾਸ ਸਿਖਾਂ ਨੂੰ ਜੋਸ਼ ਲਿਆਵਨ ਦਾ ਭਾਰਾ ਮੰਤਰ ਸ਼ੀਘਰ ਹਥ ਆ ਜਾਂਦਾ ਹੈ ਬੇਸ਼ਕ ਜੰਗ ਕਰਨਾ ਬਹਾਦਰਾ ਦਾ ਕੰਮ ਹੈ ਪਰ ਜੰਗ ਭੀ ਮੌਕੇ ਅਤੇ ਵਿਚਾਰ ਦਾ ਮੁਹਤਾਜ ਹੈ। ਘਰ ਵਿਚ ਫੁਟ ਵੇਲੇ ਜੰਗ ਕਿਸੇ ਸੂਰਤ ਵਿਚ ਭੀ ਕਾਮਯਾਬ ਨਹੀਂ ਹੁੰਦੇ।

ਸਿਖ ਸਿਪਾਹੀ ਐਲਾਨ ਅਨੁਸਾਰ ਲੜਨ ਮਰਨ ਨੂੰ ਤਾਂ ਪੂਰਨ ਤਯਾਰ ਹੋ ਗਏ। ਉਨਾਂ ਨੇ ੨੭ਸਤੰਬਰ ਸੰਨ ੧੮੪੫ ਈ: (੧੨ ਅਸੂ ਸੰਨ ੧੯੦੨) ਨੂੰ ਇਕ ਪ੍ਰਣ ਪੱਤ੍ਰ ਭੀ ਭਰ ਕੇ ਸੌਂਹ ਉਠਾਈ ਕਿ ਅਸੀਂ ਸਚੇ ਦਿਲੋਂ ਇਕ ਮੁਠ ਹੋਕੇ ਲੜਾਂਗੇ, ਐਸੇ ਪ੍ਰਣਾ ਦੇ ਆਗੂ ਜਨਰਲ ਜੋਧ ਸਿੰਘ, ਜਨਰਲ ਬੁਧ ਸਿੰਘ ਮਾਨ, ਗੁਲਾਬ ਸਿੰਘ ਕੁਮੇਦਾਨ ਆਦਿ ਸਭ ਨੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਪਰ ਕਸਮਾਂ ਉਠਾਕੇ ਪੰਚਾਇਤਾਂ ਤੋੜਕੇ ਅਫਸਰਾਂ ਦਾ ਹੁਕਮ ਮੰਨਣ ਲਈ ਪ੍ਰਣ ਕੀਤੇ ਪਰੰਤੂ ਡੋਗਰਾ ਤੇ ਮਿਸਰ ਪਾਰਟੀ ਦੇ ਇਹ ਪ੍ਰਣ ਹੱਕ ਵਿਚ ਸਨ, ਹੁਕਮ ਤਾਂ ਉਨਾਂ ਨੇ ਦੇਣੇ ਸਨ।

ਫੌਜੀ ਪੰਚਾਇਤਾਂ ਟੁਟਣ ਕਰਕੇ ਫੌਜੀਆਂ ਦੇ ਅਖਤਿਆਰ ਭੀ ਨਾ ਰਹੇ ਉਤਲੇ ਮਨੋ! ਡੋਗਰਿਆਂ, ਮਿਸਰਾਂ ਨੇ ਭੀ ਜੰਗ ਵਿਚ ਵਫਾਦਾਰੀ ਲਈ ਕਸਮਾਂ ਉਠਾਈਆਂ ਪਰ ਇਨਾਂ ਦੀਆਂ ਸੌਹਾਂ ਦਾ ਪਾਜ ੧੮ ਸਤੰਬਰ ਨੂੰ ਮੁਦਕੀ ਦੀ ਪਹਿਲੀ ਜੰਗ ਵਿਚੇ ਖੁਲ ਗਿਆ।

ਜੰਗ ਦੇ ਆਗੂ ਤੇ ਸਿਖ ਸੈਨਾ

੧੮ ਦਸੰਬਰ ਸੰਨ ੧੮੪੫ ਨੂੰ ਸਿਖਾਂ ਅਤੇ ਅੰਗਰੇਜ਼ਾਂ ਵਿਚ ਜੋ ਜੰਗ ਆਰੰਭ ਹੋਈ ਉਸ ਵਿਚ ਸਿਖ ਫੌਜਾਂ ਵਿਚ ਰਾਜਾ ਤੇਜਾ ਸਿੰਘ ਸੈਨਾ ਪਤੀ, ਮਿਸਰ ਲਾਲ ਸਿੰਘ ਵਜੀਰ (ਰਾਜਾ ਗੁਲਾਬ ਸਿੰਘ ਕਸ਼ਮੀਰ ਪਿਛੋਂ ਹੋਇਆ) ਮਿਸਰ ਲਾਲ ਸਿੰਘ ਦੇ ਮਾਤਹਿਤ ਸ: ਚਤਰ ਸਿੰਘ ਕਾਲਿਆਂ ਵਾਲਾ ਸ: ਰਾਮ ਸਿੰਘ ਤੇ ਸ: ਬੁਧ ਸਿੰਘ, ਘਨੱਯਾ ਲਾਲ ਬਖਸ਼ੀ,

ਅਜੁਧਿਆ ਪ੍ਰਸ਼ਾਦ, ਅਮਰਨਾਥ ਆਦਿ ਜਰਨੈਲ ਸਨ ਪਰ ਫੌਜ ਵਧ ਡੋਗਰਿਆਂ ਦੀ ਰਖੀ ਹੋਈ ਸੀ। ਜਦੋਂ ਮੌਕਾ ਦੇਂਦੇ ਡੋਗਰਾ ਅਤੇ ਮੁਸਲਮਾਨ ਫੌਜਾਂ ਨੂੰ ਨਠਾ ਕੇ ਲੈ ਜਾਂਦੇ ਸਨ।

ਸ: ਰਣਜੋਰ ਸਿੰਘ (ਰਣਜੋਧ ਸਿੰਘ) ਮਜੀਠਾ, ਜਰਨੈਲ ਮਹਿਤਾਬ ਸਿੰਘ ਮਜੀਠਾ, ਜਰਨੈਲ ਲਾਲ ਸਿੰਘ ਈਸੜੂ, ਜਰਨੈਲ ਬੁਧ ਸਿੰਘ, ਮਿਸਰ ਸਾਹਿਬ ਦਿਆਲ, ਦੀਵਾਨ ਜਵਾਹਰ ਮਲ, ਮਈਆ ਦਾਸ, ਸ਼ੇਖ ਇਮਾਮਉਦੀਨ ਫਤਹ ਸਿੰਘ ਆਦਿ ਵੈਸੇ ਭੀ ਜਗੀਰਾਂ ਦੀਆਂ ਲਿਸਟਾਂ ਵਿਚ ਭੀ ਅਕਸਰ ਐਸੇ ਦੇਖੇ ਜਾਂਦੇ ਹਨ ਜੈਸਾ ਕਿ ਭਾਈ ਨਿਧਾਨ ਸਿੰਘ, ਦੀਵਾਨ ਅਜੁਧਿਆ ਪਰਸ਼ਾਦ, ਭਗਤ ਰਾਮ ਬਖਸ਼ੀ, ਦੀਵਾਨ ਸ਼ੰਕਰ ਨਾਥ, ਰਾਜਾ ਦੀਨਾ ਨਾਥ, ਚਤਰ ਸਿੰਘ ਅਟਾਰੀ, ਰਾਜਾ ਤੇਜ ਸਿੰਘ, ਲਾਲ ਸਿੰਘ ਮਾੜੀਆ, ਸ਼ਮਸ਼ੇਰ ਸਿੰਘ ਸੰਧਾਵਾਲੀਆ, ਲੈਹਣਾ ਸਿੰਘ, ਫਕੀਰ ਨੂਰ ਦੀਨ, ਅਤਰ ਸਿੰਘ ਕਾਲਿਆਂ ਵਾਲਾ, ਬਖਸ਼ੀ ਘਨੱਯਾ ਲਾਲ, ਰਾਜਾ ਸ਼ੇਰ ਸਿੰਘ ਅਟਾਰੀ, ਦੀਵਾਨ ਸ਼ੰਕਰ ਨਾਥ, ਅਮਰ ਨਾਥ (ਸਪੁਤਰ ਦੀਨਾ ਨਾਥ) ਕਰਨਲ ਰਤਨ ਚੰਦ, ਕਿਰਪਾਲ ਸਿੰਘ ਜਰਨੈਲ ਰਾਮ ਚੰਦਰ, ਦਿਆਲ ਸਿੰਘ, ਮੂਲ ਸਿੰਘ, ਅਤਰ ਸਿੰਘ, ਲਛਮਣ ਪ੍ਰਸ਼ਾਦਿ, ਬਖਸ਼ੀ ਭਗਤ ਰਾਮ, ਭਾਈ ਰਾਮ ਸਿੰਘ ਹਸਨ ਪੁਰ, ਗੁਲਾਬ ਸਿੰਘ ਆਦਿ ਆਦਿ ਸੋ ਜਿਨਾਂ ਨੂੰ ਨਿਜ ਜਾਗੀਰਾਂ ਦਾ ਲਾਲਚ ਫਸਾ ਲਵੇ ਉਨਾਂ ਦਾ ਨਿਰ ਇਛਤ ਹਾਲਤ ਵਿਚ ਦੇਸ ਜਾਂ ਕੌਮ ਲਈ ਜਾਂ ਅਜ਼ਾਦੀ ਹਿਤ ਜਾਨ ਹੀਲ ਕੇ ਲੜਨਾ ਕਠਨ ਹੁੰਦਾ ਹੈ।

ਅੰਗਰੇਜ਼ੀ ਫੌਜ ਵਿਚ ਸਾਰੇ ਉਚ ਅਫਸਰ ਅੰਗਰੇਜ਼

ਸਨ ਜਿਹਾ ਕਿ ਬ੍ਰਗੇਡੀਅਰ ਗੱਫ, ਗਿਲਬਰਟ, ਬ੍ਰਿਗੇਡੀਅਰ ਵੀਲਰ ਬੋਲਟਨ, ਹਰੀ ਸਮਿਥ ਵਾਈਟ ਫੌਜਾਂ ਦਾ ਸੈਨਾ ਪਤੀ ਸਰ ਹਯੂਗ ਗੱਫ ਸੀ ਲੋੜ ਅਨੁਸਾਰ ਗਵਰਨਰ ਜਨਰਲ, ਲਾਰਡ ਹਾਰਡਿੰਗ ਆਪ ਫੌਜ ਨੂੰ ਦਲੇਰੀ ਦਿੰਦਾ ਸੀ ਪਰੰਤੂ ਸਿਖਾਂ ਦੀ ਫੌਜ ਵਿਚ ਰਾਜ ਤਖਤ ਦੀ ਮਾਲਕਾ ਮਹਿਲਾਂ ਵਿਚ ਨਿਵਾਸ ਰਖਣੇ ਵਾਲੀ ਇਕ ਇਸਤ੍ਰੀ ਸੀ ਇਸ ਹਾਲਤ ਵਿਚ ਜੰਗ ਕੌਣ ਕਰਦਾ, ਮਹਾਰਾਜਾ ਦਲੀਪ ਸਿੰਘ ਮਸੂਮ ਬੱਚਾ ਸੀ। ਯਾਂਤੇ ਬਿਨਾਂ ਮਾਲਕ ਤੋਂ ਦਰਦ ਕਿਸ ਨੂੰ ਸੀ ? ਕੇਵਲ ਨਿਰ ਇਛਤ ਅਤੇ ਆਜ਼ਾਦੀ ਦੇ ਪਿਆਰਿਆਂ ਨੂੰ।

ਸ਼ੋਕ ! ਸਿਖ ਫੌਜਾਂ ਦੀ ਵਾਗ ਡੋਰ ਉਨਾਂ ਦੇ ਹਥਾਂ ਵਿਚ ਸੀ ਜੋ ਆਪਣੀਆਂ ਫੌਦਾਂ ਨੂੰ ਬਰੂਦ ਦੀ ਥਾਂ ਸਰਸੋਂ ਘਲਣ ਏੜੀਆਂ ਦੇ ਪੁਲ ਤੋੜ ਕੇ ਫੌਜਾਂ ਨੂੰ ਮਰਵੌਣਾਂ ਇਹ ਕੰਮ ਸੈਨਾਪਤੀ ਦਾ ਨਹੀਂ ਹੁੰਦਾ ਬਲਕਿ ਦੁਸ਼ਮਨਾਂ ਦਾ ਹੈ। ਬੇਸ਼ਕ ਫੌਜਾਂ ਵਿਚ ਸਿਰਲੱਥ ਆਫੀਸਰ ਭੀ ਸਨ ਪਰ ਓਹ ਉਪਰਲੇ ਅਫਸਰਾਂ ਦੇ ਹੁਕਮ ਵਿਚ ਸਨ ਤਦੇ ਓਹ ਜਾਨਾਂ ਤੋੜ ਕੇ ਬਹਾਦਰੀ ਨਾਲ ਲੜੇ ਭੀ, ਬਲਕਿ ਸਿਖ ਸੈਨਾ ਬਿਨਾਂ ਅਫਸਰਾਂ ਦੇ ਸਿਰ ਤਲੀ ਪਰ ਧਰ ਕੇ ਭੀ ਲੜੀ ਪਰ ਜਦ ਪਿਛੋਂ ਤੋਂ ਰਾਸ਼ਨ ਅਤੇ ਜੰਗੀ ਸਾਮਾਨ ਦੀ ਹੀ ਬੰਦਸ਼ ਕਰ ਦਿਤੀ ਗਈ, ਆਖਰ ਓਹ ਤੋਪਾਂ ਅਗੇ ਕੀ ਕਰ ਸਕਦੇ ਸਨ? ਤਦ ਭੀ ਸ਼ਹੀਦੀਆਂ ਪਾ ਕੇ ਮੁਖ ਉਜਲ ਕਰਦੇ ਰਹੇ।

ਸਤਿਲੁਜ ਪਾਸ ਹੋਏ ਜੰਗਾਂ ਦਾ ਸੰਖੇਪ ਹਾਲ

ਪਹਿਲੀ ਜੰਗ ਇਕੀ ਦਸੰਬਰ ਸੰਨ ੧੮੪੫ ਈ: ਨੂੰ ਫੇਰੂ ਸ਼ਹਿਰ (ਫੀਰੋਜ਼ਪੁਰ ਅਰ ਮੁਦਕੀ ਦੇ ਵਿਚਾਲੇ) ਹੋਈ। ਸ਼ਹਿਰ ਫੇਰੂ ਸਿਖ ਦਰਬਾਰ ਦੇ ਅਧੀਨ ਸੀ। ਅਠਾਰਾਂ ਦਸੰਬਰ ਨੂੰ ਅੰਗਰੇਜ਼ੀ ਫੌਜਾਂ ਲਾਰਡ ਹਾਰਡਿੰਗ ਨੇ ਲੁਧਿਹਾਨਾ ਲਿਆਂਦੀਆਂ। ਫੀਰੋਜ਼ਪੁਰ ਪਹਿਲਾਂ ਹੀ ਸਨ। ਮਿਸਰ ਲਾਲ ਸਿੰਘ ਅਰ ਤੇਜ ਸਿੰਘ ਆਦਿਕਾਂ ਦਾ ਮਨਸ਼ਾ ਇਥੇ ਮੋਰਚਾ ਲੈਣ ਦਾ ਇਹੀ ਸਿਧ ਹੁੰਦਾ ਹੈ ਕਿ ਲੁਧਿਆਨਾ ਅਰ ਫੀਰੋਜ਼-ਪੁਰ ਵਾਲੀ ਅੰਗਰੇਜ਼ੀ ਫੌਜ (ਜੋ ਕਿ ਸਰ ਜਾਨ ਲਿਟਲਰ ਦੇ ਮਾਤਹਿਤ ਸੀ) ਦੇ ਵਿਚਾਲੇ ਲੈ ਜਾ ਕੇ ਸਿਖਾਂ ਨੂੰ ਮਰਵਾਇਆ ਜਾਵੇ। ਬੇਸ਼ਕ ਸਰ ਹੈਨਰੀ ਨੇ ਐਲਾਨ ਭੀ ਕੀਤਾ ਕਿ ਓਹ ਸਿਖਾਂ ਨਾਲ ਲੜਨਾ ਨਹੀਂ ਚਾਹੁੰਦੇ ਪਰ ਸਿਖ ਤਾਂ ਲੜਨ ਹੀ ਨਹੀਂ ਆਏ ਸੀ, ਬਲਕਿ ਸ਼ਿਕਾਰ ਮਾਰਨ ਦੀ ਵਿਓਂਤ ਨਾਲ ਫੇਰੂ ਸ਼ਹਿਰ ਲਿਆਕੇ ਉਤਾਰੇ ਸਨ। ਜੇ ਸਿਖਾਂ ਨੇ ਮੋਰਚਾ ਲੈਣਾ ਹੁੰਦਾ ਸਿਧੇ ਹੋਕੇ ਟੱਕਰਦੇ। ਇਹ ਖਬਰਾਂ ਪਹਿਲੇ ਹੀ ਸਨ ਕਿ ਫੇਰੂ ਸ਼ਹਿਰ ਕੈਂਪ ਹੋਵੇਗਾ। ਮਿਸਰ ਲਾਲ ਸਿੰਘ ਦੀ ਸਲਾਹ ਕਪਤਾਨ ਨਿਕਲਸਨ ਅੰਗਰੇਜ਼ੀ ਏਜੰਟ ਨਾਲ ਪਹਿਲਾਂ ਹੀ ਹੋ ਚੁਕੀ ਸੀ। ਜਿਸ ਦੇ ਸਬੂਤ ਸਰ ਲੈਪਲ ਗ੍ਰਿਫਨ ਆਦਿ ਅੰਗਰੇਜ਼ ਵਿਦਜਵਾਨ ਲੇਖਕਾਂ ਲਿਖਤਾਂ ਵਿਚੋਂ ਮਿਲਦੇ ਹਨ। ਲੱਖਾਂ ਸਿਪਾਹੀਆਂ ਦੀ ਦੀ ਬਜਾਏ ਹਜ਼ਾਰਾਂ ਦੀ ਤਦਾਦ ਵਿਚ ਸਿਪਾਹੀ ਮੋਰਚੇ ਵਿਚ ਸੀ, ਅੰਗਰੇਜ਼ਾਂ ਵਲੋਂ ਸਰ ਹਫ ਤੇ ਗਫ ਸਾਹਿਬ ਸੈਨਾਪਤੀ

ਸੀ। ਸਿਖ ਫੌਜਾਂ ਦੇ ਸੈਨਾ ਪਤੀ ਲਾਲ ਸਿੰਘ ਜੈਸੇ ਕਪਟੀ ਸਨ। ਸੋ ਜਦੋਂ ਤੀਕਰ ਸਿਖ ਲੜਕੇ ਥੱਕ ਨਾ ਗਏ ਮੈਦਾਨ ਜੰਗ ਵਿਚ ਹੀ ਨਾ ਆਏ ਪਰ ਜਿਸ ਵੇਲੇ ਦਾਰੂ ਸਿਕਾ ਮੁਕਣ ਪਰ ਤੇ ਮੁਕਾਬਲੇ ਦੀ ਤਾਬ ਨਾ ਲਿਆਕੇ ਅੰਗਰੇਜ਼ੀ ਫੌਜਾਂ ਮੈਦਾਨ ਛੱਡ ਕੇ ਚਲੀਆਂ, ਫਿਰ ਸਿਖ ਫੌਜਾਂ ਨੂੰ ਨਠਾ ਕੇ ਫਤਹ ਕੀਤਾ ਮੈਦਾਨ ਖਾਲੀ ਕਰ ਦਿਤਾ। ਲਾਹੌਰ ਦੀਆਂ ਫੌਜਾਂ ਨੂੰ ਤਾਂ ਸੈਨਾ ਪਤੀ ਨਠਾਕੇ ਲੈ ਗਿਆ ਸੀ । ਫੇਰ ਅੰਗਰੇਜ਼ੀ ਫੌਜ ਪਿਛੇ ਮੁੜੀ ਆਕੇ ਹਾਰਿਆ ਮੈਦਾਨ ਰੋਕਿਆ। ਕਨਿੰਘਮ ਸਾਹਿਬ ਲਿਖਦਾ ਹੈ ਕਿ ਇਸ ਜੰਗ ਵਿਚ ੬੯੪ ਅੰਗਰੇਜ਼ੀ ਫੌਜ ਦੇ ਮਾਰੇ ਅਰ ੧੭੨੧ ਫੱਟੜ ਹੋਏ ਸੀ ਪਰ ਮਾਲਕ ਬਾਹਰੇ ਸਿਖਾਂ ਦੀਆਂ ਸ਼ਹੀਦੀਆਂ ਦਾ ਕਿਸੇ ਨੂੰ ਪਤਾ ਤੀਕਰ ਨਹੀਂ ਸੀ, ਜ਼ਖਮੀਆਂ ਦੀ ਸੰਭਾਲ ਵੀ ਅਕਾਲਪੁਰਖ ਹੀ ਕਰਨੇ ਵਾਲਾ ਸੀ। ਫੇਰੂ ਤੋਂ ਹੱਟ ਕੇ ਜੰਗ ਮੁੜ ਮੁਦਕੀ ਅਰ ਅਲੀਵਾਲ ਦੇ ਵਿਚਾਲੇ ਵਧੀ ਸੀ। ੧੭ ਜਨਵਰੀ ਸੰਨ ੧੮੪੬ ਨੂੰ ਹੀਅਰ ਸਮਿਥ ਸਾਹਿਬ ਨੇ ਜੋ ਧਾਵਾ ਧਰਮ ਕੋਟ ਪਰ ਕੀਤਾ ਸੀ, ਬਿਨਾ ਜੰਗ ਦੇ ਕਿਲਾ ਫਤਹ ਹੋ ਗਿਆ ਪਰ ਵਾਪਸੀ ਪਰ ਨੱਗਰ ਬਦੋਵਾਲ ਦੇ ਲਾਗੇ ਆਕੇ ਸਿਖ ਜਿਤੇ ਸਨ। ਬੂੰਦਾ ਅਤੇ ਅਲੀ ਵਾਲ ਦੇ ਜੰਗ ਵਿਚੋਂ ਰਣਜੋਰ ਸਿੰਘ ਭਜਿਆ ਸੀ। ਹਾਲਾਂਕਿ ਜਿੱਤ ਸਿਖਾਂ ਦੀ ਸੀ। ਅੰਗਰੇਜ਼ੀ ਫੌਜਾਂ ਲਈ ਸਾਮਾਨ ਜੰਗ ਦਿਲੀ, ਆਗਰੇ ਆਦਿ ਤੋਂ ਪਹੁੰਚ ਗਿਆ ਸੀ, ਸਿਖ ਫੌਜਾਂ ਨੇ ਰਣਜੋਧ ਸਿੰਘ ਮਜੀਠਾ ਦੀ ਕਮਾਨ ਹੇਠਾਂ ਫਲੌਰ ਪਾਸੋਂ ਸਤਿਲੁਜ ਟਪਕੇ ਲੁਧਿਆਨਾ ਜਾ ਮਾਰਿਆ ਸੀ, ਪਿਛੋਂ ਸਰਦਾਰ ਅਜੀਤ ਸਿੰਘ ਲਾਡੂਏ

ਵਾਲੇ ਨੇ ਛਾਵਨੀ ਫੂਕ ਸੁਟੀ। ਕਈ ਰਈਸ ਅੰਗਰੇਜ਼ਾਂ ਦੀ ਮਾਤਹਿਤੀ ਵਿਚ ਸਨ, ਥੋੜੀਆਂ ਜਹੀਆਂ ਫੌਜਾਂ ਹੀ ਜਿੱਤ ਗਈਆਂ। ਇਹ ਜੰਗ ੨੧ ਜਨਵਰੀ ਸੰਨ ੧੮੪੬ (੧੯੦੨) ਨੂੰ ਹੋਈ ਸੀ ਪਰ ਸਿਖਾਂ ਨੂੰ ਪਿਛੋਂ ਕੋਈ ਮਦਦ ਨਹੀਂ ਮਿਲਦੀ ਸੀ। ਅਲੀਵਾਲ ਤੋਂ ਹਟਕੇ ਔਣ ਪਰ ਸਰ ਹੈਨਰੀ ਸਮਿਥ ਨੇ ਅਲੀਵਾਲ ਪਰ ਕਬਜ਼ਾ ਜਾ ਕੀਤਾ ਸੀ, ਅਲੀਵਾਲ ਦੇ ਲਾਗੇ ਨੱਗਰ ਭੂੰਦੜੀ ਪਾਸ ਭੀ ਤਕੜੀ ਜੰਗ ਹੋਈ। ਜਿਸ ਵੇਲੇ ਬਦੋਵਾਲ ਜੰਗ ਹੋਈ ਸੀ (ਲੁਧਿਹਾਨਾ ਤੋਂ ਪੰਜ ਕੁ ਮੀਲਾਂ ਪਰ) ਇਥੇ ਲਾਡੂਏ ਵਾਲੇ ਸਰਦਾਰ ਅਜੀਤ ਸਿੰਘ ਦੇ ਵਜ਼ੀਰ ਮਿਸਰ ਜੋਧ ਸਿੰਘ ਨੇ ਸਿਖਾਂ ਦੀ ਫੌਜ ਲਈ ਬਰੂਦ ਦੀ ਥਾਂ ਸਰ੍ਹੋਂ ਦੀਆਂ ਥੈਲੀਆਂ ਭਰ ਘਲੀਆਂ ਸਨ। (ਬਦੋਵਾਲ ਲਾਡੂਏ ਵਾਲੇ ਸਰਦਾਰਾਂ ਦੀ ਰਾਜਧਾਨੀ ਭੀ ਰਹੀ ਸੀ) ਇਸ ਪ੍ਰਕਾਰ ਦਗੇ ਨਾਲ ਜੰਗ ਹੁੰਦੀ ਰਹੀ।

ਨੋਟ—ਇਕੀ ਦਸੰਬਰ ਨੂੰ ਫੇਰੂ ਸ਼ਹਿਰ ਦਾ ਜੰਗ ਸਿਖਾਂ ਦੇ ਹੱਕ ਵਿਚ ਸੀ 'ਹਾਰ ਹੁੰਦੀ ਦੇਖਕੇ ਲਾਰਡ ਹਾਰਡਿੰਗ ਅਗੇ ਹੋਕੇ ਗੋਰਾ ਫੌਜਾਂ ਨੂੰ ਵਧੌਣ ਲਗਿਆ ਪਰ ਮਿ: ਲਿਟਲਰ ਦੀ ਗੋਰਾ ਫੌਜ ਬੁਰੀ ਤਰਾਂ ਮਾਰੀ ਗਈ; ੨੨ ਦਸੰਬਰ ਨੂੰ ਘਮਸਾਨ ਦੀ ਜੰਗ ਹੋਈ, ਫੇਰੂ ਸ਼ਹਿਰ ਵਿਖੇ ਯਕੀਨੀ ਤੌਰ ਪਰ ਅੰਗਰੇਜ਼ਾਂ ਦੀ ਹਾਰ ਹੋ ਚੁਕੀ ਸੀ, ਚਾਲੀ ਦੇ ਕਰੀਬ ਅੰਗਰੇਜ਼ ਅਫਸਰ ਤੇ ਪੌਣੇਕੁ ਪੰਜ ਸੌ ਗੋਰੇ 'ਸਿਪਾਹੀ ਥਾਂ ਦੀ ਥਾਂ ਕੁਚਲ ਸੁਟੇ ਫਿਰ ਭੀ ਡੋਗਰੇ (ਜਾਣ ਬੁਝ ਕੇ) ਮੈਦਾਨ ਛਡਕੇ ਨੱਠ ਤੁਰੇ ਸਨ, ਤਾਕਿ ਸਿਖਾਂ ਦੀ ਮੁਕੰਮਲ ਫਤਹ ਨ ਹੋ ਜਾਵੇ, ਉਸ ਸਮੇਂ ਦੇ ਜੰਗ ਵਾਰੇ ਸ਼ਾਹ ਮਹੰਮਦ ਨੇ

ਇਸਤਰਾਂ ਲਿਖਿਆ ਹੈ:—

"ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ,
ਤੁਸਾ ਲਾਜ ਅੰਗਰੇਜ਼ ਦੀ ਰਖਣੀ ਜੀ।
ਸਿੰਘਾਂ ਮਾਰਕੇ ਕਟਕ ਮੁਕਾ ਦਿਤੇ,
ਹਿੰਦੁਸਤਾਨੀ ਤੇ ਪੂਰਬੀ ਦਖਣੀ ਜੀ।
ਲੰਡਨ ਟਾਪੂਆਂ ਵਿਚ ਕੁਰਲਾਹਟ ਪਿਆ,
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।
ਸ਼ਾਹ ਮਹੰਮਦਾ ਤੁਸੀ ਪੰਜਾਬੀਓ ਜੀ,
ਕੀਰਤ ਸਿੰਘ ਸਿਪਾਹੀ ਦੀ ਰਖਣੀ ਜੀ।

ਉਧਰ ਆਪ ਫਰੰਗੀ ਨੂੰ ਭਾਂਜ ਆਈ,
ਦੌੜੇ ਜਾਣ ਗੋਰੇ ਦਿਤੀ ਕੰਡ ਮੀਆਂ।
ਚਲੇ ਤੋਪ ਖਾਨੇ ਸਾਰੇ ਗੋਰਿਆਂ ਦੇ,
ਮਗਰ ਹੋਈ ਬੰਦੂਕਾਂ ਦੀ ਫੰਡ ਮੀਆਂ।
ਕਿੰਨੇ ਜਾ ਕੇ ਲਿਆਇਕੇ ਖਬਰ ਦਿਤੀ,
ਲੰਡਨ ਹੋਇ ਬੈਠੀ ਤੇਰੀ ਰੰਡ ਮੀਆਂ।
ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ,
ਰੁਲਦੀ ਗੋਰਿਆਂ ਦੀ ਪਈ ਢੰਡ ਮੀਆਂ।
(ਕਿੱਸਾ ਸਾਹ ਮਹੰਮਦ)

ਰਾਜਾ ਗੁਲਾਬ ਸਿੰਘ ਜੰਮੂ ਤੋਂ ਇਸੇ ਮੌਕੇ ਪਰ ਮਹਾਰਾਣੀ ਨੂੰ ਪ੍ਰੇਰਕੇ ਵਜ਼ੀਰ ਬਣ ਗਿਆ ਸੀ ਕਿ ਮੈਂ ਆਪ ਦੀ ਸੁਲਾਹ ਕਰਾਕੇ ਰਾਜ ਨੂੰ ਬਚਾਂਵਾਗਾ ਪਰ ਆਇਆ ਸੀ ਬਦਲਾ ਲੈਣ ਤੇ ਕੁਛ ਪ੍ਰਾਪਤੀ ਵਾਸਤੇ। ਏਸੇ ਦੇ ਔਣ ਪਰ

ਟਣਜੋਧ ਸਿੰਘ ਭੀ ਆਪਣੀ ਫੌਜ ਛੱਡਕੇ ਨੱਠਿਆ ਸੀ ਅਰ ਰਾਜਾ ਗੁਲਾਬ ਸਿੰਘ ਨੇ ਆਕੇ ਮਿਸਰ ਲਾਲ ਸਿੰਘ ਨੂੰ ਚੀਫ ਕਮਾਂਡਿੰਗ ਬਣਾਇਆ। ਸਭਰਾਉਂ ਵਾਲੇ ਜੰਗ ਵਿਚ (ਇਹ ਨਗਰ ਜ਼ਿਲਾ ਫੀਰੋਜ਼ਪੁਰ ਦਾ ਸਤਿਲੁਜ ਦੇ ਕਿਨਾਰੇ ਪਰ ਹੈ) ਆ ਕੇ ਗੁਲਾਬ ਸਿੰਘ ਜੰਮੂ ਨੇ ਅੰਗਰੇਜ਼ਾਂ ਨਾਲ ਸੁਲਾਹ ਕਰਨ ਲਈ ਗਲ ਬਾਤ ਕੀਤੀ, ਅਰ ਮਿਸਰ ਲਾਲ ਸਿੰਘ ਆਦਿਕਾਂ ਨੇ ਸਿਖ ਫੌਜਾਂ ਨੂੰ ਧੋਖਾ ਦਿਤਾ। ਇਸ ਜੰਗ ਵਿਚ ਸਿਖ ਅਕ-ਸਰ ਤਲਵਾਰਾਂ ਨਾਲ ਲੜਕੇ ਸ਼ਹੀਦ ਹੋਏ। ਸਰਦਾਰ ਸ਼ਾਮ ਸਿੰਘ ਜੀ ਅਟਾਰੀ ਵਾਲੇ ਭੀ ਇਸੇ ਜੰਗ ਵਿਚ ਸ਼ਹੀਦ ਹੋਏ ਸੀ। ਮੁਦਕੀ, ਫੇਰੂ, ਲੁਧਿਆਣਾ, ਬਦੋਵਾਲ, ਅਲੀਵਾਲ ਆਦਿ ਦੇ ਸਾਰੇ ਜੰਗ ਸਿਖਾਂ ਨੇ ਜਿਤੇ, ਪਰ ਸਭਰਾਉਂ ਦੇ ਜੰਗ ਵਿਚ ਰਾਜਾ ਗੁਲਾਬ ਸਿੰਘ ਨੇ ਸੁਲਾਹ ਦੇ ਝਾਂਸੇ ਵਿਚ ਫਸਾ ਕੇ ਬਹੁਤ ਸਿਖ ਮਰਵਾਏ।

ਰਾਜਾ ਗੁਲਾਬ ਸਿੰਘ ਜਾਣਦਾ ਸੀ ਕਿ ਸਭਰਾਉਂ ਦਾ ਜੰਗ ਫਤਹ ਕਰਕੇ ਅੰਗਰੇਜ਼ ਲਾਹੌਰ ਦਾ ਤਖਤ ਨਹੀਂ ਸੰਭਾਲ ਸਕਦੇ। ਪਿਛੇ ਪਸ਼ਾਵਰ, ਮੁਲਤਾਨ, ਕਸ਼ਮੀਰ ਆਦਿ ਦੀ ਤਰਫ ਸਿਖਾਂ ਦੀ ਬੇਸ਼ੁਮਾਰ ਤਾਕਤ ਸੀ। ਓਹ ਸਮਝਦਾ ਸੀ ਕਿ ਸਿਖ ਸਾਹਮਣੇ ਟਾਕਰੇ ਨਾਲ ਕਟਕੇ ਤਾਂ ਸ਼ਹੀਦ ਹੋ ਜਾਣਗੇ ਪਰ ਜੀਉਂਦੇ ਜੀਅ ਇਕ ਇੰਚ ਭੀ ਜਗਾ ਨਹੀਂ ਰੋਕਣ ਦੇਣਗੇ। ਸਿਖਾਂ ਦੀ ਸਪਿਰਟ ਅਰ ਬਹਾਦਰੀ ਨੂੰ ਰਾਜਾ ਗੁਲਾਬ ਸਿੰਘ ਖੂਬ ਸਮਝਦਾ ਸੀ ਕਿ ਸਿਖਾਂ ਦਾ ਬੱਚਾ ਬੱਚਾ ਕਟ ਕੇ ਮਰ ਜਾਵੇਗਾ ਪਿਛੋਂ ਮੁੰਦੀ ਧਰਤੀ ਬੇਸ਼ਕ ਕੋਈ ਸੰਭਾਲੇ, ਇਸੇ ਲਈ ਉਸ ਨੇ ਸੁਲਾਹ ਵਾਸਤੇ ਲਾਹੌਰ ਦਰਬਾਰ ਕਰਕੇ ਸਿਖਾਂ ਨੂੰ

ਸ਼ਰਤਾਂ ਤੇ ਅਹਿਦਨਾਮਿਆਂ ਦੇ ਝੰਬੇਲੇ ਵਿਚ ਫਸਾਇਆ ਅਰ ਮਹਾਰਾਣੀ ਨੂੰ ਡਰਾ ਧਮਕਾ ਲਿਆ ਕਿ ਸ਼ਰਤਾਂ ਮੰਨੇ ਬਿਨਾਂ ਰਾਜ ਨਹੀਂ ਰਹਿਣਾ। ਬਸ, ਐਸੀਆਂ ਚਾਲਸੀਆਂ ਨਾਲ ਰਾਜਾ ਗੁਲਾਬ ਸਿੰਘ ਕਾਮਯਾਬ ਹੋ ਗਿਆ। ਸਿਖ ਫੌਜਾਂ ਪਰ ਓਹ ਕਾਬੂ ਨਹੀਂ ਪਾ ਸਕਦਾ ਸੀ, ਸ਼ਰਤਾਂ ਦੇ ਚੱਕ੍ਰ ਨਾਲ ਹੋਰ ਹੀ ਕੁਝ ਕਰ ਵਿਖਾਇਆ। ਇਹ ਕੁਦਰਤੀ ਬਾਤ ਹੈ ਕਿ ਜਿਤਨਾ ਕੋਈ ਕਿਸੇ ਨੂੰ ਕਮਜ਼ੋਰ ਅਰ ਘਟ ਅਕਲ ਦੇਖਦਾ ਹੈ ਦਬਾ ਲੈਂਦਾ ਹੈ। ਅਹਿਦਨਾਮੇ ਯਾਂ ਸ਼ਰਤਾਂ ਮੰਨਣ ਵਾਲੇ ਆਗੂ ਖਾਲਸਾ ਦਰਬਾਰ ਵਲੋਂ ਅਕਸਰ ਡੋਗਰੇ, ਮਿਸਰ ਆਦਿ ਹੀ ਸਨ, ਜਿਨ੍ਹਾਂ ਦਾ ਮੁਖ ਸਿਧਾਂਤ, ਆਪਣੀ ਗਰਜਾਂ ਨੂੰ ਮੁਖਰਖਣਾ ਸੀ। ਇਨ੍ਹਾਂ ਦੇ ਭਾਵੇਂ 'ਖਾਲਸਾ ਦਰਬਾਰ' ਢਠੇ ਖੂਹ ਵਿਚ ਡਿਗੇ ਦਰਦ ਤਾਂ ਉਨ੍ਹਾਂ ਨੂੰ ਸੀ ਜਿਨ੍ਹਾਂ ਨੇ ਸੀਸ ਦੇ ਕੇ ਬਾਦਸ਼ਾਹੀ ਕਾਇਮ ਕੀਤੀ ਸੀ, ਪਰ ਓਹ ਇਸ ਦੁਨੀਆਂ ਤੋਂ ਹੀ ਲੋਪ ਹੋ ਚੁਕੇ ਸਨ। ਵੈਸੇ, ਹਾਂ ਵਿਚ ਹਾਂ ਮਲੌਣ ਵਾਲੇ ਉਸ ਵੇਲੇ ਸਿਖਾਂ ਵਿਚ ਭੀ ਪੈਦਾ ਹੋ ਗਏ ਸੀ।

ਸਿਖਾਂ ਦੀ ਬਹਾਦਰੀ ਦੀ ਫਤਹ

ਖਾਲਸਾ ਦਰਬਾਰ ਵਲੋਂ ਅੰਗਰੇਜ਼ਾਂ ਨਾਲ ਸਮੁਚੇ ਫੈਸਲੇ ਨਾਲ ਕੋਈ ਭੀ ਜੰਗ ਨਹੀਂ ਹੋਇਆ, ਕੇਵਲ ਸਿਖ ਫੌਜਾਂ ਨੂੰ ਭੜਕਾ ਕੇ ਦਗੇਬਾਜ਼ ਆਗੂਆਂ ਨੇ ਫੌਜੀ ਤਾਕਤ ਨੂੰ ਕੁਚਲਣ ਦੀ ਵਿਉਂਤ ਰਖੀ ਸੀ, ਫਿਰ ਭੀ ਫੌਜਾਂ ਉਸ ਬਹਾਦਰੀ ਨਾਲ ਲੜੀਆਂ ਜੋ ਬਿਨਾਂ ਅਫਸਰਾਂ ਦੇ ਲੜਨ ਦੀ ਐਸੀ ਮਿਸਾਲ ਕਿਸੇ ਭੀ ਹਿਸਟਰੀ ਵਿਚ ਨਹੀਂ ਮਿਲਦੀ। ਸਿਖ ਫੌਜਾਂ ਨੇ

ਰਾਜ ਦਾ ਖਿਆਲ ਛਡ ਕੇ ਅਜ਼ਾਦੀ ਲਈ ਦਿਲ ਤੋੜ ਕੇ ਜੰਗ ਕੀਤੇ। ਪਹਿਲੇ ਦੋ ਜੰਗ ਨਗਰ ਫੇਰੂ (ਫੀਰੋਜ਼ਪੁਰ) ਦੇ ਰੇਤਲੇ ਮੈਦਾਨ ਵਿਚ ਹੋਏ, ਤੀਜੀ ਜੰਗ ਨਗਰ ਬਦੋਵਾਲ ਦੇ ਪਾਸ ਹੋਈ, ਚੌਥੀ ਲੜਾਈ ਨਗਰ ਅਲੀਵਾਲ ਦੇ ਪਾਸ ਹੋਈ, ਪੰਜਵੀਂ ਸਭਰਾਵਾਂ ਦੇ ਮੈਦਾਨ ਵਿਚ ਹੋਈ ਜੋ ਆਖਰੀ ਜੰਗ ਸੀ। ਸਿਖ ਫੌਜਾਂ ਨੇ ਕਿਸੇ ਭੀ ਜੰਗ ਵਿਚ ਹਥਿਆਰ ਨਹੀਂ ਸੁਟੇ, ਪਿਛੋਂ ਰਸਦ ਗੋਲੀ ਸਿਕਾ ਨਾ ਪਹੁੰਚਿਆ ਜਿਸ ਕਰਕੇ ਸਿਖਰੋਲੀਆਂ ਤੋਪਾਂ ਅਗੇ ਤਲਵਾਰਾਂ ਨਾਲ ਲੜੇ। ਉਸ ਵੇਲੇ ਦਾ ਕੋਈ ਲੇਖਕ ਨਹੀਂ ਕਹਿੰਦਾ ਕਿ ਸਿਖਾਂ ਨੇ ਕਿਸੇ ਵੇਲੇ ਭੀ ਕਾਇਰਤਾ ਦਖ-ਲਾਈ ਹੋਵੇ। ਜੰਗ ਦੇ ਆਗੂ ਬੇਸ਼ਕ ਫਰੇਬੀ ਅਤੇ ਕਾਇਰਤਾ ਦਖੌਂਦੇ ਰਹੇ ਓਹ ਭੀ ਸਿਖ ਫੌਜਾਂ ਨੂੰ ਹਰੌਣ ਦੇ ਖਿਆਲ ਨਾਲ। ਮਰਨਾ ਮਾਰਨਾ ਬਹਾਦਰਾਂ ਦੀ ਜ਼ਾਤ ਹੈ। ਬੇਸ਼ੁਮਾਰ ਸਿਖਸ਼ਹੀਦ ਹੋਏ ਪਰ ਖਿੜੇ ਮਥੇ ਨਾਲ, ਫਟੜਾਂ ਨੂੰ ਸੰਭਾਲਣ ਵਾਲਾ ਕੋਈ ਨਹੀਂ ਸੀ, ਸੁਰਤ ਆਈ ਫੇਰ ਉਠ ਕੇ ਲੜੇ ਨਹੀਂ ਤਾਂ ਜ਼ਮੀਨ ਪਰ ਪਏ ਹੀ ਕਤਲ ਹੋ ਗਏ।

ਜੇ ਸਿਖਾਂ ਨੂੰ ਹਾਰ ਗਏ ਭੀ ਮੰਨੀਏ ਤਦ ਭੀ ਓਹ ਐਸੀ ਬਹਾਦਰ ਕੌਮ ਨਾਲ ਲੜੇ ਜਿਸ ਨੇ ਕਿ ਯੂਰਪ ਤੋਂ ਉਠ ਕੇ ਸਾਰੇ ਹਿੰਦੁਸਤਾਨ ਨੂੰ ਫਤਹ ਕੀਤਾ ਪਰੰਤੂ ਅਸਲੀਅਤ ਏਹੀ ਹੈ ਕਿ ਸਿਖਾਂ ਦੀ ਹਾਰ ਉਸ ਵੇਲੇ ਦੇ ਆਗੂਆਂ ਦੀ ਕਿਰਪਾ ਸੀ ਜਿਨ੍ਹਾਂ ਨੇ ਕਿ ਦਗਾ ਕਮਾਇਆ। ਬਿਨਾਂ ਅਫਸਰਾਂ ਦੇ ਫੌਜਾਂ ਨੇ ਡਟਕੇ ਜੰਗ ਕੀਤੇ। ਸ਼ਾਹ ਮੁਹੰਮਦ ਨੇ ਲਿਖਿਆ ਹੈ-

ਜੰਗ ਹਿੰਦ ਪੰਜਾਬ ਦਾ ਹੋਣ ਲਗਾ,
ਦੋਵੇਂ ਬਾਦਸ਼ਾਹੀ ਫੌਜਾਂ ਭਾਰੀਆਂ ਨੀ।

ਅਜ ਹੋਵੇ ਸਰਕਾਰ ਤਾਂ ਮੁਲ ਪਾਵੇ,
ਜੇਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ ।
ਸਣੇ ਆਦਮੀ ਗੋਲੀਆਂ ਨਾਲ ਉਡਣ,
ਹਾਥੀ ਢਾਉਂਦੇ ਸਣੇ ਅੰਬਾਰੀਆਂ ਨੀ ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ ।

ਜਾਣ ਪਛਾਣ

ਫਤਹ ਗੜ੍ਹ ਦੇ ਲਾਗੇ ਸਭਰਾ (ਸਭਰਾਵਾਂ) ਇਕ ਪਿੰਡ ਹੈ, ਇਹ ਜ਼ਿਲਾ ਲਾਹੌਰ ਵਿਖੇ ਹੈ । ਫਤਹ ਗੜ੍ਹ ਜ਼ਿਲਾ ਫੀਰੋਜ਼ ਪੁਰ ਦਾ ਨਗਰ ਹੈ, ਇਥੇ ਸਿਖ ਫੌਜਾਂ ਨੇ ਗਿਆਰਾਂ ਬਾਰਾਂ ਦਸੰਬਰ ਸੰਨ ੧੮੪੫ ਈਸਵੀ ਨੂੰ ਅੰਗਰੇਜ਼ਾਂ ਨਾਲ ਜੰਗ ਲਈ ਆਪੇ ਮੋਰਚੇ ਬਣਾਏ, ਇਥੇ ਸਿਖਾਂ ਦੀ ਤੀਹ ਚਾਲੀ ਹਜ਼ਾਰ ਫੌਜ ਸੀ । ਸਭਰਾਵਾਂ ਨਗਰ ਦਰਿਆਇ ਸਤਲੁਜ ਦੇ ਸਜੇ ਕਿਨਾਰੇ ਪਰ ਹੈ, ਖਬੇ ਪਾਸੇ ਨੂੰ (ਚੜ੍ਹਦੀ ਵਲ) ਫਤਹ ਗੜ੍ਹ ਹੈ।ਜੰਗ ਲਈ ਇਥੇ ਤਤਕਾਲ ਸਿਖ ਫੌਜਾਂ ਨੇ ਆਪੇ ਹੀ ਇਕ ਕੱਚਾ ਕਿਲਾ ਭੀ ਬਣਾਇਆ ਸੀ, ਫੀਰੋਜ਼ਪੁਰ ਥੀਂ ਇਹ ਜਗ੍ਹਾ ਬਾਈਸ ਮੀਲਾਂ ਪਰ ਹੈ। ਤੇਰਾਂ ਨਵੰਬਰ ਨੂੰ ਅੰਗਰੇਜ਼ਾਂ ਨੇ ਜੰਗ ਦਾ ਐਲਾਨ ਕੀਤਾ । ਅੰਗਰੇਜ਼ੀ ਫੌਜਾਂ ਨੇ ਚੜ੍ਹਕ ਨਗਰ ਲੰਘ ਕੇ ਮੁਦਕੀ ਜਾ ਜੰਗ ਕੀਤਾ । ੧੮ ਦਸੰਬਰ ਨੂੰ ਸਿਧਾ ਟਾਕਰਾ ਹੋਇਆ । ਫੀਰੋਜ਼ਪੁਰ ਵਿਖੇ ਰਾਣੀ ਲਛਮਣ ਕੌਰ ਵਿਧਵਾ ਸ: ਧੰਨਾ ਸਿੰਘ ਭੰਗੂ ਹੁਕਮਰਾਨ ਸੀ । ਸਿਖ ਦਰਬਾਰ ਇਸ ਨੂੰ ਆਪਣੇ ਮਾਤ-ਹਿਤ ਮੰਨਦਾ ਸੀ, ਅੰਗਰੇਜ਼ਾਂ ਦਾ ਇਥੇ ਕਬਜ਼ਾ ਕਰਨਾ ਹਦਬੰਦੀ

ਦੇ ਨੇਮਾਂ ਤੋਂ ਉਲਟ ਸੀ।

ਜਿਨ੍ਹਾਂ ਹੱਦਾਂ ਵਿਚ ਫੌਜਾਂ ਨੇ ਕੈਂਪ ਕੀਤੇ ਓਹ ਖਾਲਸਾ ਦਰਬਾਰ ਦੇ ਅਧਿਕਾਰ ਵਿਚ ਸਨ। ਸਿਖ ਫੌਜਾਂ ਵਿਚ ਇਹ ਜਜ਼ਬਾ ਨਹੀਂ ਸੀ ਕਿ ਓਹ ਅੰਗਰੇਜ਼ੀ ਇਲਾਕਾ ਖੋਹਣਗੇ, ਬਲਕਿ ਇਹ ਖਿਆਲ ਸਨ ਕਿ ਅੰਗਰੇਜ਼ਾਂ ਨੇ ਹਦ ਬੰਦੀ ਦੇ ਕੀਤੇ ਨੇਮਾਂ ਨੂੰ ਭੰਗ ਕਰਕੇ ਅਗੇ ਵਧਣ ਦੀ ਵਿਉਂਤ ਕੀਤੀ ਹੈ।

ਨੋਟ–ਜੰਗ ਹੋਣ ਦੀਆਂ ਦੇਸੀ ਤਰੀਕਾਂ ਵਿਚ ਕਈ ਤਰਾਂ ਦੀ ਗੜ ਬੜ ਮਿਲਦੀ ਹੈ। ਆਮ ਤੌਰ ਪਰ ਅੰਗਰੇਜ਼ੀ ਤਰੀਕਾਂ ਦਾ ਵੇਰਵਾ ਇਉਂ ਮਿਲਦਾ ਹੈ–ਅੰਗਰੇਜ਼ਾਂ ਨਾਲ ਜੰਗ ਦਾ ਐਲਾਨ ੧੭ ਨਵੰਬਰ ਸੰਨ ੧੮੪੫ ਈ: ਨੂੰ ਹੋਇਆ। ਮੁਦਕੀ ਦਾ ੧੮ ਦਸੰਬਰ, ਫੇਰੂ ਸ਼ਹਿਰ ਦਾ ਟਾਕਰਾ ੨੧, ੨੨ ਦਸੰਬਰ, ੨੧ ਜਨਵਰੀ ਸੰਨ ੧੮੪੬ ਨੂੰ ਬਦੋਵਾਲ ਦੀ ਲੜਾਈ, ਅਠਾਈ ਜਨਵਰੀ ਨੂੰ ਅਲੀਵਾਲ ਦੀ ਜੰਗ, ਸਭਰਾਵਾਂ ਦੀ ਭਿਆਨਕ ਜੰਗ ੧੦ ਫਰਵਰੀ ਸੰਨ ੧੮੪੬ ਨੂੰ ਹੋਈ। ਇਸੇ ਜੰਗ ਵਿਚ ਸ: ਸ਼ਾਮ ਸਿੰਘ ਅਟਾਰੀ ਨੇ ਸ਼ਹੀਦੀ ਪਾਈ।

ਸ: ਸ਼ਾਮ ਸਿੰਘ ਅਟਾਰੀ ਦੀ ਬਹਾਦਰੀ

ਸ: ਸ਼ਾਮ ਸਿੰਘ ਅਟਾਰੀ ਦਾ ਪਿਛਾ ਕਾਉਂਕੇ ਜ਼ਿਲਾ ਲੁਧਿਆਨਾ ਸੀ। ਇਹ ਫੂਲ ਮਹਿਰਾਜ ਦੇ ਬਰਾੜ ਸਿਧੂਆਂ ਵਿਚੋਂ ਉਠ ਕੇ ਕਾਉਂਕੇ ਨਗਰ ਜਾ ਬਸੇ ਸਨ। ਚੌਧਰੀ ਕਾਹਨ ਸਿੰਘ ਦੇ ਦੋ ਸਪੁਤਰ ਗੌਹਰ ਸਿੰਘ ਤੇ ਕੌਰ ਸਿੰਘ ਕਾਉਂਕੇ ਤੋਂ ਆਪਣੇ ਜਥੇ ਨਾਲ ਜ਼ਿਲਾ ਅੰਮ੍ਰਿਤਸਰ ਵਿਚ ਨਿਆ ਕਾਉਂਕੇ ਨਗਰ ਬੰਨ੍ਹਿਆ, ਪਰ ਉਥੇ ਅਟਾਰੀ ਉਸਾਰਨ ਕਰਕੇ ਪ੍ਰਸਿਧ ਨਾਮ

ਅਟਾਰੀ ਰਿਹਾ। ਇਹ ਸਮਾਂ ਸੰਨ ੧੭੩੯ ਈ: ਦਾ ਗਿਰਦੇ ਦਾ ਸੀ, ਜਦ ਕਿ ਸੂਬਾ ਲਾਹੌਰ ਜ਼ਕਰੀਆ ਖਾਂ ਸਿੱਖਾਂ ਦੀ ਕਤਲ ਆਮ ਕਰਾ ਰਿਹਾ ਸੀ।

ਇਹ ਜਥਾ ਸ: ਹਰੀ ਸਿੰਘ ਭੰਗੀ ਵਾਲੀ ਮਿਸਲ ਵਿਚ ਸ਼ਾਮਲ ਰਿਹਾ । ਉਸ ਵੇਲੇ ਇਹੋ ਮਿਸਲ ਸ਼ਰੋਮਣੀ ਸੀ। ਗੌਹਰ ਸਿੰਘ ਸ: ਗੁਰਬਖਸ਼ ਸਿੰਘ ਰੋੜਾਂ ਵਾਲੀ ਦਾ ਜੋੜੀਦਾਰ ਹੋਇਆ। ਭੋਮਾ ਸਿੰਘ, ਗੁਜਰ ਸਿੰਘ, ਲਹਿਣਾ ਸਿੰਘ ਭੀ ਪਰਸਿਧ ਬਹਾਦਰ ਸਨ। ਭੰਗੀ ਸਰਦਾਰ ਤਕਰੀਬਨ ਮਲਵਈ ਵਧ ਸਨ। ਗੌਹਰ ਸਿੰਘ ਦੇ ਤਿੰਨ ਪੁਤਰ ਦਲ ਸਿੰਘ, ਦਇਆ ਸਿੰਘ ਤੇ ਨਿਹਾਲ ਸਿੰਘ ਸਨ। ਇਹ ਭੀ ਜੰਗਾਂ ਵਿਚ ਸ਼ਾਮਲ ਹੁੰਦੇ ਪਰ ਵਧ ਪਰਸਿਧ ਨਿਹਾਲ ਸਿੰਘ ਰਿਹਾ ਜਿਸ ਦਾ ਸਪੁਤ੍ਰ ਸ਼ਾਮ ਸਿੰਘ ਅਟਾਰੀ ਨਾਮ ਸੇ ਪੰਥ ਪਰਸਿਧ ਹੋਇਆ।

ਗੌਹਰ ਸਿੰਘ ਦੇ ਛੋਟੇ ਭਾਈ ਕੌਰ ਸਿੰਘ ਦੇ ਚਾਰ ਸਪੁ-ਤਰ ਟੇਕ ਸਿੰਘ, ਜੋਧ ਸਿੰਘ, ਵਜ਼ੀਰ ਸਿੰਘ, ਚੜ੍ਹਤ ਸਿੰਘ ਹੋਏ, ਇਹ ਭੀ ਪੰਥ ਪਰਸਿਧ ਬਹਾਦਰ ਸਨ। ਜੋਧ ਸਿੰਘ ਦਾ ਪੁਤਰ ਚਤਰ ਸਿੰਘ ਅਟਾਰੀ ਸੀ, ਜਿਸ ਦੀ ਲੜਕੀ ਦਾ ਅਰਦਾਸਾ ਮਹਾਰਾਜਾ ਦਲੀਪ ਸਿੰਘ ਨਾਲ ਹੋਇਆ ਸੀ। ਇਸ ਦਾ ਪੁਤਰ ਰਾਜਾ ਸ਼ੇਰ ਸਿੰਘ ਸੀ। (ਇਨ੍ਹਾਂ ਦੇ ਹਾਲ ਹੋਰ ਥਾਂ ਆਉਂਦੇ ਹਨ) ਉਕਤ ਦੋਨਾਂ ਸ਼ਾਖਾਂ ਦੀ ਬਿਨਾਂ ਅਟਾਰੀ ਦੇ ਕਾਹਨ ਸਿੰਘ, ਜਗਤ ਸਿੰਘ ਆਦਿ ਹੋਰ ਭੀ ਕਈ ਬਹਾਦਰ ਸਰਦਾਰ ਸਨ, ਪਰ ਸ: ਸ਼ਾਮ ਸਿੰਘ ਦਾ ਸ਼ੇਰਿ ਪੰਜਾਬ ਨਾਲ ਰਿਸ਼ਤਾ ਹੋਣ ਕਰਕੇ ਵਧ ਰਸੂਖ ਸੀ ਅਰ ਜਾਗੀਰ ਵਿਚ ਭੀ ਏਹੋ ਅਗੇ ਸਨ। ਇਨ੍ਹਾਂ ਨੂੰ ਲਹਿਣਾ ਸਿੰਘ ਆਦਿ ਭੰਗੀ

ਸਰਦਾਰਾਂਨੇ ਪਸਰੂਰਦੀਪੱਣਕੁ ਦੋ ਲਖ ਦੀ ਜਾਗੀਰ ਬਹਾਦਰੀਦੇ ਸਿਲੇ ਵਿਚ ਦਿਤੀ।ਓਹ ਆਪ (ਲਹਿਣਾਸਿੰਘ ਗੁਜਰਸਿੰਘਆਦ) ਲਾਹੌਰ ਪਰ ਸੰਨ ੧੭੬੦ ਈ: ਵਿਚ ਕਾਬਜ਼ ਹੋਏ । ਸ: ਨਿਹਾਲ ਸਿੰਘ ਭੰਗੀ ਮਿਸਲ ਦੇ ਸਰਦਾਰਾਂ ਨਾਲ ਰਲ ਕੇ ਬਹੁਤ ਪਰਸਿਧ ਹੋਇਆ। ਇਹ ਸਰਦਾਰ ਗੁਜਰ ਸਿੰਘ ਦੇ ਸਪੁਤਰ ਸ: ਸਾਹਿਬ ਸਿੰਘ ਪਾਸ ਲਾਹੌਰ ਹੀ ਰਿਹਾ ਅਤੇ ਸੰਨ ੧੭੯੭ ਈ: ਵਿਚ ਇਹ ਅਹਿਮਦ ਖਾਨ ਸਾਂਹਾਚੀ ਬਾਗ਼ੀ ਨਾਲ ਬਹਾਦਰੀ ਨਾਲ ਲੜਿਆ। ਉਕਤ ਸਾਰੇ ਸਰਦਾਰ ਭੰਗੀ ਮਿਸਲ ਦੀ ਫੌਜ ਦੇ ਔਹਦੇਦਾਰਾਂ ਵਿਚ ਸੰਨ ੧੭੯੯ ਵਿਚ ਜਦੋਂ ਕਿ ਸ਼ੇਰੇ ਪੰਜਾਬ ਨੇ ਭੰਗੀਆਂ ਨੂੰ ਮਾਰ ਕੇ ਲਾਹੌਰ ਪਰ ਕਬਜ਼ਾ ਕੀਤਾ ਤਦੋਂ ਸ: ਨਿਹਾਲ ਸਿੰਘ ਨੂੰ ਭੀ ਆਪਣੀ ਫੌਜ ਦਾ ਔਹਦਾ ਦੇ ਦਿਤਾ।

ਸੰਨ ੧੮੦੩ ਵਾਲੀ ਛੱਛ ਇਲਾਕਾ ਫਤਹ ਕਰਨ ਦੀ ਬਹਾਦਰੀ ਦੇ ਸਿਲੇ ਵਿਚ ਸ਼ੇਰੇ ਪੰਜਾਬ ਨੇ ਪੰਜਾਹ ਸਠ ਹਜ਼ਾਰ ਦੀ ਜਾਗੀਰ ਸੁਖੋ ਪਰਗਣੇ ਦੀ ਦਿਤੀ,ਉਪਰੰਤਇਲਾਕਾ ਪਸਰੂਰ ਜੋ ਲੱਖ ਰੁਪਏ ਦੀ ਆਮਦਨੀ ਦਾ ਸੀ, ਇਨ੍ਹਾਂ ਨੂੰ ਮਿਲਣ ਕਰਕੇ ਤਕੜੀ ਰਿਆਸਤ ਬਣ ਗਈ। ੧੮੦੭ ਈ: ਵਿਚ ਕਸੂਰ ਦਾ ਇਲਾਕਾ ਫਤਹ ਕੀਤਾ, ਇਹ ਭੀ ਸਵਾ ਕੁ ਲਖ ਦਾ ਇਲਾਕਾ ਸ: ਨਿਹਾਲ ਸਿੰਘ ਅਟਾਰੀ ਪਾਸ ਰਿਹਾ । ਇਸ ਤਰਾਂ ਇਹ ਰਾਜੇ ਹੋ ਗਏ। ਕੁਝ ਇਧਰੋਂ ਉਧਰੋਂ ਦਬਾ ਕੇ ਸਵਾ ਕੁ ਤਿੰਨ ਲਖ ਦੀ ਜਾਗੀਰ ਬਣ ਗਈ। ਸਿਖ ਰਾਜ ਦੀ ਕਾਇਮੀ ਲਈ ਸ: ਨਿਹਾਲ ਸਿੰਘ ਅਦੁਤੀ ਵਫਾਦਾਰ ਸਿੱਧ ਹੋਇਆ।

ਸ: ਨਿਹਾਲ ਸਿੰਘ ਦਾ ਸਪੁਤਰ ਸ: ਸ਼ਾਮ ਸਿੰਘ ਭੀ

ਫੌਜ ਵਿਚ ਸੀ। ਨਿਹਾਲ ਸਿੰਘ ਤਾਂ ਸੰਨ ੧੮੧੮ ਵਿਚ ਚਾਲੈ ਪਾ ਗਿਆ, ਤੇ ਉਸ ਦੀ ਥਾਂ ਸ: ਸ਼ਾਮ ਸਿੰਘ ਨੇ ਪੂਰਨ ਕੀਤੀ। ਇਹ ਭੀ ਹਰ ਮਾਰਕੇ ਵਿਚ ਅਗੇ ਵਧਕੇ ਲੜਦਾ ਰਿਹਾ। ਸ: ਸ਼ਾਮ ਸਿੰਘ ਦਾ ਹਾਲ ਕਿਸੇ ਹੋਰ ਜਗਾ ਭੀ ਲਿਖਿਆ ਹੈ। ਮੁਲਤਾਨ ਅਤੇ ਕਸ਼ਮੀਰ ਦੇ ਫਤਹ ਕਰਨ ਵਿਚ ਇਸ ਦੀ ਖਾਸ ਬਹਾਦਰੀ ਸੀ। ਸਰਦਾਰ ਸ਼ਾਮ ਸਿੰਘ ਸ਼ੇਰੇ ਪੰਜਾਬ ਦੇ ਮੂੰਹ ਚੜ੍ਹਿਆ ਬਹਾਦਰ ਸੀ। ਦੂਜੇ ਇਸ ਦੀ ਸਪੁਤਰੀ ਦੀ ਸ਼ਾਦੀ ਕੰਵਰ ਨੌਨਿਹਾਲ ਸਿੰਘ ਨਾਲ ਹੋਣ ਕਰਕੇ ਗੂੜ੍ਹਾ ਰਿਸ਼ਤੇਦਾਰ ਭੀ ਸੀ। ੨੫ ਫਗਨ ਸੰਮਤ ੧੮੯੩ (੬ ਮਾਰਚ ੧੮੩੭ ਈ:) ਨੂੰ ਇਸ ਨੇ ਸਾਰਾ ਜ਼ੋਰ ਲਾਕੇ ਸ਼ਾਦੀ ਕੀਤੀ। ਪਰ ਹੈਰਾਨੀ ਇਹ ਹੈ ਕਿ ਨਾ ਤਾਂ ਇਸ ਨੂੰ ਰਾਜਾ ਖਿਤਾਬ ਮਿਲਿਆ ਤੇ ਨਾ ਹੀ ਮੁਖੀ ਦਰਬਾਰੀਆਂ ਵਿਚ ਅਗੇ ਵਧਾਇਆ ਗਿਆ। ਇਹ ਭੀ ਅਸਚਰਜ ਹੈ ਕਿ ਅਟਾਰੀ ਵਾਲੇ ਸਰਦਾਰਾਂ ਦੇ ਹੁੰਦੇ ਸੁੰਦੇ ਮਹਾਰਾਜਾ ਖੜਗ ਸਿੰਘ ਅਤੇ ਮਹਾਰਾਜਾ ਨੌਨਿਹਾਲ ਸਿੰਘ ਡੋਗਰਿਆਂ ਦੇ ਹਥੋਂ ਮਾਰੇ ਗਏ ਪਰ ਇਨਾਂ ਨੇ ਮਿਆਨੋਂ ਤਲਵਾਰਾਂ ਨਹੀਂ ਧੂਹੀਆਂ। ਜਿਸ ਤੋਂ ਜਾਪਦਾ ਹੈ ਕਿ ਜਾਂ ਤਾਂ ਇਹ ਵਜ਼ੀਰ ਧਿਆਨ ਸਿੰਘ ਦੇ ਜਾਬਰੀ ਪੰਜੇ ਤੋਂ ਡਰੇ ਰਹੇ ਤੇ ਜਾਗੀਰ ਜ਼ਬਤੀ ਦੇ ਡਰ ਥੀਂ ਚੁਪ ਰਹੇ ਜਾਂ ਸ਼ਾਹੀ ਖਾਨਦਾਨ ਨੇ ਇਨ੍ਹਾਂ ਦੀ ਸੇਵਾ ਨੂੰ ਅਪਣਾਇਆ ਨਹੀਂ। ਇਨ੍ਹਾਂ ਨਾਲੋਂ ਵੱਡਾ ਦਰਦੀ ਤੇ ਹਮਾਇਤੀ ਕੌਣ ਸੀ? ਮਹਾਰਾਣੀ ਜਿੰਦ ਕੌਰ ਨੇ ਭੀ ਇਨਾਂ ਨੂੰ ਵਜ਼ੀਰੀ ਆਦਿ ਦੇ ਕੇ ਆਗੂ ਨਹੀਂ ਕੀਤਾ, ਪਰ ਅੰਤ ਦੇ ਜੰਗ ਸਮੇਂ ਚੇਤਾ ਕੀਤਾ, ਜਦੋਂ ਕਿ ਜਮਾਂ ਹੀ ਮੂੰਹ ਪਾਣੀ ਪੈਣ ਲਗਿਆ। ਬਹਾਦਰ ਸ਼ਾਮ ਸਿੰਘ ਨੂੰ ਮਹਾਰਾਣੀ ਜਿੰਦ ਕੌਰ ਨੇ

ਚਿਠੀ ਘਲੀ ਕਿ ਪੰਜਾਬ ਖਾਲਸੇ ਦਾ ਖਤਮ ਹੋ ਰਿਹਾ ਹੈ, ਤੁਸੀ ਪਿਛੋਂ ਕਿਸ ਮੂੰਹ ਨਾਲ ਬੈਠੇ ਰਹੋਗੇ ? ਇਸ ਅਣਖੀ ਸਰਦਾਰ ਨੇ ਜੋ ਕਿ ਬਿਨਾਂ ਕਿਸੇ ਔਹਦੇ ਦਾਰੀ ਤੋਂ ਬਿਰਧ ਅਵਸਥਾ ਦੇ ਦਿਨ ਕਟ ਰਿਹਾ ਸੀ 'ਸਿਖ ਪੰਥ' ਦੀ ਆਨ ਸ਼ਾਨ ਨੂੰ ਕਾਇਮ ਰਖਣ ਲਈ ਜੰਗ ਵਿਚ ਸ਼ਹੀਦੀ ਜਾ ਪ੍ਰਾਪਤ ਕੀਤੀ।

ਜੇ ਕਦੀ ਇਸ ਬਹਾਦਰ ਦੀ ਤਰਾਂ ਹੋਰ ਦੋ ਚਾਰ ਸਰਦਾਰ ਭੀ ਸ਼ਹੀਦੀ ਲਈ ਤੱਤਪਰ ਹੁੰਦੇ ਤਾਂ ਗਦਾਰ ਡੋਗਰਿਆਂ ਨੂੰ ਕਾਮਯਾਬ ਨਹੀਂ ਹੋਣ ਦਿੰਦੇ ਸਨ। ਬੇਸ਼ਕ ਸਰਦਾਰ ਸ਼ਾਮ ਸਿੰਘ ਦਾ ਨਾਮ ਆਗੂ ਸਰਦਾਰ ਹੋਣ ਕਰਕੇ ਉਘਾ ਹੈ, ਪਰ ਸਿਖ ਸਿਪਾਹੀਆਂ ਨੇ ਸਿਰ ਧੜ ਦੀ ਜੰਗ ਕਰਕੇ ਆਪਣੇ ਜਿਉਂਦੇ ਜੀਅ ਗੁਲਾਮੀ ਦੇਖਣੀ ਹਰਾਮ ਮੰਨੀ। ਹਜ਼ਾਰਾਂ ਸਿਰ ਲਥ ਬਹਾਦਰਾਂ ਨੇ ਮਥ ਕੇ ਸ਼ਹੀਦੀ ਪਾਈ। ਸ਼ਾਹ ਮਹੰਮਦ ਨੇ ਲਿਖਿਆ ਹੈ:—

ਆਈਆਂ ਪੜਤਲਾਂ ਅਤੇ ਤੋਪ ਖਾਨੇ,
ਅਗੋਂ ਸਿੰਘਾਂ ਨੇ ਪਾਸੜੇ ਮੋੜ ਸੁਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿਧੇ,
ਹਲੇ ਤਿੰਨ ਫਰੰਗੀ ਤੇ ਤੋੜ ਸੁਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਸਤ੍ਰੀ ਜੋੜ ਵਿਛੋੜ ਸੁਟੇ।
ਸ਼ਾਹ ਮਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁਟੇ।

ਰਾਜਾ ਗੁਲਾਬ ਸਿੰਘ ਦੀ ਪਾਲਸੀ

ਰਾਜਾ ਗੁਲਾਬ ਸਿੰਘ ਬਹੁਤ ਡੂੰਘੀ ਪਾਲਿਸੀ ਦਾ ਬੰਦਾ ਸੀ ਆਪਣੇ ਭਾਈ ਵਜ਼ੀਰ ਧਿਆਨ ਸਿੰਘ ਨਾਲੋਂ ਵਧ ਦੂਰ ਅੰਦੇਸ਼ ਸੀ ਇਸ ਨੇ ਅੰਗਰੇਜ਼ਾਂ ਪਾਸੋਂ ਅਤੇ ਦਰਬਾਰ ਪਾਸੋਂ ਵਧ ਕੇ ਲਾਭ ਉਠਾਏ, ਸਤਿਲੁਜ ਦੇ ਜੰਗ ਥੀਂ ਪਿਛੋਂ ਅੰਗਰੇਜ਼ਾਂ ਨੂੰ ਲਾਹੌਰ ਲੈ ਜਾਣਾ ਬਹੁਤ ਗਹਿਰੀ ਪਾਲਿਸੀ ਸੀ, ਸਤਿਲੁਜ ਵਾਲੇ ਜੰਗ ਨਾਲ ਅੰਗਰੇਜ ਕੋਈ ਜਿਤ ਨਹੀਂ ਗਏ ਸਨ ਹਾਲੀਂ ਪਸ਼ਾਵਰ ਤੀਕਰ ਫੌਜੀ ਤਾਕਤ ਸੀ। ਪੰਜਾਬ ਵਿਚ ਗਦਰ ਹੋ ਜਾਣਾ ਮਮੂਲੀ ਬਾਤ ਸੀ, ਇਹ ਸਮਝਦਾ ਸੀ ਕਿ ਹਾਲੀਂ ਕੋਈ ਜਿਤ ਨਹੀਂ ਹੋਈ।

ਇਸਦਾ ਮੰਤਵ ਸੀ ਹੁਣ †ਦੋਹਾਂ ਧਿਰਾਂ ਨੂੰ ਡਰਾ ਧਮਕਾ ਕੇ ਆਪਣਾ ਲਾਭ ਉਠਾਓ। ਸੋ ਉਸ ਨੇ ਦੋਹਨਾਂ ਪਾਸਿਆਂ ਨੂੰ ਆਪਣੀ ਪਾਲਿਸੀ ਨਾਲ ਡਰਾਇਆ, ਜੇ ਅੰਗਰੇਜ਼ ਆਪਣੀ ਜਿਤ ਮੰਨਦੇ ਤਾਂ ਫੌਰਨ ਲਾਹੌਰ ਪਰ ਜਾ ਕਬਜ਼ਾ ਕਰਦੇ, ਸਿਖਾਂ ਦੀਆਂ ਫੌਜਾਂ ਦਾ ਗੁਲਾਬ ਸਿੰਘ ਨੂੰ ਪਤਾ ਸੀ ਕਿ ਉਨਾਂ ਨੇ ਮੁੜ ਇਕੱਠੇ ਹੋਕੇ ਜ਼ਰੂਰ ਧਾਵਾ

---

† ੧੦ ਫਰਵਰੀ ਦੀ ਜੰਗ ਦੀ ਫਤਹ ਮੰਨਕੇ ਬਾਰਾਂ ਫਰਵਰੀ ਨੂੰ ਅੰਗਰੇਜ਼ੀ ਫੌਜਾਂ ਨੇ ਕਸੂਰ ਆਪ ਡੇਰੇ ਲਾਏ ਅਠਾਰਾਂ ਫਰਵਰੀ ਨੂੰ ਰਾਜਾ ਗੁਲਾਬ ਸਿੰਘ ਨੇ ਬਾਲਕ ਮਹਾਰਾਜਾ ਦਲੀਪ ਸਿੰਘ ਨੂੰ ਨਾਲ ਲੈਕੇ ਲਲਿਆਣੀ ਕੈਂਪ ਪਰ ਲਾਰਡ ਹਾਰਡਿੰਗ ਨੂੰ ਮਿਲਕੇ ੨੦ ਫਰਵਰੀ ਨੂੰ ਸਾਧਾਰਨ ਸ਼ਰਤਾਂ ਨਾਲ ਅੰਗਰੇਜ਼ੀ ਫੌਜਾਂ ਲੈ ਆਂਦੀਆਂ। ਰਸਤੇ ਵਿਚ ਕੋਈ ਰੋਕਟੋਕ ਨਹੀਂ ਕੀਤੀ ਗਈ।

ਕਰਨਾ ਹੈ ਅਰ ਹੋਣਾ ਐਸਾ ਹੀ ਸੀ। ਉਸ ਨੇ ਦੋਨੋਂ ਪਾਸੇ ਪਾਲਿਸੀ ਨਾਲ ਦਬਾਏ ਅਤੇਡਰਾਏ।ਅੰਗਰੇਜ਼ਾਂਨੂੰਸਮਝਾਇਆਕਿ ਹਾਲੇਤੁਹਾਡੀਕੋਈਜਿਤਨਹੀਂਹੈਕਿਉਂਕਿਮੈਦਾਨਜੰਗਵਿਚੋਂਅਸਲੋਂ ਦੋਵੇਂ ਧਿਰਾਂ ਦਹਿਸ਼ਤ ਨਾਲ ਨੱਠੀਆਂ ਸਨਖਾਲੀ ਪਿਆ ਮੈਦਾਨ ਅੰਗਰੇਜ਼ਾਂਨੇ ਪਿਛੋਂ ਮੁੜ ਕੇ ਸੰਭਾਲਿਆ ਸੀ। ਉਧਰ ਮਹਾਰਾਣੀ ਨੂੰਡਰਾਇਆਕਿ ਫੌਜਾਂ ਹਾਰਗਈਆਂਹਨ ਬਿਨਾਸੁਲਹਦੇਤੁਹਾਡਾ ਰਾਜਨਹੀਂ ਰਹੇਗਾ। ਇਸੇ ਪਾਲਿਸੀਨਾਲ ਓਹ ਮਹਾਰਾਣੀ ਪਾਸੋਂ ਮਹਾਰਾਜਾ ਦਲੀਪ ਸਿੰਘ ਨੂੰ ਲੈ ਕੇ ਗਿਆ ਸੀ ਐਨ ਰਣ ਤੱਤੇ ਵਿਚ ਗੁਲਾਬ ਸਿੰਘ ਦਾ ਵਜ਼ੀਰ ਬਣ ਜਾਣਾ ਅਸਚਰਜਤਾ ਸੀ, ਉਸ ਨੇ ਆ ਕੇ ਪਹਿਲਾਂ ਤਾਂ ਫੌਜੀਆਂ ਨੂੰ ਡਾਂਟਿਆ ਫਿਰ ਹੋਰ ਅਫਸਰਾਂ ਪਰ ਦਬਾਉ ਪਾਇਆ ਪਰ ਅੰਦਰਲਾ ਉਸਦਾ ਖੁਦਗਰਜ਼ੀ ਨਾਲ ਭਰਪੂਰ ਸੀ। ਇਹ ਮਿਸਰ ਲਾਲ ਸਿੰਘ, ਭਾਈ ਰਾਮ ਸਿੰਘ, (ਦੀਵਾਨ) ਰਣਜੋਧ (ਰਣਜੋਰ) ਸਿੰਘ ਮਜੀਠਾ ਅਤੇ ਫਕੀਰ ਨੂਰ ਦੀਨ ਤੇ ਰਾਜਾ ਤੇਜ ਸਿੰਘ ਆਦਿਕ ਨੂੰ ਨਾਲ ਲੈ ਕੇ ਲੁਧਿਆਣੀ ਦੇ ਮੁਕਾਮ ਪਰ ਲਾਰਡ ਸਰ ਹੈਨਰੀ ਨੂੰ ਮਿਲਿਆ ਅਤੇ ਸਤਾਂ ਕੁ ਸਾਲਾਂ ਦੇ ਮਹਾਰਾਜਾ ਦਲੀਪ ਸਿੰਘ ਨੂੰ ਹਵਾਲੇ ਕਰ ਦਿਤਾ ਜਿਸ ਪਰ ਇਸ ਭਾਵ ਦਾ ਐਲਾਨ ਅੰਗਰੇਜ਼ਾਂ ਵਲੋਂ ਨਿਕਲਿਆ ਕਿ ਮਹਾਰਾਜਾ ਦਲੀਪ ਸਿੰਘ ਨੇ ਆਪਣੀ ਭੁਲ ਅਤੇ ਗੁਸਤਾਖੀ ਦੀ ਮੁਆਫੀ ਲੈ ਲਿਤੀ ਹੈ। ਮਹਾਰਾਜਾ ਯਤੀਮ ਹਾਲਤ ਵਿਚ ਸਤਾਂ ਕੁ ਸਾਲਾਂ ਦਾ ਏਂਚਾ ਸੀ ਨਾ ਉਸ ਨੇ ਕੋਈ ਹੁਕਮ ਦਿਤਾ ਅਤੇ ਨਾ ਹੀ ਜੰਗ ਵਿਚ ਲੜਿਆ, ਉਸ ਦੇ ਪਾਲਕ ਜੋ ਖੁਸੀ ਪਏ ਕਰਦੇ ਸਨ। ਉਸਦੀ ਮੁਆਫੀ

ਮੰਗ ਲੈਣਾ ਭੀ ਗੁਨਾਹ ਨਹੀਂ ਸੀ ਕਿਉਂਕਿ ਉਸ ਦੀ ਹਾਲਤ ਤਰਸ ਯੋਗ ਸੀ। ਘਰ ਵਿਚ ਫੁਟ ਸੀ ਉਸਦੇ ਪਾਲਕ ਜਾਂ ਰਾਖੇ ਖੁਦ ਗਰਜ਼ ਸਨ।

ਹਾਂ! ਰਾਜਾ ਗੁਲਾਬਸਿੰਘ ਜੇ ਚਾਹੁੰਦਾ ਤਾਂ ਜੰਗ ਕਰ ਸਕਦਾ ਸੀ ਪਰ ਉਸਦਾ ਮੁਦਾ ਆਪਣੀ ਰਿਆਸਤ ਕਾਇਮ ਕਰਨਾ ਸੀ ਓਹ ਲਾਹੌਰ ਅੰਗਰੇਜ਼ਾਂ ਨੂੰ ਨਾਲ ਲੈ ਗਿਆ ਇਸਤਰਾਂ ਦੇ ਉਸ ਨੇ ਕਈ ਉਤਰਾਉ ਚੜ੍ਹਾਉ ਕਰ ਕੇ ਕਸ਼ਮੀਰ ਅਤੇ ਹਜਾਰਾ ਆਦਿ ਇਲਾਕਾ ਆਪਣੇ ਲਈ ਰੀਜਰਬ ਰਖਵਾ ਲਿਆ ਅਤੇ ੯ ਮਾਰਚ ਸੰਨ ੧੮੪੬ ਈ: ਦਾ ਇਕਰਾਰ ਨਾਮਾ ਇਸਦੀ ਵਿਉਂਤ ਅਨੁਸਾਰ ਹੋਇਆ। ਇਸ ਇਕਰਾਰ ਨਾਮੇ ਪਰ ਮਹਾਰਾਜਾ ਦੀ ਮੋਹਰ ਲਗਾਈ ਗਈ। ਫਕੀਰ ਨੂਰਉਦੀਨ, ਦੀਵਾਨ ਦੀਨਾ ਨਾਥ ਰਾਜਾ ਲਾਲ ਸਿੰਘ (ਮਿਸਰ) ਰਾਜਾ ਤੇਜ ਸਿੰਘ (ਮਿਸਰ) ਰਣਜੋਧ ਸਿੰਘ ਮਜੀਠਾ, ਚਤਰ ਸਿੰਘ ਅਟਾਰੀ ਆਦਿ ਦੇ ਦਸਤਖਤ ਕਰਵਾਕੇ ਗਵਰਨਰ ਜਨਰਲ ਦੇ ਦਸਖਤ ਹੋ ਗਏ ਇਸ ਤੋਂ ਜਾਣਿਆਂ ਜਾ ਸਕਦਾ ਹੈ ਕਿ ਰਾਜਾ ਗੁਲਾਬ ਸਿੰਘ ਬਹੁਤ ਦੂਰ ਅੰਦੇਸ਼ ਅਤੇ ਬਹੁਤ ਸਿਆਣਾ ਬੰਦਾ ਸੀ।

ਰਾਜਾ ਗੁਲਾਬ ਸਿੰਘ ਪਾਸ ਸਿਖ ਦਰਬਾਰ ਨਾਲੋਂ ਵਧ ਖਜਾਨਾ ਸੀ, ਜੰਗ ਦੇ ਐਨ ਮੌਕੇ ੨੭ ਜਨਵਰੀ ਸੰਨ ੧੮੪੬ ਈ: ਨੂੰ ਇਸ ਨੇ ਵਜੀਰੀ ਦਾ ਚਾਰਜ ਲਿਆ, ਇਹ ਆਪਣੀ ਤਿੰਨ ਕੁ ਹਜਾਰ ਡੋਗਰਾ ਫੌਜ ਨਾਲ ਜੰਗ ਵਿਚ ਆ ਸ਼ਾਮਲ ਹੋਇਆ। ਰਾਜਾ ਗੁਲਾਬ ਸਿੰਘ ਹਰ ਬਾਤ ਦਾ ਭੇਤੀ ਸੀ ਕਪਤਾਨ ਵਡੇ ਪੋਲੀਟੀਕਲ ਏਜੰਟ ਅਜੇ ਇਸ

ਦੀ ਥਾਂ ਅਪਰੈਲ ਸੰਨ ੧੮੪੪ ਨੂੰ ਮਿ: ਕਲਾਰਕ ਜੋ ਆਇਆ, ਡਾਕਟਰ ਜਾਨ ਮਾਰਟਨ ਹੌਨਿੰਗਬਰਗ (ਦਰਬਾਰੀ ਡਾਕਟਰ) ਸਭੇ ਇਸ ਦੇ ਵਾਕਿਫ ਸਨ ਕਰਨਲ ਐਲੈਗਜੰਡਾ ਗਾਰਡਨ (ਅਮਰੀਕਨ ਅੰਗਰੇਜ) ਜੋ ਤੋਪ ਖਾਨੇ ਦਾ ਅਫਸਰ ਸੀ ਹਰ ਬਾਤ ਦੇ ਭੇਤੀ ਅਰ ਇਸਦੇ ਨਾਲ ਸਨ। ਇਸੇ ਕਰਕੇ ਇਹ ਬਹੁਤ ਕਾਮਯਾਬ ਹੋਇਆ।

ਨੋਟ–ਰਾਜਾ ਗੁਲਾਬ ਸਿੰਘ ਨਾਲ ਇਸ ਭਾਵ ਦੀਆਂ ਸ਼ਰਤਾਂ ਲਿਖੀਆਂ ਗਈਆਂ 'ਗੁਲਾਬ ਸਿੰਘ ਅਤੇ ਉਸਦੇ ਜਾਨਸ਼ੀਨ ਸੁਤੰਤ੍ਰ ਰਾਜੇ ਰਹਿਣਗੇ, ਨੀਯਤ ਅਹਿਲਕਾਰ ਹੱਦ ਬੰਦੀ ਕਰਨਗੇ। ਨੀਯਤ ਰੁਪਿਆ ਉਸ ਪਾਸੋਂ ਇਕਰਾਰ ਅਨੁਸਾਰ ਲਿਆ ਜਾਊਗਾ (ਇਸ ਨੇ ੧੫ ਲੱਖ ਸਰਦਾਰ ਸੁਚੇਤ ਸਿੰਘ ਵਾਲਾ ਦਸ ਬਾਰਾਂ ਲਖ ਦੀ ਲਾਹੌਰ ਦੀ ਜਾਇਦਾਦ ਕੁਛ ਨਕਦ ਪਾਸੋਂ ਦਿਤਾ) ਹਦਬੰਦੀ ਬਿਨਾਂ ਮਨਜ਼ੂਰੀ ਸਰਕਾਰ ਦੇ ਨਾ ਬਦਲੇ ਜੇ ਰਿਆਸਤੀ ਝਗੜਾ ਛਿੜੇ ਤਾਂ ਉਸ ਨੂੰ ਸਰਕਾਰ ਅੰਗਰੇਜੀ ਨਜਿਠੂਗੀ, ਮਹਾਰਾਜਾ ਲੋੜ ਮੂਜਬ ਫੌਜੀ ਮਦਦ ਦੇਵੇਗਾ। ਬਿਨਾ ਮਨਜ਼ੂਰੀ ਯੂਰਪੀਨ ਨੂੰ ਨੌਕਰ ਨਾ ਰਖੇਗਾ। ਸਰਕਾਰ ਅੰਗਰੇਜ਼ੀ ਇਸ ਦੀ ਮਦਦ ਰਖੇਗੀ ਨੀਯਤ ਨਜ਼ਰਾਨਾ ਹਰ ਸਾਲ ਦੇਵੇ' ਆਦਿ ਆਦਿ ਸ਼ਰਤਾਂ ਹੋਈਆਂ। ਲਾਹੌਰ ਦਰਬਾਰ ਦੀਆਂ ਸ਼ਰਤਾਂ ਵਿਚ ਓਹ ਖੁਦ ਸ਼ਾਮਲ ਸੀ। ਮਾਰਚ ਸੰਨ ੧੮੪੬ ਵਿਚ ਉਕਤ ਭਾਵ ਦੀਆਂ ਸ਼ਰਤਾਂ ਲਿਖਕੇ ਦੋਹਾਂ ਧਿਰਾਂ ਦੇ ਦਸਖਤ ਹੋਏ ਉਕਤ ਸ਼ਰਤਾਂ ਲੈਕੇ ਰਾਜਾ ਗੁਲਾਬ ਸਿੰਘ ਨੇ ਹਥ ਜੋੜ ਕੇ ਆਪ ਨੂੰ ਅੰਗਰੇਜ਼ਾਂ ਦਾ ਸਦੀਵੀ ਵਫਾਦਾਰ

ਰਹਿਣੇ ਦਾ ਪ੍ਰਣ ਕੀਤਾ।

ਜਾਣ ਪਛਾਣ

ਅੰਗਰੇਜ਼ਾਂ ਨਾਲ ਮਿਲ ਕੇ ਰਾਜਾ ਗੁਲਾਬ ਸਿੰਘ ਨੇ ਆਪਣਾ ਉਲੂ ਸਿਧਾ ਕੀਤਾ, ਉਸ ਨੂੰ ਸਿਖਾਂ ਦੀ ਕਾਇਮੀ ਨਾਲ ਵਾਸਤਾ ਭੀ ਕੋਈ ਨਹੀਂ ਸੀ, ਮਰੇ ਸਿਖ ਤੇ ਮੌਜਾਂ ਕੋਈ ਕਰੇ। ੨੬ ਫਰਵਰੀ ਨੂੰ ਇਸਨੇ ਲਾਹੌਰ ਵਿਚ ਲਾਰਡ ਹਾਰਡਿੰਗ ਦਾ ਦਰਬਾਰ ਕਰਵਾਇਆ, ਦਿਖਾਵੇ ਮਾਤ੍ਰ ਦਲੀਪ ਸਿੰਘ ਨੂੰ ਗੱਦੀ ਪਰ ਬਿਠਾਕੇ ਸ਼ਾਂਤੀ ਪੈਦਾ ਕਰਵਾਈ, ਜੇ ਐਸਾ ਨਾ ਹੁੰਦਾ ਅੰਗਰੇਜ ਇਤਨੀ ਜਲਦੀ ਲਾਹੌਰ ਨਹੀਂ ਜਾ ਸਕਦੇ ਸਨ।

੯ ਮਾਰਚ ਸੰਨ ੧੮੪੬ ਨੂੰ ਸੁਲਾਹ ਕਰਵਾ ਕੇ ਸਤਲੁਜ ਤੇ ਬਿਆਸ ਦਾ ਮਧ ਹਿਸਾ (ਦੁਆਬਾ ਬਿਸਤ ਜਲੰਧਰ) ਜੋ ਡੇਢ ਕਰੋੜ ਰੁਪਏ ਦੀ ਆਮਦਨ ਦਾ ਸੀ ਅੰਗਰੇਜ਼ਾਂ ਨੂੰ ਹਰਜਾਨੇ ਦੇ ਤੌਰ ਤੇ ਦਿਤਾ ਗਿਆ, ਪੰਜਾਹ ਲੱਖ ਨਕਦ ਭਰ ਕੇ ਇਕ ਕਰੋੜ ਦਾ ਇਲਾਕਾ ਕਸ਼ਮੀਰ ਆਪ ਖਰੀਦਨਦੇ ਪਜ ਨਾਲਲੈ ਲਿਤਾ, ਕੁਛ ਫੀਰੋਜ਼ਪੁਰ ਵਾਲਾ ਰਾਜਾ ਸੁਚੇਤ ਸਿੰਘ ਦਾ ਰੁਪਿਆ ਮੁਜਰੇ ਕਰਵਾ ਦਿਤਾ ਤੇ ਆਪ ਲਈ ਰਾਜਾ ਦੀ ਥਾਂ ਮਹਾਰਾਜਾ ਦਾ ਖਿਤਾਬ ਲਿਆ।

ਅੰਗਰੇਜ਼ਾਂ ਦੇ ਅਗੇ ਨੂੰ ਲਾਹੌਰ ਵਿਚ ਪੱਕੇ ਪੈਰ ਰਖਣ ਲਈ ੧੧ ਮਾਰਚ ਸੰਨ ੧੮੪੬ ਈ: ਨੂੰ ਸਾਲ ਭਰ ਲਈ ਅੰਗਰੇਜ਼ੀ ਫੌਜਾਂ ਟਿਕਾ ਲਈਆਂ, ਮਿਸਰ ਲਾਲ ਸਿੰਘ ਅਤੇ ਤੇਜ ਸਿੰਘ ਨੂੰ ਲਾਰਡ ਹਾਰਡਿੰਗ ਸੈਨਾ ਪਤੀ

ਹੋਣ ਦਾ ਐਲਾਨ ਕਰ ਦਿਤਾ ਪਰ ਇਹ ਭੀ ਦਿਲੋਂ ਨਕਦ ਇਨਾਮ ਜਾਂ ਇਲਾਕੇ ਦੇ ਖਾਹਸ਼ ਮੰਦ ਸਨ, ਜਿਸ ਕਰ ਕੇ ਰਾਜਾ ਗੁਲਾਬ ਸਿੰਘ ਨਾਲ ਨਾਰਾਜ਼ ਰਹੇ, ਇਸ ਦੀ ਗੁਲਾਬ ਸਿੰਘ ਦੇ ਵਿਰੁਧ ਸਾਜਸ਼ ਸਾਬਤ ਹੋਣ ਪਰ ਮਿਸਰ ਲਾਲ ਸਿੰਘ ਨੂੰ ਦੋ ਹਜ਼ਾਰ ਮਹੀਨਾ ਪੈਨਸ਼ਨ ਦੇ ਕੇ ਬਨਾਰਸ ਵਿਚ ਨਜ਼ਰਬੰਦ ਜਾ ਕੀਤਾ।

ਉਪਰੰਤ ਲਾਰਡ ਹਾਰਡਿੰਗ ਨੇ ਭਰੋਵਾਲ ਆਦਿ ਦੇ ਕਈ ਅਹਿਦ ਨਾਮੇ ਕਰਕੇ ਲਾਹੌਰ ਦਰਬਾਰ ਨੂੰ ਆਲਸੀ ਤੇ ਖੁਦਗਰਜ਼ੀ ਦਾ ਅੱਡਾ ਬਣਾ ਦਿਤਾ, ਅਖੀਰ ਮਹਾਰਾਣੀ ਜਿੰਦ ਕੌਰ ਡੂਢ ਲੱਖ ਰੁਪਿਆ ਸਾਲਾਨਾ ਪਿਨਸ਼ਨ ਦੇ ਕੇ ਵਖ ਕਰ ਦਿਤੀ ਗਈ, ੧੯ ਅਗਸਤ ੧੮੪੭ ਈ: ਸ਼ੇਖੂਪੁਰੇ ਕਿਲੇ ਵਿਚ ਨਜ਼ਰ ਬੰਦ ਕੀਤੀ ਗਈ।

ਅਖੀਰ ਕਿਲਾ ਸ਼ੇਖੂਪੁਰਾ ਤੋਂ ਭੀ ੧੫ ਮਈ ਸੰਨ ੧੮੪੮ ਨੂੰ ਬਨਾਰਸ ਜਲਾਵਤਨ ਕੀਤਾ ਗਿਆ ਪਿਨਸ਼ਨ ਭੀ ਡੇਢ ਲੱਖ ਦੀ ਥਾਂ ਅਠਤਾਲੀ ਹਜ਼ਾਰ ਸਾਲਾਨਾ ਕਰ ਦਿਤੀ ਗਈ।

ਮਹਾਰਾਣੀ ਇਥੋਂ ਭੀ ਛੀ ਅਪਰੈਲ ਸੰਨ ੧੮੪੯ ਨੂੰ ਕਿਲਾ ਚਨਾਰ ਵਿਚ ਜਾ ਕੈਦ ਕੀਤੀ। ਇਸ ਕਿਲੇ ਵਿਚੋਂ ਓਹ ੧੮ ਅਪਰੈਲ ਸੰਨ ੧੮੪੯ ਨੂੰ ਭੇਸ ਬਦਲਾਕੇ ਰਿਆਸਤ ਨੈਪਾਲ ਵਿਚ ਜਾ ਰਹੀ । ਚਨਾਰ ਉਸ ਨੂੰ ਮਸਾਂ ਬਾਰਾਂ ਹਜ਼ਾਰ ਸਾਲਾਨਾ ਮਿਲਦਾ ਸੀ ।

ਮਿਸਰ ਲਾਲ ਸਿੰਘ ਦੀ ਗਦਾਰੀ ਦਾ ਨਮੂਨਾ ਅਤੇ ਫਲ

ਅਸਲੋਂ ਇਹ ਸਿਖਾਂ ਨੂੰ ਖਤਮ ਕਰਨ ਵਾਸਤੇ ਫੰਦਾ ਬਣਾਇਆ ਗਿਆ ਸੀ, ਮਿਸਰ ਲਾਲ ਸਿੰਘ ਸਿਪਾਹ ਸਲਾਰ ਨੇ ਕਸੂਰ ਦੇ ਨੂਰਦੀਨ ਪਠਾਨ ਆਦਿ ਦੀ ਰਾਹੀਂ ਮਿ: ਨਕੋਲਸਨ ਸਾਹਿਬ ਦੇ ਪਾਸ ਇਕ ਚਿਠੀ ਪਹੁੰਚਾਈ ਸੀ।

ਇਸਦਾ ਭਾਵ ਇਓਂ ਸੀ ਕਿ 'ਪੈਦਲ ਫੌਜ ਦਾ ਵਡਾ ਅਫਸਰ ਤੇਜ ਸਿੰਘ ਨੀਯਤ ਹੈ। ਆਪ ਭਰੋਸਾ ਰਖੋ, ਜੋ ਵਾਇਦਾ ਆਪ ਦੇ ਨਾਲ ਕੀਤਾ ਹੈ ਇਸ ਵਿਚ ਫਰਕ ਨਹੀਂ ਪਵੇਗਾ। ਜਿਥੇ ਤਕ ਮੇਰੀ ਤਾਕਤ ਹੈ ਹਰ ਪ੍ਰਕਾਰ ਦੀ ਚਾਲ ਸਰਕਾਰ ਅੰਗਰੇਜ਼ੀ ਵਾਸਤੇ ਲਾਭ ਮੰਦ ਹੋਊਗੀ। ਮੈਂ ਘੋੜ ਸਵਾਰ ਫੌਜ ਦਾ ਅਫਸਰ ਹਾਂ ਇਸ ਨੂੰ ਖਿੰਡਾ ਪੁੰਡਾ ਦੇਣ ਦਾ ਜ਼ਿੰਮੇਵਾਰ ਹਾਂ। ਸਿਖਾਂ ਦੀ ਕਿਲਾ ਦੱਖਣ ਦਿਸ਼ਾ ਵਾਲੀ ਬਾਹੀ ਬਹੁਤ ਕਮਜ਼ੋਰ ਹੈ। ਇਸ ਪਾਸੇ ਹਮਲਾ ਕਰਨਾ। ਫਿਰ ਇਸ ਥੀਂ ਵਧ ਗਦਾਰੀ ਇਹ ਕੀਤੀ ਕਿ ਮੈਦਾਨ ਜੰਗ ਵਿਚੋ ਛੇ ਹਜ਼ਾਰ ਫੌਜ ਲੈਕੇ ਬਿਨਾਂ ਕਾਰਨ ਨਸੇ ਅਰ ਸਾਮਾਨ ਜੰਗ ਜਾਣ ਬੁਝਕੇ ਦਰਿਆਇ ਵਿਚ ਡੋਬ ਦਿਤਾ ਅਰ ਦਰਿਆਇ ਦਾ ਪੁਲ ਤੋੜ ਦਿਤਾ ਤਾਕਿ ਮੈਦਾਨ ਜੰਗ ਵਿਚ ਗਈ ਫੌਜ ਦਰਿਆਇ ਟੱਪ ਕੇ ਬਚ ਭੀ ਨਾ ਸਕੇ।

ਰਾਜਾ ਗੁਲਾਬ ਸਿੰਘ ਨੂੰ ਕਸ਼ਮੀਰ ਮਿਲ ਜਾਣ ਪਰ

ਇਸ ਨੂੰ ਈਰਖਾ ਨੇ ਘੇਰਿਆ। ਇਹ ਸਮਝਦਾ ਸੀ ਕਿ ਮੇਰੀਆਂ ਖਿਦਮਤਾਂ ਉਸ ਥੀਂ ਵਧ ਹਨ। ਇਸ ਨੇ ਕਸ਼ਮੀਰ ਦੇ ਗਵਰਨਰ ਨਿਜ਼ਾਮ ਦੀਨ ਨੂੰ ਚਿਠੀ ਲਿਖ ਘਲੀ ਕਿ ਗੁਲਾਬ ਸਿੰਘ ਨੂੰ ਕਸ਼ਮੀਰ ਦਾ ਚਾਰਜ ਨਾ ਦਿਤਾ ਜਾਵੇ। ਨਜ਼ਾਮ ਦੀਨ ਨੇ ਅਗੋਂ ਜੰਗ ਕਰਕੇ ਗੁਲਾਬ ਸਿੰਘ ਨੂੰ ਸ਼ਿਕਸਤ ਦੇ ਦਿਤੀ ਅਤੇ ਕਬਜ਼ਾ ਨਹੀਂ ਦਿਤਾ। ਦੀਵਾਨ ਬਖਤ ਰਾਇ ਇਸੇ ਜੰਗ ਵਿਚ ਮਾਰਿਆ ਗਿਆ। ਅਖੀਰ ਸਰਦਾਰ ਸ਼ੇਰ ਸਿੰਘ ਅਟਾਰੀ ਅਤੇ ਅੰਗਰੇਜ਼ ਅਫਸਰ ਲਾਹੌਰ ਤੋਂ ਫੌਜ ਲੈਕੇ ਚਾਰਜ ਦਲੌਣ ਗਏ। ਸ਼ੇਖ ਇਮਾਮ ਦੀਨ (ਨਿਜ਼ਾਮ ਦੀਨ) ਨੇ ਕਬਜ਼ਾ ਨਾ ਦੇਣ ਦਾ ਕਾਰਨ ਰਾਜਾ ਲਾਲ ਸਿੰਘ ਦੀ ਅਸਲੀ ਪੱਤ੍ਰ ਅਗੇ ਧਰ ਦਿਤੀ ਰੈਜੀਡੰਟ (ਮੇਜਰ ਲਾਰੰਸ) ਨੇ ਕਬਜ਼ਾ ਦੁਲਾਕੇ ਲਾਹੌਰ ਦਰਬਾਰ ਵਿਚ ਰਾਜਾ ਲਾਲ ਸਿੰਘ ਦੀ ਚਿਠੀ ਪੇਸ਼ ਕਰ ਕੇ ਸਿਧ ਕੀਤਾ ਕਿ ਇਹ ਰਾਜ ਵਿਦਰੋਹੀ ਹੈ। ਸਰਦਾਰਾਂ ਦੀ ਸੰਮਤੀ ਨਾਲ ਦੋਸ਼ੀ ਠਹਿਰਾਕੇ ੧੩ ਦਸੰਬਰ ੧੮੪੬ ਨੂੰ ਫੀਰੋਜ਼ ਪੁਰ ਲਿਆਂਦਾ ਗਿਆ ਦੋ ਹਜ਼ਾਰ ਮਹਾਵਾਰ ਪੈਨਸ਼ਨ ਕਰਕੇ ਬਨਾਰਸ ਪਹੁੰਚਾ ਦਿਤਾ।

ਜਾਣ ਪਛਾਣ

ਮਿਸਰ ਲਾਲ ਸਿੰਘ ਦੀਆਂ ਚਿਠੀਆਂ ਬਾਰੇ ਤਿੰਨ ਦਸੰਬਰ ਸੰਨ ੧੮੪੬ ਨੂੰ ਇਕ ਕੌਂਸਲ ਬੈਠੀ ਜਿਸ ਵਿਚ ਜੌਹਨ ਲਾਰੰਸ ਜਨਰਲ ਲਿਟਲਰ, ਸਰ ਹੈਨਰੀ ਲਾਰੰਸ, ਮਿਸਟਰ ਕਰੀ ਅਤੇ ਕਰਨੈਲ ਗਾਲਡੀ ਆਦਿਕ ਅੰਗਰੇਜ਼

ਆਫੀਸਰ ਪ੍ਰਧਾਨ ਸਨ। ਮਿਸਰ ਜੀ ਦੋਸ਼ੀ ਠਹਿਰਾਏ ਗਏ ਵਜ਼ੀਰੀ ਖੁਸ ਗਈ, ਤੇਰਾਂ ਦਸੰਬਰ ਨੂੰ ਮਿਸਟਰ ਰਾਟਨ ਦੀ ਨਿਗਰਾਨੀ ਵਿਚ ਕੈਦੀ ਬਣਾ ਦਿਤਾ ਗਿਆ।

ਮਿਸਰ ਤੇਜ ਸਿੰਘ ਨੂੰ ਰਾਜੇ ਦਾ ਖਿਤਾਬ

ਭੈਰੋਵਾਲ ਦੀਆਂ ਸ਼ਰਤਾਂ ਪਿਛੋਂ ਰੈਜੀਡੰਟ ਨੂੰ ਸਭ ਅਖਤਿਆਰ ਹੋ ਗਏ, ਉਸ ਨੇ ੭ ਅਗਸਤ ਸੰਨ ੧੮੪੨ ਨੂੰ ਮਿਸਰ ਤੇਜ ਸਿੰਘ ਨੂੰ ਰਾਜਾ ਖਿਤਾਬ ਦੇਣ ਵਾਸਤੇ ਇਕੱਠ ਕੀਤਾ। ਮਿਸਰ ਲਾਲ ਸਿੰਘ ਜੀ ਤਾਂ ਜਲਾਵਤਨ ਹੋ ਕੇ ਬਨਾਰਸ ਦੀ ਹਵਾ ਲੈ ਰਹੇ ਸਨ। ਹੁਣ ਤੇਜ ਸਿੰਘ ਨੂੰ ਫਿਕਰ ਸੀ ਕਿ ਰੈਜੀਡੈਂਟ ਦੀ ਮਿੰਨਤ ਖੁਸ਼ਾਮਦ ਨਾਲ ਪੇਟ ਪੂਜਾ ਲਈ ਮੈਂ ਭੀ ਕੁਝ ਪਰਾਪਤ ਕਰਾਂ, ਸੋ ਉਸ ਨੇ ਮਹਾਰਾਣੀ ਜਿੰਦ ਕੌਰ ਦੇ ਵਿਰੁਧ ਝੂਠੀਆਂ ਸਚੀਆਂ ਲਾਈਆਂ ਕਿ ਓਹ ਸਰਦਾਰਾਂ ਨੂੰ ਮਿਲਦੀ ਹੈ ਅਰ ਮਹਾਰਾਜਾ ਦਲੀਪ ਸਿੰਘ ਨੂੰ ਵਿਗਾੜਦੀ ਹੈ ਪਰ ਅਖੀਰ ਇਹ ਪੱਕਾ ਇਲਜ਼ਾਮ ਲਗ ਗਿਆ ਕਿ ਮਹਾਰਾਣੀ ਮਹਾਰਾਜੇ ਨੂੰ ਬਿਗਾੜਦੀ ਹੈ ਪ੍ਰਤੱਖ ਸਬੂਤ ਇਹ ਹੈ ਕਿ ਅਜ ਰਾਜ ਦਰਬਾਰ ਵਿਖੇ ਕਮਾਂਡਿੰਗ ਚੀਫ ਤੇਜ ਸਿੰਘ ਜੋ ਰਾਜਾ ਦਾ ਖਿਤਾਬ ਦੇਣ ਵੇਲੇ ਮਹਾਰਾਜਾ ਨੇ ਤਿਲਕ ਲੌਣ ਤੋਂ ਇਨਕਾਰ ਕਰ ਦਿਤਾ। ਅਰ ਦੀਵਾਨ ਮੂਲ ਰਾਜ ਸੂਬਾ ਮੁਲਤਾਨ ਨੂੰ ਅੰਗਰੇਜ਼ਾਂ ਦੇ ਵਿਰੁਧ ਸਾਜਸ਼ ਕਰਦਾ ਹੈ ਇਹ ਇਸ ਦੀ ਚੁਕ ਹੈ। ਇਕਰ ਦੇ ਇਲਜ਼ਾਮ ਲਗਾ ਕੇ ਮਿਸਰ ਤੇਜ ਸਿੰਘ ਨੇ ਰਾਜੇ ਦਾ ਖਿਤਾਬ ਹਾਸਲ ਕਰ ਲਿਤਾ ਅਤੇ ਸਿਆਲਕੋਟ

ਵਿਖੇ ਤੀਸ ਕੁ ਹਜ਼ਾਰ ਰੁਪਏ ਦੀ ਜਾਗੀਰ ਭੀ ਉਸ ਨੂੰ ਮਿਲੀ ਸੀ। ਅਗੇ ਨੂੰ ਇਕ ਪ੍ਰਕਾਰ ਨਾਲ ਰੈਜੀਡੈਂਟ ਦੇ ਸਭ ਅਖਤਿਆਰ ਹੋਏ ਅਧੀਨ (ਸਹਾਇਕ) ਇਕ ਕੌਂਸਲ ਬਣਾ ਲਿਤੀ। ਜਿਸ ਵਿਚ ਕਿ ਰਣਜੋਧ ਸਿੰਘ ਮਜੀਠਾ, ਫਕੀਰ ਨੂਰਦੀਨ ਦੀਵਾਨਾ, ਦੀਨਾ ਨਾਥ, ਰਾਜਾ ਤੇਜਾ ਸਿੰਘ ਭਾ: ਨਿਧਾਨ ਸਿੰਘ, ਸ਼ਮਸ਼ੇਰ ਸਿੰਘ ਸੰਧਾਵਾਲੀਆ, ਅਤਰ ਸਿੰਘ ਆਦਿ ਮੈਂਬਰ ਨੀਯਤ ਕਰ ਲਿਤੇ ਪਰ ਇਨਾਂ ਪਾਸੋਂ ਭੀ ਪ੍ਰਬੰਧ ਨਾ ਹੋਸਕਿਆ ਅਖੀਰ ਰੈਜੀਡੈਂਟ ਦੇ ਹੀ ਸਾਰੇ ਅਖਤਿਆਰ ਹੋ ਗਏ ਸਾਧਾਰਨ ਤੌਰ ਪਰ ਇਕ ਸਹਾਇਕ ਕੌਂਸਲ ਅਧੀਨ ਰਹਿੰਦੀ ਸੀ।

ਰਾਜਾ ਗੁਲਾਬ ਸਿੰਘ ਦੀ ਕਾਰ ਗੁਜ਼ਾਰੀ ਦਾ ਨਮੂਨਾ

ਮਹਾਰਾਣੀ ਜਿੰਦ ਕੌਰ ਦੀ ਕਮ ਅਕਲੀ ਨਾਲ ਰਾਜਾ ਗੁਲਾਬ ਸਿੰਘ ਵਜ਼ੀਰ ਆਜ਼ਮ ਬਣਿਆਂ ਉਸ ਨੇ ਆਕੇ ਜੋ ਕੁਝ ਕਰਨਾ ਸੀ, ਓਹ ਪਹਿਲਾਂ ਹੀ ਦਿਖਦਾ ਸੀ, ਉਸ ਨੇ ਆਕੇ ਜੋ ਸੇਵਾ ਉਠਾਈਆਂ ਉਹਨਾਂ ਵਿਚੋਂ ਨਮੂਨੇ ਮਾਤਰ ਅਗੇ ਦਰਜ ਹੈਨ। ਸਭਰਾਉਂ ਦੇ ਜੰਗ ਵੇਲੇ ਜਨਵਰੀ ਸੰਨ ੧੮੪੬ ਨੂੰ ਲਾਹੌਰ ਪਹੁੰਚ ਕੇ ਵਜ਼ੀਰ ਹੋਇਆ ਸੀ। ਦਸਿਆ ਹੈ ਕਿ ਰਾਜਾ ਗੁਲਾਬ ਸਿੰਘ ਵਜ਼ੀਰ ਨੇ ਅੰਗਰੇਜ਼ਾਂ ਨੂੰ ਸੁਨੇਹਾ ਘਲਿਆ ਸੀ ਕਿ ਮੈਂ ਚਿਤੋਂ ਲਾਕੇ ਤੁਹਾਡੇ ਨਾਲ ਹਾਂ ਪਰ ਮੌਕੇ ਪਰ ਮੱਦਦ ਕਰਾਂਗਾ। ਅੰਗਰੇਜ਼ ਚਾਹੁੰਦੇ ਸੀ

ਲਾਹੌਰ ਸੰਭਾਲਨੇ ਦਾ ਏਹੀ ਮੌਕਾ ਹੈ। ਕਿਹਾ ਗਿਆ ਸੁਲਹ ਲਾਹੌਰ ਚਲਕੇ ਹੋਵੇ ਫੌਜਾਂ ਦਾ ਇੰਤਜ਼ਾਮ ਕਰੋ। ਰਾਜਾ ਗੁਲਾਬ ਸਿੰਘ ਨੇ ਕਿਹਾ ਫੌਜ ਪਰ ਮੇਰਾ ਕਾਬੂ ਨਹੀਂ ਪੈਂਦਾ ਅੰਤਮ ਫੈਸਲਾ ਹੋਇਆ ਦੋਨੋ ਧਿਰਾਂ ਇਸ ਬਾਤ ਪਰ ਸਹਿਮਤ ਹੋ ਗਈਆਂ ਕਿ ਅੰਗਰੇਜ਼ ਸਿਖਾਂ ਪਰ ਹਮਲਾ ਕਰਨਗੇ। ਜੰਗ ਵਿਚ ਸਿਖਾਂ ਦੇ ਹਾਰ ਖਾਣੇ ਪਰ ਲਾਹੌਰ ਦਰਬਾਰ ਵਲੋਂ ਫੌਜ ਦੇ ਹਟਾਏ ਜਾਨ ਦਾ ਐਲਾਨ ਹੋ ਜਾਊਗਾ। ਨਾਮ ਕਟੇ ਸਿਪਾਹੀ ਦੀ ਲਾਹੌਰ ਦਰਬਾਰ ਮੱਦਦ ਨਹੀਂ ਕਰੇਗਾ। ਅੰਗਰੇਜ਼ੀ ਫੌਜ ਨੂੰ ਦਰਿਆਇ ਸਤਲੁਜ ਦੇ ਪਾਰ ਹੋਣ ਵੇਲੇ ਕੋਈ ਰੋਕ ਨਾ ਹੋਵੇ ਗੀ ਫਤਹ ਕਰਨ ਹਾਰੀ ਅੰਗਰੇਜ਼ੀ ਫੌਜ ਬਿਨਾ ਰੋਕ ਟੋਕ ਦੇ ਸਿਧੀ ਲਾਹੌਰ ਪਹੁੰਚ ਜਾਵੇਗੀ (ਉਕਤ ਲਿਖਤ ਕਨਿੰਘਮ ਸਾਹਿਬ ਦੀ ਲੇਖਣੀ ਦੇ ਅਧਾਰ ਪਰ ਹੈ।)

ਖਾਲਸਾ ਦਰਬਾਰ ਲਾਹੌਰ ਨਾਲ ਸ਼ਰਤਾਂ ਆਦਿ

ਮਿਸਰ ਲਾਲ ਸਿੰਘ, ਗੁਲਾਬ ਸਿੰਘ, ਤੇਜ ਸਿੰਘ, ਆਦਿਕਾਂ ਦੀ ਕਾਰ ਗੁਜ਼ਾਰੀਆਂ ਕਰਕੇ ਸਭਰਾਉਂ ਦੀ ਜੰਗ ਦੀ ਖੇਡ ਖਤਮ ਕਰਕੇ, ਫੀਰੋਜ਼ਪੁਰ ਆਦਿ ਲੈਕੇ ਲਾਹੌਰ ਵਲ ਰੁਖ ਕੀਤਾ। ਰਾਜਾ ਗੁਲਾਬ ਸਿੰਘ ਨੇ ਗਵਰਨਰ ਜਨਰਲ ਨਾਲ ਮਹਾਰਾਜਾ ਦਲੀਪ ਸਿੰਘ ਨੂੰ ਲੈ ਜਾ ਕੇ ਮੁਲਾਕਾਤਾਂ ਅਰ ਹੇਰੀਆਂ ਫੇਰੀਆਂ ਸ਼ੁਰੂ ਕੀਤੀਆਂ। ਰਾਜਾ

ਗੁਲਾਬ ਸਿੰਘ ਨੇ ਸਿਖ ਦਰਬਾਰ ਵਡੇ ਤ੍ਰਾਨ ਨਾਲ ਕੀਤਾ ਜਿਸ ਪਰ ਲਾਰਡ ਡਲਹੌਜ਼ੀ ਗਵਰਨਰ ਜਨਰਲ ਖੁਦ ਪਹੁੰਚੇ ਅਰ ਗੁਲਾਬ ਸਿੰਘ ਡੋਗਰੇ ਨੇ ਸਿਖ ਫੌਜ ਦੀ ਤਾਕਤ ਇਥੋਂ ਤਕ ਬਰਬਾਦ ਕਰ ਦਿਤੀ ਕਿ ਲੋੜਵੰਦ ਥਾਵਾਂ ਪਰ ਅੰਗਰੇਜ਼ੀ ਫੌਜ ਦੇ ਪਹਿਰੇ ਲਗਵਾ ਦਿਤੇ ਅਰ ਕਿਲੇ ਵਿਚ ਗੋਰਾ ਫੌਜ ਲਿਆਂਦੀ।

ਜੰਗ ਦੇ ਹਰਜਾਨੇ ਵਿਚ ਰਾਜਾ ਗੁਲਾਬ ਸਿੰਘ ਨੇ ਪੰਦ੍ਰਾਂ ਕੁ ਲੱਖ ਰਾਜਾ ਸੁਚੇਤ ਸਿੰਘ ਵਾਲਾ ਅਰ ਸਠ ਲੱਖ ਪਾਸੋਂ ਦੇਕੇ ਪਛੱਤ੍ਰ ਲੱਖ ਵਿਚ ਤਾਂ ਪਹਿਲਾਂ ਜੰਮੂ (ਕਸ਼ਮੀਰ) ਅਪਣੀ ਝੋਲੀ ਵਿਚ ਪਵਾ ਲਿਆ। ਸਿਖ ਫੌਜ ਅਮਿਰਤਸਰ ਲਾਗੇ ਬੀਸ ਕੁ ਹਜ਼ਾਰ ਇਕਠੀ ਹੋਣ ਕਰਕੇ ਹਾਲੀ ਲਾਹੌਰ ਪਰ ਕਬਜ਼ਾ ਤਾਂ ਨਾ ਕਰਵਾਇਆ ਪਰ ਅਗੇ ਲਿਖੇ ਭਾਵ ਦੀਆਂ ਸ਼ਰਤਾਂ ਪਾਸ ਕਰਵਾਈਆਂ।

ਸਰਕਾਰ ਅੰਗਰੇਜ਼ੀ ਅਰ ਮਹਾਰਾਜਾ ਦਲੀਪ ਸਿੰਘ ਦੇ ਜਾ ਨਸ਼ੀਨਾਂ ਦੇ ਵਿਚਕਾਰ (ਪ੍ਰਸਪਰ) ਦਰਿਆਇ ਸਤਿਲੁਜ ਅਰ ਬਿਆਸਾ ਦੇ ਵਿਚਕਾਰਲਾ ਇਲਾਕਾ ਨਿਰੋਲ ਅੰਗਰੇਜ਼ੀ ਰਾਜ ਕੀਤਾ ਗਿਆ ਅਰ ਇਥੇ ਦੀ ਵਸੋਂ ਆਦਿਕ ਨਾਲ ਲਾਹੌਰ ਦਰਬਾਰ ਦਾ ਰੰਚਕ ਸਬੰਧ ਨਹੀਂ ਰਹੇਗਾ।

ਡੂਢ ਕਰੋੜ ਜੰਗ ਦੇ ਹਰਜਾਨੇ ਦੇ ਇਵਜ਼ ਵਿਚ ਕਸ਼ਮੀਰ ਹਜ਼ਾਰੇ ਆਦਿ ਦਾ ਇਲਾਕਾ, ਸੁਧੇ ਕਿਲਿਆਂ ਆਦਿਕ ਦੇ ਸਰਕਾਰ ਅੰਗਰੇਜ਼ੀ ਨੇ ਲੈ ਲਿਤਾ। ਬਾਕੀ ਪੰਜਾਹ ਲੱਖ ਸੁਲਾਹ ਨਾਮੇ ਦੀ ਤਸਦੀਕੀ ਪਰ ਲਾਹੌਰ ਦਰਬਾਰ ਦੇਵੇਗਾ।

ਪਿਛਲੀ ਤਨਖਾਹਾਂ ਦੇਕੇ ਜੰਗ ਕਰਨ ਵਾਲੀਆਂ ਫੌਜਾਂ ਹਟਾ ਦਿਤੀਆਂ ਜਾਣ ਅਰ ਹਥਿਆਰ ਲਏ ਜਾਣ, ਅਗੋਂ ਵਾਸਤੇ ਜੋ ਫੌਜ ਰਹੇ ਉਸਦੀ ਤਨਖਾਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜਿਤਨੀ ਮਿਲੇ। ਪਚੀਸ ਪਲਟਨਾਂ, ਬਾਰਾਂ ਹਜ਼ਾਰ ਘੋੜ ਚੜ੍ਹਾ ਰਹੇ ਇਸ ਥੀਂ ਵਧ ਫੌਜ ਨਾ ਰੱਖੀ ਜਾਵੇ। ਸਾਰੀ ਤੋਪਾਂ ਜੋ ਜੰਗ ਵਿਚ ਵਰਤੀਆਂ ਸਨ ਸਰਕਾਰ ਅੰਗ-ਰੇਜ਼ੀ ਦੇ ਹਵਾਲੇ ਹੋਣ। ਦਰਿਆਇ ਸਤਿਲੁਜ ਬਿਆਸ ਦੇ ਪੱਤਣਾਂ ਪਰ ਸਰਕਾਰ ਅੰਗਰੇਜ਼ੀ ਕਾਬਜ਼ ਰਹੇਗੀ।

ਸਿਖਾਂ ਦੇ ਇਲਾਕੇ ਵਿਚ ਦੀ ਲੋੜ ਅਨੁਸਾਰ ਅੰਗ-ਰੇਜ਼ੀ ਫੌਜ ਗੁਜ਼ਰ ਸਕੇਗੀ, ਫੌਜ ਦੇ ਰਸਦ ਆਦਿ ਦਾ ਜ਼ਿੰਮੇਵਾਰ ਲਾਹੌਰ ਦਰਬਾਰ ਹੋਊਗਾ। ਪਰ ਜੋ ਖਰਚ ਹੋਊਗਾ ਸਰਕਾਰ ਅੰਗਰੇਜ਼ੀ ਦੇਵੇਗੀ। ਲਾਹੌਰ ਦਰਬਾਰ ਕਿਸੇ ਇੰਗਲੈਂਡ ਜਾਂ ਅਮਰੀਕਨ ਆਦਿ ਦੇ ਅੰਗਰੇਜ਼ ਨੂੰ ਬਿਨਾ ਮਨਜ਼ੂਰੀ ਸਰਕਾਰ ਅੰਗਰੇਜ਼ੀ ਦੇ ਨੌਕਰ ਨਹੀਂ ਰਖ ਸਕਣਗੇ। ਆਦਿ ੨।

ਨੋਟ–ਸ਼ਰਤਾਂ ਦਾ ਝੰਦੇਲਾ ਐਸਾ ਹੁੰਦਾ ਹੈ ਕਿ ਇਸ ਵਿਚ ਵਡੇ ਵਡੇ ਸਿਆਸਤਦਾਨ ਭੀ ਆਪਣੀ ਲਿਖਤਾਂ ਨਾਲ ਗਲਤੀ ਵਿਚ ਆ ਜਾਂਦੇ ਹਨ। ਅੰਗਰੇਜ਼ਾਂ ਦੀ ਕਾਬਲੀਅਤ ਇਸ ਵਿਚ ਮਹਾਨ ਉਚੀ ਸੀ, ਸਿਖ ਦਰਬਾਰ ਵਲੋਂ ਮੰਨਣੇ ਵਾਲੇ ਓਹ ਸਨ ਜਿਨਾਂ ਦੇ ਕਿ ਪਲਿਓਂ ਕੁਝ ਜਾਂਦਾ ਹੀ ਨਹੀਂ ਸੀ। ਸੰਨ ੧੮੦੯ ਵਿਚ ਸ਼ੇਰੇ ਪੰਜਾਬ ਨੇ ਜਦੋਂ ਸ਼ਰਤਾਂ ਕੀਤੀਆਂ ਉਸਦੀਆਂ ਪੀੜਾਂ ਨੂੰ ਓਹ ਚੰਗੀ ਤਰਾਂ ਅਨੁਭਵ ਕਰਦਾ ਸੀ।

ਬਜ਼ੁਰਗਾਂ ਅਤੇ ਬਹਾਦਰਾਂ ਦੀ ਕਦਰ ਦਾ ਨਮੂਨਾ

ਅੰਗਰੇਜ਼ ਕੌਮ ਬਹੁਤ ਸਭ੍ਯ ਅਤੇ ਮਹਾਨ ਨੀਤੀਵੇਤਾ ਅਤੇ ਸਿਆਣੀ ਹੈ। ਇਨਾਂ ਵਿਚ ਆਪਣੇ ਬਜ਼ੁਰਗਾਂ ਅਤੇ ਬਹਾਦਰਾਂ ਦੀ ਕਦਰ ਅਤੇ ਮਾਣ ਦੇ ਵਲਵਲੇ ਭਰੇ ਪਏ ਹਨ ਇਨਾਂ ਦੀ ਤਰੱਕੀ ਦਾ ਵੱਡਾ ਕਾਰਨ ਭੀ ਇਹੋ ਹੈ, ਇਤਿਹਾਸ ਵਿਚ ਮੇਜਰ ਸਮਿਥ (Sir Harry G. W. Simith.) ਦਾ ਕਈ ਥਾਂ ਜ਼ਿਕਰ ਔਂਦਾ ਹੈ। ਇਹ ਗਿਨਤੀ ਦਾਂ ਬਹਾਦਰ ਸੀ ਜੋ ਕਿ ਸੰਨ ੧੮੩੯ ਈ: ਵਿਚ ਹਿੰਦੀ ਫੌਜਾਂ ਦਾ ਵਾਇਸ ਜਰਨੈਲ ਬਣਕੇ ਵਲੈਤੋਂ ਆਇਆ ਸੀ ਇਸਨੇ ਫਰਾਂਸ ਦੇ ਨਿਪੋਲੀਅਨ ਵਾਲੇ ਜੰਗ ਵਿਚ ਅੰਗਰੇਜ਼ਾਂ ਵਲੋਂ ਬਹੁਤ ਬਹਾਦਰੀ ਦਖਲਾਈ ਸੀ। ਜਿਸ ਵੇਲੇ ਸਿਖਾਂ ਨਾਲ ਸਤਿਲੁਜ ਪਾਸ ਅੰਗਰੇਜ਼ਾਂ ਦੀ ਜੰਗ ਹੋਈ, ਇਸ ਬਹਾਦਰ ਨੇ ਅਲੀਵਾਲ ਦੇ ਮੈਦਾਨ ਵਿਚ ਅੰਗਰੇਜ਼ੀ ਰਾਜ ਲਈ ਗਜ਼ਬ ਦੀ ਬਹਾਦਰੀ ਨਾਲ ਜੰਗ ਕੀਤੀ। ਜਿਸ ਪਰ ਕਿ ਸਰਕਾਰ ਅੰਗਰੇਜ਼ੀ ਨੇ ਇਸ ਨੂੰ ਸੰਨ ੧੮੪੭ ਈ: ਵਿਚ ਕੇਪ ਆਫ ਗੁਡ ਹੋਪ ਦਾ ਗਵਰਨਰ ਥਾਪਿਆ ਸੀ, ਇਸ ਬਹਾਦਰ ਨੇ ਸੰਨ ੧੮੬੦ ਈ: ਵਿਚ ਚਲਾਣੇ ਕੀਤੇ, ਇਸ ਦੇ ਨਾਮ ਪਰ ਮੁਲਕ ਅਫਰੀਕਾ ਵਿਖੇ ਅਲੀਵਾਲ ਅਰ ਹੈਰੀ ਸਮਿੱਥ ਦੀ ਲੇਡੀ ਸਮਿਥ ਦੇ ਨਾਮ ਪਰ ਭੀ ਇਕ ਨਗਰ ਕਾਇਮ ਹੈ। ਪਰੰਤੂ ਸਿਖਾਂ ਨੂੰ ਅਲੀਵਾਲ ਦੇ ਜੰਗ ਵਿਚ ਬਹਾਦਰੀ ਨਾਲ ਲੜਨ ਵਾਲੇ ਜਾਂ ਸ਼ਹੀਦਾਂ ਦੇ ਨਾਮ ਤੀਕਰ ਭੀ ਚੇਤੇ ਨਹੀਂ ਹਨ ਯਾਦਗਾਰਾਂ ਤਾਂ ਕਿਸ ਕਾਇਮ ਕਰਨੀਆਂ ਸਨ।

ਅਹਿਦਨਾਮੇ ਜਾਂ ਸ਼ਰਤਾਂ

ਮਹਾਰਾਜਾ ਦਲੀਪ ਸਿੰਘ ਦੇ ਨਾਮ ਪਰ ਸਰਕਾਰ ਅੰਗਰੇਜ਼ੀ ਅਤੇ ਖਾਲਸਾ ਦਰਬਾਰ ਵਿਚਕਾਰ ਜੋ ਸ਼ਰਤਾਂ ਜਾਂ ਅਹਿਦਨਾਮੇ ਪਾਲਕਾਂ ਜਾਂ ਰਾਜ ਸੰਭਾਲਕਾਂ ਨੇ ਸਮੇਂ ਸਮੇਂ ਕੀਤੇ ਸਨ, ਪਾਠਕਾਂ ਦੀ ਗਿਆਤ ਹਿਤ ਉਨਾਂ ਦਾ ਸਾਰ ਤੱਤ (ਨਿਚੋੜ) ਅਗੇ ਦਿਤਾ ਜਾਂਦਾ ਹੈ।

੯ ਮਾਰਚ ੧੮੪੬ ਨੂੰ ਦੂਜੀ, ਤੀਜੀ ਤੇ ਚੌਥੀ ਸ਼ਰਤ ਦੁਆਰਾ ਮਹਾਰਾਜੇ ਨੇ ਆਪਣਾ ਆਪਣੇ ਵਾਰਸਾਂ ਤੇ ਜਾਂਨਸ਼ੀਨਾਂ ਵਲੋਂ ਸਤਲੁਜ ਦਖਣ ਦੇ ਇਲਾਕੇ ਉਪਰ ਹਰ ਤਰਾਂ ਦਾ ਦਾਹਵਾ ਜਾਂ ਨਬੰਧ ਤਿਆਗ ਦਿਤਾ। ਸਤਲੁਜ ਤੇ ਬਿਆਸ ਦਾ ਵਿਚਲਾ ਇਲਾਕਾ (ਦੁਆਬਾ ਜਲੰਧਰ) ਅੰਗਰੇਜ਼ੀ ਸਰਕਾਰ ਦੇ ਅਰਪਨ ਕਰ ਦਿਤਾ ਤੇ ਕਸ਼ਮੀਰ ਤੇ ਪਹਾੜੀ ਦੇਸ਼ ਰਾਜਾ ਗੁਲਾਬ ਸਿੰਘ ਦਾ ਰਾਜ ਬਣਨ ਲਈ ਦੇ ਦਿਤੇ। ਸੱਤਵੀਂ ਸ਼ਰਤ ਦੁਆਰਾ ਲਾਹੌਰ ਰਾਜ ਦੀ ਬਕਾਇਦਾ ਫੌਜ ਵਿਚ ਅਗੇ ਲਈ ੨੫ ਬਟਾਲੀਅਨ ਪੈਦਲ ਤੇ ੧੨੦੦੦ ਸਿਪਾਹੀ ਹੋ ਸਕਦੇ ਸਨ। ਇਸਤੋਂ ਵਧ ਫੌਜ ਬਿਨਾਂ ਅੰਗਰੇਜ਼ੀ ਸਰਕਾਰ ਦੀ ਪ੍ਰਤੱਖ ਆਗਿਆ ਦੇ ਨਹੀਂ ਰਖੀ ਜਾ ਸਕਦੀ ਸੀ।

ਨੌਵੀਂ ਸ਼ਰਤ ਦੁਆਰਾ ਅਟਕ, ਬਿਆਸ ਤੇ ਸਤਲੁਜ ਦੇ Tolls, Ferries ਪੁਲਾਂ ਦੇ ਮਹਿਸੂਲ ਤੇ ਬੇੜੀਆਂ ਦੇ ਮਹਸੂਲ ਦਾ ਪ੍ਰਬੰਧ ਅੰਗਰੇਜ਼ੀ ਸਰਕਾਰ ਦੇ ਹੱਥ ਦਿਤਾ ਗਿਆ ਕੇਵਲ ਪਹਿਲੇ ਖਬਰ ਦਿਤੀ ਜਾਣੀ ਜ਼ਰੂਰੀ ਸੀ। ਯਾਰਵੀਂ ਸ਼ਰਤ ਦੁਆਰਾ ਕੋਈ ਯੂਰਪੀਨ ਜਾਂ ਅਮਰੀਕਨ,

ਬਿਨਾਂ ਅੰਗਰੇਜ਼ੀ ਸਰਕਾਰ ਦੀ ਆਗਿਆ ਦੇ ਪੰਜਾਬ ਰਾਜ ਵਿਚ ਨੌਕਰ ਨਹੀਂ ਰਖਿਆ ਜਾ ਸਕਦਾ ਸੀ। ਬਾਰਵੀਂ ਤੇ ਤੇਰਵੀਂ ਸ਼ਰਤ ਦੁਆਰਾ ਰਾਜਾ ਗੁਲਾਬ ਸਿੰਘ ਖੁਦ ਮੁਖਤਾਰ ਪਾਤਸ਼ਾਹੀ ਮੰਨੀ ਗਈ ਸੀ ਤੇ ਅਗੋਂ ਲਈ ਉਸਤ ਲਾਹੌਰ ਰਾਜ ਦੇ ਆਪੋ ਵਿਚ ਦੇ ਝਗੜੇ ਤੇ ਵਿਰੋਧ ਅੰਗਰੇਜ਼ੀ ਸਰਕਾਰ ਨੂੰ ਦਸੇ ਜਾਣੇ ਸਨ। ਚੌਧਵੀਂ ਸ਼ਰਤ ਦੁਆਰਾ ਅੰਗਰੇਜ਼ੀ ਸਰਕਾਰ ਦੀ ਸਲਾਹ ਬਿਨਾਂ ਅਗੋਂ ਲਈ ਕੋਈ ਇਲਾਕਾ ਨਹੀਂ ਲੀਤਾ ਜਾਣਾ ਸੀ।

ਨੋਟ—ਗਿਆਰਾਂ ਮਾਰਚ ਨੂੰ ਇਕ ਹੋਰ ਤਬਦੀਲੀ ਹੋਈ ਦਸੀ ਹੈ ਕਿ ਜੋ ਫੌਜ ਸਰਕਾਰ ਨੇ ਰਖਣੀ ਹੈ, ਉਹ ਸੰਨ ੧੯੪੬ ਤੋਂ ਬਾਦ ਰਖੀ ਜਾਊਗੀ। ਹੋਰ ਆਰਡਰ ਨਿਕਲ ਗਏ ਕਿ ਜਿਥੇ ਭੀ ਨਵੀਂ ਭਰਤੀ ਰਖੀ ਜਾਵੇ ਉਸ ਦੀ ਇਤਲਾਹ ਸਰਕਾਰ ਨੂੰ ਮਿਲੇ। ਜੇ ਗੜਬੜ ਹੁੰਦੀ ਦਿਸੇ, ਸ਼ਰਤਾਂ ਨੂੰ ਬਦਲ ਦਿਤਾ ਜਾਊਗਾ। ਜੋ ਜਾਗੀਰਦਾਰ ਜਾਂ ਉਨਾਂ ਦੀਆਂ ਜਾਗੀਰਾਂ ਸਰਕਾਰ ਅੰਗਰੇਜ਼ੀ ਦੇ ਮਾਤਹਿਤ ਹੋ ਗਈਆਂ ਹਨ, ਉਨਾਂ ਦੀਆਂ ਜਾਗੀਰਾਂ ਕਾਇਮ ਰਹਿਣਗੀਆਂ। ਮਾਲ ਗੁਜ਼ਾਰੀ ਮਾਰਫਤ ਸਰਕਾਰ ਅੰਗਰੇਜ਼ੀ ਦਲਾ ਦਿਤੀ ਜਾਇਆ ਕਰੇਗੀ, ਜੋ ਮਾਲ ਕਿਲਿਆਂ ਆਦਿ ਵਿਚ ਹੈ ਮਲਕੀਅਤ ਸਰਕਾਰ ਅੰਗਰੇਜੀ ਹੈ। ਚਾਹੇ ਕੁਝ ਕਰੇ (ਬਿਨਾਂ ਤੋਪਾਂ ਦੇ) ਹਦ ਬੰਦੀ ਕਰੌਣ ਵਾਸਤੇ ਦੋਹਾਂ ਸਰਕਾਰਾਂ ਦੇ ਦੋ ਦੋ ਆਦਮੀ ਨੀਯਤ ਹੋਣ। ਲੋੜ ਅਨੁਸਾਰ ਹੋਰ ਭੀ ਕਈ ਸ਼ਰਤਾਂ ਅਤੇ ਐਲਾਨ ਹੁੰਦੇ ਰਹਿੰਦੇ, ਜਿਨਾਂ ਵਿਚ ਕਿ ਦੁਆਬੇ ਦਾ ਇਲਾਕਾ ਕੰਪਨੀ ਦੇ ਅਧੀਨ ਹੋ ਗਿਆ, ਡੂਢ ਕਰੋੜ ਰੁਪਏ ਜੰਗ ਦੇ ਹਰਜਾਨੇ

ਵਿਚੋਂ ਇਕ ਕਰੋੜ ਰੁਪਏ ਬਦਲੇ ਇਲਾਕਾ ਹਜਾਰਾ ਅਤੇ ਕਸ਼ਮੀਰ ਛਡੇ ਗਏ, ਸੋਲਾਂ ਤੋਪਾਂ ਜੋ ਸਿਖਾਂ ਨੇ ਜੰਗ ਵਿਚ ਵਰਤੀਆਂ ਸਨ ਜ਼ਬਤ ਹੋ ਗਈਆਂ, ਖਾਲਸਾ ਦਰਬਾਰ ਨੂੰ ਕਿਸੇ ਯੂਰਪੀਨ ਦੇ ਨੌਕਰ ਰਖਨ ਦੇ ਅਧਿਕਾਰ ਨਾਂ ਰਹੇ। ਅੰਗਰੇਜ਼ੀ ਫੌਜਾਂ ਲਾਹੌਰ ਰਹਿਕੇ ਅਮਨ ਰਖਣ ਜਿਨਾਂ ਦਾ ਖਰਚਾ ਖਾਲਸਾ ਦਰਬਾਰ ਦੇਵੇਗਾ ਆਦਿ ਆਦਿ। ੧੧ ਮਾਰਚ ਸੰਨ ੧੮੪੬ ਨੂੰ ਮਹਾਰਾਜਾ ਵਲੋਂ ਭੀ ਇਕ ਦਰਖਾ-ਸਤ ਦਿਤੀ ਗਈ ਸੀ ਕਿ ਮੇਰੀ ਜਾਨ ਮਾਲ ਦੀ ਰਾਖੀ ਲਈ ਲਾਹੌਰ ਵਿਚ ਅੰਗਰੇਜ਼ੀ ਫੌਜ ਰਹੇ ਜਿਸ ਦਾ ਕਾਰਨ ਖਾਲਸਾ ਫੌਜ ਪਰ ਬੇਇਤਬਾਰੀ ਹੋਈ।

ਇਕ ਕੌਂਸਲ ਭੀ ਬਨਾਈ ਗਈ ਸੀ ਜਿਸ ਵਿਚ ਕਿ ਰਾਜਾ ਦੀਨਾ ਨਾਥ, ਰਾਜਾ ਸ਼ੇਰ ਸਿੰਘ ਅਟਾਰੀ, ਵਜ਼ੀਰ ਲਾਲ ਸਿੰਘ ਮਿਸਰ, ਰਾਜਾ ਤੇਜ ਸਿੰਘ ਮਿਸਰ ਆਦਿ ਸਨ ਅਤੇ ਮਹਾਰਾਨੀ ਜਿੰਦ ਕੌਰ ਨੂੰ ਸਰਪ੍ਰਸਤ ਨੀਯਤ ਕੀਤਾ ਗਿਆ, ਮਹਾਰਾਜਾ ਅਤੇ ਰਾਜ ਮਾਤਾ ਦਾ ਇਕ ਲੱਖ ਰੁਪਿਆ ਮਹੀਨੇ ਦਾ ਖਰਚਾ ਨੀਯਤ ਹੋ ਗਿਆ। ਇਕੁਰ ਦੀਆਂ ਸ਼ਰਤਾਂ ਨਾਲ ਅਜ਼ਾਦ ਖਾਲਸੇ ਪਿੰਜਰੇ ਬੰਦ ਹੁੰਦੇ ਗਏ।

ਭੈਰੋਵਾਲ ਵਾਲਾ ਅਹਿਦਨਾਮਾ

ਇਸ ਅਹਿਦਨਾਮੇ ਦੀਆਂ ੧੧ ਸ਼ਰਤਾਂ ਸਨ ਤੇ ਲਾਹੌਰ ਦਰਬਾਰ ਵਲੋਂ ਇਸ ਤੇ ੧੩ ਸਰਦਾਰਾਂ ਦੀ ਸਹੀ ਹੈ, ਜਿਨਾਂ ਵਿਚੋਂ ੧੦ ਸਿਖ ਤੇ ਦੋ ਹਿੰਦੂ ਤੇ ਇਕ ਮੁਸਲਮਾਨ ਸੀ। ਇਹ ਅਹਿਦਨਾਮਾ ੧੬ ਦਸੰਬਰ ੧੮੪੬ ਨੂੰ

ਹੋਇਆ ਸੀ ਉਸਦਾ ਸਾਰ ਤੱਤ ਇਉਂ ਹੈ:-

ਦਫਾ ੧-ਅੰਗਰੇਜ਼ੀ ਸਰਕਾਰ ਤੇ ਲਾਹੌਰ ਰਾਜ ਦੇ ਵਿਚ ਜੋ ਸੁਲਹ ਦਾ ਅਹਿਦਨਾਮਾ ੯ ਮਾਰਚ ੧੮੪੬ ਨੂੰ ਹੋਇਆ, ਉਸ ਦੇ ਹਰ ਇਕ ਭਾਗ ਦੀ ਦੋਨੋਂ ਸਰਕਾਰਾਂ ਪਾਬੰਦ ਰਹਿਣਗੀਆਂ ਸਿਵਾਇ ਉਸ ਅਹਿਦਨਾਮੇ ਦੀ ਦਫਾ ਪੰਦਰਾਂ ਦੇ ਜਿਹੜੀ ਇਸ ਅਹਿਦਨਾਮੇ ਦੁਆਰਾ ਤਰਮੀਮ ਕੀਤੀ ਗਈ ਹੈ।

ਦਫਾ ੨-ਇਕ ਅੰਗਰੇਜ਼ ਔਹਦੇਦਾਰ, ਜਿਸ ਦੇ ਨਾਲ ਨਾਇਬ ਦਾ ਲਾਇਕ ਅਮਲ ਹੋਵੇਗਾ, ਗਵਰਨਰ ਜਨਰਲ ਵਲੋਂ ਨੀਯਤ ਹੋ ਕੇ ਲਾਹੌਰ ਰਹੇਗਾ। ਇਸ ਦੇ ਔਹਦੇਦਾਰ ਨੂੰ ਰਾਜ ਦੇ ਹਰ ਇਕ ਹਿਸੇ ਤੇ ਹਰ ਇਕ ਮੁਆਮਲੇ ਦੇ ਚਲਾਣ ਜਾਂ ਪ੍ਰਬੰਧ ਕਰਨ ਦੇ ਪੂਰੇ ਵਸੀਕਾਰ ਹੋਣਗੇ। ਦਫ, ੩-ਰਾਜ ਦਾ ਪ੍ਰਬੰਧ ਕਰਨ ਵਿਚ ਲੋਕਾਂ ਦੇ ਜਜ਼ਬਾਤ ਦਾ ਕੌਮੀ ਆਸ਼ਰਮ ਰਿਵਾਜ ਕਾਇਮ ਰਖਣਾਂ ਤੇਸਾਰੀਆਂ ਸਰੇਣੀਆਂ ਦੇ ਠੀਕ ਠੀਕ ਹੱਕਾਂ ਦਾ ਪੂਰਾ ਪੂਰਾ ਖਿਆਲ ਰਖਿਆ ਜਾਵੇਗਾ। ਦਫਾ ੪-ਪ੍ਰਬੰਧ ਦੇ ਢੰਗ ਤੇ ਵੇਰਵੇ ਵਿਚ ਅਦਲਾ ਬਦਲੀ ਨਹੀਂ ਕੀਤੀ ਜਾਵੇਗੀ, ਸਵਾਇ ਇਸ ਦੇ ਕਿ ਇਸ ਤੋਂ ਪਹਿਲਾਂ ਲਿਖੀ ਦਫਾ ਦੇ ਮੰਤਵ ਪੂਰੇ ਕਰਨ ਲਈ ਜਾਂ ਲਾਹੌਰ ਸਰਕਾਰ ਦੇ ਠੀਕ ਠੀਕ ਲਹਿਣੇ ਨੂੰ ਪੱਕਿਆਂ ਕਰਨ ਲਈ ਕੋਈ ਬਦਲੀ ਕੀਤੀ ਜਾਵੇ ਮੌਜੂਦਾ ਸੂਰਤ ਦੇ ਮੁਤਾਬਕ ਇਹ ਵੇਰਵੇ ਦੇਸੀ ਅਫਸਰਾਂ ਪਾਸੋਂ ਹੀ ਕਰਾਏ ਜਾਣਗੇ ਜਾਂ ਦੇਸੀ ਅਹੁਦੇਦਾਰ ਰੈਜੰਸੀ ਦੀ ਕੌਂਸਲ ਵਲੋਂ ਨੀਯਤ ਹੋਣਗੇ ਕੌਂਸਲ ਵਡੇ ਵਡੇ ਸਰਦਾਰਾਂ ਤੇ ਰਈਸਾਂ ਦੀ ਹੋਵੇਗੀ ਤੇ

ਅੰਗਰੇਜ਼ੀ ਰੈਜੀਡੈਂਟ ਦੇ ਕਈ ਵਸੀਕਾਰ ਤੇ ਹਦਾਇਤ ਮੁਤਾਬਕ ਕੰਮ ਕਰੇਗੀ। ਦਫਾ ੫-ਪਹਿਲਾਂ ਹੇਠ ਲਿਖੇ ਆਦਮੀਆਂ ਦੀ ਕੌਂਸਲ ਬਣਾਈ ਗਈ ਹੈ। ਸਰਦਾਰ ਤੇਜ ਸਿੰਘ, ਸ: ਸ਼ੇਰ ਸਿੰਘ ਅਟਾਰੀ ਵਾਲੇ, ਦੀਵਾਨ ਦੀਨਾ ਨਾਥ ਫਕੀਰ ਨੂਰ ਦੀਨ, ਸ: ਰਣਜੋਧ ਸਿੰਘ ਮਜੀਠੀਆ, ਭਾਈ ਨਿਧਾਨ ਸਿੰਘ, ਸ: ਅਤਰ ਸਿੰਘ ਕਾਲੇ ਵਾਲਾ, ਸ: ਸ਼ਮਸ਼ੇਰ ਸਿੰਘ ਸੰਧਾਵਾਲੀਆ, ਇਨਾਂ ਨੀਯਤ ਕੀਤੇ ਆਦਮੀਆਂ ਵਿਚੋਂ ਕੋਈ ਬਦਲੀ ਅੰਗਰੇਜ਼ੀ ਰੈਜੀਡੈਂਟ ਦੀ ਪ੍ਰਵਾਨਗੀ ਬਿਨਾਂ ਜਿਹੜਾ ਗਵਰਨਰ ਜਨਰਲ ਦੀ ਆਗਿਆ ਅਨੁਸਾਰ ਕੰਮ ਕਰੇਗਾ, ਨਹੀਂ ਹੋ ਸਕੇਗੀ। ਦਫਾ ੬-ਦੇਸ਼ ਦਾ ਪ੍ਰਬੰਧ ਕੌਂਸਲ ਆਫ ਰੈਜੰਸੀ ਉਸ ਤਰੀਕੇ ਤੇ ਕਰੇਗੀ ਜਿਹੜਾ ਉਹ ਆਪੋ ਵਿਚ ਅੰਗਰੇਜ਼ੀ ਰੈਜੀਡੈਂਟ ਦੀ ਸਲਾਹ ਨਾਲ ਪਕਾਣ, ਰੈਜ਼ੀਡੈਂਟ ਨੂੰ ਹਰ ਇਕ ਸੀਗੇ ਦੇ ਫਰਜ਼ਾਂ ਦੇ ਵਸ ਵਿਚ ਰਖਣ ਤੇ ਰਾਹੇ ਪਾਣ ਦਾ ਪੂਰਾ ਪੂਰਾ ਅਧਿਕਾਰ ਹੋਵੇਗਾ। ਦਫਾ ੭-ਇਤਨੀ ਗਿਣਤੀ ਦੀ ਇਤਨੀ ਤਾਕਤ ਵਾਲੀ ਤੇ ਉਨਾਂ ਥਾਵਾਂ ਤੇ ਜੋ ਕਿ ਗਵਰਨਰ ਜਨਰਲ ਨਿਯਤ ਕਰੇ। ਅੰਗਰੇਜ਼ੀ ਫੌਜ ਮਹਾਰਾਜੇ ਦੀ ਰਖ੍ਯਾ ਲਈ ਤੇ ਦੇਸ਼ ਵਿਚ ਸ਼ਾਂਤੀ ਕਾਇਮ ਰਖਣ ਲਈ ਲਾਹੌਰ ਵਿਚ ਰਹੇਗੀ। ਦਫਾ ੮-ਗਵਰਨਰ ਜਨਰਲ ਨੂੰ ਖੁਲ ਹੋਵੇਗੀ ਕਿ ਓਹ ਲਾਹੌਰ ਰਾਜ ਵਿਚ ਕਿਲੇ ਜਾਂ ਫੌਜੀ ਚੌਂਕੀ ਵਿਚ ਅੰਗਰੇਜ਼ੀ ਫੌਜ ਰਖ ਦੇਵੇ। ਜਿਸ ਨੂੰ ਕਾਬੂ ਰਖਣਾ ਰਾਜਧਾਨੀ ਦੀ ਰਖ੍ਯਾ ਲਈ ਜਾਂ ਦੇਸ਼ ਦਾ ਅਮਨ ਕਾਇਮ ਰਖਨ ਲਈ ਅੰਗਰੇਜ਼ੀ ਸਰਕਾਰ ਜਰੂਰੀ ਸਮਝੇ। ਦਫਾ ੯-ਇਸ ਫੌਜ

ਦੇ ਖਰਚ ਖੁਰਾਕ ਵਲੋਂ· ਤੇ ਜੋ ਕੁਝ ਖਰਚ ਅੰਗਰੇ ਸਰਕਾਰ ਨੂੰ ਬਾਈ ਲਖ ਨਵੇ, ਨਾਨਕ ਸ਼ਾਹੀ ਰੁਪਯੇ ਪੂਰੀ ਗਿਨਤੀ ਤੇ ਤੋਲ ਦੇ ਵਾਰਸਕ ਅਦਾ ਕਰੇਗਾ। ਇਹ ਰਕਮ ਦੋ ਕਿਸ਼ਤਾਂ ਵਿਚ ੧੩੨੦੦੦੦) ਮਈ ਜਾਂ ਜੂਨ ਵਿਚ ਤੇ ੮੮੦੦੦੦) ਦਸੰਬਰ ਵਿਚ । ਦਫਾ ੧੦–ਇਹ ਚੂੰਕਿ ਯੋਗ ਹੈ ਕਿ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਦੇ ਆਪਣੇ ਤੇ ਆਪਣੇਨੌਕਰਾਂ ਵਗੈਰਾ ਦੇ ਖਰਚ ਖੁਰਾਕ ਵਜੋਂ ਯੋਗ ਪ੍ਰਬੰਧ ਹੋਣਾ ਜਰੂਰੀ ਹੈ ਇਸ ਲਈ ੧੫੦੦੦੦) ਦੀ ਰਕਮ ਹਰ ਵਰੇ ਵਖਰੀ ਕਰ ਦਿਤੀ ਜਾਵੇ ਗੀ ਤੇ ਓਹਦੇ ਉਪਰ ਮਹਾਰਾਣੀ ਨੂੰ ਪੂਰਾ ਵਸੀਕਾਰ ਹੋਵੇਗਾ। ਦਫਾ ੧੧– ਇਸ ਅਹਿਦਨਾਮੇ ਦੀਆਂ ਸ਼ਰਤਾਂ ਹਿਜ਼ ਹਾਈਨੈਸ ਮਹਾਰਾਜਾ ਦਲੀਪ ਸਿੰਘ ਦੀ ਨਾਬਾਲਗੀ ਵਿਚ ਕਾਇਮ ਰਹਿਣਗੀਆਂ ਅਤੇ ਜਦੋਂ ਹਿਜ਼ ਹਾਈਨੈਸ ਪੂਰੇ ੧੬ ਵਰਿਆਂ ਦੇ ਹੋ ਜਾਣਗੇ ਅਰਥਾਤ ੪ ਸਤੰਬਰ ੧੮੫੪ ਨੂੰ ਇਨਾਂ (ਸ਼ਰਤਾਂ) ਦਾ ਅੰਤ ਹੋ ਜਾਵੇ ਗਾ ਪਰੰਤੂ ਗਵਰਨਰ ਜਨਰਲ ਨੂੰ ਅਧਿਕਾਰ ਹੋਵੇਗਾ ਕਿ ਹਿਜ਼ ਹਾਈ ਨੈਸ ਦੇ ਬਾਗੀ ਹੋਣ ਤੋਂ ਪਹਿਲਾਂ ਕਿਸੇ ਸਮੇਂ ਇਸ ਪ੍ਰਬੰਧਕਾਂ ਨੂੰ ਸਮਾਪਤ ਕਰ ਦੇਵੇ, ਜਦ ਕਿ ਗਵਰਨਰ ਜਨਰਲ ਤੇ ਲਾਹੌਰ ਦਰਬਾਰ ਨੂੰ ਤਸੱਲੀ ਹੋ ਜਾਵੇ ਕਿ ਹਿਜ਼ ਹਾਈ ਨੈਸ ਮਹਾਰਾਜ ਦੀ ਸਰਕਾਰ ਦੇ ਕਾਇਮ ਰਖਨ ਲਈ ਅੰਗਰੇਜੀ ਸਰਕਾਰ ਦੇ ਦਖਲ ਦੇਣ ਦੀ ਅਗੋਂ ਲਈ ਲੋੜ ਨਹੀਂ ਰਹੀ।

ਨੋਟ–ਜਿਲਾ ਅੰਮ੍ਰਿਤਸਰ ਵਿਖੇ ਤਰਨ ਤਾਰਨ ਤੋਂ ਦਸਾਂ ਕੁ ਮੀਲਾਂ ਪਟ ਨਗਰ ਭਰੋਵਾਲ ਹੈ । ਇਥੇ ਇਹ

ਅਹਿਦਨਾਮਾਂ ਬਣਨੇ ਕਰਕੇ ਭਰੋਵਾਲ ਦਾ ਅਹਿਦਨਾਮਾ ਕਹੌਂਦਾ ਹੈ ।

ਅਗਲਾ ਕਦਮ

ਚੂੰਕਿ ਸਰਕਾਰ ਅੰਗਰੇਜ਼ੀ ਦੀਆਂ ਸ਼ਰਤਾਂ ਅਨੁਸਾਰ ਲਾਹੌਰ ਫੌਜ ਰਖਣੇ ਦਾ ਸਮਾਂ ਪੂਰਨ ਹੋ ਚੁਕਿਆ ਸੀ । ਇਸ ਲਈ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤਕ ਫੌਜ ਲਈ ਰਹਿਣ ਦੀ ਸ਼ਰਤ ਹੋਰ ਬੱਝ ਗਈ । ੧੮ ਦਸੰਬਰ ਸੰਨ ੧੮੪੬ ਨੂੰ ਇਕ ਹੋਰ ਨਵਾਂ ਅਹਿਦਨਾਮਾਂ ਬਣ ਗਿਆ ਸੀ ਜਿਸ ਦਾ ਸੰਖੇਪ ਭਾਵ ਇਓਂ ਸੀ ਕਿ 'ਜੋ ਪਹਿਲਾਂ ਇਹ ਸ਼ਰਤ ਸੀ ਕਿ ਸਰਕਾਰ ਅੰਗਰੇਜ਼ੀ ਲਾਹੌਰ ਦਰਬਾਰ ਦੇ ਇੰਤਜਾਮ ਵਿਚ ਦਖਲ ਨਾ ਦੇਵੇਗੀ ਸੋ ਅਗੇ ਨੂੰ ਦਖਲ ਦੇਣਾ ਪ੍ਰਵਾਨ ਹੋ ਗਿਆ ਭਾਵ ਲਾਹੌਰ ਇਕ ਅੰਗਰੇਜ਼ ਰਹੇ ਅਤੇ ਉਸ ਦੇ ਹਥਾਂ ਵਿਚ ਸਾਰਾ ਇੰਤਜਾਮ ਰਹੇਗਾ ਆਦਿ।'

ਇਨਾਂ ਸ਼ਰਤਾਂ ਨਾਲ ਕਿਸੇ ਦੇ ਭੀ ਹਥਾਂ ਵਿਚ ਭੀ ਤਾਕਤ ਨਾ ਰਹੀ ਸੀ। ਬਲਕਿ ਮਹਾਰਾਣੀ ਜਿੰਦ ਕੌਰ ਦੀ ਸਰਬਰਾਹੀ ਵਾਲੀ ਕਨੌਂਡ ਭੀ ਟੁਟ ਗਈ ਅਰ ਅਗੇ ਲਈ ਕੌਂਸਲ ਆਫ ਰੇਜੰਸੀ ਬਣਾ ਦਿਤੀ ਸੀ। ਜਿਸ ਵਿਖੇ ਫਕੀਰ ਨੂਰਉਦੀਨ, ਦੀਨਾ ਨਾਥ ਦੀਵਾਨ, ਸ: ਸ਼ੇਰ ਸਿੰਘ ਅਟਾਰੀ, ਸ: ਲਾਲ ਸਿੰਘ ਮਰਾੜੀਆ, ਸ: ਅਤਰ ਸਿੰਘ, ਸ: ਅਰਜਨ ਸਿੰਘ, ਸ: ਕਾਹਨ ਸਿੰਘ, ਰਾਇ ਕਿਸ਼ਨ ਚੰਦ, ਸ: ਤੇਜ ਸਿੰਘ, ਰਣਜੋਧ ਸਿੰਘ ਮਜੀਠਾ, ਸ: ਕੇਹਰ ਸਿੰਘ, ਸ: ਨਿਧਾਨ ਸਿੰਘ ਆਦਿ ਸਨ ਅਤੇ ਗਵਰਨਰ ਜਿਤਨੀ ਫੌਜ

ਠੀਕ ਸਮਝੇ ਰਖੇ। ਬਿਨਾਂ ਰੈਜੀਡੈਂਟ ਦੀ ਮਨਜ਼ੂਰੀ ਦੇ ਹੋ ਅਦਲਾ ਬਦਲੀ ਨਹੀਂ ਹੋਊਗੀ। ਉਕਤ ਕੌਂਸਲ ਦੇ ਸਿਰ-ਕਰਦੇ ਰੈਜੀਡੈਂਟ ਸਾਹਿਬ (ਅੰਗਰੇਜ ਅਫਸਰ) ਹੋਣਗੇ। ਫੌਜ ਆਦਿ ਦੇ ਖਰਚ ਜ਼ਿੰਮੇ ਦਰਬਾਰ ਦੇ ਪਾਏ ਗਏ ਸੀ। ਮਹਾਰਾਣੀ ਜਿੰਦ ਕੌਰ ਲਈ ਡੂਢ ਲਖ ਰੁਪਿਆ ਖਰਚ ਦਾ ਰਹਿ ਗਿਆ ਜੋ ਕਿ ਮਹਾਰਾਜਾ ਦਲੀਪ ਸਿੰਘ ਦੀ ਮਨਸ਼ਾ ਨਾਲ ਖਰਚ ਕਰੇ। ਅਠਾਰਾਂ ਦਸੰਬਰ ਵਾਲੀਆਂ ਸ਼ਰਤਾਂ ਦੀ ਮੁਨਿਆਦਿ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤੀਕਰ ਸਨ ਭਾਵ ੪ ਸਤੰਬਰ ਸੰਨ ੧੮੫੪ ਈ: ਨੂੰ ਗਵਰਨਰ ਜਨਰਲ ਨੇ ਆਪਣੀ ਮਨਸ਼ਾ ਨਾਲ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਦਰਬਾਰ ਵਾ ਤਖਤ ਤਾਜ ਸੰਭਾਲ ਕੇ ਸੁਬਕ ਦੋਸ਼ ਹੋਣਾ ਸੀ।

ਅੰਤਮ ਸ਼ਰਤਾਂ

੨੯ ਮਾਰਚ ਸੰਨ ੧੮੪੯ ਈ: ਨੂੰ ਇਕ ਦਰਬਾਰ ਕਰਕੇ ਯਤੀਮ ਬਾਲਕ ਮਹਾਰਾਜਾ ਦਲੀਪ ਸਿੰਘ ਨੂੰ ਹੇਠਾਂ ਲਿਖੀਆਂ ਸ਼ਰਤਾਂ ਨਾਲ ਰਾਜ ਤੋਂ ਵਖ ਕਰ ਦਿਤਾ ਗਿਆ ਸੀ। ਅੰਗਰੇਜ਼ਾ ਨੂੰ ਮਿਲਾਪ ਵਾਸਤੇ ਪੰਦਰਾਂ ਸੋਲ੍ਹਾਂ ਸ਼ਰਤਾਂ ਬਣੀਆਂ ਜਿਨਾਂ ਦਾ ਤੱਤ ਸਾਰ ਇਹ ਹੈ:-

(੧) ਮਹਾਰਾਜਾ ਦਲੀਪ ਸਿੰਘ ਆਪਣੀ ਤੇ ਆਪਣੇ ਵਾਰਸਾਂ ਤੇ ਹੋਰ ਅਧਿਕਾਰੀਆਂ ਵਲੋਂ ਪੰਜਾਬ ਦੀ ਅਥਵਾ ਮਹਾਰਾਜਾ ਸਬੰਧੀ ਹਕ ਦਾਵੇ ਦੇ ਅਧਿਕਾਰ ਪਰੀ ਤਿਆਗ ਕਰਦੇ ਹਨ।

(੨) ਲਾਹੌਰ ਰਾਜ ਦੇ ਸਿਰ ਅੰਗਰੇਜ਼ੀ ਰਾਜ ਦਾ ਜੇਹੜਾ ਕਰਜ਼ਾ ਹੈ। ਸਰਕਾਰ ਦਾ ਜੋ ਖਰਚ ਜੰਗ ਪਰ ਹੋਇਆ ਉਸਦੇ ਕੁਝਕੁ ਭਾਗ ਦੇ ਮੁਕਾਣ ਬਦਲੇ ਰਾਜ ਦੀ ਹਰ ਇਕ ਤਰਾਂ ਦੀ ਸੰਮਤੀ ਈਸਟ ਇੰਡੀਆ ਕੰਪਨੀ ਦਾ ਮਾਲ ਹੋਵੇਗਾ।

(੩) ਕੋਹ ਨੂਰ ਨਾਮੀ ਹੀਰਾ, ਜੋ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਸ਼ਾਹ ਸੁਜਾ ਤੋਂ ਲਿਆ ਸੀ, ਲਾਹੌਰ ਦੇ ਮਹਾਰਾਜਾ ਵਲੋਂ ਇੰਗਲੈਂਡ ਦੀ ਮਹਾਰਾਣੀ ਨੂੰ ਦੇ ਦਿਤਾ ਜਾਊਗਾ।

(੪) ਮਹਾਰਾਜਾ ਨੂੰ ਆਪਣੇ ਅਰ ਆਪਣੇ ਸੰਬੰਧੀਆਂ ਤੇ ਸੇਵਾਦਾਰਾਂ ਦੇ ਗੁਜ਼ਾਰੇ ਲਈ ਕੰਪਨੀ ਵਲੋਂ ਵਧ ਤੋਂ ਵਧ ਪੰਜ ਲੱਖ ਅਤੇ ਘਟ ਤੋਂ ਘਟ ਚਾਰ ਲੱਖ ਰੁਪਏ ਸਾਲਾਨਾ ਮਿਲਣਗੇ।

(੫) ਮਹਾਰਾਜਾ ਜੀਨਾਲ ਸਨਮਾਨ ਪੂਰਬਕ ਵਿਵਹਾਰ ਹੋਵੇਗਾ। ਉਹਨਾਂ ਦੀ ਪਦਵੀ ਮਹਾਰਾਜਾ ਦਲੀਪ ਸਿੰਘ ਬਹਾਦਰ ਰਹੇਗੀ। ਜੇ ਓਹ ਅੰਗਰੇਜ਼ੀ ਸਰਕਾਰ ਦੇ ਆਗਿਆ-ਕਾਰ ਰਹੇ ਤਾਂ ਉਹਨਾਂ ਨੂੰ ਜੀਵਨ ਪ੍ਰਯੰਤ ਉਪਰ ਲਿਖੀ ਰਕਮ ਵਿਚੋਂ ਇਤਨੀ ਰਕਮ ਸਾਲਾਨਾ ਮਿਲਦੀ ਰਹੇਗੀ ਜੋ ਕਿ ਉਨਾਂ ਦੀ ਜ਼ਾਤ ਲਈ ਨੀਯਤ ਕੀਤੀ ਜਾਵੇਗੀ। ਜੇਹੜੀ ਜਗਾ ਉਨਾਂ ਲਈ ਗਵਰਨਰ ਜਨਰਲ ਚੁਣਣਗੇ ਉਨਾਂ ਨੂੰ ਉਥੇ ਰਹਿਣਾਂ ਪਵੇਗਾ।

ਸਿਟਾ ਕੀ! ਪੰਜ ਅਪਰੈਲ ਸੰਨ ੧੮੪੯ ਈ: ਨੂੰ ਗਵਰਨਰ ਜਨਰਲ ਨੇ ਉਕਤ ਭਾਵ ਦੀਆਂ ਸ਼ਰਤਾਂ ਮੰਨ ਕੇ

ਪੰਜਾਬ ਦੇ ਰਾਜ ਨੂੰ ਸਰਕਾਰ ਅੰਗਰੇਜ਼ੀ ਦੇ ਕਬਜ਼ੇ ਵਿਚ ਕਰ ਲਿਤਾ। ਇਨਾਂ ਸ਼ਰਤਾਂ ਪਰ ਕੌਂਸਲ ਪਾਸੋਂ ਦਸਖਤ ਕਰਵਾਏ ਗਏ,: ਜਿਸ ਵਿਚ ਕਿ ਸ: ਲਾਲ ਸਿੰਘ ਸਪੁਤ੍ਰ ਸ: ਅਤਰ ਸਿੰਘ ਕਾਲਿਆਂ ਵਾਲੀ, ਭਾਈ ਨਿਧਾਨ ਸਿੰਘ, ਰਾਜਾ ਦੀਨਾ ਨਾਥ, ਰਾਜਾ ਤੇਜ ਸਿੰਘ, ਫਕੀਰ ਨੂਰਉਦੀਨ ਅਤੇ ਸ: ਗੁਦੜ ਸਿੰਘ ਆਦਿਕ ਸ਼ਾਮਲ ਸਨ।

ਰਾਜ ਮਾਤਾ ਦੇ ਹੱਕ ਜ਼ਬਤ

ਪਹਿਲਾਂ ਕੀਤੇ ਇਕਰਾਰਾਂ ਅਨੁਸਾਰ ਮਹਾਰਾਣੀ ਜਿੰਦ ਕੌਰ ਨੂੰ ਮਹਾਰਾਜਾ ਦੀ ਸਰਪ੍ਰਸਤ (ਵਲੀ ਅਹਿਦ) ਮੰਨਿਆਂ ਗਿਆ ਸੀ ਅਤੇ ਕੌਂਸਲ ਵਿਚ ਉਸਦੀ ਰਾਇ ਦਾ ਭੀ ਮਾਨ ਸੀ ਇਹ ਲਿਖਤ ਸੰਨ ੧੮੪੭ ਈ: ਵਿਚ ਹੋਈ ਪਰੰਤੂ ਸਤੰਬਰ ਵਿਚ ਉਸਦੇ ਹੱਕ ਜ਼ਬਤ ਕਰਕੇ ਦੋ ਲਖ ਰੁਪਿਆ ਖਰਚੇ ਦੀ ਬਜਾਏ ਸਮੇਤ ਮਹਾਰਾਜਾ ਅਤੇ ਉਨਾਂ ਦੇ ਨੌਕਰਾਂ ਚਾਕਰਾਂ ਦੇ ਡੂਢ ਕੁ ਲੱਖ ਕਰ ਦਿਤਾ ਗਿਆ ਸੀ। ਸਾਰੇ ਅਖਤਿਆਰ ਸਨੇਸਨੇ ਰੈਜੀਡੰਟ ਸਾਹਿਬ ਦੇ ਅਧੀਨ ਹੁੰਦੇ ਗਏ, ਭਾਵੇਂ ਉਸਦੀ ਸਹਾਇਕ (ਅਧੀਨ) ਇਕ ਕੌਂਸਲ ਭੀ ਸੀ ਪਰ ਰੈਜੀਡੰਟ ਦੀ ਮਨਸ਼ਾ ਥੀ ਵਿਰੁਧ ਕੁਛ ਨਹੀਂ ਹੋ ਸਕਸਾ ਸੀ। ਕੌਂਸਲ ਵਿਚ ਅਕਸਰ ਲਾਲ ਸਿੰਘ ਮੁਰਾੜੀਆ, ਕੇਹਰ ਸਿੰਘ ਸੰਧਾਵਾਲੀਆ, ਰਣਜੋਰ (ਰਣਜੋਧ) ਸਿੰਘ ਮਜੀਠਾ, ਅਰਜਨ ਸਿੰਘ ਰੰਗੜ ਨੰਗਲ, ਕਾਹਨ ਸਿੰਘ ਮਾਨ, ਕਿਸ਼ਨ ਚੰਦ ਆਦਿਕ ਰਹੇ ਪਰ ਬਹੁਤੇ ਜੀ ਹਜ਼ੂਰੀਏ ਹੀ ਸਨ। ਉਸ ਸਮੇਂ ਦੀ ਸ਼ਾਂਤੀ ਪੂਰਤ ਅਤੇ ਤਸੱਲੀ ਬਖਸ਼ ਬਾਤ ਇਹ ਸੀ ਕਿ

ਮਹਾਰਾਜਾ ਦਲੀਪ ਸਿੰਘ ਨੂੰ ਸੋਲਾਂ ਸਾਲਾਂ ਦੀ ਉਮਰ ਵਿਚ ਅਰਥਾਤ ਦਸੰਬਰ ਸੰਨ ੧੮੫੪ ਈ: ਨੂੰ ਬਾਕਾਇਦੇ ਰਾਜ ਸਿੰਘਾਸਣ ਦੇ ਅਖਤਿਆਰ ਦਿਤੇ ਜਾਣਗੇ ਉਸ ਵੇਲੇ ਤੀਕਰ ਰੈਜੀਡੰਟ ਸਾਹਿਬ ਇਕ ਕੌਂਸਲ ਦੁਆਰੇ ਰਾਜ ਪ੍ਰਬੰਧ ਕਰਨ ਗੇ ਮਹਾਰਾਣੀ ਜਿੰਦ ਕੌਰ ਦੀ ਸ਼ਾਂਤੀ ਅਤੇ ਤਸੱਲੀ ਲਈ ਭੀ ਇਹੋ ਧਰਵਾਸਾ ਸੀ ਪਰੰਤੂ ਇਹ ਇਕਰਾਰ ਪੂਰਨ ਨਾ ਹੋਣ ਪਰ ਸਾਰੀਆਂ ਆਸਾਵਾਂ ਦੇ ਲੱਕ ਟੁਟ ਗਏ, ਜਦੋਂ ਕਿ ਮਹਾਰਾਜੇ ਨੂੰ ਰਾਜ ਗੱਦੀ ਤੋਂ ਹੀ ਵਖ ਕਰ ਦਿਤਾ ਗਿਆ।

ਮਹਾਰਾਣੀ ਜਿੰਦ ਕੌਰ

ਇਹ ਬਹੁਤ ਸਿਆਣੀ ਦੂਰਅੰਦੇਸ਼ ਇਸਤ੍ਰੀ ਸੀ ਉਸ ਸਮੇਂ ਦੇ ਅੰਗਰੇਜ਼ ਭੀ ਇਸ ਵਿਚ ਮਰਦਾਂ ਵਾਲੀ ਸ਼ਕਤੀ ਮੰਨਦੇ ਸਨ ਪਰ ਸੁਣੀਆਂ ਅਫਵਾਹਾਂ ਅਤੇ ਡੋਗਰਾਂ ਚਾਲ ਦੇ ਅਸਰ ਨਾਲ ਸ਼ਾਹ ਮੁਹੰਮਦ ਬਟਾਲਵੀ ਨੇ ਇਸ ਪਰ ਕਈ ਇਲਜ਼ਾਮ ਆਪਣੀ ਕਵਿਤਾ ਰਚਕੇ ਥੱਪੇ ਹਨ ਜੋ ਸਰਾਸਰ ਝੂਠੇ ਹਨ ਕਿਉਂਕਿ ਉਹ ਇਤਨਾ ਜਰੂਰ ਸਮਝਦੀ ਸੀ ਕਿ ਫੌਜਾਂ ਨੂੰ ਮਰਵਾਕੇ ਰਾਜ ਨਹੀਂ ਰਹਿ ਸਕਦਾ ਪੁਤ੍ਰ ਦਾ ਵਿਰਸਾ ਉਸ ਦੀ ਇਜ਼ਤ ਸੀ। ਹਾਂ ਇਹ ਠੀਕ ਹੈ ਕਿ ਓਹ ਸਿਖਾਂ ਨਾਲੋਂ ਬ੍ਰਹਮਣਾਂ ਡੋਗਰਿਆਂ ਪਰ ਵਧ ਭਰੋਸਾ ਰਖਦੀ ਸੀ ਅਰ ਉਨਾਂ ਦੇ ਜਾਲ ਵਿਚ ਬੰਧੀ ਹੋਈ ਸੀ।

ਮਿਸਰ ਲਾਲ ਸਿੰਘ ਮਹਾਰਾਣੀ ਦੀ ਮਨਸ਼ਾ ਨਾਲ ਵਜ਼ੀਰ ਹੋਇਆ, ਰਾਜਾ ਗੁਲਾਬ ਸਿੰਘ ਨੂੰ ਉਸ ਨੇ ਆਪ ਸੱਦ ਕੇ ਜੰਗ ਵੇਲੇ ਵਜ਼ੀਰ ਨੀਯਤ ਕਰਵਾਇਆ, ਮਹਾਰਾਣੀ

ਦੇ ਚਿਤ ਪਰ ਬ੍ਰਾਹਮਣਾਂ ਡੋਗਰਿਆਂ ਨੇ ਇਹ ਅਸਰ ਪਾ ਰਖਿਆ ਸੀ ਕਿ ਸਿਖਾਂ ਨਾਲੋਂ ਵਧੇਰੇ ਅਸੀਂ ਹੀ ਤੇਰੇ ਰਾਜ ਦੇ ਰਾਖੇ ਹਾਂ, ਅਖੀਰ ਮਹਾਰਾਣੀ ਨੇ ਜੰਗ ਵਿਚ ਇਨਾਂ ਦਾ ਦਗਾ ਫਰੇਬ ਦੇਖ ਕ ਹੀ ਸਰਦਾਰ ਸ਼ਾਮ ਸਿੰਘ ਅਟਾਰੀ ਨੂੰ ਚਿਠੀ ਲਿਖ ਕੇ ਵਿਰਲਾਪ ਪੂਰਤ ਪਛੋਤਾਵਾ ਕੀਤਾ ਕਿ ਜਾਵੇ ਕਿਵੇਂ ਅੰਤ ਵੇਲੇ ਜੰਗ ਵਿਚ ਠੱਲ੍ਹ ਪਾਵੇ।

ਪਾਠਕਾਂ ਦੀ ਗਿਆਤ ਵਾਸਤੇ ਅਗੇ ਸ਼ਾਹ ਮਹੰਮਦ ਦੇ ਕਿੱਸੇ ਵਿਚੋਂ ਕੁਝ ਕੁ ਬੰਦ ਦਿਤੇ ਜਾਂਦੇ ਹਨ। ਐਸੀ ਲਿਖਤਾਂ ਦੇ ਅਧਾਰ ਪਰ ਹੀ ਕਈ ਕੁ ਸਿਖ ਇਤਿਹਾਸਕਾਰਾਂ ਨੇ ਮਹਾਰਾਣੀ ਪਰ ਕਈ ਇਲਜ਼ਾਮ ਥਪੇ ਹਨ ਕਿ ਉਸ ਨੇ ਪਿਛੋਂ ਬਾਰੂਦ ਦੀ ਥਾਂ ਸਰਸੋਂ ਘਲਵਾਈ ਹਾਲਾਂਕਿ ਇਹ ਕਰਤੱਬ ਜੰਗ ਦੇ ਜ਼ਿੰਮੇਵਾਰ ਬ੍ਰਹਮਣਾਂ ਅਤੇ ਡੋਗਰੇ ਆਗੂਆਂ ਦੇ ਸਨ ਪੁਤ੍ਰਾਂ ਨੂੰ ਜ਼ਹਿਰ ਦੇਣੀ ਅਸੰਭਵ ਬਾਤ ਸੀ।

ਅਰਜੀ ਲਿਖੀ ਫਰੰਗੀ ਨੂੰ ਕੁੰਜ ਗੋਸ਼ੇ,
ਪਹਿਲੇ ਆਪਣਾ ਸੁਖ ਅਨੰਦ ਵਾਰੀ।
ਤੇਰੀ ਵਲ ਮੈਂ ਫੌਜ ਨੂੰ ਭੇਜਨੀ ਹਾਂ,
ਖੱਟੇ ਕਰੀਂ ਤੂੰ ਇਨਾਂਦੇ ਦੰਦ ਵਾਰੀ।
ਜੇਹੜਾ ਜ਼ੋਰ ਤੂੰ ਆਪਣਾ ਸਭ ਲਾਈਂ,
ਪਿਛੋਂ ਖਰਚ ਕਰਾਂਗੀ ਮੈਂ ਬੰਦਵਾਰੀ।
ਸ਼ਾਹਮੁਹੰਮਦਾ ਫੇਰ ਨਾ ਆਉਣਮੁੜਕੇ,
ਮੈਨੂੰ ਇਤਨੀ ਬਾਤ ਪਸੰਦ ਵਾਰੀ।
ਪਹਿਲੇ ਪਾਰ ਦਾ ਮੁਲਖਤੂੰਮਲ ਸਾਡਾ,
ਆਪੇ ਖਾ ਗੁਸਾ ਤੈਥੀਂ ਆਵਨੀਗੇ।

ਸੋਈਓ ਲੜਨਗੇ ਹੋਣ ਬੇਖਬਰ ਜੇਹੜੇ,
ਮਥਾ ਕਦੀ ਸਰਦਾਰ ਨਾ ਡਾਹੁਨੀਗੇ ।
ਏਸੇ ਵਾਸਤੇ ਫੌਜ ਮੈਂ ਪਾੜ ਛੱਡੀ,
ਕਈ ਭਾਂਜ ਅਚਾਨਕੀ ਪਾਵਨੀਗੇ।
ਸ਼ਾਹ ਮੁਹੰਮਦਾ ਲਾਟ ਜੀ ਕਟਕ ਤੇਰੇ,
ਮੇਰੇ ਗਲੋਂ ਤਗਾਦੜਾ ਲਾਹੁਨੀਗੇ।
ਪੁਨਾ:-ਜਿਨਾਂਮਾਰਿਆਕੋਹਕੇਵੀਰਮੇਰਾ,
ਮੈਂਤਾਂਕਰਾਂਗੀਉਨਾਂਦੀਆਂਜੰਡੀਆਂ ਨੀ।
ਧ੍ਰੰਮਾਂ ਜਾਣ ਵਲਾਇਤੀਂ ਪੇਸ਼ ਜਾਨਾ,
ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ।

ਅਸਲੋਂ ਮਹਾਰਾਣੀ ਜਿੰਦ ਕੌਰ ਨੂੰ ਬੇਵਫਾ ਨੌਕਰਾਂ ਨੇ ਬਦਨਾਮ ਕਰਵਾਇਆ। ਮਹਾਰਾਣੀ ਦੀ ਇਜ਼ਤ ਸਿਖਾਂ ਵਿਚ "ਮਾਈ ਸਾਹਿਬ" ਨਾਮ ਸੇ ਬਹੁਤ ਉਚੀ ਸੀ ਪਰ ਸ਼ੋਕ ! ਡੋਗਰਿਆਂ ਮਿਸਰਾਂ ਦੇ ਕਹੇ ਲਗਕੇ ਗਲਤੀਆਂ ਹੋਣ ਪਰ ਸਿਖਾਂ ਵਿਚ ਨਫਰਤ ਫੈਲੀ। ਇਸ ਦਾ ਮਨਸ਼ਾ ਅੰਗਰੇਜ਼ਾਂ ਨਾਲ ਜੰਗ ਕਰਨੇ ਦਾ ਉਕਾ ਨਹੀਂ ਸੀ। ਜੰਗ ਦਾ ਕਾਰਨ ਲੂਟੀਆਂ ਲੈਣ ਵਾਲੇ ਲਾਲਚੀ ਪੁਰਸ਼ ਸਨ ਇਹ ਠੀਕ ਹੈ ਕਿ ਬਿਪਤਾ ਦਾ ਫਾਥਿਆ ਪੁਰਸ਼ ਕਿਤਨੇ ਤਰਲੇ ਮਾਰਦਾ ਹੈ ਉਸ ਪਾਸੋਂ ਗਲਤੀਆਂ ਭੀ ਹੋਈਆਂ ਹੋਣਗੀਆਂ, ਪਰ ਜੰਗ ਕਰੌਣ ਦੇ ਦੂਸ਼ਨ ਉਸ ਪਰ ਨਹੀਂ ਲਗ ਸਕਦੇ, ਜੇ ਉਹ ਰਾਜ ਕਰਨਾ ਚਾਹੁੰਦੀ ਸੀ ਤਾਂ ਬਿਨਾਂ ਫੌਜਾਂ ਦੇ ਓਹ ਕਿਵੇਂ ਕਰਦੀ, ਜੇ ਉਸ ਨੂੰ ਭਾਈ ਦੇ ਕਤਲ ਦਾ ਗੁਸਾ ਸੀ ਤਾਂ ਭਾਈ ਨੂੰ ਮਾਰਨ ਵਾਲੇ ਡੋਗਰੇ ਸਨ। ਨਾ ਕਿ ਫੌਜਾਂ ?

ਮਹਾਰਾਣੀ ਦਾ ਦੂਜਾ ਭਾਈ ਹੀਰਾ ਸਿੰਘ ਸੀ ਉਸ ਦੀ ਇਜਤ ਕਾਫੀ ਹੁੰਦੀ ਰਹੀ। ਮਹਾਰਾਣੀ ਸਮਝਦੀ ਸੀ ਕਿ ਮੇਰੀ ਰਿਛਾ ਅੰਗਰੇਜ਼ ਜ਼ਰੂਰ ਕਰਨਗੇ ਪਰ ਮੇਰੇ ਦਰਦੀ ਅਖੀਰ ਸਿਖ ਹਨ।

ਸ਼ੋਕ! ਆਪ ਉਪਰ ਗਦਾਰ ਅਹਿਲਕਾਰਾਂ ਦੀ ਚਲਾਕੀ ਨਾਲ ਕਈ ਇਲਜ਼ਾਮ ਲਗਾਏ ਗਏ ਜੈਸਾ ਕਿ ਮਹਾਰਾਜਾ ਨੂੰ ਸਿਖੌਂਦੀ ਹੈ ਕਿਉਂਕਿ ਰਾਜਾ ਤੇਜ ਸਿੰਘ ਦੇ ਰਾਜਾ ਖਿਤਾਬ ਦੇਣ ਵੇਲੇ ਮਹਾਰਾਜਾ ਨੇ ਟਿਕਾ ਨਾ ਲੌਣਾ, ਇਸੇ ਖੁਣਸ ਨਾਲ ਤੇਜ ਸਿੰਘ ਵਿਰੁਧ ਘਾੜਤਾਂ ਘੜਦਾ ਰਹਿੰਦਾ ਸੀ ਕਾਮਯਾਬ ਹੋਇਆ।

ਜਿਸ ਵੇਲੇ ਮਹਾਰਾਣੀ ਸ਼ੇਖੂਪੁਰੇ ਦੇ ਕਿਲੇ ਵਿਚ ਨਜ਼ਰਬੰਦ ਸੀ, ਉਸ ਪਰ ਉਥੇ ਇਹ ਇਲਜ਼ਾਮ ਲਗਿਆ ਸੀ ਕਿ ਉਸਨੇ ਲਾਂਗਰੀ ਗੰਗਾ ਰਾਮ ਅਰ ਕਾਹਨ ਸਿੰਘ ਨਾਲ ਇਹ ਫੈਸਲਾ ਕੀਤਾ ਹੈ ਕਿ ਉਹ ਅੰਗਰੇਜ਼ਾਂ ਦੇ ਬੈਹਰਿਆਂ ਨਾਲ ਰਲ ਕੇ ਅੰਗਰੇਜ਼ਾਂ ਦੇ ਖਾਣਿਆਂ ਵਿਚ ਜਹਿਰ ਪਾ ਦੇਣ। ਇਸ ਇਲਜਾਮ ਵਿਚ ਦਸਿਆ ਹੈ ਕਿ ਗੰਗਾ ਰਾਮ ਅਰ ਕਾਹਨ ਸਿੰਘ ਨੂੰ ਤਾਂ ਪ੍ਰਾਣ ਦੰਡ ਦਿਤਾ ਗਿਆ ਸੀ, ਮਹਾਰਾਣੀ ਨੂੰ ਬਨਾਰਸ ਘਲਿਆ। ਉਧਰ ਜਾਣ ਪਰ ਭੀ ਉਸ ਪਰ ਕਈ ਇਲਜ਼ਾਮ ਲਗੇ ਦਸੇ ਹਨ। ਅਸਲੀਅਤ ਪ੍ਰਮਾਤਮਾਂ ਜਾਣਦਾ ਹੈ।

ਜਦ ਮਹਾਰਾਣੀ ਦੀ ਜ਼ਿੰਦਗੀ ਨੂੰ ਦੇਖੀਦਾ ਹੈ ਤਾਂ ਉਸ ਦੇ ਦੁਖਾਂ ਨੂੰ ਤੱਕ ਕੇ ਲੂੰ ਕੰਡੇ ਖੜੇ ਹੋ ਜਾਂਦੇ ਹਨ ਕਿ ਉਸ ਸ਼ੇਰੇ ਪੰਜਾਬ ਦੀ ਮਹਾਰਾਣੀ ਜਿਸ ਦੇ ਰੂਪ ਨਾਲ ਪਹਾੜ ਭੀ

ਕੰਬਦੇ ਸਨ, ਨੈਪਾਲ ਦੇ ਪਹਾੜਾਂ ਵਿਚ ਜਾ ਕੇ ਲੁਕਦੀ ਫਿਰੀ ਅਰ ਮਹਾਰਾਣੀ ਨੂੰ ਬਿਪਤਾ ਵਿਚ ਫਕੀਰਨੀ ਬਣਕੇ ਨਠਣਾ ਪਿਆ ਅਕਾਲ ਪੁਰਖ ਦੀ ਕੁਦਰਤ ਅਸਚਰਜ ਹੈ। ਦੇਖੀਏ ਮਹਾਰਾਜਾ ਦਲੀਪ ਸਿੰਘ ਪਵਿੱਤ੍ਰ ਕੇਸਾਂ ਨੂੰ ਕਟਵਾ ਕੇ ਈਸਾਈ ਹੁੰਦਾ ਹੈ ਪਰ ਉਸਦਾ ਪਿਤਾ ਮਹਾਰਾਜਾ ਰਣਜੀਤ ਸਿੰਘ ਆਪਣੇ ਲੰਮੇ ਦਾੜ੍ਹੇ ਨਾਲ ਗੁਰਸਿਖਾਂ ਦੇ ਚਰਨ ਝਾੜ ਕੇ ਆਪਣੀ ਕਲਿਆਨ ਮੰਨਦਾ ਹੈ, ਸਮੇਂ ਦੇ ਰੰਗ ਹਨ। ਮਹਾਰਾਜਾ ਦੀ ਮੌਤ ਕਿਥੇ ਹੁੰਦੀ ਹੈ? ਪੈਰਸ (ਫਰਾਂਸ) ਦੇ ਗਰਾਂਡ ਹੋਟਲ ਵਿਚ ਤੇ ਦੇਹ ਦਾ ਦਫਨ ਕੀਤਾ ਜਾਂਦਾ ਹੈ ਇੰਗਲੈਂਡ ਦੇ ਐਲਵਡਨ ਹਾਤੇ ਵਿਖੇ। ਇਹ ਸਭ ਕੁਦਰਤ ਦੇ ਰੰਗ ਹਨ।

ਵਾਕਫੀ ਹਿਤ

ਲਾਰਡ ਹਾਰਡਿੰਗ, ਲਾਰੰਸ ਅਤੇ ਕਰੀ ਸਾਹਿਬ ਨੇ ਮਹਾਰਾਣੀ ਨੂੰ ਆਪਣੀ ਮਨਸ਼ਾ ਨਾਲ ੧੯ ਅਗਸਤ ਸੰਨ ੧੮੪੭ ਨੂੰ ਕਿਲਾ ਸ਼ੇਖੂਪੁਰਾ ਵਿਖੇ ਨਜ਼ਰਬੰਦ ਕੀਤਾ ਸੀ, ਸ: ਬੂਰਾ ਸਿੰਘ ਦੀ ਨਿਗਰਾਨੀ ਲਾਈ ਗਈ, ਇਸ ਤੋਂ ਇਕ ਦਿਨ ਪਹਿਲਾਂ ੧੮ ਅਗਸਤ ਨੂੰ ਮਹਾਰਾਜ ਨੂੰ ਬੇਪਤੇ ਬਾਗ ਸ਼ਾਲਾਮਾਰ ਲੈ ਜਾਇਆ ਗਿਆ ਸੀ। ਨਿਗਰਾਨੀ ਸ: ਗੁਲਾਬ ਸਿੰਘ ਅਟਾਰੀ ਵਾਲੇ (ਸਪੁਤ੍ਰ ਸ: ਚਤਰ ਸਿੰਘ) ਦੀ ਲਾਈ ਗਈ। ਨਾਲ ਮਹਾਰਾਣੀ ਜਿੰਦ ਕੌਰ ਦਾ ਭਰਾਤਾ ਸ: ਹੀਰਾ ਸਿੰਘ ਸੀ। ਮਹਾਰਾਣੀ ਦਾ ਖਰਚ ਭੀ ਹੌਲੀ ਹੌਲੀ ਘਟਾ ਦਿਤਾ ਜਾਂਦਾ ਰਿਹਾ ਸਰ ਹੈਨਰੀ ਲਾਰੰਸ ਅਤੇ ਸਰ

ਹੈਨਰੀ ਹਾਰਡਿੰਗ ਜੀ, ਸੰਨ ੧੮੪੮ ਵਿਚ ਵਲੈਤ ਨੂੰ ਚਲੇ ਗਏ ਸਨ, ਉਪਰੰਤ ਜਨਰਲ ਮਾਰਕੁਈਸ ਆਫ ਡਲਹੌਜ਼ੀ ਹਿੰਦੁਸਤਾਨ ਵਿਖੇ ਗਵਰਨਰ ਜਨਰਲ ਹੋਕੇ ਆਇਆ। ਕਰੀ ਸਾਹਿਬ ਦੀ ਰੈਜੀਡੰਟ ਹੋਣ ਵੇਲੇ ਮਹਾਰਾਣੀ ਪਰ ਵਧ ਕਟੜਾਈ ਹੋਈ। ਮਹਾਰਾਣੀ ਆਪਣੇ ਵਕੀਲ ਜੀਉਣ ਸਿੰਘ ਦੀ ਰਾਹੀਂ ਲਾਰਡ ਡਲਹੌਜ਼ੀ ਪਾਸ ਸ਼ਕਾਇਤਾਂ ਭੀ ਕਰਦੀ ਰਹਿੰਦੀ ਪਰ ਸੁਣਵਾਈ ਦਾ ਵਲ ਕੁਛ ਨਾ ਹੁੰਦਾ। ਜੀਉਣ ਸਿੰਘ ਕਲਕਤੇ ਆਪ ਜਾਂਦਾ ਰਹਿੰਦਾ, ੧੫ ਮਈ ਸੰਨ ੧੮੪੮ ਈ: ਨੂੰ ਮਹਾਰਾਣੀ ਨੂੰ ਦੇਸ਼ ਨਿਕਾਲਾ ਹੋ ਗਿਆ ਸੀ ਬਨਾਰਸ ਅਤੇ ਚਨਾਰ ਆਦਿ ਰਖਿਆ ਗਿਆ।

ਮੂਲ ਰਾਜ ਦੀ ਬਗਾਵਤ

ਮੁਲਤਾਨ ਦੇ ਗਵਰਨਰ ਮੂਲ ਰਾਜ ਦਾ ਪਿਤਾ ਸੌਣ ਮਲ ਸੰਨ ੧੮੮੪ ਈ: ਵਿਚ ਮੁਲਤਾਨ ਦਾ ਗਵਰਨਰ ਬਣਿਆਂ, ਇਹ ਸੰਨ ੧੮੪੪ ਈ: ਵਿਚ ਕਿਸੇ ਦੋਖੀ ਦੇ ਹਥੋਂ ਕਤਲ ਹੋ ਗਿਆ, ਉਸ ਦੀ ਜਗਾ ਮੂਲ ਰਾਜ ਉਥੇ ਦਾ ਗਵਰਨਰ ਨੀਯਤ ਹੋਇਆ, ਦੋਵੇ ਖਾਲਸਾ ਦਰਬਾਰ ਦੇ ਇਤਬਾਰੀ ਅਹਿਲਕਾਰ ਸਨ, ਪਰ ਇਹ ਸਿਖ ਦਰਬਾਰ ਦੀ ਗੜਬੜ ਨੂੰ ਦੇਖਕੇ ਆਪ ਨੂੰ ਉਥੇ ਦਾ ਖੁਦ ਮਾਲਕ ਦਸ ਕੇ ਸੁਤੰਤਰ ਹੋ ਬੈਠਿਆ।

ਇਸ ਪਰ ਸੰਨ ੧੮੪੫ ਈ: ਵਿਚ ਖਾਲਸਾ ਦਰਬਾਰ ਨੇ ਫੌਜੀ ਤਾਕਤ ਨਾਲ ਇਸ ਪਾਸੋਂ ਬੀਸ ਕੁ ਲੱਖ ਰੁਪਿਆ ਮਾਮਲਾ ਵਸੂਲ ਕਰਕੇ ਠੀਕ ਕੀਤਾ, ਉਪਰੰਤ ਇਹ ਸਤਿ-

ਲੁਜ ਦੇ ਜੰਗ ਵੇਲੇ ਫਿਰ ਬਿਗੜ ਬੈਠਿਆ, ਇਸ ਨੂੰ ਖਿਆਲ ਸੀ ਕਿ ਅੰਗਰੇਜ਼ ਮੇਰੀ ਮਦਦ ਕਰਨਗੇ। ਖਾਲਸਾ ਦਰਬਾਰ ਲਾਹੌਰ ਨੇ ਫਿਰ ਫੌਜ ਘਲੀ, ਪਰੰਤੂ ਸਰ ਹੈਨਰੀ ਲਾਰੰਸ ਨੂੰ ਇਸ ਸ਼ਰਤ ਪਰ ਸੁਲਾਹ ਕਰਵਾਈ ਕਿ ਅਗੇ ਨੂੰ ਓਹ ਪੰਦਰਾਂ ਲੱਖ ਦੀ ਬਜਾਏ ਬੀਸ ਲੱਖ ਰੁਪਏਮਾਮਲਾ ਅਦਾ ਕਰੇਗਾ ਅਰ ਇਹ ਭੀ ਫੈਸਲਾ ਹੋਇਆ ਕਿ ਅੱਗੇ ਨੂੰ ਮੂਲ ਰਾਜ ਦੇ ਮੁਕਦਮਿਆਂ ਦੀ ਅਪੀਲ ਲਾਹੌਰ ਹੋ ਸਕੂਗੀ, ਪਰ ਇਹ ਸ਼ਰਤ ਉਸਦੀ ਸੁਤੰਤਰਤਾ ਵਿਚ ਵਿਘਨਕਾਰੀ ਸੀ, ਜਿਸ ਪਰ ਉਸ ਨੇ ਨਵੰਬਰ ਸੰਨ ੪੭ ਨੂੰ ਲਾਹੌਰ ਪਹੁੰਚਕੇ ਇਸ-ਤੀਫਾ ਦੇ ਦਿਤਾ ਅਰ ਨਾਂ ਹੀ ਰੁਪਿਆ ਦਿਤਾ। ਰੈਜ਼ੀਡੰਟ ਕਰੀ ਸਾਹਿਬ ਨੇ ਉਸ ਪਾਸੋਂ ਪਿਛਲੇ ਦਸਾਂ ਸਾਲਾਂ ਦਾ ਹਿਸਾਬ ਮੰਗਿਆ, ਹਿਸਾਬ ਦੇਣੋਂ ਉਸ ਨੇ ਟਾਲਮਟੋਲੇ ਕੀਤੇ ਜਿਸ ਕਰਕੇ ਉਸਦਾ ਅਸਤੀਫਾ ਮਨਜ਼ੂਰ ਹੋਗਿਆ, ਪਰ ਚਿਤੋਂ ਓਹ ਸਖਤ ਰੰਜਸੀਬਾਗੀ ਪਹਿਲਾਂਤੋਂ ਹੀ ਸੀ, ਕਿਉਂਕਿ ਉਸਨੂੰ ਹਿਸਾਬਕਰਨ ਨਾਲ ਘਟੋਘਟ ਇਕ ਕਰੋੜ ਰੁਪਿਆ ਖਾਲਸਾ ਦਰਬਾਰ ਨੂੰ ਦੇਣਾ ਪੈਂਦਾ ਸੀ।

ਦੋ ਅੰਗਰੇਜ਼ਾਂ ਦਾ ਕਤਲ

ਮੂਲ ਰਾਜ ਨੇ ਮੁਲਤਾਨ ਦੀ ਗਵਰਨਰੀ ਦਾ ਚਾਰਜ ਤਾਂ ਸ: ਕਾਹਨ ਸਿੰਘ ਨੂੰ ਖੁਸੀ ਨਾਲ ਦੇ ਦਿਤਾ ਪਰ ਕਿਲੇ ਤੋਂ ਵਾਪਸ ਔਂਦਿਆਂ ਕਿਸੇ ਬਲਵਈ ਨੇ ਚਾਰਜ ਦਲੌਣ ਵਾਲੇ ਦੋਹੇ ਅੰਗਰੇਜ਼ਾਂ ਪਰ ਹਲਾ ਕਰਕੇ ਕਤਲ ਕਰ ਸੁਟੇ ਉਸ ਵੇਲੇ ਮੂਲ ਰਾਜ ਤੇ ਉਸਦਾ ਸਾਲਾ ਰੰਗਾ ਰਾਮ ਨਾਲ

ਸਨ ਜੋ ਡਰਦੇ ਮਾਰੇ ਨਠ ਗਏ। ਮੂਲ ਰਾਜ ਨੂੰ ਭੀ ਬਲਵ-ਈਆਂ ਪਾਸੋਂ ਮੌਤ ਦਾ ਭੈ ਸੀ ਜਿਸ ਕਰਕੇ ਓਹ ਬਾਗੀਆਂ ਦਾ ਹੀ ਸਾਥੀ ਹੋ ਗਿਆ। ਬਲਵਈ ਅਕਸਰ ਨਾਮ ਕਟੇ (ਬੇਰੁਜਗਾਰ) ਸਿਪਾਹੀ ਸਨ ਜਿਨਾਂ ਨੂੰ ਕਿ ਸਤਲੁਜ ਦੀ ਜੰਗ ਦੇ ਪਿਛੋਂ ਫੌਜਾਂ ਵਿਚੋਂ ਨਿਕਾਲ ਦਿਤਾ ਗਿਆ ਸੀ, ਉਸ ਮੌਕੇ ਅਨੇਕਾਂ ਅਫਸਰ ਅਤੇ ਸਿਪਾਹੀ ਰੁਜਗਾਰ ਹੀਣ ਹੋਣ ਕਰਕੇ ਉਹ ਮਰਨਾ ਮਾਰਨਾ ਹੀ ਠਾਣੀ ਫਿਰਦੇ ਸਨ। ਮੁਲ-ਤਾਨ ਦੀ ਬਗਾਵਤ ਕਿਸੇ ਰੌਲੇ ਗੋਲੇ ਨਾਲ ਹੋਈ। ਕਥਮਥ ਕੇ ਇਸਦਾ ਮੋਢੀ ਜਾਂ ਚੁਕਣ ਵਾਲਾ ਕੋਈ ਭੀ ਨਹੀਂ ਸੀ। ਲਾਹੌਰੋਂ ਗਈ ਫੌਜ ਭੀ ਇਨਾਂ ਨਾਲ ਮਿਲ ਗਈ, ਕਿਉਂਕਿ ਵਿਪਤਾ ਵਿਚ ਫੌਜੀ ਇਕ ਸਨ। ਪਰ ਦੋ ਅੰਗਰੇਜ਼ਾਂ ਦੇ ਕਤਲ ਹੋਣੋਂ ਕਰਕੇ ਅੰਗਰੇਜ਼ਾਂ ਨੂੰ ਇਹ ਪੱਕਾ ਸ਼ਕ ਸੀ ਕਿ ਇਹ ਬਗਾਵਤ ਅੰਗਰੇਜ਼ਾਂ ਦੀ ਵਿਰੋਧਤਾ ਵਿਚ ਹੈ ਪਰ ਇਹ ਬਗਾਵਤ ਖਾਹਮਖਾਹ ਵਧ ਗਈ ਸੀ, ਮੌਕੇ ਦਾ ਪ੍ਰਬੰਧਕ ਰੈਜੀਡੈਂਟ ਕਰੀ ਸਾਹਿਬ ਜੇ ਕਦੀ ਗੋਰਾ ਫੌਜਾਂ ਨੂੰ ਬਗਾਵਤ ਦਬੌਣ ਹਿਤ ਘਲਦਾ ਤਾਂ ਫਸਾਦ ਥਾਂ ਦੀ ਥਾਂ ਦਬਣਾ ਸੰਭਵ ਸੀ। ਲਾਹੌਰ ਦੀ ਫੌਜ ਦਾ ਨਾਮ ਕਟੇ ਸਿਪਾਹੀਆਂ ਨਾਲ ਮਿਲ ਜਾਣਾ ਕੁਦਰਤੀ ਫੌਜੀ ਭਾਈ ਚੰਦੀ ਸੀ, ਪਰੰਤੂ ਰੈਜੀਡੈਂਟ ਸਾਹਿਬ ਨੇ ਦੇਸੀ ਫੌਜਾਂ ਘਲਣ ਵਿਚ ਹੀ ਆਪਣੀ ਯੋਗਤਾ ਮੰਨੀ।

ਮੁਲਤਾਨ ਜੰਗ ਦੇ ਹਾਲ

ਮੂਲ ਰਾਜ ਨੂੰ ਕੌਂਮਲ ਨੇ ਲਾਹੌਰ ਸਦਿਆ, ਉਸਨੇ

ਇਸ ਨੁਕਤੇ ਨਾਲ ਇਸਤੀਫਾ ਹੀ ਪੇਸ਼ ਕਰ ਦਿਤਾ ਕਿ ਮੇਰੇ ਇਲਾਕੇ ਦਾ ਮਾਮਲਾ ਵਧਾ ਦਿਤਾ ਹੈ। ਦੂਜੇ ਦੀਵਾਨੀ ਅਤੇ ਫੌਜਦਾਰੀ ਮੁਕਦਮਿਆਂ ਦੀਆਂ ਅਪੀਲਾਂ ਲਾਹੌਰ ਹੋਣ ਲਗ ਪਈਆਂ ਹਨ ਜਿਸ ਕਾਰਨ ਗਵਰਨਰ ਦੇ ਰੋਹਬ ਵਿਚ ਫਰਕ ਪੈ ਗਿਆ ਹੈ। ਅਖੀਰ ਉਸ ਦੀ ਥਾਂ ਸ: ਕਾਹਨ ਸਿੰਘ ਨੂੰ ਰੈਜੀਡੰਟ ਨੇ ਨੀਯਤ ਕਰਵਾਕੇ ਘਲ ਦਿਤਾ। ਗੋਰਖਾ ਤੇ ਸਿਖ ਦੋ ਫੌਜਾਂ ਚਾਰਜ ਲੈਣ ਵੇਲੇ ਦੋ ਅੰਗਰੇਜ਼ ਅਫਸਰਾਂ ਨਾਲ ਘਲੀਆਂ। ਚਾਰਜ ਤਾਂ ਦਿਤਾ ਪਰ ਉਸ ਨੇ ਪਿਛਲੇ ਦਸਾਂ ਸਾਲਾਂ ਦਾ ਹਿਸਾਬ ਨਾ ਦਿਤਾ। ਕਿਲ੍ਹੇ ਤੋਂ ਨਿਕਲਨੇ ਵੇਲੇ ਮਿ: ਐਡਰਸਨ ਅਰ ਐਗਨਿਉ ਦੋ ਅੰਗਰੇਜ਼ ਆਫੀਸਰ ਅਮੀਰ ਚੰਦ ਨੇ ਹਮਲਾ ਕਰਕੇ ਜ਼ਖਮੀ ਕਰ ਦਿਤੇ (ਪਿਛੋਂ ਮਾਰੇ ਗਏ)। ਇਸ ਤਰਾਂ ਬਗਾਵਤ ਸ਼ੁਰੂ ਹੋ ਗਈ। ਮੂਲ ਰਾਜਦਾ ਸਾਲਾ ਭੀ ਜ਼ਖਮੀ ਹੋ ਗਿਆ, ਅਖੀਰ ਤੰਗ ਆਕੇ ਦੀਵਾਨ ਮੂਲ ਰਾਜ ਭੀ ਬਾਗੀਆਂ ਨਾਲ ਰਲ ਗਿਆ। ਮੂਲ ਰਾਜ ਨੇ ਸਰਦਾਰ ਸ਼ੇਰ ਸਿੰਘ ਆਦਿ ਅਟਾਰੀ ਨੂੰ ਨਾਲ ਸ਼ਾਮਲ ਕਰਨੇ ਦੀ ਕੋਸ਼ਸ਼ ਕੀਤੀ ਪਰ ਓਹ ਕਾਮ-ਯਾਬ ਨਾ ਹੋਈ। ਉਕਤ ਬਗਾਵਤ ਦੇ ਨਾਲ ਲਗਦਾ ਇਕ ਹੋਰ ਕਾਰਨ ਬਣ ਗਿਆ ਕਿ ਸਰਦਾਰ ਚਤਰ ਸਿੰਘ ਅਟਾਰੀ (ਰਾਜਾ ਸ਼ੇਰ ਸਿੰਘ ਦਾ ਪਿਤਾ) ਦੀ ਜਾਗੀਰ ਜੋ ਕਿ ਜ਼ਿਲਾ ਹਜ਼ਾਰਾ ਵਿਖੇ ਸੀ ਸਰਕਾਰ ਅੰਗਰੇਜ਼ੀ ਵਲੋਂ ਜ਼ਬਤ ਹੋ ਗਈ ਚੂੰਕਿ ਇਸ ਦੀ ਲੜਕੀ ਤੇਜ ਕੌਰ ਦੀ ਮੰਗਣੀ ਮਹਾਰਾਜਾ ਦਲੀਪ ਸਿੰਘ ਨੂੰ ਹੋ ਚੁਕੀ ਸੀ ਅਰ ਹੁਣ ਮਹਾਰਾਜਾ ਦੀ ਸ਼ਾਦੀ ਹੋਣ ਵਿਚ ਭਾਰੀ ਸ਼ਕ ਸਨ। ਸਰਦਾਰ ਚਤਰ ਸਿੰਘ

ਜ਼ਿਲਾ ਹਜ਼ਾਰੇ ਵਿਚ ਗਵਰਨਰ ਸੀ, ਉਥੇ ਦੇ ਮੁਸਲਮਾਨਾਂ ਨੇ ਚੁਕ ਨਾਲ ਹਿਲਜੁਲ ਕਰ ਦਿਤੀ। ਮਿਸਟਰ ਐਬਟ ਅੰਗਰੇਜ਼ ਅਫਸਰ ਜੋ ਲਾਹੌਰੋਂ ਫੌਜ ਲਈ ਮਦਦ ਹਿਤ ਪਹੁੰਚਿਆ ਉਸ ਨਾਲ ਸ: ਚਤਰ ਸਿੰਘ ਦੀ ਚਲ ਪਈ। ਜਿਸ ਦਾ ਸਿਟਾ ਇਹ ਹੋਇਆ ਕਿ ਆਪਸ ਵਿਚ ਦੀ ਜੰਗ ਹੋ ਗਈ। ਸਰਦਾਰ ਚਤਰ ਸਿੰਘ ਦਾ ਪੁਤਰ ਰਾਜਾ ਸ਼ੇਰ ਸਿੰਘ ਜੋ ਕਿ ਫੌਜ ਵਿਖੇ ਸਿਪਾਹ ਸਾਲਾਰ ਸੀ ਅਰ ਮੁਲਤਾਨ ਜੰਗ ਵਿਚ ਬਾਗੀ ਹੋ ਰਹੇ ਮੂਲ ਰਾਜ ਦੇ ਮੁਕਾਬਲੇ ਪਰ ਜੰਗ ਕਰ ਰਿਹਾ ਸੀ ਓਹ ਉਥੇ ਦੀ ਜੰਗ ਸੁਣਕੇ ਹੈਰਾਨ ਹੋਇਆ।

ਉਸ ਸਮੇਂ ਇਕ ਐਸਾ ਕਾਰਨ ਭੀ ਬਣਿਆਂ ਕਿ ਰਾਜਾ ਸ਼ੇਰ ਸਿੰਘ ਪਰ ਇਕ ਅੰਗਰੇਜ਼ ਅਫਸਰ ਪਰਸੀਗਰੂਜ ਨਾਮੀ ਨੂੰ ਨਿਗਰਾਨੀ ਪਰ ਲਗਾ ਦਿਤਾ ਗਿਆ ਸ਼ੇਰ ਸਿੰਘ ਅਸਲੋਂ ਸਰਕਾਰ ਅੰਗਰੇਜ਼ੀ ਦਾ ਬਹੁਤ ਵਫਾਦਾਰ ਸੀ ਪਰ ਉਸਦਾ ਚਿਤ ਫਟ ਗਿਆ ਅਰ ਉਪ੍ਰਾਮ ਹੋ ਗਿਆ। ਜਿਸ ਮੂਲ ਰਾਜ ਨਾਲ ਓਹ ਲੜ ਰਿਹਾ ਸੀ, ਅਖੀਰ ਉਸਨੂੰ ਬਾਗੀਆਂ ਨਾਲ ਰਲਣਾ ਪਿਆ, ਉਸਨੇ ਬਾਪ ਨਾਲ ਬੇਇਨ-ਸਾਫੀ ਹੋਈ ਭੀ ਸਹਾਰ ਲਈ ਸੀ ਅਰ ਵਫਾਦਾਰੀ ਵਿਚ ਫਰਕ ਨਹੀਂ ਪਾਇਆ। ਲਾਇਤਬਾਰੀ ਨੂੰ ਸਹਾਰ ਨਾ ਸਕਿਆ, ਉਸ ਨੂੰ ਨਿਸਚਾ ਹੋ ਗਿਆ ਸੀ ਕਿ ਹੁਣ ਮੈਂ ਸਰਕਾਰ ਦੀ ਕਿਰਪਾ ਦਾ ਭੀ ਪਾਤਰ ਨਹੀਂ ਰਿਹਾ। ਅਖੀਰ ਪੰਜ ਦਸੰਬਰ ਨੂੰ ਓਹ ਮੂਲ ਰਾਜ ਨੂੰ ਮਿਲਣਾ ਚਾਹਿਆ। ਫੌਜ ਨੇ ਮੁਲ-ਤਾਨ ਦਾ ਘੇਰਾ ਉਠਾ ਲਿਆ ਅਤੇ ਸ਼ੇਰ ਸਿੰਘ ਇਥੋਂ ਆਪਣੇ ਪਿਤਾ ਸ: ਚਤਰ ਸਿੰਘ ਪਾਸ ਚਲਾ ਗਿਆ।

ਮੂਲ ਰਾਜ ਦੀ ਗ੍ਰਿਫਤਾਰੀ

ਮੂਲ ਰਾਜ ਦੀ ਜੰਗੀ ਹਾਲਤ ਦਿਨ ਬਦਿਨ ਕਮਜ਼ੋਰ ਹੁੰਦੀ ਗਈ ਰਯਤ ਵਿਚ ਰੌਲਾ ਪੈ ਗਿਆ, ਮੂਲ ਰਾਜ ਪਾਸ ਘੱਟ ਫੌਜ ਸੀ ਬਹੁਤ ਸਮਾਂ ਨਹੀਂ ਲੜ ਸਕਦਾ ਸੀ। ਕਈ ਉਸਦੇ ਮੁਸਲਮਾਨ ਕਾਰਿੰਦੇ ਭੀ ਵਿਗੜ ਗਏ ੨੧ ਜਨਵਰੀ ਸੰਨ ੧੮੪੯ ਨੂੰ ਉਸ ਨੇ ਆਪਣੀ ਹਾਰ ਸਮਝਕੇ ਬਾਈਸ ਜਨਵਰੀ ਨੂੰ ਆਪਣੀ ਗਿਰਫਤਾਰੀ ਦੇ ਦਿਤੀ ਲਾਹੌਰ ਲਿਆ ਕੇ ਉਸਨੂੰ ਦੇਸ਼ ਨਿਕਾਲਾ ਦਿਤਾ ਗਿਆ ਇਸ ਤਰਾਂ ਇਹ ਦੋ ਢਾਈ ਮਹੀਨੇ ਵਿਚ ਜਾਂਦਾ ਹੀ ਪ੍ਰਾਣ ਛਡ ਗਿਆ।

ਹੋਰ ਵਾਕਫੀ

ਫੌਜਾਂ ਨੂੰ ਮੂਲ ਰਾਜ ਨਾਲ ਹਮਦਰਦੀ ਸੀ। ਲਾਹੌਰ ਗਈ ਫੌਜ ਉਸ ਨਾਲ ਮਿਲ ਗਈ ਸੀ। ੨੦ ਅਪਰੈਲ ਸੰਨ ੧੮੪੮ ਨੂੰ ਜੰਗ ਹੋਈ ਪਰ ਇਹ ਜੰਗ ਕੇਵਲ ਮੂਲ ਰਾਜ ਦੀ ਸੀ ਸਿਖ ਦਰਬਾਰ ਨਾਲ ਇਸਦਾ ਕੋਈ ਭੀ ਸਬੰਧ ਨਹੀਂ ਸੀ। ਉਸ ਵੇਲੇ ਰੈਜੀਡੈਂਟ ਕਰਾਈ ਸਾਹਿਬ ਦਾ ਇੰਤਜਾਮ ਸੀ। ਸਰਦਾਰ ਚਤਰ ਸਿੰਘ ਅਟਾਰੀ ਦੀ ਗੈਰ ਹਾਜ਼ਰੀ ਵਿਚ ਉਸਦੀ ਫੌਜ ਦੇ ਕੁਛ ਸਿਪਾਹੀ ਬੇਖਬਰੇ ਹੀ ਮੂਲ ਰਾਜ ਦੀ ਫੌਜ ਨਾਲ ਮੁਲਤਾਨ ਜਾ ਰਲੇ ਸਨ। ਸ: ਚਤਰ ਸਿੰਘ ਨੇ ਵਾਪਸੀ ਲਈ ਯਤਨ ਭੀ ਕੀਤੇ ਪਰੰਤੂ ਕੈਪਟਨ ਐਬਟ ਨੇ ਸ: ਚਤਰ ਸਿੰਘ ਨੂੰ ਭੀ ਬਦੋਬਦੀ ਸਮੇਤ ਉਸਦੀ ਫੌਜ ਦੇ ਬਾਗੀ ਕਰਾਰ ਦਲਾ ਦਿਤਾ ਅਤੇ ਜਾਗੀਰ

ਜ਼ਬਤ ਕਰਵਾ ਛਡੀ। ਹਾਲਾਂਕਿ ਰੈਜੀਡੈਂਟ ਲਾਹੌਰ ਸ: ਚਤਰ ਸਿੰਘ ਨੂੰ ਸੱਚਾ ਸਮਝਦਾ ਸੀ। ਅਸਲੋਂ ਓਹ ਪੂਰਨ ਤੌਰ ਪਰ ਬਗਾਵਤ ਤੋਂ ਵਿਰੁਧ ਸੀ। ਮੁਸਲਮਾਨਾਂ ਨੂੰ ਕਰ ਕੇ ਐਬਟ ਸਾਹਿਬ ਨੇ ਹੀ ਭੜਕਾਇਆ ਜਿਨ੍ਹਾਂ ਨੇ ਕਿ ਬਗਾਵਤ ਆਰੰਭੀ ਸੀ। ਸਨਵੰਧੀਆਂ ਨੂੰ ਮਹਾਰਾਣੀ ਜਿੰਦ ਕੌਰ ਅਤੇ ਮਹਾਰਾਜੇ ਨਾਲ ਬੇਇਨਸਾਫੀ ਹੋਣ ਦਾ ਰੰਜ ਸੀ ਅਤੇ ਰਿਸ਼ਤੇ ਵਲੋਂ ਭੀ ਆਸ਼ਾ ਟੁਟ ਗਈ ਸੀ। ਫੇਰ ਭੀ ਇਹ ਬਣਾਈ ਰਖਣਾ ਠੀਕ ਮੰਨਦੇ ਸਨ।

ਸ: ਕਾਹਨ ਸਿੰਘ ਮਾਨ ਸਬੰਧੀ ਵਾਕਫੀ

ਕਾਹਨ ਸਿੰਘ ਅਰ ਠਾਕਰ ਸਿੰਘ, ਸਰਦਾਰ ਸ਼ਾਮ ਸਿੰਘ ਅਟਾਰੀ ਦੇ ਦੋ ਪੁਤਰ ਸਨ, ਸਰਦਾਰ ਠਾਕਰ ਸਿੰਘ ਫੌਜ ਵਿਚ ਤੋਪਖਾਨੇ ਦਾ ਕਮਾਂਡਰ ਸੀ, ਇਹ ਵੈਰੀ ਦਲ ਵਧ ਰਹਿੰਦਾ ਰਿਹਾ, ਇਸ ਬਹਾਦਰ ਦਾ ਦੇਹਾਂਤ ਸੰਨ ੧੮੪੨ ਈ: ਵਿਚ ਸਰਦਾਰ ਸ਼ਾਮ ਸਿੰਘ ਦੇ ਹੁੰਦਿਆਂ ਹੋਇਆ। ਸਰਦਾਰ ਕਾਹਨ ਸਿੰਘ ਕਈ ਔਹਦਿਆਂ ਪਰ ਹੋਇਆ, ਸਰਦਾਰ ਕਾਹਨ ਸਿੰਘ ਨੂੰ ਖਿਦਮਤਾਂ ਬਦਲੇ ਸਿਖ ਰਾਜ ਜਾਣ ਦੇ ਪਿਛੋਂ ਸਾਢੇ ਕੁ ਪੈਂਤੀਸ ਹਜ਼ਾਰ ਰੁਪਏ ਦੀ ਜਾਗੀਰ ਭੀ ਮਿਲੀ ਸੀ। ਇਨ੍ਹਾਂ ਪਾਸ ਕਾਫੀ ਜਗੀਰਾਂ ਸਨ, ਮਿਸਰਾਂ ਡੋਗਰਿਆਂ ਨੇ ਜ਼ਬਤ ਕਰ ਛਡੀਆਂ ਸਨ, ਅੰਗਰੇਜ਼ਾਂ ਵੇਲੇ ਕੌਂਸਲ ਵਿਚ ਭੀ ਸੀ, ਇਹ ਇਤਬਾਰੀ ਮੰਨਿਆਂ ਜਾਂਦਾ ਸੀ ਅਰ ਵਿਦਵਾਨ ਸੀ। ਖਾਲਸਾ ਦਰਬਾਰ ਵਲੋਂ ਅੰਗਰੇਜ਼ਾਂ ਨਾਲ ਕਈ ਮੁਲਾਕਾਤਾਂ ਵਿਚ ਭੀ ਸ਼ਾਮਲ ਹੋਇਆ। ਇਸ

ਨੇ ਸੰਨ ੧੮੭੪ ਈ: ਵਿਚ ਚਾਲੇ ਪਾਏ ਸਨ। ਉਲਾਦ ਨਹੀਂ ਸੀ ਇਸ ਦੇ ਭਰਾਤਾ ਠਾਕਰ ਸਿੰਘ ਦੇ ਤਿੰਨ ਬੇਟੇ ਹਰੀ ਸਿੰਘ, ਜੀਊਣ ਸਿੰਘ, ਅਜੀਤ ਸਿੰਘ ਹੋਏ। ਅਗੇ ਅਜੀਤ ਸਿੰਘ ਦੇ ਬਲਵੰਤ ਸਿੰਘ, ਹਰਬੰਸ ਸਿੰਘ, ਜਸਵੰਤ ਸਿੰਘ ਤੇ ਕੁਲਵੰਤ ਸਿੰਘ।

(੨) ਦੀਵਾਨ ਮੂਲ ਰਾਜ ਪਾਸੋਂ ਮੁਲਤਾਨ ਦੀ ਗਵਰਨਰੀ ਦਾ ਚਾਰਜ ਲੈਣ ਵਾਲਾ ਸ: ਕਾਹਨ ਸਿੰਘ ਮਾਨ ਫੌਜੀ ਜਰਨੈਲ ਸੀ ਇਸਦਾ ਨਗਰ ਸਟਹਾਲਾ ਜ਼ਿਲਾ ਹੁਸ਼ਿਆਰ ਪੁਰ ਸੀ, ੧੮ ਅਪਰੈਲ ਸੰਨ ੧੮੪੮ ਨੂੰ ਇਹ ਦੋ ਅੰਗਰੇਜ਼ਾਂ ਨਾਲ ਫੌਜ ਲੈ ਕੇ ਮੁਲਤਾਨ ਪਹੁੰਚਿਆ, ੩੦ ਦਸੰਬਰ ਨੂੰ ਕਿਲੇ ਵਿਚ ਮੂਲ ਰਾਜ ਦੀ ਕੈਦ ਵਿਚ ਹੋਣ ਕਰਕੇ ਬਰੂਦ ਨੂੰ ਤੋਪ ਦੇ ਗੋਲੇ ਨਾਲ ਅਗ ਲਗ ਜਾਣ ਕਰਕੇ ਉਥੇ ਹੀ ਮਰ ਗਿਆ ਸੀ ਇਸ ਦੇ ਨਾਲ ਮੂਲ ਰਾਜ ਦੇ ਭੀ ਚਾਰ ਪੰਜ ਸੌ ਸਿਪਾਹੀ ਮਾਰੇ ਗਏ ਮੁਲਤਾਨ ਦੀ ਬਗਾਵਤ ੨੨ ਜਨਵਰੀ ਸੰਨ ੧੮੪੯ ਨੂੰ ਖਤਮ ਹੋ ਗਈ ਸੀ।

ਸ: ਚਤਰ ਸਿੰਘ ਦੀ ਜੰਗ

ਸ: ਚਤਰ ਸਿੰਘ ਅਟਾਰੀ ਹਜ਼ਾਰੇ ਦਾ ਗਵਰਨਰ ਸੀ ਜੋ ਵਧ ਹਰੀ ਪੁਰ ਪਰਵਾਰ ਸਮੇਤ ਰਹਿੰਦਾ ਸੀ। ਉਥੇ ਦਾ ਨਿਗਰਾਨੀ ਅਫਸਰ ਐਬਟ ਉਸ ਨਾਲ ਬਦਸਲੂਕੀ ਨਾਲ ਵਰਤੋਂ ਰਖਦਾ ਸੀ। ਸਤਿਲੁਜ ਦੀ ਜੰਗ ਪਿਛੋਂ ਇਸ ਤਰਾਂ ਕਈ ਜਗਾ ਅੰਗਰੇਜ਼ ਨੀਯਤ ਹੋਏ ਸਨ ਜੈਸਾ ਕਿ ਮੇਜਰ ਜੇਮਜ਼ ਐਬਟ ਹਜ਼ਾਰੇ ਵਿਖੇ, ਮੇਜਰ ਜਾਰਜ ਲਾਰੰਸ ਪਸ਼ਾਵਰ

ਸੂਬਾ ਸੁਲਤਾਨ ਮੁਹੰਮਦ ਪਰ ਜਰਨੈਲ ਕੋਟਟ ਲੈਂਡ ਡੇਹਰਾ ਇਸਮਾਈਲ ਖਾਂ ਅਤੇ ਇਲਾਕਾ ਬੰਨੂ ਵਲ ਐਡਵਾਰ-ਡਸ ਸੀ, ਇਹ ਇਲਾਕੇ ਮੁਸਲਮਾਨੀ ਵਸੋਂ ਦੇ ਹਨ। ਮੇਜਰ ਜੈਮਜ਼ ਐਬਟ ਨੇ ਮੁਸਲਮਾਨਾਂ ਨੂੰ ਚੁਕ ਕੇ ਹਰੀ ਪੁਰ ਵਿਖੇ ਸ: ਚਤਰ ਸਿੰਘ ਪਰ ਹਮਲਾ ਕਰਵਾ ਦਿਤਾ। ਚਤਰ ਸਿੰਘ ਉਥੇ ਦਾ ਗਵਰਨਰ ਸੀ ਪਰੰਤੂ ਬਾਤ ਤਾਂ ਅੰਤ ਐਬਟ ਸਾਹਿਬ ਦੀ ਮੰਨੀ ਜਾਣੀ ਸੀ, ਬਲਵੇ ਵਿਚ ਉਥੇ ਇਕ ਅਮਰੀਕਨ ਅੰਗਰੇਜ਼ ਕਨੌਰਾ ਨਾਮੀ ਤੋਪ ਖਾਨੇ ਦਾ ਅਫ-ਸਰ ਸੀ ਜੋ ਸ: ਚਤਰ ਸਿੰਘ ਦੇ ਮਤਾਹਿਤ ਸੀ ਕਤਲ ਹੋ ਗਿਆ ਜਿਸ ਵਿਚ ਸਰਦਾਰ ਚਤਰ ਸਿੰਘ ਦਾ ਕੋਈ ਕਸੂਰ ਨਹੀਂ ਸੀ ਚੂੰਕਿ ਮਿਸਟਰ ਐਬਟ ਨੂੰ ਸ: ਚਤਰ ਸਿੰਘ ਦੀ ਉਚਤਾ ਮਨਜ਼ੂਰ ਨਹੀਂ ਸੀ ਉਸ ਨੇ ਆਪਣੇ ਜ਼ੋਰ ਨਾਲ ਸ: ਚਤਰ ਸਿੰਘ ਨੂੰ ਤੰਗ ਕਰਨਾ ਠੀਕ ਸਮਝਿਆ, ਮੇਜਰ ਜਾਰਜ ਲਾਰੰਸ ਆਪਣੀ ਪੜਤਾਲ ਵਿਚ ਸ: ਚਤਰ ਸਿੰਘ ਨੂੰ ਨਿਰ-ਦੋਸ਼ ਸਮਝਦਾ ਸੀ ਪਰ ਇਸੇ ਖਿਚਾ ਖਿਚੀ ਵਿਚ ਉਸਦੀ ਜਾਗੀਰ ਜਬਤ ਹੋ ਗਈ ਅਤੇ ਗਵਰਨਰੀ ਤੋਂ ਹਟਾਇਆ ਗਿਆ ਅਰ ਓਹ ਮਜਬੂਰ ਹੋਣ ਪਰ ਫਕੀਰ ਬਣਨੇ ਕਰਕੇ ਬਾਗੀ ਬਣਿਆਂ, ਸਿਖ ਫੌਜਾਂ ਦੀ ਉਸ ਦੇ ਨਾਲ ਕੁਦਰਤੀ ਹਮਦਰਦੀ ਸੀ, ਉਸਦੀ ਮਦਦ ਪਰ ਕਿਤਨੇ ਸਿਪਾਹੀ ਗਿਰਦੇ ਆ ਹੋਏ ਕੁਝ ਨਾਮ ਕਟੀਆਂ ਫੌਜਾਂ ਦੇ ਸਿਪਾਹੀ ਨਾਲ ਆ ਮਿਲੇ ਜਿਸ ਕਰਕੇ ਸੁਤੇ ਹੀ ਬਗਾਵਤ ਦਾ ਮੁਢ ਬਝਗਿਆ।

ਨੋਟ—ਇਹ ਬਾਤ ਪਹਿਲਾਂ ਭੀ ਲਿਖੀ ਜਾ ਚੁਕੀ ਹੈ ਕਿ ਸ: ਚਤਰ ਸਿੰਘ ਜੀ ਦੀ ਲੜਕੀ ਦਾ ਅਰਦਾਸਾ (ਮੰਗਣੀ)

ਤਿੰਨ ਜੁਲਾਈ ਸੰਨ ੧੮੪੫ (੨੨ ਹਾੜ ੧੯੦੨) ਨੂੰ ਹੋਇਆ ਉਸ ਵੇਲੇ ਸ: ਜਵਾਹਰ ਸਿੰਘ ਵਜ਼ੀਰ ਸੀ, ਪਰ ਅਨੰਦ ਕਰਨ ਦੀ ਰਸਮ ਵਿਚ ਮੁਖਾਲਫਾਂ ਵਲੋਂ ਅੜਿਕੇ ਪੈਂਦੇ ਰਹੇ।

ਲਾਰਡ ਗਫ ਦੀ ਲੜਾਈ

ਮੁਲਤਾਨੋਂ ਚਲ ਕੇ ਰਾਜਾ ਸ਼ੇਰ ਸਿੰਘ ਨੇ ਰਾਮ ਨਗਰ ਪਾਸ (ਦਰਿਆਏ ਚਨਾਬ ਦੇ ਕਿਨਾਰੇ) ਕੈਂਪ ਲਾ ਦਿਤਾ, ਜੈਂਨੂੰ ਪਸ਼ਾਵਰ ਵਲ ਦੀਆਂ ਫੌਜਾਂ ਉਸ ਦੀ ਬਗਾਵਤ ਨੂੰ ਸੁਣ ਕੇ ਨਾਲ ਆ ਰਲੀਆਂ। ਉਧਰ ਸ: ਚਤਰ ਸਿੰਘ ਪਾਸ ਕਈ ਪਠਾਣਾਂ ਦੀਆਂ ਫੌਜਾਂ ਭੀ ਆਈਆਂ ਪਰ ਬਹੁਤੇ ਨਾਮ ਕਟੇ ਸਿਪਾਹੀ ਸਨ, ਇਸ ਮੌਕੇ ਨੂੰ ਤਾੜ ਕੇ ਲਾਰਡ ਗਫ ੧੦ ਸਤੰਬਰ ਨੂੰ ਕੂਚ ਕਰਕੇ ਅੰਗਰੇਜ਼ੀ ਫੌਜਾਂ ਨਾਲ ਲੁਧਿਹਾਣਾ ਤੋਂ ਲਾਹੌਰ ਵਲ ਚਲਿਆ, ੧੮ ਸਤੰਬਰ ਨੂੰ ਰੈਜ਼ੀਡੈਂਟ ਲਾਹੌਰ ਨੇ ਦਰਬਾਰ ਵਲੋਂ ਜੰਗ ਦਾ ਐਲਾਨ ਕੀਤਾ, ਲਾਹੌਰ ਦੀਆਂ ਫੌਜਾਂ ਭੀ ਟਾਕਰੇ ਲਈ ਸੈਨਾ ਪਤੀ ਗਫ ਦੇ ਅਧੀਨ ਹੋ ਕੇ ਗਈਆਂ। ਬਾਈਸ ਨਵੰਬਰ ਨੂੰ ਪਚੀਸ ਤੀਸ ਹਜ਼ਾਰ ਫੌਜ ਨਾਲ ਰਾਜਾ ਸ਼ੇਰ ਸਿੰਘ ਨਾਲ ਜਾ ਟਾਕਰਾ ਲਾਇਆ, ਹਾਲੇ ਤੀਕ ਸਰਦਾਰ ਚਤਰ ਸਿੰਘ ਦੀਆਂ ਫੌਜਾਂ ਉਥੇ ਨਹੀਂ ਪਹੁੰਚੀਆਂ ਸਨ।

੪ ਦਸੰਬਰ ਨੂੰ ਸੈਦਲਪੁਰ ਲਾਗੇ ਇਕ ਚੰਗੀ ਟੱਕਰ ਹੋਈ, ਰਾਮ ਨਗਰ ਅਤੇ ਸੈਦਲਪੁਰ ਦੀ ਜੰਗ ਵਿਚ ਰਾਜਾ ਸ਼ੇਰ ਸਿੰਘ ਦੀ ਜਿਤ ਰਹੀ। ਸਿਖਾਂ ਦਾ ਪੱਕਾ ਕੈਂਪ ਦਰਿਆਇ

ਜੇਹਲਮ ਦੇ ਲਾਗੇ ਰਸੂਲ ਸੀ। ਇਸ ਵੇਲੇ ਰਾਜਾ ਸ਼ੇਰ ਸਿੰਘ ਪਾਸ ਤੇਈ ਚੌਬੀਸ ਹਜ਼ਾਰ ਫੌਜ ਸੀ। ਛੋਟੇ ਛੋਟੇ ਕਈ ਹਲੇ ਹੁੰਦੇ ਰਹਿੰਦੇ ਸਨ ਪਰ ਚੇਲੀਆਂ ਵਾਲੀ ਪਾਸ ੧੩ ਜਨਵਰੀ ਨੂੰ ਘੋਰ ਦਾ ਯੁਧ ਛਿੜਿਆ ਏਧਰ ੨੨ ਜਨਵਰੀ ਸੰਨ ੧੮੪੯ ਨੂੰ ਮੁਲਤਾਨ ਫਤਹ ਹੋ ਜਾਣ ਪਰ ਉਥੇ ਦੀਆਂ ਸਾਰੀਆਂ ਫੌਜਾਂ ਲਾਰਡ ਗੱਫ ਦੀ ਮਦਦ ਲਈ ਆਈਆਂ। ਰਾਜਾ ਸ਼ੇਰ ਸਿੰਘ ਬੇਸਮਾਨਾ ਬਾਗੀ ਸੀ ਉਸਦੇ ਪਿਛੇ ਨਾ ਕੋਈ ਖਜ਼ਾਨਾ ਨਾ ਮੁਲਕ ਅਤੇ ਨਾ ਹੀ ਕੋਈ ਜੰਗੀ ਸਮਾਨ ਇਸ ਕਰਕੇ ਉਹ ਵਧ ਸਮਾਂ ਲੜ ਹੀ ਨਹੀਂ ਸਕਦਾ ਸੀ ਫਿਰ ਭੀ ਓਹ ਤਾਕਤ ਨਾਲੋਂ ਵਧ ਲੜਿਆ, ਦੁਨੀਆਂ ਨੂੰ ਦੰਗ ਕਰਨ ਵਾਲੀ ਬਹਾਦਰੀ ਦਖਲਾਈ। ਜੇ ਉਸਦਾ ਮੁਕਾਬਲੇ ਖਾਲਸਾ ਦਰਬਾਰ ਦੀ ਹਿੰਦ ਨਾਂ ਹੁੰਦੀ, ਉਹਦੀ ਬਗਾਵਤ ਸ਼ਾਇਦ ਬਹੁਤ ਵਧਦੀ ਪਰ ਰਾਜਾ ਸ਼ੇਰ ਸਿੰਘ ਦੀ ਬਗਾਵਤ ਮਹਾਰਾਜਾ ਦਲੀਪ ਸਿੰਘ ਦੇ ਰਾਜ ਨੂੰ ਕਾਇਮ ਰਖਣੇ ਵਾਸਤੇ ਮਰਦਿਆਂ ਦੇ ਤਰਲੇ ਵਾਲੀ ਬਾਤ ਸਿਧ ਹੁੰਦੀ ਹੈ।

ਸ: ਚਤਰ ਸਿੰਘ ਦਾ ਜੰਗ

ਰਾਜਾ ਸ਼ੇਰ ਸਿੰਘ ਦਰਿਆਇ ਜੇਹਲਮ ਦੇ ਕਿਨਾਰੇ ਦਸ ਬਾਰਾਂ ਮੀਲਾਂ ਵਿਚ ਲਾਰਡ ਗਫ ਨਾਲ ਲੜ ਰਿਹਾ ਸੀ ਉਸਦੇ ਮੁਕਾਬਲੇ ਵਿਚ ਲਾਹੌਰ ਦਰਬਾਰ ਪਾਸੋਂ ਜਾਗੀਰਾਂ ਖਿਤਾਬ ਇਨਾਮ ਪ੍ਰਾਪਤ ਕਰਨੇ ਵਾਲੇ ਪੰਜਾਬੀ ਭਾਰੀ ਸਨਅਤ ਉਸ ਦੇ ਸਾਥੀ ਸਰਦਾਰ ਭੀ ਆਪਣੀ ਫੌਜਾਂ ਤੋਂ ਡਰਦੇ ਨਾਲ ਲਗੇ ਜਾ ਰਹੇ ਸਨ। ਇਲਾਕਾ ਮੁਸਲਮਾਨੀ ਹੋਣ ਕਰਕੇ ਰਸਦ

ਵਲੋਂ ਤੰਗੀ ਸੀ ਬਲਕਿ ਲਾਲਚੀ ਪੰਜਾਬੀ ਖਬਰਾਂ ਦੂਜੀ ਵਲ ਦਿੰਦੇ ਸਨ। ਉਧਰ ਸ: ਚਤਰ ਸਿੰਘ ਨੇ ਅਟਕ ਪਰ ਕਬਜ਼ਾ ਕਰ ਲਿਆ ਸੀ ੧੯ ਜਨਵਰੀ (ਸੰਨ ੧੮੪੯) ਨੂੰ ਉਹ ਰਾਜਾ ਸ਼ੇਰ ਸਿੰਘ ਨੂੰ ਕੈਂਪ ਰਸੂਲ ਪੁਰ ਵਿਖੇ ਆ ਮਿਲਿਆ ਉਸ ਨੇ ਭੀ ਆ ਕੇ ਸੁਲਹ ਦੀ ਬਾਤ ਚਲਾਈ ਇਸੇ ਲਈ ਉਨਾਂ ਨੇ ਆਪਣ ਪਾਸ ਦੇ ਕੈਦੀ ਅੰਗਰੇਜ਼ਾਂ ਨੂੰ ਲਾਰਡ ਗਫ ਪਾਸ ਘੱਲ ਕੇ ਸੁਲਹ ਲਈ ਕਿਹਾ ਜਿਸ ਦਾ ਫਲ ਆਪਣੀ ਕਮਜ਼ੋਰੀ ਅਤੇ ਭੇਦ ਜ਼ਾਹਰ ਕਰਨਾ ਨਿਕਲਨਾ ਸੀ, ਇਸ ਤਰਾਂ ਸੁਲਹ ਕੌਣ ਕਰਦਾ। ਲਾਰਡ ਗਫ ਦੀ ਤਾਕਤ ਮੁਲਤਾਨੋ ਫੌਜਾਂ ਪਹੁੰਚਨ ਪਰ ਬੀਸ ਫਰਵਰੀ ਨੂੰ ਪੂਰੇ ਜੋਬਨ ਪਰ ਹੋ ਗਈ। ਸੁਲਹ ਕਰਨ ਦੀ ਆਸ਼ਾ ਵਾਲੇ ਆਲਸ ਵਿਚ ਲੇਟੇ ਰਹੇ ਕਿ ਹੁਣੇ ਸੁਲਹ ਦਾ ਪੈਗਾਮ ਔਂਦਾ ਹੈ। ਮੁਕਾਬਲੇ ਕੀ ਤਾਕਤ ਵਧਦੀ ਤਕ ਕੇ ਰਾਜਾ ਸ਼ੇਰ ਸਿੰਘ ਅਤੇ ਚਤਰ ਸਿੰਘ ਨੇ ਰਾਵਲਪਿੰਡੀ ਵਲੋ ਰੁਖ ਕੀਤਾ ਪਰ ਲਾਰਡ ਗੱਫ ਨੇ ਗੁਜਰਾਤ ਜਾਕੇ ਟਾਕਰਾ ਕੀਤਾ ਇਥੇ ਅੰਤ ਦੀ ਜੰਗ ਹੋਈ।

ਗੁਜਰਾਤ ਦੀ ਜੰਗ

੨੧ ਫਰਵਰੀ ਸੰਨ ੧੮੪੯ ਨੂੰ ਸ: ਚਤਰ ਸਿੰਘ ਅਤੇ ਉਸ ਦੇ ਪੁਤਰ ਸ਼ੇਰ ਸਿੰਘ ਨਾਲ, ਗੁਜਰਾਤ ਦੇ ਪਾਸ ਗਜ਼ਬ ਦਾ ਜੰਗ ਹੋਇਆ, ਸੈਨਾਪਤੀ ਲਾਰਡ ਗਫ ਪਾਸ ਉਸ ਵੇਲੇ ਇਨਾਂ ਥੀਂ ਦੁਗਣੀ ਫੌਜ ਸੀ ਅਤੇ ਤੋਪਾਂ ਕਈ ਗੁਣਾਂ ਵਧ ਸਨ। ਕਿਤਨਾ ਸਮਾਂ ਬਰਾਬਰ ਦੀ ਜੰਗ ਹੁੰਦੀ ਰਹੀ ਅਖੀਰ ਸ਼ੇਰ ਸਿੰਘ ਦੀਆਂ ਫੌਜਾਂ ਪਾਸੋਂ ਸਿਕਾ ਬਰੂਦ ਜਮਾਂ

ਮੁਕ ਗਿਆ ਬੰਦੂਕਾਂ ਅਤ ਤੋਪਾਂ ਚਲਣੋ ਰਹਿ ਗਈਆਂ ਪਰ ਬਹਾਦਰਾਂ ਨੇ ਹੌਂਸਲੇ ਨਾਂ ਛਡੇ ਬੇਸ਼ੁਮਾਰ ਸਿਖ ਬੰਦੂਕਾਂ ਤੋਪਾਂ ਅਗੇ ਤਲਵਾਰਾਂ ਨਾਲ ਲੜਕੇ ਸ਼ਹੀਦੀਆਂ ਪਾ ਗਏ।

ਮੌਕੇ ਪਰ ਪਠਾਣਾਂ ਦੀਆਂ ਦੋ ਪਲਟਣਾਂ ਜੋ ਕਾਬਲ ਥੀਂ ਦੋਸਤ ਮੁਹੰਮਦ ਖਾਂਨ ਨੇ ਸ: ਚਤਰ ਸਿੰਘ ਦੀ ਇਮਦਾਦ ਹਿਤ ਘਲੀਆਂ ਸਨ, ਭੱਜ ਉਠੀਆਂ, ਜਿਸ ਕਰਕੇ ਹਿਲ-ਜੁਲੀ ਮਚ ਗਈ। ਸਿਖ ਤਲਵਾਰਾਂ ਨਾਲ ਪਹਿਲਾਂ ਤੋਂ ਹੀ ਤੋਪਾਂ ਅਗੇ ਲੜਕੇ ਮਰਦੇ ਮਾਰਦੇ ਸਨ ਪਰੰਤੂ ਤੋਪਾਂ ਅਗੇ ਤਲਵਾਰ ਦਾ ਮੁਕਾਬਲਾ ਕਠਨ ਸੀ, ਮੁਕਾਬਲੇ ਪਰ ਤੋਪਾਂ ਦੇ ਫੈਰਾਂ ਨਾਲ ਅੰਧਾ ਧੁੰਧ ਮਚ ਗਈ, ਮੋਰਚੇ ਟਟਣਸਾਰ ਰਾਜਾ ਸ਼ੇਰ ਸਿੰਘ ਦਾ ਦਲ ਭਜ ਉਠਿਆ। ਮੋਰਚੇ ਛਡਕੇ ਇਹ ਦਲ ਰਾਵਲਪਿੰਡੀ ਵਲ ਨੂੰ ਦੌੜਿਆ ਕਿਤਨੀਆਂ ਤੋਪਾਂ ਮੈਦਾਨ ਵਿਚ ਰਹਿ ਗਈਆਂ। ਇਹ ਹਾਰ ਬਹੁਤ ਭਿਆਨਕ ਸ਼ਕਲ ਫੜ ਗਈ, ਕਿਉਂਕਿ ਸ਼ੇਰ ਸਿੰਘ ਦੇ ਦਲ ਪਾਸ ਸਿਕਾ ਬਰੂਦ ਨਹੀਂ ਸੀ ਜਿਸ ਕਰਕੇ ਨਿਹਥੀ ਸ਼ਕਲ ਵਿਚ ਕਤਲ ਹੁੰਦੇ ਗਏ ਇਸ ਜੰਗ ਦਾ ਮੁਦਾ ਰਾਜ ਨਹੀਂ ਸੀ ਬਲਕੇ ਦਿਲੀ ਰੰਜਸ਼ਾਂ ਸਨ।

ਰਾਜਾ ਸ਼ੇਰ ਸਿੰਘ ਦੀ ਸ਼ਿਕਸਤ

ਰਾਜਾ ਸ਼ੇਰ ਸਿੰਘ ਦਾ ਖਾਲਸਾ ਦਰਬਾਰ ਦੀ ਤਾਕਤ ਅਗੇ ਹਾਰਨਾ ਹੀ ਵਾਜਿਬ ਸੀ ਕਿਉਂਕਿ ਲਾਹੌਰ ਰੈਜ਼ੀਡੰਟ ਸਾਹਿਬ ਦੇ ਐਲਾਨ ਅਨੁਸਾਰ ਜੰਗ ਮਹਾਰਾਜਾ ਦਲੀਪ ਸਿੰਘ ਦੇ ਰਾਜ ਦੀ ਸਲਾਮਤੀ ਹਿਤ ਲੜੀ ਗਈ ਸੀ, ਕਾਇਦੇ

ਅਨੁਸਾਰ ਓਹ ਸ੍ਰਕਾਰ ਅੰਗਰੇਜ਼ੀ ਦੀ ਰਖਿਆ ਵਿਚ ਸੀ। ਸ਼ੇਰਸਿੰਘ ਦੀ ਬਗਾਵਤ ਭਰੀ ਜੰਗ ਅਸਲੋਂ ਅੰਗਰੇਜ਼ਾਂ ਨਾਲ ਸਿਧੇ ਮਥੇ ਨਹੀਂ ਸੀ, ਕਿਉਂਕਿ ਲਾਹੌਰ ਦੀ ਫੌਜ ਹੀ ਤਾਂ ਇਸ ਨਾਲ ਲੜਦੀ ਸੀ। ਸ਼ੇਰ ਸਿੰਘ ਦਾ ਦਲ *੧੪ ਮਾਰਚ ਸੰਨ ੧੮੪੯ ਨੂੰ ਨਿਹਥੀ ਅਰ ਬੇਸਮਾਨੀ ਦੀ ਹਾਲਤ ਵਿਚ ਆਪਣੀ ਹਾਰ ਮੰਨਕੇ ਰਾਵਲਪਿੰਡੀ ਦੇ ਲਾਗੇ ਘੇਰੇ ਵਿਚ ਆਇਆ, ਜਨਰਲ ਗਿਲਬਰਟ ਅਗੇ ਆਪਣੇ ਹਥਿਆਰ ਪਿਆਰ ਨਾਲ ਚੁੰਮਕੇ ਸੁਟ ਦਿਤੇ ਅਤੇ ਘੋੜੇ ਖੁਲੇ ਛਡਕੇ ਆਪ ਥੀਂ ਜੁਦਾ ਕਰ ਦਿਤੇ। ਇਹ ਦਲ ਕਿਸੀ ਦੇ ਨੌਕਰ ਨਹੀਂ ਸਨ ਅਤੇ ਨਾਂਹੀ ਕੋਈ ਲਾਲਚ ਸੀ, ਕਿਸੇ ਵੀ ਇਵਜ਼ਾਨੇ ਦੀ ਆਸ ਵਿਚ ਨਹੀਂ ਸਨ, ਸਬਰ ਸੰਤੋਖ ਨਾਲ ਜਿਧਰੋਂ ਆਏ ਸੀ ਉਧਰ ਨੂੰ ਚਲੇ ਗਏ। ਉਸ ਵੇਲੇ ਸਿਖ ਸਰਦਾਰ ਗਿਰਫਤਾਰ ਕਰਕੇ ਕਲਕਤੇ ਘਲੇ ਗਏ, ਜਿਨਾਂ ਵਿਚ ਕਿ ਰਾਜਾ ਸ਼ੇਰ ਸਿੰਘ ਅਰ ਉਸਦਾ ਬੁਢਾ ਪਿਤਾ ਚਤਰ ਸਿੰਘ ਜੀ ਸਨ, ਇਸ ਤਰਾਂ ਇਹ ਬਗਾਵਤ ਮੁਕ ਗਈ, ਚਾਰੇ ਪਾਸੀਂ ਸ਼ਾਂਤੀ ਫੈਲ ਗਈ। ਯਾਂਤੇ ਇਹ ਫਤਹ 'ਖਾਲਸਾ ਦਰਬਾਰ' ਦੀ ਸੀ ਅਤੇ ਮੂਲ ਮੁਦਾ ਖਾਲਸਾ

---

†ਰਾਜਾ ਸ਼ੇਰ ਸਿੰਘ ਨਾਲ ੨੨ ਨਵੰਬਰ ਸੰਨ ੧੮੪੮ ਈ: ਨੂੰ ਪਹਿਲਾ ਜੰਗ ਰਾਮ ਨਗਰ ਹੋਇਆ, ਚਾਰ ਦਸੰਬਰ ਨੂੰ ਸੈਦਪੁਰ ਅਤੇ ੧੩ ਜਨਵਰੀ ਸੰਨ ੪੯ ਨੂੰ ਚੇਲਿਆਂ ਵਾਲੇ, ੨੧ ਫਰਵਰੀ ਨੂੰ ਗੁਜਰਾਤ ਦੀ ਜੰਗ। ਰਾਜਾ ਸ਼ੇਰ ਸਿੰਘ ਦੀ ਤੀਸ ਪੈਂਤੀਸ ਹਜ਼ਾਰ ਫੌਜ ਸੀ ਪਰ ਗੋਲੀ ਸਿਕਾ ਨਾ ਮਿਲਿਆ। ਇਨਾਂ ਜੰਗਾਂ ਦਾ ਦੋਸ਼ ਮਹਾਰਾਜਾ ਦੇ ਜ਼ਿੰਮੇਂ ਲਾਕੇ ੨੯ ਮਾਰਚ ਸੰਨ ੧੮੪੯ ਈ: ਨੂੰ ਪੰਜਾਬ ਅੰਗਰੇਜ਼ਾਂ ਨੇ ਜ਼ਬਤ ਕਰ ਲਿਤਾ।

ਦਰਬਾਰ ਦੀ ਕਾਇਮੀ ਸੀ।

ਹੋਰ ਛਾਕਫੀਅਤ

ਮੁਲਤਾਨ ਦੇ ਜੰਗ ਵੇਲੇ ਉਸ ਪਰ ਮੇਜਰ ਐਡਵਾਰਡ ਅਤੇ ਕੋਰਟਲੈਂਡ ਨੇ ਬੇਪ੍ਰਤੀਤੀ ਦੀ ਵਰਤੋਂ ਕੀਤੀ ੧੪ ਸਤੰਬਰ ਸੰਨ ੧੮੪੮ ਨੂੰ ਉਸਦਾ ਦਿਲ ਟੁਟ ਗਿਆ ਉਸ ਨੇ ਮੂਲ ਰਾਜ ਨਾਲ ਮਿਲਣ ਦੀ ਕੋਸ਼ਸ਼ ਕੀਤੀ ਪਰੰਤੂ ਮੂਲ ਰਾਜ ਨੇ ਭੀ ਉਸ ਪਰ ਭਰੋਸਾ ਨਾ ਕੀਤਾ ਕਿਉਂਕਿ ਰਾਜਾ ਸ਼ੇਰ ਸਿੰਘ ਅੰਗਰੇਜ਼ਾਂ ਦਾ ਪੱਕਾ ਵਫਾਦਾਰ ਸੀ, ਅਖੀਰ ਉਹ ੯ ਅਕਤੂਬਰ ਨੂੰ ਮੁਲਤਾਨੋਂ ਚਲ ਕੇ ੧੫ ਅਕਤੂਬਰ ਨੂੰ ਰਾਮ ਨਗਰ ਜਾ ਪਹੁੰਚਿਆ। ਰਾਮ ਨਗਰ ਪਹੁੰਚਣ ਪਰ ਉਸ ਨਾਲ ਪੰਦਰਾਂ ਬੀਸ ਹਜਾਰ ਸਿਪਾਹ ਇਧਰੋਂ ਉਧਰੋਂ ਕਠੀ ਜਾ ਹੋਈ ਕੁਝ ਸ: ਚਤਰ ਸਿੰਘ ਪਾਸ ਪਹਿਲੇ ਆ ਪਹੁੰਚੀ ਉਸ ਵੇਲੇ ਲਾਹੌਰ ਤੋਂ ਭੀ ਇਸ ਬਗਾਵਤ ਨੂੰ ਦਬੌਣ ਲਈ ਫੌਜ ਆ ਰਹੀ ਸੀ, ਇਸ ਤਰਾਂ ਇਹ ਟਾਕਰਾ ਸਿਖਾਂ ਨਾਲ ਭੀ ਹੋਣਾ ਮਾਂਡਿਆ ਗਿਆ ਸਿਖ ਦਰਬਾਰ ਦੇ ਕਾਰਿੰਦੇ ਸ: ਚਤਰ ਸਿੰਘ ਅਤੇ ਰਾਜਾ ਸ਼ੇਰ ਸਿੰਘ ਦੇ ਹਾਮੀ ਨਹੀਂ ਸਨ। ਦੀਵਾਨ ਦੀਨਾ ਨਾਥ ਅਤੇ ਦੀਵਾਨ ਸਾਹਿਬ ਦਿਆਲ ਆਦਿਕਾਂ ਨੇ ਇਨਾਂ ਨਾਲ ਟਾਕਰਾ ਕੀਤਾ। ਪਿਛੋਂ ਸ: ਮੰਗਲ ਸਿੰਘ ਰਾਮ-ਗੜ੍ਹੀਆ ਅਤੇ ਤੇਜ ਸਿੰਘ ਆਦਿਕ ਕਈ ਅਫਸਰ ਫੌਜਾਂ ਨਾਲ ਲੈਕੇ ਲਾਹੌਰੋਂ ਟਾਕਰੇ ਹਿਤ ਗਏ ਹੋਰ ਸਿਖ ਸਰਦਾਰਾਂ ਨੇ ਭੀ ਇਸ ਬਗਾਵਤ ਨੂੰ ਦਬੌਣ ਵਾਸਤੇ ਪੂਰਨ ਮਦਦ ਦਿਤੀ। ਇਸ ਵੇਲੇ ਸਿਖਾਂ ਦੀ ਪਾਟੋ ਧਾੜ ਅਤੇ ਖਿਚਾ ਖਿਚੀ ਦਾ

ਅਸਚਰਜ ਨਜ਼ਾਰਾ ਸੀ, ਸ਼ੇਰ ਸਿੰਘ ਨੇ ਇਹ ਜੰਗ ਬਹੁਤ ਬਹਾਦਰੀ ਅਤੇ ਹੌਸਲੇ ਨਾਲ ਲੜੀ ਕਿਸੇ ਨਿਹਥੇ ਅਤੇ ਗ੍ਰਿਫ-ਤਾਰ ਹੋਏ ਨੂੰ ਨਹੀਂ ਮਾਰਿਆ। ਇਨਾਂ ਦੀ ਇਹ ਜੰਗ ਕਿਸੀ ਬਹਾਦਰ ਦੇ ਅਧੀਨ ਜਾਂ ਮੁਲਕ ਮੰਗਾਲਣ ਦੇ ਨਿਸ਼ਾਨੇ ਪਰ ਨਹੀਂ ਸੀ ਕੇਵਲ ਦੁਖੀ ਦਿਲਾਂ ਦੇ ਵਲਵਲੇ ਸਨ। ਇਸ ਜੰਗ ਵਿਚ ਕਿਤਨੇ ਹੀ ਬਹਾਦਰ ਅੰਗਰੇਜ਼ ਕੰਮ ਆਏ। ਰਾਮ ਨਗਰੋਂ ਹਟਕੇ ਅਬਦੁਲਾ ਪੁਰ ਵਲ ਭਿਆਨਕ ਜੰਗ ਹੋਈ। ਸ਼ੇਰ ਸਿੰਘ ਢੰਗ ਨਾਲ ਜੰਗ ਕਰਨ ਵਿਚ ਪੂਰਨ ਮਾਹਰ ਸੀ। ਚੇਲੀਆਂ ਵਾਲੇ ਮੈਦਾਨ ਵਿਚ ਜੋ ਜੰਗ ਹੋਈ ਇਸ ਜੰਗ ਨੇ ਮਹਾਂਭਾਰਤ ਦੇ ਯੁਧ ਨੂੰ ਭੀ ਮਾਤ ਪਾ ਦਿਤਾ।

ਸਿਖ ਢਿੱਡੋਂ ਭੁਖੇ ਜੰਗ ਕਰਦੇ ਸਨ ਜਿਸ ਤੋਂ ਜਾਪਦਾ ਹੈ ਕਿ ਜੰਗ ਕੇਵਲ ਸ਼ਹੀਦੀਆਂ ਪੌਣ ਹਿਤ ਸੀ ਉਨਾਂ ਨੂੰ ਕਿਸੀ ਪਾਸੋਂ ਇਨਾਮ, ਖਿਤਾਬ, ਜਾਗੀਰ ਜਾਂ ਲਾਲਚ ਦੀ ਆਸ਼ਾ ਨਹੀਂ ਸੀ, ਸਤਲੁਜੀ ਜੰਗ ਦੇ ਵਲਵਲੇ ਅਤੇ ਦੁਖਾਂ ਦੇ ਕੀਰਨੇ ਸਨ, ਇਹ ਜੰਗ ਕੀ ਸੀ ਦੋ ਢਾਈ ਮਹੀਨੇ ਦਾ ਘਲੂਘਾਰਾ ਸੀ। ਇਸ ਜੰਗ ਦਾ ਮੁਦਾ ਲਾਹੌਰ ਦਾ ਰਾਜ ਲੈਣਾਂ ਯਾਂ ਅੰਗਰੇਜ਼ੀ ਰਾਜ ਦਾ ਮੁਕਾਬਲਾ ਨਹੀਂ ਸੀ, ਅਤੇ ਨਾ ਹੀ ਇਹ ਜੰਗ ਕਿਸੇ ਇਲਾਕੇ ਦੇ ਖਿਆਲ ਨਾਲ ਹੋਇਆ ਸੀ। ਇਹ ਰੰਜਸ਼ ਦੀ ਅਗਨੀ ਧੁਖੀ ਜੋ ੨੪ ਅਕਤੂਬਰ ਸੰਨ ੧੮੪੬ ਨੂੰ ਪਸ਼ਾਵਰ ਦੀ ਫੌਜ ਸਰਦਾਰ ਚਤਰ ਸਿੰਘ ਨਾਲ ਕੁਦਰਤੀ ਆ ਮਿਲੀ। ਮੇਜਰ ਜਾਰਜ ਲਾਰੰਸ ਮੁਕਾਬਲਾ ਨਾ ਕਰ ਸਕਿਆ ਕੁਹਾਟ ਵਲ ਨਠ ਗਿਆ। ਫੌਜ ਦੇ ਰਲਣ ਨਾਲ ਬਾਤ ਉਲਟੀ ਹੀ ਬਣ

ਗਈ। ਮੌਕਾ ਤਾੜ ਕੇ ਸੁਲਤਾਨ ਮੁਹੰਮਦ ਖਾਨ ਕੋਹਾਟ ਦਾ ਹਾਕਮ ਭੀ ਸ: ਸ਼ੇਰ ਸਿੰਘ ਨਾਲ ਮਿਲ ਗਿਆ ਉਸ ਵੇਲੇ ਸਰਦਾਰ ਸ਼ੇਰ ਸਿੰਘ ਛਾਵਣੀ ਚਨਾਬ ਦੇ ਪਾਸ ਰਾਮ ਨਗਰ ਸੀ। ਅੰਗਰੇਜ਼ਾਂ ਵਲੋਂ ਇਸ ਨਾਲ ਲਾਰਡ ਗਫ, ਲਾਰਡ ਕਲਾਇਵ ਮੇਜਰ ਲਾਰੰਸ ਆਦਿ ਅਫਸਰਾਂ ਨੇ ਟਾਕਰਾ ਕੀਤਾ ਅਰ ਇਸ ਜੰਗ ਨੂੰ ਵਾਧੂ ਵਧਾ ਲਿਆ।

ਸਰਦਾਰ ਸ਼ੇਰ ਸਿੰਘ ਨੇ ਗੁਜਰਾਤ ਜਾ ਮਾਰੀ ਉਥੇ ਇਸ ਪਾਸ ਕਿਤਨੇ ਹੀ ਅੰਗਰੇਜ਼ ਅਫਸਰ ਅਰ ਉਹਨਾਂ ਦੀਆਂ ਇਸਤਰੀਆਂ ਬਚੇ ਭੀ ਗਿਰਫਤਾਰੀ ਵਿਚ ਆ ਗਏ ਪਰ ਇਸ ਨੇ ਕਿਸੇ ਨੂੰ ਭੀ ਅਕਾਰਨ ਦੁਖ ਨਹੀਂ ਦਿਤਾ ਸੀ। ਸ਼ੇਰ ਸਿੰਘ ਨੇ ਸੁਲਾਹ ਵਾਸਤੇ ਭੀ ਅੰਗਰੇਜ਼ਾਂ ਨੂੰ ਚਿਠੀ ਲਿਖੀ ਪਰ ਨਾ ਮੰਨੇ। ਸ਼ੇਰ ਸਿੰਘ ਨੇ ਅੰਗਰੇਜ਼ ਕੈਦੀਆਂ ਨੂੰ ਇਸ ਵਾਇਦੇ ਪਰ ਛਡ ਦਿਤਾ ਕਿ ਅਸੀਂ ਸੁਲਾਹ ਕਰਾ ਦਿਆਂਗੇ ਪਰ ਉਨਾਂ ਭੀ ਕੁਝ ਨਾ ਕੀਤਾ। ਦਾਰੂ ਸਿਕਾ ਤੇ ਖੁਰਾਕ ਦੀ ਕਮੀ ਕਰਕੇ ਸਰਦਾਰ ਚਤਰ ਸਿੰਘ ਅਰ ਸ: ਸ਼ੇਰ ਸਿੰਘ ਨੇ ਆਪੇ ਹੀ ਹਾਰ ਮੰਨ ਲਈ। ੧੨ ਮਾਰਚ ਸੰਨ ੧੮੪੯ ਈ: ਨੂੰ ਵਜੀਰਾਬਾਦ ਵਿਖੇ ਲਾਰਡ ਗਫ ਦੇ ਪਾਸ ਜਾ ਕਰ ਹਥਿਆਰ ਰਖ ਦਿਤੇ ਸੀ।

ਜਾਣ ਪਛਾਣ

ਸ: ਚਤਰ ਸਿੰਘ ਦੇ ਤਿੰਨ ਪੁਤ੍ਰ ਸ਼ੇਰ ਸਿੰਘ, ਗੁਲਾਬ ਸਿੰਘ ਅਤੇ ਅਤਰ ਸਿੰਘ ਸੀ। ਸ: ਚਤਰ ਸਿੰਘ ਹਜ਼ਾਰੇ ਦਾ ਗਵਰਨਰ ਸੀ ਅਤੇ ਰਾਜਾ ਸ਼ੇਰ ਸਿੰਘ ਰੈਜੀਡੰਟ ਲਾਹੌਰ ਦੀ

ਕੌਂਸਲ ਦਾ ਮੈਂਬਰ ਸੀ ਫੌਜੀ ਜਰਨੈਲ ਦੇ ਔਹਦੇ ਪਰ ਸੀ। ਇਹ ਮੁਲਤਾਨ ਦੀ ਬਗਾਵਤ ਨੂੰ ਦਬੌਣ ਲਈ ਅੰਗਰੇਜ਼ ਅਫਸਰ ਐਡਵਾਟਡਸ ਨਾਲ ਮਿਲਕੇ ਬਹੁਤ ਸਰਗਰਮੀ ਨਾਲ ਜੰਗ ਕਰਦਾ ਰਿਹਾ ਇਸ ਦਾ ਭਰਾਤਾ ਸ: ਗੁਲਾਬ ਸਿੰਘ ਲਾਹੌਰ ਵਿਖੇ ਰੈਜੀਡੰਟ ਪਾਸ ਰਹਿੰਦਾ ਸੀ, ਉਥੇ ਹੀ ਅਤਰ ਸਿੰਘ ਰਿਹਾ, ਮਹਾਰਾਜਾ ਦਲੀਪ ਸਿੰਘ ਪਾਸ ਏਹੀ ਵਧ ਰਹਿੰਦੇ। ਹਮੇਸ਼ਾਂ ਰੈਜ਼ੀਡੰਟ ਮਿਸਟਰ ਕਰੀ, ਕਪਤਾਨ ਜੈਮਸਐਬਟ ਦੇ ਸਲੂਕ ਵਲੋਂ ਨਿਰਾਸ ਰਹੇ। ਸ: ਚਤਰ ਸਿੰਘ ਦੀ ਜਾਗੀਰ ਦੀ ਜ਼ਬਤੀ ਅਤੇ ਨਿਜ਼ਾਮਤ ਤੋਂ ਵਖ ਕਰਨ ਪਰ ਭਾਰੀ ਸੱਟ ਵਜੀ ਜਿਸ ਕਰਕੇ ਇਹ ਭੀ ਸ: ਚਤਰ ਸਿੰਘ ਅਤੇ ਸ਼ੇਰ ਸਿੰਘ ਨਾਲ ਰਲੇ। ਉਸ ਵੇਲੇ ਹਰ ਇਕ ਨੂੰ ਆਪਣੀਆਂ ਜਾਗੀਰਾਂ ਖੁਸਣ ਦਾ ਡਰ ਸੀ। ਜਿਨਾਂ ਨੇ ਰਾਜਾ ਸ਼ੇਰ ਸਿੰਘ ਦੀ ਬਗਾਵਤ ਵਿਚ ਹਿਸਾ ਲਿਆ ਸੀ ਦਸਿਆ ਹੈ ਕਿ ਆਰੰਭ ਸੰਨ ੧੮੫੦ ਈ: ਵਿਚ ਉਨਾਂ ਦੀਆਂ ਜਾਇਦਾਦਾਂ ਜ਼ਬਤ ਹੋਈਆਂ ਕਈਅਲਾਹਬਾਦ ਲੈ ਜਾਏ ਗਏ ਸਨ।

ਅੰਗਰੇਜ ਸ਼ਹੀਦਾਂ ਦੀ ਯਾਦ

ਬਾਰਾਂ ਤੇਰਾਂ ਜਨਵਰੀ ਸੰਨ ੧੮੪੯ ਈ: ਨੂੰ ਲਾਰਡ ਗਫ ਨਾਲ ਸ: ਚਤਰ ਸਿੰਘ ਅਤੇ ਉਸਦੇ ਪੁਤ੍ਰ ਰਾਜਾ ਸ਼ੇਰ ਸਿੰਘ ਅਟਾਰੀ ਨਾਲ ਚਿਲੀਆਂ ਵਾਲੇ (ਜ਼ਿਲਾ ਗੁਜਰਾਤ ਤਹਿਸੀਲ ਫਾਲੀਆ) ਦੇ ਮੈਦਾਨ ਵਿਚ ਜੰਗ ਹੋਈ, ਭਾਵੇਂ ਇਹ ਜੰਗ ਮਾਮੂਲੀ ਅਤੇ ਘਰੋਗੀ ਰੰਜਸ਼ ਦੀ ਸ਼ਕਲ ਵਿਚ ਸੀ ਪਰ ਇਸ ਨੂੰ ਭਾਰੀ ਉਚਤਾ ਦਿਤੀ ਜਾਂਦੀ ਹੈ ਇਸ ਜੰਗ ਵਿਚ

ਅਠਾਈ ਅੰਗਰੇਜ਼ ਆਫੀਸਰ ਅਤੇ ਦੋ ਸੌ ਛਿਆਸੀ ਛੋਟੇ ਔਹਦੇਦਾਰ ਅਤੇ ਸਿਪਾਹੀ ਮਾਰੇ ਗਏ ਸਨ। ਸਰਦਾਰ ਚਤਰ ਸਿੰਘ ਦੇ ਅਠਾਰਾਂ ਆਫੀਸਰ ਅਤੇ ਦੋ ਸੌ ਅਠੱਤ੍ਰ ਛੋਟੇ ਔਹਦੇ-ਦਾਰ ਅਤੇ ਸਿਪਾਹੀ ਮਾਰੇ ਗਏ ਸੀ। ਦੋ ਤਰਫੇ ਛੀ ਸੌ ਦਸ ਮਰੇ। ਉਥੇ ਅੰਗਰੇਜ਼ਾਂ ਵਲੋਂ ਇਕ ਯਾਦਗਾਰ ਬਨਾਈ ਗਈ ਜਿਸ ਪਰ ਲਿਖੀ ਇਬਾਰਤ ਦਾ ਭਾਵ ਇਹ ਹੈ ਕਿ "ਉਨਾਂ ਬਹਾਦਰ ਆਫੀਸਰਾਂ ਦੇ ਨਾਮ ਜੋ ਕਿ ਬਾਰਾਂ ਜਨਵਰੀ ਸੰਨ ੧੮੪੯ ਈ: ਦੀ ਵਡੀ ਜੰਗ ਵਿਚ ਕੰਮ ਆਏ ਉਕਤ ਨਿਸ਼ਾਨ ਉਨਾਂ ਦੇ ਪਾਸ ਵਾਇਸਰਾਇ ਰਿਚਰਡ ਛੀਵੇਂ ਈਰਲ ਮਿਉ ਨੇ ਸੰਨ ੧੮੭੧ ਈ: ਮੇਂ ਲਗਾਏ।

ਨੋਟ–ਸਿਖ ਸ਼ਹੀਦਾਂ ਦੀ ਕਿਸੇ ਨੇ ਭੀ ਯਾਦਗਾਰ ਨਹੀਂ ਲਿਖੀ ਬਲਕਿ ਨਾਮਾਂ ਦਾ ਭੀ ਪਤਾ ਨਹੀਂ ਹੈ।

ਇਸ ਵਿਚ ਕੋਈ ਸ਼ਕ ਨਹੀਂ ਕਿ ਚੇਲੀਆਂ ਵਾਲੇ ਜੰਗ ਵਿਚ ਜਰਨੈਲ ਕਿਊਰਟਨ, ਕਰਨੈਲ ਨਿਕਲਸਨ, ਕਰਨੈਲ ਵਿਲੀਅਮ ਕਰਨੈਲ ਹੈਵਲਾਕ, ਪੋਪਹੇਮ ਪੈਨੀਕੁਇਕ, ਟਰੈ-ਵਰਸ, ਯੂਨਿਟ, ਮੇਜਰ ਕ੍ਰਿਸਟੀ, ਆਦਿਕ ਪ੍ਰਸਿਧ ਬਹਾਦਰ ਅੰਗਰੇਜ਼ ਮਾਰੇ ਗਏ।

ਸਿੱਖ ਰਾਜ ਦੀ ਜ਼ਬਤੀ ਦਾ ਐਲਾਨ

ਕਿਤਨੇ ਹੀ ਸਾਲ ਜਦ ਕਿ ਮਹਾਰਾਜਾ ਰਣਜੀਤ ਸਿੰਘ ਦੀ ਪਾਲਸੀ ਦਾ ਪੰਜਾਬ ਦੀ ਵਸੋਂ ਪਰ ਰਾਜਸੀ, ਮਿਤ੍ਰਤਾ ਅਰ ਸ਼ਾਂਤੀ ਅੰਗਰੇਜ਼ਾਂ ਔਰ ਸਿਖਾਂ ਵਿਚਕਾਰ ਕਾਇਮ ਰਹੀ। ਅੰਗਰੇਜ਼ੀ ਸਰਕਾਰ ਰਣਜੀਤ ਸਿੰਘ ਦੇ ਵਾਰਸਾਂ ਨਾਲ ਉਸ

ਜੈਸੀ ਹੀ ਮਿਤ੍ਰਤਾ ਕਾਇਮ ਰਖਣਾ ਚਾਹੁੰਦੀ ਸੀ ਪਰੰਤੂ ਸਿਖ ਸਰਦਾਰਾਂ ਅਤੇ ਫੌਜ ਨੇ ਮਹਾਰਾਜਾ ਦੀ ਨੀਤੀ ਨੂੰ ਵਿਸਾਰ ਕੇ ਉਸਦੀ ਪੱਕੀ ਕੀਤੀ ਹੋਈ ਮਿਤ੍ਰਤਾ ਨੂੰ ਤੋੜ ਕ ਅਚਾਨਕ ਹੀ ਹੱਦਾਂ ਟੱਪ ਕੇ ਬਿਨਾਂ ਕਿਸੀ ਕਾਰਨ ਦੇ ਅੰਗਰੇਜ਼ਾਂ ਨਾਲ ਜੰਗ ਆਰੰਭ ਕਰ ਦਿਤਾ। ਅੰਗਰੇਜ਼ੀ ਫੌਜਾਂ ਨੇ ਉਨਾਂ ਦਾ ਟਾਕਰਾ ਕੀਤਾ, ਓਹ ਚਾਰ ਵਾਰੀ ਹਾਰੇ, ਬਹੁਤ ਮੰਦੀ ਦਸ਼ਾ ਨਾਲ ਸਤਲੁਜੋਂ ਦੂਸਰੇ ਪਾਸੇ ਧੱਕੇ ਗਏ ਅਰ ਲਾਹੌਰ ਦੀਆਂ ਦੀਵਾਰਾਂ ਤਾਈਂ ਉਨਾਂਦਾ ਪਿਛਾਕੀਤਾ ਗਿਆ। ਮਹਾਰਾਜਾ ਦਲੀਪ ਸਿੰਘ ਆਪਣੀ ਤਰਫੋਂ ਅਰ ਆਪਣੇ ਸਰਦਾਰਾਂ ਵਲੋਂ ਅੰਗਰੇਜ਼ੀ ਸਰਕਾਰ ਦੇ ਸਨਮੁਖ ਝੁਕ ਗਿਆ ਅਰ ਉਸ ਨੇ ਤਾਬਿਆਦਾਰੀ ਮੰਨੀ ਅਰ ਸਰਕਾਰ ਅੰਗਰੇਜ਼ੀ ਪਾਸ ਰਹਿਮ ਦੀ ਦਰਖਾਸਤ ਕੀਤੀ। ਇਸ ਫਤਹ ਨਾਲ ਅੰਗਰੇਜ਼ੀ ਸਰਕਾਰ ਨੂੰ ਪੂਰਨ ਅਧਿਕਾਰ ਸਨ ਕਿ ਓਹ ਸਿਖ ਸਰਕਾਰ ਨੂੰ ਪਲਟਾ ਦੇਵੇ ਇਸ ਸਮੇਂ ਉਸਨੂੰ ਇਤਨਾ ਨੁਕਸਾਨ ਪਹੁੰਚਿਆ ਪਰੰਤੂ ਜਿਤ ਵੇਲੇ ਉਸ ਨੇ ਆਪਣੇ ਐਲਾਨਾਂ ਦੀ ਸਚਾਈ ਅਤੇ ਖਿਮਾ ਕਰਨੇ ਵਾਲੇ ਗੁਣਾਂ ਦਾ ਸਬੂਤ ਦਿਤਾ। ਲਾਹੌਰ ਦੀ ਪਾਤਸ਼ਾਹੀ ਕਾਇਮ ਰਹਿਣ ਦਿਤੀ ਗਈ। ਮਹਾਰਾਜਾ ਦਲੀਪ ਸਿੰਘ ਨੂੰ ਫਿਰ ਰਾਜ ਗਦੀ ਪਰ ਬਿਠਾ ਦਿਤਾ ਗਿਆ ਅਰ ਦੋਹਾਂ ਸਰਕਾਰਾਂ ਵਿਚਕਾਰ ਮਿਤ੍ਰਤਾ ਦੀ ਸੁਲਹ ਹੋਈ। ਇਸ ਸੁਲਹ ਦੀਆਂ ਸ਼ਰਤਾਂ ਇਥੇ ਤੀਕਰ ਨਿਭਾਈਆਂ ਗਈਆਂ ਕਿ ਅੰਗਰੇਜ਼ੀ ਸਰਕਾਰ ਨੇ ਹਰ ਇਕ ਕੀਤਾ ਹੋਇਆ ਵਾਇਦਾ ਬਹੁਤ ਈਮਾਨਦਾਰੀ ਨਾਲ ਪੂਰਨ ਕੀਤਾ ਅਰ ਆਪਣੇ ਸਮੂੰਹ ਫਰਜ ਸਿਰੇ ਤੀਕਰ ਨਿਭਾਏ।

ਸਰਕਾਰ ਨੇ ਮਹਾਰਾਜਾ ਦੀ ਸੇਵਾ ਵਿਚ ਆਪਣੀ ਫੌਜ ਦਿਤੀ ਅਰ ਕਠਨ ਸਮੇਂ ਆਪਣੇ ਖਜ਼ਾਨਿਆਂ ਦੁਆਰਾ ਇਸ ਦੀ ਮਦਦ ਕੀਤੀ। ਪੰਜਾਬੀਆਂ ਦੇ ਰਸਮਾਂ ਰਿਵਾਜਾਂ ਵਿਖੇ ਦਖਲ ਨਹੀਂ ਦਿਤਾ ਕੌਂਸਲ ਨੂੰ ਮਸ਼ਵਰਾ ਦੇਕੇ ਫੌਜਾਂ ਦੀ ਹਾਲਤ ਅਛੀ ਕੀਤੀ। ਮਹਾਰਾਜਾ ਦੇ ਹਰ ਇਕ ਸੀਗੇ ਦੇ ਜਨਤਾ ਦੀ ਹਾਲਤ ਸੁਧਾਰੀ। ਹਰ ਇਕ ਵਾਇਦੇ ਨੂੰ ਭਲੀ ਪ੍ਰਕਾਰ ਪੂਰਨ ਕੀਤਾ। ਕਿਸੀ ਐਸੇ ਕੰਮ ਵਿਚ ਹਥ ਨਹੀਂ ਪਾਇਆ ਜਿਸ ਵਿਖੇ ਕਿ ਦਖਲ ਨਾ ਦੇਣੇ ਦਾ ਵਾਇਦਾ ਹੋਵੇ ਇਸ ਥੀਂ ਵਿਰੁਧ ਸੁਲਹ ਦਾ ਕੋਈ ਐਸਾ ਵਡਾ ਹਿਸਾ ਨਹੀਂ ਜਿਸ ਨੂੰ ਕਿ ਸਿਖ ਸਰਦਾਰਾਂ ਨੇ ਅਰ ਸਿਖਾਂ ਨੇ ਨਹੀਂ ਤੋੜਿਆ, ਉਨਾਂ ਨੇ ਬਾਈਸ ਲਖ ਰੁਪਿਆ ਸਾਲਾਨਾ ਖਰਚੇ ਵਜੋਂ ਦੇਣਾ ਕੀਤਾ ਸੀ ਉਨਾਂ ਦਾ ਕੋਈ ਹਿਸਾ ਹੁਣ ਤੀਕਰ ਨਹੀਂ ਅਦਾ ਕੀਤਾ। ਲਾਹੌਰ ਸਰਕਾਰ ਦੇ ਸਿਰ ਕਰਜ਼ਾ ਪਚਾਸ ਲਖ ਥੀਂ ਉਪਰ ਵਧ ਗਿਆ। ਇਹ ਜੰਗ ਦੇ ਖਰਚ ਨਾਲੋਂ ਕਰੋੜਾਂ ਹੀ ਹੋਰ ਵਧੀਕ ਹੋ ਗਿਆ। ਜੋ ਅਧਿਕਾਰ ਅਹਿਲਕਾਰਾਂ ਨੇ ਆਪ ਸਦ ਕੇ ਅੰਗਰੇਜ਼ੀ ਸਰਕਾਰ ਨੂੰ ਦਿਤੇ ਸਨ ਅਰ ਉਨਾਂ ਸ਼ਰਤਾਂ ਨੂੰ ਮੰਨਣ ਦਾ ਭਰੋਸਾ ਦਿਤਾ ਸੀ ਓਹ ਸਾਰੇ ਤਾਕਤ ਨਾਲ ਰੱਦੀ ਕੀਤੇ ਗਏ। ਸ਼ਾਂਤੀ ਅਰ ਮਿਤ੍ਰਤਾ ਜਿਸ ਦਾ ਸੁਲਹ ਵਿਖੇ ਇਕਰਾਰ ਸੀ ਇਕ ਪਾਸੇ ਧਰੇ ਗਏ ਅੰਗਰੇਜ਼ ਆਫੀਸਰ ਆਪਣਾ ਕੰਮ ਕਰਦੇ ਹੋਏ ਇਸਤ੍ਰੀਆਂ ਅਤੇ ਬਚਿਆਂ ਸਮੇਤ ਦਗੇ ਨਾਲ ਕੈਦ ਕੀਤੇ ਗਏ। ਹੋਰ ਅੰਗਰੇਜ਼ ਆਫੀਸਰ ਜਦ ਕਿ ਮਹਾਰਾਜੇ ਦੇ ਫਾਇਦੇ ਖਾਤਰ ਕੰਮ ਕਰ ਰਹੇ ਸੀ, ਮਹਾਰਾਜਾ ਦੇ ਨੌਕਰਾਂ ਦੇ ਹੱਥੋਂ ਮਾਰੇ

ਮਹਾਰਾਜਾ ਦੀ ਫੌਜ ਦੇ ਛਡ ਜਾਵਣ ਪਿਛੋਂ ਇਨਾਂ ਕੰਮਾਂ ਥੀਂ ਸਰਕਾਰ ਲਾਹੌਰ ਨੇ ਨਾਂ ਹੀ ਕਸੂਰੀਆਂ ਨੂੰ ਕੋਈ ਸਜ਼ਾ ਦਿਤੀ ਅਰ ਨਾਂ ਹੀ ਕੋਈ ਇਵਜ਼ਾਨਾ ਦਿਤਾ। ਉਸ ਨੇ ਆਪਣੀ ਪਰਜਾ ਨੂੰ ਕਾਬੂ ਰਖਣ ਥੀਂ ਏਬਸੀ ਜ਼ਾਹਰ ਕੀਤੀ। ਉਸ ਨੇ ਅੰਗਰੇਜ਼ੀ ਰੈਜ਼ੀਡੰਟ ਨੂੰ ਸਾਫ ਦਸ ਦਿਤਾ ਕਿ ਉਸ ਦੀ ਫੌਜ ਹੁਕਮ ਨਹੀਂ ਮੰਨਦੀ ਅਤੇ ਉਸ ਸਰਦਾਰ ਦੀ ਉਲਟ ਜਿਸ ਨੇ ਕਿ ਅੰਗਰੇਜ਼ੀ ਸਰਕਾਰ ਥੀਂ ਵਿਰੁਧ ਇਹ ਕਸੂਰ ਕੀਤਾ ਹੈ ਕੋਈ ਕਾਰਰਵਾਈ ਨਹੀਂ ਕਰੂਗੀ।

ਫੌਜ ਨੇ ਕੇਵਲ ਹੁਕਮ ਮੰਨਣ ਤੋਂ ਇਨਕਾਰ ਹੀ ਨਹੀਂ ਕੀਤਾ ਬਲਕਿ ਸਭ ਥਾਵੀਂ ਅੰਗਰੇਜ਼ਾਂ ਥੀਂ ਵਿਰੁਧ ਸ਼ਸਤ੍ਰ ਚੁਕ ਲੀਤੇ। ਸਮੂਹ ਸਿਖ ਵਸੋਂ ਇਸ ਦੁਸ਼ਮਣੀ ਵਿਚ ਜੁਟ ਪਈ। ਬੜੇ ਬੜੇ ਸਰਦਾਰ ਆਗੂ ਬਣੇ ਜਿਨਾਂ ਨੇ ਕਿ ਸੁਲਹ ਪਰ ਦਸਖਤ ਕੀਤੇ ਸਨ ਓਹ ਸਭ ਥੀਂ ਆਗੂ ਦਿਸਦੇ ਸਨ ਅਤੇ ਇਨਾਂ ਦਾ ਸੈਨਾਪਤੀ ਕੌਂਸਲ ਆਫ ਰੀਜੈਨਸੀ ਦਾ ਮੈਂਬਰ ਸੀ। ਉਸ ਨੇ ਏਹ ਐਲਾਨ ਕੀਤਾ ਕਿ ਉਨਾਂ ਦਾ ਮੰਤਵ ਅੰਗਰੇਜ਼ੀ ਤਾਕਤ ਅਰ ਅੰਗਰੇਜ਼ ਨੂੰ ਮੁਕਾਉਣਾ ਹੈ ਇਸ ਕੰਮ ਲਈ ਉਨਾਂ ਨੇ ਬਹੁਤ ਜੋਸ਼ ਨਾਲ ਯਤਨ ਕੀਤਾ। ਪਰੰਤੂ ਅੰਗਰੇਜ਼ੀ ਸਰਕਾਰ ਨੇ ਆਪਣੀ ਪੂਰਨ ਤਾਕਤ ਖਰਚ ਕੀਤੀ ਸਿਖ ਫੌਜ ਨੂੰ ਪੂਰੀ ਤਰਾਂ ਹਾਰ ਦਿਤੀ। ਤੋਪ ਖਾਨਾ ਖੋਹ ਲੀਤਾ ਗਿਆ ਅਰ ਉਨਾ ਦੇ ਬੁਲਾਏ ਹੋਏ ਹਮਾਇਤੀ, ਬੇਇਜ਼ਤੀ ਨਾਲ ਪੰਜਾਬੋਂ ਨਿਕਾਲੇ ਗਏ। ਸਿਖ ਸਰਦਾਰਾਂ ਨੇ ਆਪਣੇ ਆਪ ਨੂੰ ਹਵਾਲੇ ਕਰ ਦਿਤਾ। ਉਨਾਂ ਦੇ ਸ਼ਸਤ੍ਰ ਖੋਹ ਲੀਤੇ ਗਏ ਅੰਗਰੇਜ਼ੀ ਫੌਜ ਨੇ ਪੰਜਾਬ ਉਪਰ ਕਬਜ਼ਾ ਕਰ ਲਿਆ।

ਅੰਗਰੇਜ਼ੀ ਸਰਕਾਰ ਨੇ ਇਹ ਬਾਤ ਕਈ ਵਾਰੀ ਦੁਹਰਾਈ ਕਿ ਓਹ ਹੋਰ ਦੇਸ਼ ਫਤਹ ਕਰਨਾ ਨਹੀਂ ਚਾਹੁੰਦੀ। ਆਪਣੇ ਕੰਮਾਂ ਨਾਲ ਆਪਣੇ ਐਲਾਨ ਦੀ ਸਚਾਈ ਦਾ ਸਬੂਤ ਭੀ ਮਹਾਰਾਜੇ ਨੂੰ ਦਿਤਾ ਕਿ ਸਰਕਾਰ ਅੰਗਰੇਜ਼ੀ ਹੁਣ ਕੋਈ ਨਵਾਂ ਅਲਾਕਾ ਫਤਹ ਕਰਨਾ ਨਹੀਂ ਚਾਹੁੰਦੀ। ਪਰੰਤੂ ਜਦੋਂ ਇਕ ਭਾਰੇ ਖਰਚ ਵਾਲੀ ਅਰ ਉਲਟੀ ਲੜਾਈ ਲੜਨੀ ਪੈ ਗਈ ਹੈ ਤਾਂ ਅੰਗਰੇਜ਼ੀ ਸਰਕਾਰ ਮਜਬੂਰ ਹੈ ਕਿ ਓਹ ਔਣ ਵਾਲੇ ਸਮੇਂ ਅਰ ਆਪਣੀ ਪਰਜਾ ਦੇ ਲਾਭ ਦਾ ਧਜਾਨ ਰਖੇ। ਸਜ਼ਾ ਅਰ ਲਾਭ ਦੋਨੋਂ ਸਿਖਾਂ ਦੇ ਚਿਤਾਂ ਵਿਚੋਂ ਵਿਰੋਧਤਾ ਨਿਕਾਲਨੇ ਥੀਂ ਅਸਮਰਥ ਰਹੇ ਹਨ। ਇਸ ਵਾਸਤੇ ਗਵਰਨਰ ਜਨਰਲ ਨੇ ਫੈਸਲਾ ਕੀਤਾ ਹੈ ਕਿ ਓਹ ਇਸ ਕੌਮਾਤਰੀ ਅਤਿਆਚਾਰਾਂ ਅਰ ਹਮੇਸ਼ਾਂ ਦੀ ਜੰਗ ਨੂੰ ਖਤਮ ਕਰਨ ਹਿਤ ਪੰਜਾਬ ਵਿਖੇ ਰਾਜ ਅੰਗਰੇਜ਼ੀ ਕਾਇਮ ਕੀਤਾ ਜਾਵੇ ਅਤੇ ਉਸ ਸਿਖ ਕੌਮ ਨੂੰ ਜਿਸ ਨੂੰ ਕਿ ਉਸਦੇ ਹਾਕਮ ਕਾਬੂ ਰਖਣ ਥੀਂ ਅਸਮਰਥ ਰਹੇ ਹਨ ਅਧੀਨ ਕਰ ਲੀਤਾ ਜਾਵੇ। ਪਿਛਲੀਆਂ ਘਟਨਾਵਾਂ ਦਸਦੀਆਂ ਹਨ ਕਿ ਜਿਤਨਾ ਚਿਰ ਇਨਾਂ ਪਾਸ ਸੁਤੰਤਰ ਰਾਜ ਰਹੂਗਾ ਓਹ ਲੜਾਈ ਥੀਂ ਨਹੀਂ ਚੁਕਣਗੇ। ਗਵਰਨਰ ਜਨਰਲ ਨੂੰ ਇਸ ਬਾਤ ਦਾ ਸ਼ੋਕ ਹੈ ਕਿ ਓਹ ਮਹਾਰਾਜਾ ਰਣਜੀਤ ਸਿੰਘ ਦ ਜਾਨ ਨਸ਼ੀਨ ਦਲੀਪ ਸਿੰਘ ਨੂੰ ਜਦ ਕਿ ਉਹ ਹਾਲੀ ਬਾਲਕ ਹੈ ਮਜਬੂਰਨ ਰਾਜ ਗਦੀ ਥੀਂ ਉਤਾਰ ਰਿਹਾ ਹੈ ਪਰੰਤੂ ਹਰ ਇਕ ਰਿਆਸਤ ਦਾ ਮਾਲਕ ਉਨਾਂ ਪੁਰਖਾਂ ਦੇ ਕੰਮਾਂ ਦਾ ਜਿੰਮੇਵਾਰ ਹੈ ਜਿਨਾਂ ਉਪਰ ਕਿ ਓਹ ਰਾਜ ਕਰਦਾ ਹੈ ਅਰ ਉਸ ਉਪਰ ਉਨਾ ਕੰਮਾਂ ਦਾ ਅਸਰ ਪੈਂਦਾ ਹੈ ਜਿਸ ਤਰਾਂ ਕਿ ਮਹਾ-

ਰਾਜਾ ਪ੍ਰਿਥਮ ਜੰਗ ਵਿਖੇ ਉਸ ਬੇ ਕਾਨੂੰਨੀ ਸਖਤੀ ਦਾ ਜਿੰਮੇ-ਵਾਰ ਬਣਾਇਆ ਗਿਆ ਸੀ। ਜੋ ਉਸਦੀ ਪਰਜਾ ਨੇ ਜਿਸਨੂੰ ਉਸਦੀ ਹਕੂਮਤ ਕਾਬੂ ਨਹੀਂ ਰਖ ਸਕੀ ਕੀਤੀ ਸੀ ਅਰ ਸਭ ਥੀਂ ਚੰਗੇ ਸੂਬੇ ਉਸ ਤੋਂ ਸਜ਼ਾ ਵਿਚ ਲੀਤੇ ਗਏ ਸੀ ਸੋ ਹੁਣ ਭੀ ਉਸ ਨੂੰ ਉਹਨਾਂ ਕਸੂਰਾਂ ਦਾ ਫਲ ਭੁਗਤਣਾ ਪਊਗਾ ਜੋ ਉਨਾਂ ਨੇ ਕੌਮੀ ਹਾਨੀ ਪਹੁੰਚਾ ਕੇ ਪੈਦਾ ਕੀਤਾ ਹੈ। ਜਦੋਂ ਫੌਜ ਅਰ ਬਹੁਤ ਸਾਰੇ ਸਿਖਾਂ ਨੇ ਭਿਆਨਕ ਜੰਗ ਆਰੰਭਕਰਨ ਤੋਂ ਗਵਰਨਰ ਜਨਰਲ ਨੂੰ ਨਿਸਚਯ ਹੋ ਗਿਆ ਹੈ ਕਿ ਪੰਜਾਬ ਵਿਖੇ ਸਿਖ ਰਾਜ ਦਾ ਕਾਇਮ ਰਹਿਣਾ ਅੰਗਰੇਜ਼ੀ ਇਲਾਕੇ ਦੇ ਸਿਖਾਂ ਵਾਸਤੇ ਹਾਨੀ ਪੂਰਤ ਹੈ ਤਾਂ ਹੁਣ ਓਹ ਕੇਵਲ ਮਹਾਰਾਜੇ ਉਪਰ ਤਰਸ ਕਰਕੇ ਉਨਾਂ ਨਿਯਮਾਂ ਦੀ ਵਰਤੋਂ ਕਰਨ ਥੀਂ ਨਹੀਂ ਰੁਕ ਸਕਦਾ ਜਿਨਾਂ ਨਾਲ ਕਿ ਪੱਕਾ ਅਮਨ ਕਾਇਮ ਹੋ ਸਕੇ ਅਰ ਅੰਗਰੇਜ਼ੀ ਪਰਜਾ ਦਾ ਭਲਾ ਹੁੰਦਾ ਹੋਵੇ ਆਦਿ।

ਨੋਟ—ਉਕਤ ਭਾਵਾਂ ਦਾ ਐਲਾਨ ਜੋ ਉਸ ਵੇਲੇ ਗਵਰਨਰ ਜਨਰਲ ਨੇ ਕੀਤਾ ਸੀ। ਸਿਖ ਦਰਬਾਰ ਵਿਖੇ ਸੁਣਾਇਆ ਗਿਆ ਸੀ।

ਪੰਜਾਬ ਪਰ ਬ੍ਰਿਟਸ਼ ਕੰਪਨੀ ਦਾ ਕਬਜ਼ਾ

੧੫ ਮਾਰਚ ਨੂੰ ਰਾਜਾ ਸ਼ੇਰ ਸਿੰਘ ਦੇ ਦਲ ਨੇ ਸ਼ੇਖ ਇਮਾਮ ਉਦੀਨ (ਸਾਬਕ ਗਵਰਨਰ ਕਸ਼ਮੀਰ) ਅਤੇ ਜਨਰਲ ਗਿਲਬਰਟ ਅਗੇ ਹਥਿਆਰ ਸੁਟੇ ਸਨ । ਸਰ ਹੈਨਰੀ ਇਲੀਅਟ ੨੮ ਮਾਰਚ ਸੰਨ ੧੮੪੯ ਨੂੰ ਲਾਹੌਰ ਪਹੁੰਚਿਆ

ਉਸ ਵੇਲੇ ਸਰ ਹੈਨਰੀ ਲਾਰੰਸ ਰੈਜ਼ੀਡੈਂਟ ਲਾਹੌਰ ਸੀ। ਅੰਗਰੇਜ਼ਾਂ ਨੇ ਰਾਜਾ ਸ਼ੇਰ ਸਿੰਘ ਦੀ ਬਗਾਵਤ ਦਬੌਣ ਨੂੰ ਪੰਜਾਬ ਨੂੰ ਫਤਹ ਕਰਨਾਂ ਜਾਂ ਉਸ ਦੀ ਸਜ਼ਾ ਦਾ ਇਵਜ਼ਾਨਾ ਪੰਜਾਬ ਨੂੰ ਜ਼ਬਤ ਕਰਨਾ ਮੰਨ ਲਿਆ ਪੰਜਾਬ ਨੂੰ ਸਰਕਾਰ ਅੰਗਰਜ਼ੀ ਦੇ ਕਬਜੇ ਕਰਨ ਦੀ ਸਲਾਹ ਰਾਜਾ ਤੇਜ ਸਿੰਘ ਅਤੇ ਰਾਜਾ ਦੀਨਾ ਨਾਥ ਨੂੰ ਦਸੀ ਗਈ ਉਸ ਵੇਲੇ ਮੋਢੀ ਜਾਂ ਅੰਤਰੰਗ ਮਿੰਬਰ ਏਹੀ ਸਨ। ਇਨਾਂ ਦੋਨਾਂ ਅਤੇ ਭਾਈ ਨਿਧਾਨ ਸਿੰਘ ਅਤੇ ਫਕੀਰ ਨੂਰਉਦੀਨ ਨੇ ਮਹਾਰਾਜਾ ਨੂੰ ਤਖਤੋਂ ਉਤਾਰਕੇ ਪੰਜਾਬ ਨੂੰ ਜ਼ਬਤ ਕਰਨ ਦੇ ਕਾਗਜ਼ਾਂ ਪਰ ਦਸਖਤ ਕਰ ਦਿਤੇ, ੨੯ ਮਾਰਚ ਸੰਨ ੧੮੪੯ ਨੂੰ ਦਰਬਾਰ ਕਰਕੇ ਮਹਾਰਾਜਾ ਅਤੇ ਹੋਰ ਅਹਿਲਕਾਰਾਂ ਦੇ ਦਸਖਤ ਕਰਾ ਲਿਤੇ ਗਏ, ਕਈ ਦਸਖਤਾਂ ਵੇਲੇ ਰੋਏ ਪਿਟੇ ਪਰ ਅਖੀਰ ਦਸਖਤ ਕਰਨੇ ਪਏ। ਉਸ ਵੇਲੇ ਬਾਲਕ ਮਹਾਰਾਜਾ ਨੂੰ ਸਰ ਈਸਟ ਅਤੇ ਫਰੈਡਰਕ ਕਰੀ ਨੇ ਕਿਹਾ ਕਿ ਆਪਣਾ ਰਾਜ ਬ੍ਰਿਟਸ਼ ਕੰਪਨੀ ਦੇ ਹਵਾਲੇ ਕਰ ਦਿਓ। ਉਸੀ ਵੇਲੇ ਕਿਲੇ ਤੋਂ ਖਾਲਸਾ ਨਿਸ਼ਾਨ (ਖੰਡਾ) ਉਤਾਰਕੇ ਬ੍ਰਿਟਸ਼ ਕੰਪਨੀ ਦਾ ਸ਼ਾਹੀ ਨਿਸ਼ਾਨ ਖੜਾ ਕੀਤਾ ਗਿਆ।

ਰਾਜ ਤਿਆਗ ਪ੍ਰਣ-ਪੱਤ੍ਰ

ਮਹਾਰਾਜਾ ਦਲੀਪ ਸਿੰਘ ਨੂੰ ਤਖਤ ਤੋਂ ਵਖ ਕਰਨ ਵੇਲੇ ਹੇਠਾਂ ਲਿਖੇ ਭਾਵ ਦੇ ਇਕਰਾਰ ਲਿਤੇ ਗਏ ਸਨ।

ਮਹਾਰਾਜਾ ਦਲੀਪ ਸਿੰਘ ਆਪਣੇ ਵਲੋਂ ਅਤੇ ਆਪਣਿਆਂ ਵਾਰਸਾਂ ਦੀ ਤਰਫੋਂ ਤੇ ਆਪਣੇ ਜਾ-ਨਸ਼ੀਨਾਂ ਵਲੋਂ ਰਾਜ

ਪੰਜਾਬ ਦੇ ਸਮੂਹ ਹਕਾਂ ਤੇ ਅਧਿਕਾਰਾਂ ਦਾ ਤਿਆਗਨ ਕਰਦਾ ਹੈ। (੨) ਦਰਬਾਰ ਲਾਹੌਰ ਦੇ ਸਿਰ ਜੋ ਅੰਗਰੇਜ਼ੀ ਸਰਕਾਰ ਦਾ ਕਰਜ਼ਾ ਹੈ ਉਸਦੇ ਇਵਜ਼ਾਨੇ ਅਰ ਜੰਗ ਦੇ ਖਰਚਾਂ ਬਦਲੇ ਰਿਆਸਤ ਲਾਹੌਰ ਦੀ ਹਰ ਪ੍ਰਕਾਰ ਦੀ ਜਾਇਦਾਦ ਜਿਥੇ ਭੀ ਹੈ, ਅੰਗਰੇਜ਼ੀ ਸਰਕਾਰ ਜ਼ਬਤ ਕਰ ਲਵੇ। (੩) ਹੀਰਾ ਕੋਹ-ਨੂਰ ਜੋ ਕਿ ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਸ਼ੁਜਾਹ (ਬਾਦਸ਼ਾਹ ਕਾਬਲ) ਥੀਂ ਲਿਤਾ ਸੀ ਮਹਾਰਾਜਾ ਲਾਹੌਰ ਇੰਗਲਸਤਾਨ ਦੀ ਮਹਾਰਾਣੀ ਨੂੰ ਅਰਪਨ ਕਰਦਾ ਹੈ। (੪) ਮਹਾਰਾਜਾ ਦਲੀਪ ਸਿੰਘ ਆਪਣੀ ਅਰ ਆਪਣੇ ਸੰਬੰ-ਧੀਆਂ ਅਤੇ ਰਿਆਸਤ ਦੇ ਨੌਕਰਾਂ ਦੀ ਮਦਦ ਲਈ ਈਸਟ ਇੰਡੀਆ ਕੰਪਨੀ ਕੋਲੋਂ ਇਕ ਰਕਮ (ਖਰਚਾ, ਗੁਜ਼ਾਰਾ) ਲਊਗਾ ਜੋ ਕਿ ਕੰਪਨੀ ਦੇ ਚਾਰ ਲੱਖ ਰੁਪਏ ਨਾਲੋਂ ਘਟ ਤੇ ਪੰਜ ਲਖ ਰੁਪਏ ਥੀਂ ਵਧ ਨਹੀਂ ਹੋਊਗੀ। (੫) ਮਹਾਰਾਜੇ (ਦਲੀਪ ਸਿੰਘ) ਦੀ ਇਜਤ ਅਰ ਸਤਿਕਾਰ ਰਖਿਆ ਜਾਸੀ, ਭਾਵ ਓਹ ਮਹਾਰਾਜਾ ਦਲੀਪ ਸਿੰਘ ਦਾ ਖਿਤਾਬ ਰਖ ਸਕੂ ਗਾ ਅਰ ਓਹ (ਮਹਾਰਾਜਾ ਦਲੀਪ ਸਿੰਘ) ਆਪਣੀ ਆਯੂਭਰ ਉਕਤ ਦਸੀ ਗਈ ਪਿਨਸ਼ਨ ਦਾ ਉਤਨਾ ਹਿਸਾ ਲਿਆ ਕਰੂਗਾ, ਜੋ ਉਸਨੂੰ ਨਿਜ ਦੇ ਤੌਰ ਪਰ ਦਿਤਾ ਜਾਊਗਾ ਪਰੰਤੂ ਜੇਕਰ ਓਹ ਅੰਗਰੇਜ਼ਾਂ ਦਾ ਤਾਬੇਦਾਰ ਰਹੂਗਾ ਅਰ ਉਥੇ ਰਿਹਾਇਸ਼ ਰਖੂਗਾ ਜਹਾਂ ਕਿ ਗਵਰਨਰ ਜਨਰਲ ਉਸ ਵਾਸਤੇ ਜਗਾ ਨੀਯਤ ਕਰੇਗਾ । ਉਕਤ ਸ਼ਰਤਾਂ ਪਰ ਭਾਈ ਨਿਧਾਨ ਸਿੰਘ (ਹਸਨਪੁਰ) ਗੁਦੜ ਸਿੰਘ ਲਾਲ ਸਿੰਘ (ਕਾਲਿਆਂ ਵਾਲਾ) ਫਕੀਰ ਨੂਰਉਦੀਨ, ਰਾਜਾ ਦੀਨਾ ਨਾਥ

ਸਰ ਹੈਨਰੀ ਇਲੀਏਟ ਲਾਰੰਸ (ਬਰਤਾਨਵੀ ਕਮਿਸ਼ਨਰ) ਅਰ ਮਹਾਰਾਜਾ ਦੇ ਦਸਖਤ ਹੋਏ ਪੰਜ ਅਪਰੈਲ ਸੰਨ ੧੮੪੯ ਈ: ਨੂੰ ਗਵਰਨਰ ਜਨਰਲ ਦੇ ਪ੍ਰਵਾਨਗੀ ਦੇ ਦਸਖਤ ਹੋਏ ਮਹਾਰਾਜਾ ਦੇ ਨਾਮ ਦੇ ਪਿਛੇ ਜੀ. ਸੀ. ਐਸ. ਆਈ. ਖਿਤਾਬ ਭੀ ਲਿਖਿਆ ਜਾਂਦਾ ਰਿਹਾ ਹੈ।

ਪੰਜਾਬ ਜ਼ਬਤੀ ਦੀ ਸਕੀਮ ਸਿਰੇ ਚੜ੍ਹ ਗਈ

ਸੰਨ ੧੮੪੪ ਵਿਖੇ ਲਾਰਡ ਹਾਰਡਿੰਗ ਗਵਰਨਰ ਜਨਰਲ ਹੋਕੇ ਆਇਆ, ਉਸ ਵੇਲੇ ਇੰਗਲੈਂਡ ਦੇ ਰਾਜ ਤਖਤ ਪਰ ਮਲਕਾਂ ਵਿਕਟੋਰੀਆ ਬੈਠ ਚੁਕੀ ਸੀ। ਲਾਰਡ ਏਲਨਬਰਾ ਦੀ ਪੰਜਾਬ ਨੂੰ ਲੈਣ ਵਾਲੀ ਸਕੀਮ ਨੂੰ ਬਹੁਤ ਤੇਜ਼ੀ ਨਾਲ ਚਲੌਣ ਲਈ ਲਾਰਡ ਹਾਰਡਿੰਗ ਨੇ ਅਮਲ ਕਰਨਾ ਆਰੰਭ ਦਿਤਾ।

ਮਿਸਰ ਪਾਰਟੀ ਨੂੰ ਗੁਪਤੀ ਤੌਰ ਪਰ ਆਪਣੇ ਹਥਾਂ ਵਿਚ ਕੀਤਾ, ਵਜ਼ੀਰ ਧਿਆਨ ਸਿੰਘ ਮਾਰਿਆ ਗਿਆ ਸੀ, ਮਹਾਰਾਜਾ ਸ਼ੇਰ ਸਿੰਘ ਭੀ ਕਤਲ ਹੋ ਗਿਆ, ਪਾੜ੍ਹੋ ਮਾਰੋ ਦੀ ਪਾਲਿਸੀ ਦਾ ਬਜ਼ਾਰ ਗਰਮ ਹੋ ਪਿਆ, ਪਰ ਅੰਗਰੇਜ਼ ਅਫਸਰ ਦੂਰ ਰਹਿਕੇ ਦੇਖਦੇ ਰਹੇ, ਸਿਖਾਂ ਦੀ ਪਾਟੋ ਧਾੜ ਹੋਣੇ ਪਰ ਜੰਗ ਕਰਨ ਦਾ ਬਾਨਣੂੰ ਬੰਨ ਦਿਤਾ ਗਿਆ ਅਖੀਰ ਸੰਨ ੧੮੪੫ ਈ: ਵਿਚ ਜੰਗ ਦੀ ਅਗਨ ਪ੍ਰਜੁਲਤ ਕੀਤੀ ਗਈ।

ਲਾਰਡ ਹਾਰਡਿੰਗ ਨੇ ਸਾਰਾ ਕੰਮ ਠੀਕ ਠਾਕ ਕਰਕੇ ਵਲਾਇਤ ਨੂੰ ਚਾਲੇ ਪਾਏ। ਇਸ ਦੀ ਥਾਂ ਲਾਰਡ ਡਲਹੌਜ਼ੀ ਗਵਰਨਰ ਜਨਰਲ ਹੋਕੇ ਆਇਆ, ਇਸ ਦੀ ਸਾਰੀ ਨੀਤੀ ਪੰਜਾਬ ਨੂੰ ਜ਼ਬਤ ਕਰਕੇ ਅੰਗਰੇਜ਼ੀ ਰਾਜ ਕਰਨ ਪਰ ਚੱਲਦੀ ਸੀ। ਪਹਿਲਾਂ ਸਿਖਾਂ ਨਾਲ ਇਹ ਇਕਰਾਰ ਕੀਤਾ ਕਿ ਮਹਾਰਾਜਾ ਦਲੀਪ ਸਿੰਘ ਨੂੰ ਸੰਨ ੧੮੫੪ ਈ: ਵਿਚ ਮੁੜ ਰਾਜ ਤਖਤ ਸੰਭਾਲਿਆ ਜਾਇਗਾ। ਉਤਨਾ ਸਮਾਂ ਅੰਗਰੇਜ਼ੀ ਰੈਜ਼ੀਡੰਟ ਲਾਹੌਰ ਦਾ ਇੰਤਜ਼ਾਮ ਕਰੇਗਾ ਪਰ ਮੁਲਤਾਨ ਦੇ ਜੰਗ ਅਤੇ ਸ: ਚਤਰ ਸਿੰਘ ਅਟਾਰੀ ਅਤੇ ਰਾਜਾ ਸ਼ੇਰ ਸਿੰਘ ਦੇ ਜੰਗ ਜੋ ਖਾਲਸਾ ਦਰਬਾਰ ਵਲੋਂ ਨਹੀਂ ਸਨ ਦਰਬਾਰ ਦੇ ਨਾਮ ਪਰ ਮਥਕੇ ਪੰਜਾਬ ਜਬਤ ਕਰਕੇ ਮਹਾਰਾਜਾ ਦਲੀਪ ਸਿੰਘ ਨੂੰ ਤਖਤ ਤੋਂ ਉਤਾਰ ਦਿਤਾ ਗਿਆ।

ਅਸਲੋਂ ਮੁਲਤਾਨ ਦੀ ਜੰਗ ਖਾਲਸਾ ਦਰਬਾਰ ਵਲੋਂ ਉਕੀ ਨਹੀਂ ਸੀ, ਬਲਕਿ ਲਾਹੌਰ ਦਰਬਾਰ ਵਲੋਂ ਉਥੋਂ ਦੇ ਬਾਗੀ ਹੋ ਚੁਕੇ ਦੀਵਾਨ ਮੂਲ ਰਾਜ ਨਾਲ ਲੜੀਆਂ ਐਸੇ ਹੀ ਸ: ਚਤਰ ਸਿੰਘ ਅਟਾਰੀ ਤੇ ਉਸਦਾ ਸਪੁਤ੍ਰ ਰਾਜਾ ਸ਼ੇਰ ਸਿੰਘ ਆਪਣੀਆਂ ਜਾਗੀਰਾਂ ਖੁਸਣ ਅਤੇ ਮਹਾਰਾਜਾ ਦਲੀਪ ਸਿੰਘ ਨਾਲ ਲੜਕੀ ਦੀ ਸ਼ਾਦੀ ਨਾ ਹੁੰਦੀ ਵਲੋਂ ਨਿਰਾਸ ਅਤੇ ਦੁਖੀ ਹੋਕੇ ਲੜੇ ਉਨਾਂ ਦੀ ਵਿਰੋਧਤਾ ਤੇ ਟਾਕਰਾ ਦਰਬਾਰ ਵਲੋਂ ਹੋਇਆ ਫਿਰ ਭੀ ਇਸ ਜੰਗ ਨੂੰ ਖਾਲਸਾ ਦਰਬਾਰ ਦੇ ਨਾਮ ਥਪਿਆ ਗਿਆ।

ਸਿਖ ਧਰਮ ਦੇ ਤਿਆਗ ਦਾ ਫਲ

ਫਤਿਹ ਗੜ ਦੀ ਨਜ਼ਰਬੰਦੀ ਸਮੇਂ ਬਾਲਕ ਮਹਾਰਾਜਾ ਅਠ ਮਾਰਚ ਸੰਨ ੧੮੫੩ ਈ: ਨੂੰ ਆਪਣੇ ਪਵਿਤ੍ਰ ਕੇਸ ਕਤਲ ਕਰਵਾ ਕੇ ਮਹਾਰਾਜਾ ਦਲੀਪ ਸਿੰਘ ਬੈਪਤਿਸਮਾਂ ਲੈ ਕੇ ਈਸਾਈ ਹੋਗਿਆ ਰੌਲਾ ਪੈਣ ਦੇ ਡਰ ਤੋਂ ਨਾਂਮ ਦਲੀਪ ਸਿੰਘ ਹੀ ਰਹਿਣ ਦਿਤਾ ਗਿਆ ਉਸ ਵੇਲੇ ਉਹ ਬਚਾ ਹੀ ਸੀ ਪਰ ਖਾਲਸੇ ਵਿਚ ਆਪ ਥੀਂ ਵਿਰੁਧ ਨਫਰਤ ਫੈਲ ਗਈ।

ਹੌਲੀ ਹੌਲੀ ਦਲੀਪ ਸਿੰਘ ਦੇ ਖਿਆਲ ਵੀ ਬਦਲਦੇ ਗਏ। ਸਿਖਾਂ ਵਿਚ ਇਹ ਗਜ਼ਬਦਾ ਜਜ਼ਬਾ ਹੈ ਕਿ ਇਹ ਪਤਤ ਹੋ ਚੁਕੇ ਸਿਖ ਨਾਲ ਕਦੀ ਪਰੇਮ ਨਹੀਂ ਰਖਦੇ, ਚਾਹੇ ਓਹ ਕਿਤਨਾ ਹੀ ਵਡਾ ਹੋਵ ਸਿਖਾਂ ਦੀ ਨਾਂ ਮਿਲ ਵਰਤੋਂ ਤੋਂ ਮਹਾਰਾਜੇ ਨੂੰ ਹੋਰ ਭੀ ਦਿਰੜ ਹੁੰਦਾ ਗਿਆ ਕਿ ਸਿਖ ਮੈਨੂੰ ਨਹੀਂ ਚਾਹੁੰਦੇ ਹਨ। ਉਸ ਨੂੰ ਪਾਲਕਾਂ ਨੇ ਸਿਖਲਾਇਆ ਕਿ ਸਿਖ ਹੀ ਤੇਰੇ ਵੈਰੀ ਹਨ ਅੰਗਰੇਜ਼ ਤੇਰੇ ਅਸਲੀ ਰਾਖੇ ਹਨ, ਜਾਪਦਾ ਹੈ ਕਿ ਇਹ ਬਾਤਾਂ ਉਸ ਦੇ ਦਿਲ ਪਰ ਘਰ ਕਰ ਗਈਆਂ ਸਨ।

ਉਸ ਵੇਲੇ ਹਿੰਦੁਸਤਾਨ ਵਿਚ ਈਸਾਈ ਬਣਨ ਨੂੰ ਬਹੁਤ ਗੁਨਾਹ ਮੰਨਿਆਂ ਜਾਂਦਾ ਸੀ, ਕਿਉਂਕਿ ਈਸਾਈ ਮਤ ਵਿਚ ਗਊ ਮਾਂਸ ਦਾ ਕੋਈ ਪ੍ਰਹੇਜ਼ ਨਹੀਂ ਹੈ। ਸਿਖਾਂ ਵਿਚ ਹਿੰਦੂ ਖਿਆਲ ਘਰ ਕਰ ਰਹੇ ਸਨ ਕਿ ਈਸਾਈ ਬਣਨ ਵਾਲੇ ਦਾ ਮੁੜ ਸਿਖ ਬਣਨਾ ਅਸੰਭਵ ਹੈ। ਈਸਾਈ ਲੋਕ ਮਹਾਰਾਜਾ ਨੂੰ ਹਮੇਸ਼ਾਂ ਪਿਆਰ ਪਾਲਿਸੀ ਨਾਲ ਖੁਸ਼ ਰਖਦੇ। ਲਾਰਡ ਡਲਹੌਜ਼ੀ

ਨੇ ਪੰਜ ਅਪਰੈਲ ੧੮੫੪ ਈ: ਨੂੰ ਮਹਾਰਾਜਾ ਨੂੰ ਇਕ ਅੰਜੀਲ ਪਰੇਮ ਭੇਟਾ ਕਰਕੇ ਇਸ ਤਰਾਂ ਦੀ ਅਸੀਸ ਦਿਤੀ।

"ਮਹਾਰਾਜਾ ਦੀ ਸੇਵਾ ਵਿਚ"

ਮਹਾਰਾਜੇ ਦੇ ਵਿਸਵਾਸ਼ੀ ਮਿਤ੍ਰ ਲਾਰਡ ਡਲਹੌਜ਼ੀ ਵਲੋਂ ਓਹ ਪਵਿਤਰ ਪੁਸਤਕ—ਜਿਸ ਨੂੰ ਈਸ਼ਵਰ ਦੀ ਕ੍ਰਿਪਾ ਨਾਲ "ਮਹਾਰਾਜਾ ਸੰਸਾਰ ਦੀਆਂ ਸਮੂੰਹ ਬਾਦਸ਼ਾਹੀਆਂ ਨਾਲੋਂ ਵਧਕੇ ਸਮਝਣ ਲਗੇ ਹਨ— ਬੜੇ ਪਿਆਰ ਨਾਲ ਭੇਟਾ।"

ਸਿਖਾਂ ਵਲੋਂ ਉਸ ਨੂੰ ਨਾ ਕੋਈ ਗ੍ਰੰਥ ਪਹੁੰਚ ਸਕਦਾ ਸੀ ਅਤੇ ਨਾਹੀ ਕੋਈ ਸਿਖ ਧਰਮ ਨੂੰ ਦਸਣ ਵਾਲਾ ਸੀ. ਗੁਰਬਾਣੀ ਦੀ ਸਿਖਿਆ ਤੋਂ ਸਖਣਾ ਰਹਿਣ ਕਰਕੇ ਬਾਲਕ ਮਹਾਰਾਜਾ ਗੁਰੂ ਸਾਹਿਬਾਂ ਦੇ ਦਰ ਅਗੇ ਖਿਮਾ ਲਈ ਪ੍ਰਾਰ-ਥਨਾ ਕਰਨੋਂ ਭੀ ਰਹਿ ਗਿਆ, ਸਿਖ ਬਜ਼ੁਰਗਾਂ ਦੀ ਕਰਣੀ ਕਮਾਈ ਭੀ ਉਸ ਨੂੰ ਵਿਸਰ ਗਈ। ਲਾਰਡ ਡਲਹੌਜ਼ੀ ਨੇ ਉਸ ਨੂੰ ਵਲਾਇਤ ਜਾਣ ਵੇਲੇ ਇਸ ਤਰਾਂ ਦੀ ਪਰੇਮ ਭਰੀ ਪੱਤ੍ਰ ਅਪਰੈਲ ਸੰਨ ੧੮੫੪ ਈ: ਵਿਚ ਲਿਖੀ ਸੀ:—

ਮੇਰੇ ਪਿਆਰੇ ਮਹਾਰਾਜਾ!

ਆਪ ਨੂੰ ਹਿੰਦੁਸਤਾਨ ਛਡਨ ਥੀਂ ਪਹਿਲਾਂ ਆਪਣੀ ਵਲੋਂ ਉਹ ਸੁਗਾਤ ਭੇਟਾ ਕਰਨੀ ਚਾਹੁੰਦਾ ਹਾਂ, ਜੋ ਕਿ ਅਗਲੇ ਸਾਲਾਂ ਵਿਚ ਆਪ ਨੂੰ ਮੇਰੀ ਯਾਦ ਕਰੌਂਦੀ ਰਹੇਗੀ।

ਉਨਾਂ ਦਿਨਾਂ ਤੋਂ ਜਦੋਂ ਕਿ ਹਾਲਾਤ ਨੇ ਆਪ ਨੂੰ ਮੇਰੇ ਸਪੁਰਦ ਕੀਤਾ ਹੈ। ਮੈਂ ਤੁਹਾਨੂੰ ਆਪਣੇ ਪੁਤ੍ਰ ਸਮਾਨ ਸਮਝਦਾ ਰਿਹਾ ਹਾਂ। ਇਸ ਲਈ ਆਪਣੀ ਉਸ ਪੁਸਤਕ ਦੇ

ਪ੍ਰਵਾਨ ਕਰਨ ਹਿਤ ਬੇਨਤੀ ਕਰਦਾ ਹਾਂ ਜੋ ਕਿ ਮੈਂ ਆਪਣੇ ਪੁਤ੍ਰ ਨੂੰ ਭੇਟਾ ਦੇ ਤੌਰ ਤੇ ਦਿਤੀ ਹੁੰਦੀ। ਕਿਉਂਕਿ ਇਹ ਸਾਰੀਆਂ ਭੇਟਾ ਤੋਂ ਉਚੀ ਹੈ। ਇਸ ਦੁਨੀਆਂ ਵਿਚ ਜਾਂ ਔਣ ਵਾਲੀ ਦੁਨੀਆਂ ਵਿਚ ਇਹ ਭੇਟ ਤੁਸਾਡੇ ਸਾਰੇ ਸੁਖਾਂ ਦੀ ਕੁੰਜੀ ਹੋਊਗੀ। ਮੈਂ ਤੁਸਾਨੂੰ ਸ਼ੁਭ ਇਛਿਆ ਘਲਦਾ ਹਾਂ ਤੇ ਬੇਨਤੀ ਕਰਦਾ ਹਾਂ ਕਿ ਮੇਰਾ ਹਮੇਸ਼ਾਂ ਵਿਸ਼ਵਾਸ ਕਰਨਾ।

"ਤੁਹਾਡਾ ਸਚੇ ਦਿਲੋਂ ਪਿਆਰਾ ਮਿਤ੍ਰ

ਡਲਹੌਜ਼ੀ (ਪ:ਹ)

ਉਕਤ ਪੱਤ੍ਰ ਤੋਂ ਜਾਣਿਆਂ ਜਾ ਸਕਦਾ ਹੈ ਕਿ ਮਹਾ-ਰਾਜੇ ਨੂੰ ਕਿਸ ਪਰੇਮ ਨਾਲ ਈਸਾਈ ਮਤ ਵਿਚ ਲਿਆਂਦਾ ਗਿਆ।

ਮਹਾਰਾਜੇ ਨੂੰ ਸਿਖ ਧਰਮ ਨਾਲ ਪਿਆਰ ਨਾ ਹੋਣ ਕਰਕੇ ,ਸਿਖਾਂ ਵਿਚ ਕੁਦਰਤੀ ਨਾਰਾਜਗੀ ਫੈਲਣੀ ਸੀ। ਭਾਵੇਂ ਇਹ ਸਭ ਕੁਛ ਭੁਲੇਖੇ ਤੇ ਵਿਛੋੜੇ ਦੇ ਪਰਦੇ ਹੇਠਾਂ ਹੋ ਰਿਹਾ ਸੀ। ਪਰ ਸਿਖਾਂ ਅਤੇ ਮਹਾਰਾਜੇ ਵਿਚ ਪਾਟ ਪੌਣ ਵਾਲੀ ਪੱਕੀ ਲਕੀਰ ਖੱਝ ਚੁਕੀ ਸੀ। ਮਹਾਰਾਜਾ ਸਿਖਾਂ ਤੋਂ ਇਤਨਾ ਦੂਰ ਹੋ ਗਿਆ ਕਿ ਈਸਟ ਇੰਡੀਆ ਕੰਪਨੀ ਦੀ ਮਨਸ਼ਾ ਅਨੁਸਾਰ ੧੯ ਅਪਰੈਲ ੧੮੫੪ ਈ: ਨੂੰ ਹਿੰਦੁਸ-ਤਾਨ ਛਡਕੇ ਵਲਾਇਤ ਨੂੰ ਚਲਾ ਗਿਆ ਜਿਸ ਕਰਕੇ ਸਿਖਾਂ ਦੀਆਂ ਰਹਿੰਦੀਆਂ ਆਸ਼ਾਂ ਪਰ ਭੀ ਪਾਣੀ ਫਿਰ ਗਿਆ! ਬੇਬਸੀ ਦੀ ਕੋਈ ਭੀ ਉਮੈਦ ਨਾ ਰਹਿ ਗਈ, ਸਿਖਾਂ ਦੇ ਚਿਤਾਂ ਵਿਚ ਗੁਸਾ ਤਾਂ ਬੇਅੰਤ ਸੀ ਪਰ ਸਿਖੀ ਨਾਤਾਂ ਤੇ ਵਤਨ ਦਾ ਪਿਆਰ ਮਹਾਰਾਜਾ ਪਾਸ ਭੀ ਉਕਾ ਨਾ

ਛਡਿਆ ਗਿਆ।'

ਵਲਾਇਤ ਜਾਨ ਵੇਲੇ ਸਵਾਏ ਉਸ ਨਾਲ ਹਿੰਦੀ ਮਹਜ਼ਬਾਂ ਵਿਚੋਂ ਕਿਸੇ ਭੀ ਮਜ਼ਹਬ ਦਾ ਬੰਦਾ ਨਹੀਂ ਸੀ, ਚਾਰੇ ਪਾਸੀਂ ਈਸਾਈ ਮਤ ਦੇ ਘੇਰਾ ਸੀ, ਫਿਰ ਭੀ ਮਹਾ-ਰਾਜੇ ਨੇ ਟੋਪੀ ਨਹੀਂ ਪਹਿਨੀ ਤੇ ਨਾਂਹੀ ਸ਼ਰਾਬ ਪੀਤੀ ਪਰ ਮਹਾਰਾਜੇ ਦੀ ਧਰਮ ਵਲੋਂ ਮਜਬੂਰੀ ਤੇ ਦੂਰਤਾ ਹੋਣੀ ਸੁਤੇ ਹੀ ਅਨਭਵ ਹੁੰਦੀ ਹੈ।

ਜਿਥੇ ਉਸ ਨੇ ਸਿਖੀ ਨਾਤਾ ਤੋੜਿਆ ਉਥੇ ਵਤਨ ਦਾ ਪਿਆਰ ਭੀ ਵਿਸਾਰ ਦਿਤਾ ਅਤੇ ਆਪਣੀ ਮਾਤਾ ਜਿੰਦ ਕੌਰ ਵਲੋਂ ਭੀ ਨਫਰਤ ਹੋ ਗਈ ਪ੍ਰਤੀਤ ਹੁੰਦਾ ਹੈ ਉਸਦੇ ਸਾਹਮਣੇਂ ਪਿਛਲੇ ਦੁਖਾਂ ਦਾ ਕਾਰਨ ਸਿਖ ਅਤੇ ਉਸਦੀ ਮਾਤਾ ਨੂੰ ਲਿਆਂਦਾ ਗਿਆ ਉਸ ਨੂੰ ਖਿਆਲ ਦਿਲਾਏ ਗਏ ਕਿ ਹਿੰਦੁਸਤਾਨੀ ਸਭਯਤਾ ਤੇ ਸੁਸਾਇਟੀ ਆਪਦੇ ਮੁਆਫਿਕ ਨਹੀਂ ਹੈ। ਨਾਂਹੀ ਸਿਖ ਆਪ ਨੂੰ ਚਾਹੁੰਦੇ ਹਨ। ਦਲੀਪ ਸਿੰਘ ਨੂੰ ਜੋ ਸਾਲਾਨਾ ਪਿਨਸ਼ਨ ਮਿਲਦੀ ਸੀ ਓਹ ਬਾਲਗ ਹੋਣ ਪਰ ੨੦ ਮਈ ਸੰਨ ੧੮੫੯ ਨੂੰ ਢਾਈ ਲਖ ਕਰ ਦਿਤੀ। ਉਸ ਨੂੰ ਖਰਚ ਵਲੋਂ ਸਖਤ ਤੰਗੀ ਹੋਣ ਲਗੀ ਅਖੀਰ ਵਾਵੇਲਾ ਕਰਨ ਪਰ ਢਾਈ ਲਖ ਦੀ ਰਕਮ ਭੀ ਵਾਰਸਾਂ ਦੀ ਵੰਡ ਵਿਚ ਵੰਡਦੀ ਰਹਿੰਦੀ ਮਹਾਰਾਜਾ ਰਾਜ ਨੀਤੀ ਨੁਕਤਿਆਂ ਜਾਂ ਕਾਨੂੰਨ ਵਿਚ ਮਾਹਰ ਤਾਂ ਸੀ ਹੀ ਨਹੀਂ ਤਾਂ ਆਪਣੀਆਂ ਲਿਖਤਾਂ ਵਿਚ ਆਪੇ ਹੀ ਫਸ ਜਾਂਦਾ, ਨਾ ਇਸਦਾ ਕੋਈ ਰਿਸ਼ਤੇਦਾਰ ਜਾਂ ਸਚਾ ਹਿਤੂ ਸਲਾਹਕਾਰ ਸੀ, ਵਜ਼ੀਫੇ ਦੇ ਝਗੜਿਆਂ ਵਿਚ ਇਸ ਨੇ

ਇਸ ਤਰਾਂ ਦੇ ਪ੍ਰਸਤਾਵ ਭੀ ਦਿਤੇ ਜੋ ਉਸ ਦੇ ਲਈ ਹਾਨੀ ਕਾਰਕ ਸਿੱਧ ਹੋਏ, ਉਸਨੇ ਲਿਖਿਆ, "ਮੈਂ ਆਪਣੇ ਖਰਚ ਲਈ ਪਚੀਸ ਹਜ਼ਾਰ ਪੌਂਡ ਸਾਲਾਨਾ ਤੇ ਆਪਣੀ ਮੌਤ ਪਿਛੋਂ ਆਪਣੇ ਵਾਰਸਾਂ ਲਈ ਬੀਸ ਹਜ਼ਾਰ ਪੌਂਡ ਸਾਲਾਨਾ ਲਈ ਬੇਨਤੀ ਕਰਦਾ ਹਾਂ, ਵਾਰਸਾਂ ਦੇ ਨਾ ਹੋਣ ਤੇ ਇਸ ਰਕਮ ਨੂੰ ਹਿੰਦੁਸਤਾਨ ਵਿੱਚ ਵਿਦਿਆ ਆਦਿ ਜ਼ਰੂਰੀ ਲੋੜਾਂ ਤੇ ਖਰਚ ਕੀਤਾ ਜਾਵੇ। ਇਸ ਦੇ ਪਿਛੋਂ ਮੇਰਾ ਹਿੰਦ ਸਰਕਾਰ ਪੁਰ ਕੋਈ ਦਾਹਵਾ ਨਹੀਂ ਰਹੇਗਾ। ੨੦ ਜਨਵਰੀ ੧੮੯੦ ਈ: ਨੂੰ ਇਸ ਭਾਵ ਦੇ ਪੱਤ੍ਰ ਉਸਨੇ ਸਰ ਚਾਰਲਸ ਰਾਹੀਂ ਘਲੇ ਸੀ। ਪਰ ਪਿਛੋਂ ਫਿਰ ਲਿਖਤਾਂ ਵਾਪਸ ਮੰਗਦਾ ਰਿਹਾ। ਉਕਤ ਭਾਵ ਦੀ ਚਿੱਠੀਆਂ ਦੀ ਵਾਪਸੀ ਲਈ ਲਿਖਿਆ ਕਿ "ਮੈਂ ਸਰ ਚਾਰਲਸ ਰਾਹੀਂ ਜੇਹੜੀ ਚਿੱਠੀ ਭੇਜੀ ਸੀ, ਉਸਦਾ ਮੈਨੂੰ ਬਹੁਤ ਅਫਸੋਸ ਹੈ, ਓਹ ਮੈਂ ਵਾਪਸ ਲੈਂਦਾ ਹਾਂ।" ਸੰਨ ੧੮੪੯ ਸਮਝੌਤੇ ਅਨੁਸਾਰ ਜਦ ਤੱਕ ਮੈਨੂੰ ਸ਼ਾਹੀ ਘਰਾਣੇ ਦੇ ਵਾਰਸਾਂ ਦੇ ਨਾਮ ਤੇ ਉਨਾਂ ਨੂੰ ਕਿੰਨੀ ਕਿੰਨੀ ਰਕਮ ਮਿਲਦੀ ਸੀ ਤੇ ਉਨਾਂ ਵਿਚੋਂ ਹੁਣ ਕੇਹੜੇ ੨ ਜ਼ਿੰਦਾ ਹਨ ਆਦਿ ਬਾਤਾਂ ਦੀ ਪੂਰੀ ਤਫਸੀਲ ਨਾ ਦਿੱਤੀ ਜਾਵੇ ਮੈਂ ਆਪਣਾ ਉਪ੍ਰੋਕਤ ਦਾਹਵਾ ਛਡਣ ਲਈ ਤਿਆਰ ਨਹੀਂ ਐਸੇ ਭਾਵਾਂ ਦੀਆਂ ਚਿੱਠੀਆਂ ਦਿੰਦਾ ਰਹਿੰਦਾ ਇਸ ਤਰਾਂ ਆਪਣੇ ਪੰਜਾਬ ਦੇ ਰਾਜ ਦੇ ਬਦਲੇ ਪਿਨਸ਼ਨ ਘਟਣ ਵਧਣ ਦੇ ਝਗੜੇ ਹੀ ਆਪ ਨੂੰ ਵਧ ਸਤੌਂਦੇ ਰਹਿੰਦੇ ਸਨ। ਇਹ ਭੀ ਠੀਕ ਹੈ ਕਿ ਜਿਸ ਰਾਜੇ ਪਾਸੋਂ ਖਾਣ ਨੂੰ ਕਿਸੇ ਨੂੰ ਕੁਝ ਨਾ ਮਿਲੇ ਵਕੀਲ ਭੀ ਉਸ ਪਾਸ ਆ ਕੇ ਕਿਵੇਂ ਸਲਾਹ ਮਸ਼ਵਰਾ ਦੇਣ।

ਪਿਨਸ਼ਨ ਘਟਾਉਣ ਨਾਲ ਮਹਾਰਾਜਾ ਨੂੰ ਬਹੁਤ ਦੁੱਖ ਹੋਇਆ ਅਖੀਰ ਉਸ ਦੀਆਂ ਅੱਖੀਆਂ ਖਰਚ ਦੀ ਤੰਗੀ ਨੇ ਹੀ ਖੋਲ੍ਹੀਆਂ।

ਦੇਸ ਵਿੱਚ ਅਸ਼ਾਂਤੀ

"ਲਾਰਡ ਡਲਹੌਜ਼ੀ ਦੀ ਕੌਮ-ਪ੍ਰਸਤੀ ਦੀ ਪਾਲਿਸੀ ਅਤੇ ਕੌਮੀ ਲਾਭ ਦੇ ਕਾਨੂੰਨਾਂ ਦੀਆਂ ਖਿੱਚਾਂ ਨੇ ਦੇਸ਼ ਵਿਚ ਅਸ਼ਾਂਤੀ ਪੈਦਾ ਕਰ ਦਿੱਤੀ। ਲਾਰਡ ਡਲਹੌਜ਼ੀ ਅੰਗਰੇਜ਼ੀ ਕੌਮ ਲਈ ਮਹਾਨ ਘਾਲਨਾ ਘਾਲਦਾ ਹੋਇਆ ਵਲਾਇਤ ਨੂੰ ਚਲਾ ਗਿਆ ਉਸਦੀ ਜਗ੍ਹਾ ਸੰਨ ੧੮੫੬ ਈ: ਵਿਚ ਲਾਰਡ ਕੈਨਿੰਗ ਗਵਰਨਰ ਜਨਰਲ ਬਣ ਕੇ ਆਇਆ। ਲਾਰਡ ਡਲਹੌਜ਼ੀ ਦੇ ਕਾਨੂੰਨਾਂ ਦੀ ਖੋਹਾ ਖਿੰਜੀ ਨੇ ਦੇਸ ਵਿਚ ਅਸ਼ਾਂਤੀ ਪੈਦਾ ਕਰ ਛਡੀ ਸੀ, ਉਸਦਾ ਅਸਰ ਦੇਸੀ ਫੌਜਾਂ ਵਿਚ ਭੀ ਜਾ ਰਿਹਾ।" ਜਿਸ ਦਾ ਫਲ ਸਤਵੰਜੇ ਦਾ ਗਦਰ ਕੁਦਰਤੀ ਬਾਤ ਸੀ, ਅੱਗ ਲਾਉਣ ਵਾਲੀ ਗੱਲ ਇਹ ਫੈਲ ਗਈ ਕਿ ਅੰਗਰੇਜ਼ ਈਸਾਈ, ਹਿੰਦੀਆਂ ਨੂੰ ਈਸਾਈ ਕਰਨਾ ਚਾਹੁੰਦੇ ਹਨ, ਇਹ ਗੱਲ ਤਾਂ ਪ੍ਰਤੱਖ ਸੀ ਕਿ ਅੰਗਰੇਜ਼ਾਂ ਵਿਚ ਸੂਰ ਅਤੇ ਗਊ ਮਾਸ ਦਾ ਕੋਈ ਪਰਹੇਜ਼ ਨਹੀਂ ਹੈ। ਜੋ ਹਿੰਦੂਆਂ ਤੇ ਮੁਸਲਮਾਨਾਂ ਹਿਤ ਘ੍ਰਿਣਾ ਜੋਗ ਮਜ਼੍ਹਬੀ ਗੱਲ ਸੀ।

ਜੋ ਉਕਤ ਦੋਹਾਂ ਤਰ੍ਹਾਂ ਦੇ ਮਾਸਾਂ ਦੇ ਅੰਗਰੇਜ਼ ਈਸਾਈ ਪ੍ਰਹੇਜ਼ੀ ਹੁੰਦੇ ਤਾਂ ਹਿੰਦ ਵਿਚ ਈਸਾਈ ਮਤ ਦਾ ਪਰਚਾਰ ਹੋ ਜਾਣਾ ਬਹੁਤ ਆਸਾਨੀ ਤੇ ਸ਼ੀਘਰਤਾ ਨਾਲ ਸੀ। "ਹਿੰਦੀ ਸਿਪਾਹੀ ਪਹਿਲੇ ਤਾਂ ਫਰਵਰੀ ਸੰਨ ੧੮੫੭ ਈ: ਵਿੱਚ ਇਸ

ਖਿਆਲ ਪੁਰ ਵਿਗੜੇ ਕਿ ਉਨਾਂ ਦੀ ਬੰਦੂਕਾਂ ਦੇ ਕਾਰਤੂਸਾਂ ਨੂੰ (ਗੋਲੀ ਦਾ ਖੋਲ) ਸੂਰ ਅਤੇ ਗਊ ਦੀ ਚਰਬੀ ਲਾਈ ਜਾਂਦੀ ਹੈ, ਜੋ ਉਹਨਾਂ ਨੂੰ ਮੂੰਹ ਨਾਲ (ਦੰਦਾਂ ਨਾਲ ਕੁਤਰ ਕੇ) ਖੋਲ੍ਹਣੇ ਪੈਂਦੇ ਸਨ, ਇਹ ਪਾਇਆ ਵਹਿਮ ਬਹੁਤ ਯਤਨਾਂ ਨਾਲ ਭੀ ਦੂਰ ਨਾ ਹੋ ਸਕਿਆ। ਇਹੋ ਨਿਸਚਾ ਹੁੰਦਾ ਗਿਆ ਕਿ ਅੰਗਰੇਜ਼ ਸਾਡਾ ਧਰਮ ਨਾਸ਼ ਕਰਕੇ ਈਸਾਈ ਬਣਾ ਲੈਣਾ ਚਾਹੁੰਦੇ ਹਨ, ਮਜ਼ੁਬੀ ਤੌਰ ਪੁਰ ਸੂਰ ਤੇ ਮਾਸ ਦੀ ਚਰਬੀ ਲਗਣ ਦੇ ਖਿਆਲ ਬਹੁਤ ਭੜਕਾਉਣ ਵਾਲੇ ਸਨ, ਪੰਡਿਤਾਂ ਮੁਲਾਣਿਆਂ ਨੇ ਲੋਕਾਂ ਨੂੰ ਭੜਕਾਇਆ।"

ਕਲਕੱਤੇ ਦੇ ਨੇੜੇ ਕੈਦੀ ਨਵਾਬ ਅਵੱਧ ਦੇ ਨੌਕਰਾਂ ਚਾਕਰਾਂ ਨੇ ਭੀ ਉਕਸਾਹਟ ਪੈਦਾ ਕੀਤੀ, ਬਾਰਕ ਪੁਰ ਅਤੇ ਰਾਣੀ ਗੰਜ ਛਾਵਣੀਆਂ ਵਿੱਚ ਇਹ ਭੜਕੌਣੀਆਂ ਖਬਰਾਂ ਜਾ ਰਹੀਆਂ ਸਨ। ਟਾਵੇਂ ਟਾਵੇਂ ਥਾਂਵੀ ਘਾਸ ਫੂਸ ਰਾਹਨਾਂ ਨੂੰ ਅੱਗਾਂ ਲਗੀਆਂ, ਦੇਸ ਵਿਚ ਗਦੀਓਂ ਉਤਾਰੇ ਗਏ ਰਾਜੇ, ਨਵਾਬ, ਜਾਗੀਰਦਾਰ ਪਹਿਲਾਂ ਹੀ ਪਰੇਸ਼ਾਨੀ ਦੇ ਸਵਾਸ ਲੈ ਰਹੇ ਸਨ, ਸਿਪਾਹੀਆਂ ਦੇ ਜਲਸੇ ਹੋਣ ਲਗੇ, ਕੁਝ ਕੁ ਜਾਗੀਰ ਦਾਰਾਂ ਨੇ ਭੀ ਮੌਕਾ ਗਨੀਮਤ ਜਾਣ ਲਿਆ, ਕਾਰਤੂਸਾਂ ਨੂੰ ਚਰਬੀ ਲਗਣ ਵਾਲੀ ਬਾਤ ਬਦੋਬਦੀ ਨਿਸਚੇ ਹੀ ਹੁੰਦੀ ਗਈ, ਬ੍ਰਹਮ ਪੁਰ ਦੇ ਸਿਪਾਹੀ ਭੀ ਭੜਕ ਉਠੇ, ਉਥੇ ਸਿਪਾਹੀਆਂ ਨੇ ਕਾਰਤੂਸਾਂ ਬਾਰੇ ਕਾਫੀ ਰੌਲਾ ਪਾਇਆ, ਸ਼ਾਂਤ ਕਰਨ ਦੀ ਥਾਂ ਉਹਨਾਂ ਨੂੰ ਅਫਸਰਾਂ ਵਲੋਂ ਤੋਪਾਂ ਅਗੇ ਉਡਾ ਦੇਣ ਦੇ ਡਰ ਦਿੱਤੇ ਗਏ। ਉਲਟੇ ਸਿਪਾਹੀ ਦਲੇਰ ਹੁੰਦੇ ਗਏ। ਬ੍ਰਹਮ ਪੁਰ ਦੀ ਨੰ: ੧੯ ਫੌਜ ਸ਼ਸਤ੍ਰ ਹੀਣ ਕੀਤੀ ਗਈ। ਇਸ ਤੋਂ ਇੱਕ

ਹੋਰ ਭੀ ਵਧਦੇ ਹੀ ਗਏ, ਬਾਰਕ ਪੁਰ (ਕਲਕਤੇ) ਵਿਚ ਅਸ਼ਾਂਤੀ ਸ਼ੁਰੂ ਹੋ ਗਈ।

ਅੰਤ ਗ਼ਦਰ ਦਾ ਮੁੱਢ ਭਾਰੀ ਝਖੜਦਾ ਹੀ ਗਿਆ ਗ਼ਦਰ ਦਾ ਆਰੰਭ ੧੦ ਮਈ ਸੰਨ ੧੮੫੭ ਤੋਂ ਮੰਨਿਆਂ ਗਿਆ ਹੈ, ਇਸ ਨੂੰ ਚੌਦੇ ਦਾ ਗ਼ਦਰ (੧੮੧੪ ਬਿ:) ਕਿਹਾ ਜਾਂਦਾ ਹੈ। ਮਹਾਨ ਭਿਆਨਕ ਹਾਲਤ ਵਾਪਰੀ, ਅਨੇਕਾਂ ਨਿਰਦੋਸ਼ ਹਿੰਦੀ ਅਤੇ ਅੰਗਰੇਜ਼ਾਂ ਦੇ ਬਾਲ ਬੱਚੇ ਇਸਤ੍ਰੀਆਂ ਇਸ ਅਣਹੋਈ ਅਗਨ ਦੀ ਅਹੂਤੀ ਬਣੀਆਂ ਉਸ ਵੇਲੇ ਸਾਰੀ ਫੌਜ ਤ੍ਰੂਢ ਕੁ ਲੱਖ ਸੀ, ਜਿਨ੍ਹਾਂ ਵਿੱਚ ਪੈਂਤੀਸ ਹਜ਼ਾਰ ਗੋਰਾ ਫੌਜ ਸੀ, ਬਾਕੀ ਹਿੰਦੀ ਹੀ ਸਨ, ਲਾਰਡ ਕੈਨਿੰਗ ਨੇ ਮਹਾਨ ਸ਼ਾਂਤੀ ਤੇ ਦਾਨਾਈ ਤੋਂ ਕੰਮ ਲਿਆ, ਅਸ਼ਾਂਤੀ ਦਾ ਮੁੱਢ ਤਾਂ ਲਾਰਡ ਡਲਹੌਜ਼ੀ ਸੀ, ਪਰ ਸ਼ਾਂਤੀ ਪੁੰਜ ਲਾਰਡ ਕੈਨਿੰਗ ਭੀ ਸਿਰੇ ਦਾ ਸੀ। ਉਸ ਨੇ ਮਹਾਨ ਦਾਨਾਈ ਨਾਲ ਗ਼ਦਰ ਨੂੰ ਸ਼ਾਂਤ ਕੀਤਾ। ਉਸ ਦੀ ਸਿੱਖ ਰਿਆਸਤਾਂ ਨੇ ਸਿਰੋਂ ਪਰੇ ਮਦਦ ਦਿਤੀ ਤੇ ਅੰਗਰੇਜ਼ਾਂ ਨੂੰ ਜਾਨਾਂ ਹੀਲ ਕੇ ਬਚਾਇਆ, ਸਿੱਖਾਂ ਵਿਚ ਵਹਿਮ ਅਤੇ ਮਜ਼੍ਹਬੀ ਭੂਤਨਾਂ ਕੰਮ ਨਹੀਂ ਕਰ ਸਕਦਾ ਸੀ। ਗਦਰ ਦੇ ਆਗੂ ਅਕਸਰ ਓਹੀ ਆਕੀ ਹੋ ਕੇ ਬਣੇ ਜਿਨ੍ਹਾਂ ਦੇ ਰਾਜ ਜ਼ਬਤ ਹੋਏ ਤੇ ਜਾਗੀਰਾਂ ਖੁੱਸੀਆਂ ਸਨ। ਇਹਨਾਂ ਨੇ ਦਿੱਲੀ ਦੇ ਮੁਗਲ ਬਾਦਸ਼ਾਹ ਨੂੰ ਆਪਣਾ ਬਾਦਸ਼ਾਹ ਮੰਨ ਕੇ ਮੁੜ ਤਖਤ ਪੁਰ ਬਿਠਾਇਆ। ਸਿੱਖ ਨਹੀਂ ਚਾਹੁੰਦੇ ਸਨ ਕਿ ਹਿੰਦੁਸਤਾਨ ਵਿਚ ਮੁੜ ਮੁਗਲ ਰਾਜ ਕਾਇਮ ਹੋਵੇ। ਸਿੱਖ ਪੂਰਬੀ ਫੌਜਾਂ ਨਾਲ ਭੀ ਚਿਰੋਂ ਨਾਰਾਜ਼ ਸਨ ਕਿ ਉਹਨਾਂ ਨੇ ਅੰਗਰੇਜ਼ਾਂ ਨਾਲ ਰਲ ਕੇ ਸਿਖ ਰਾਜ ਪੰਜਾਬ ਨੂੰ ਬਰਬਾਦ ਕੀਤਾ ਸੀ, ਸਿਖ

ਲੋਕ ਸੂਰ ਗੜ੍ਹ ਦੇ ਝੇੜੇ ਤੋਂ ਭੀ ਨਿਰਲੇਪ ਸਨ। ਗਦਰ ਦਾ ਸਮਾਂ ੧੦ ਮਈ ਸੰਨ ੧੮੫੭ ਤੋਂ ਲੈ ਕੇ ਮਾਰਚ ਸੰਨ ੧੮੫੮ ਦਾ ਮੰਨਿਆਂ ਹੈ। ਅਖੀਰ ਸਾਲ ਵਿੱਚ ਦੇਸ਼ ਅੰਦਰ ਪੂਰੀ ਸ਼ਾਂਤੀ ਹੋਈ। ਪਰ ਇਸ ਦੇ ਸਾਲ ਭਰ ਦੇ ਹਾਲਾਤ ਮਹਾਨ ਭਿਆਨਕ ਸਨ, ਇਸ ਗਦਰ ਨੂੰ ਹਿੰਦੁਸਤਾਨ ਦੇ ਵਹਿਮਾਂ ਤੇ ਮਜ਼੍ਹਬੀ ਭੂਤ ਨੇ ਬੁਰੀ ਤਰਾਂ ਟੋਲਿਆ।

ਮਤਵੰਜੇ ਦਾ ਗਦਰ ਤੇ ਪੰਜਾਬ

ਪੰਜਾਬ ਵਿਚ ਭੀ ਗਦਰ ਦੀਆਂ ਲਾਟਾਂ ਪਹੁੰਚੀਆਂ। ਪਰ ਸਾਧਾਰਨ ਤੌਰ ਪਰ ਪੰਜਾਬ ਦੀ ਜ਼ਿੰਦਾ ਵਸੋਂ ਸਿੱਖ ਕੌਮ ਨੇ ਵਿਪਦਾ ਵਿਚ ਪਏ ਦੁਸ਼ਮਨ ਪਰ ਭੀ ਵਾਰ ਕਰਨਾ ਕਾਇਰਤਾ ਮੰਨ ਕੇ ਅੰਗਰੇਜ਼ਾਂ ਦੀ ਦਿਲੋਂ ਜਾਨ ਨਾਲ ਮਦਦ ਕੀਤੀ। ਬਾਲ ਬੱਚੇ ਸਭ ਦੇ ਸਾਂਝੇ ਤੇ ਬੇ-ਗੁਨਾਹ ਮੰਨੇ ਪੰਜਾਬ ਦਾ ਚੀਫ ਕਮਿਸ਼ਨਰ "ਸਰ ਜਾਨ ਲਾਰੰਸ" ਕਾਫੀ ਘਬਰਾਇਆ ਉਸ ਨੇ ਪੰਜਾਬ ਦੀ ਫੌਜ ਨੂੰ ਬੇ-ਹਥਿਆਰੇ ਕਰਨ ਦੇ ਯਤਨ ਭੀ ਕੀਤੇ। ਸਿਪਾਹੀ ਭੜਕ ਭੀ ਉਠੇ ਬੇ ਪ੍ਰਤੀਤੀ ਬੁਰੀ ਬਲਾ ਚਿੰਬੜ ਗਈ ਅਰ ਖਾਲਸੇ ਨੇ ਅਸ਼ਾਂਤੀ ਨਹੀਂ ਹੋਣ ਦਿਤੀ ਕਪੂਰਥਲਾ ਦੀ ਫੌਜ ਨੇ ਜਾਲੰਧਰ ਦੀ ਫੌਜੀ ਅਸ਼ਾਂਤੀ ਨੂੰ ਦਬਾਇਆ। ਲੁਦਿਹਾਣੇ ਦੀ ਸ਼ੋਰਸ਼ ਨੂੰ ਦਬਾਉਣ ਲਈ ਨਾਭੇ ਦੀ ਫੌਜ ਅਤੇ ਸਿਖ ਪਲਟਨ ਨੰਬਰ ੪ ਨੇ ਯਤਨ ਕੀਤਾ, ਅਤੇ ਬੇ-ਗੁਨਾਹ ਪਬਲਿਕ ਨੂੰ ਲੁਟ ਮਾਰ ਤੋਂ ਬਚਾਇਆ। ਜੇਹਲਮ, ਸਿਆਲ ਕੋਟ, ਨੁਸ਼ਹਿਰਾ, ਪਸ਼ਾਵਰ ਆਦਿ ਛਾਵਨੀਆਂ ਵਿਚ ਖਬਰਾਂ ਪਹੁੰਚਣ ਕਰਕੇ ਕਾਫੀ ਗੜ ਬੜ

ਮਚ ਗਈ ਸੀ, ਹਿੰਦੀ ਪਬਲਿਕ ਨੇ ਅੰਗਰੇਜ਼ਾਂ ਦੀ ਰੱਖਿਆ ਲਈ ਪੂਰਨ ਯਤਨ ਕੀਤੇ ਘਰਾਂ ਵਿਚ ਰਖ ਕੇ ਆਪ ਮੋਹਰੇ ਹੋ ਕੇ ਭੀ ਮਰੇ, ਬਾਲ ਬਚੇ ਬਚਾਏ।

ਅੰਗਰੇਜ ਮੇਮਾਂ ਤੇ ਬੱਚੇ ਹਿੰਦੀਆਂ ਦੇ ਘਰਾਂ ਵਿੱਚ ਛੁਪ ਕੇ ਰਹਿਣ ਲਗੇ, ਅੰਗਰੇਜ਼ਾਂ ਨੇ ਕੈਨਿੰਗ ਨੂੰ ਕਲਕਤੇ ਵਿਚ ਮਾਰਸ਼ਲ ਲਾਅ ਜਾਰੀ ਕਰਨ ਲਈ ਬਹੁਤ ਕਿਹਾ, ਪਰ ਉਸ ਬਹਾਦਰ ਧੀਰਜੀ ਨੇ ਮੋਰਚੇ ਨੂੰ ਦਬਾਉਣ ਲਈ ਐਸੀ ਅਸ਼ਾਂਤੀ ਨਾ ਧਾਰੀ ਜਿਸ ਥੀਂ ਹੋਰ ਭੜਕਨਾ ਪੈਦਾ ਹੁੰਦੀ, ਕਲਕਤੇ ਵਿਚ ਮਾਰਸ਼ਲ ਲਾਅ ਜਾਰੀ ਨਾ ਕੀਤਾ, ਅਕਸਰ ਅੰਗਰੇਜ਼ ਨਾਰਾਜ਼ ਭੀ ਹੋਏ ਪਰ ਉਸਦੀ ਧੀਰਜ ਕਾਮਯਾਬ ਹੀ ਹੁੰਦੀ ਗਈ। ਲਾਰਡ ਕੈਨਿੰਗ ਨੇ ਛਾਪੇ ਖਾਨਿਆਂ ਤੇ ਹਥਿਆਰ, ਲੈਸੰਸ ਨਾਲ ਰਖਣ ਦੇ ਕਈ ਕਾਨੂੰਨ ਜਾਰੀ ਕਰ ਦਿਤੇ! ਗਦਰ ਵਿਚ ਭਾਵੇਂ ਦੇਸ਼ ਸੇਵਕ ਭੀ ਸਨ, ਜੋ ਅਜਾਈਂ ਮਾਰੇ ਗਏ ਪਰ ਲੁਟ ਮਾਰ ਕਰਨ ਵਾਲੇ ਵਧ ਸਨ, ਬੁੱਢੇ ਮੁਗਲ ਬਾਦਸ਼ਾਹ ਨੂੰ ਦਿੱਲੀ ਜਲਾ ਵਤਨ ਕਰਕੇ ਰੰਗੂਨ ਘਲਿਆ ਗਿਆ, ਈਸਟ ਇੰਡੀਆ ਕੰਪਨੀ ਦਾ ਰਾਜ ਸੌ ਸਾਲ ਵਧਦਾ ਫੁਲਦਾ ਰਿਹਾ, ਪਰ ਸਤਵੰਜੇ ਦੇ ਗਦਰ ਨੇ ਇਕ ਦਮ ਪੈਰ ਉਖੇੜ ਦਿਤੇ।

ਈਸਟਇੰਡੀਆ ਕੰਪਨੀ ਦਾ ਰਾਜ ਖਤਮ

ਸਤਵੰਜੇ ਦੇ ਗਦਰ ਨੇ ਈਸਟ ਇੰਡੀਆ ਕੰਪਨੀ ਦਾ ਰਾਜ ਖਤਮ ਕਰ ਦਿੱਤਾ, ਇਸ ਦੇ ਮੋਢੀਆਂ ਵਲੋਂ ਸਖਤ ਮੁਖਾਲਫਤ ਕਰਦਿਆਂ ਭੀ ਹਿੰਦ ਦਾ ਰਾਜ ਮਲਕਾ

ਵਿਕਟੋਰੀਆ ਨੂੰ ਸੌਂਪਿਆ ਗਿਆ, ਉਥੇ ਪਾਰਲੀਮੈਂਟ ਦਾ ਹੁਕਮ ਚਲਣੇ ਲਗਿਆ। ਅਗੇ ਨੂੰ ਵਜ਼ੀਰ ਹਿੰਦ ਦਾ ਨਿਆ ਔਹਦਾ ਕਾਇਮ ਹੋ ਗਿਆ, ਭਾਵੇਂ ਪਾਰਲੀਮੈਂਟ ਅਗੇ ਬਾਦਸ਼ਾਹ ਦੀ ਤਾਕਤ ਨਾਮ ਮਾਤ੍ਰ ਹੁੰਦੀ ਹੈ, ਪਰ ਮਹਾਰਾਣੀ ਵਿਕਟੋਰੀਆ ਬਹੁਤ ਰਹਿਮ ਦਿਲ ਸੀ, ਉਸ ਵਲੋਂ ਹੁਕਮ ਪਰ ਦਸਖਤ ਹੁੰਦੇ ਸਨ ਲਾਰਡ ਕੈਨਿੰਗ ਨੂੰ ਹੀ ਪਹਿਲਾ ਵਾਇਸਰਾਇ ਹਿੰਦ ਥਾਪਿਆ ਗਿਆ, ਉਸਦੀ ਮਦਦ ਲਈ ਇੰਡੀਅਨ ਕੌਂਸਲ ਬਣੀ, "ਪੰਜਾਬ ਦੇ ਸਿੱਖ ਰਾਜ" ਨੂੰ ਤਾਂ ਲਾਰਡ ਡਲਹੌਜ਼ੀ ਖਤਮ ਕਰ ਗਿਆ ਸੀ, ਪਰ ਸਤਵੰਜੇ ਦੇ ਗਦਰ ਵਿਚ ਸਿੱਖਾਂ ਦੇ ਮਦਦ ਦੇਣ ਕਰਕੇ ਸਿਖਾਂ ਦੀ ਭਰਤੀ ਵਧਾਈ ਗਈ ਪਰ ਸਿੱਖਾਂ ਨੇ ਅੰਗਰੇਜ਼ਾਂ ਲਈ ਜਿਤਨੀ ਕੁਰਬਾਨੀ ਕੀਤੀ ਹੈ ਉਸਦਾ ਇਵਜ਼ਾਨਾ ਅੰਗਰੇਜ਼ਾਂ ਨੇ ਨਹੀਂ ਦਿਤਾ। ਲਾਰਡ ਕੈਨਿੰਗ ਨੇ ੧ ਨਵੰਬਰ ਸੰਨ ੧੮੫੮ ਨੂੰ ਇਲਾਹਾਬਾਦ ਵਿਖੇ ਮਹਾਰਾਣੀ ਵਿਕਟੋਰੀਆ ਵਲੋਂ ਕੀਤਾ ਗਿਆ ਇਕਰਾਰ ਜਾਂ ਐਲਾਨ ਹਿੰਦ ਵਾਸੀਆਂ ਨੂੰ ਸੁਣਾਇਆ ਕਿ ਅਗੇ ਨੂੰ ਹਿੰਦ ਵਿਚ ਕਿਵੇਂ ਪ੍ਰਬੰਧ ਹੋਵੇਗਾ ਪਹਿਲੀ ਜਨਵਰੀ ਸੰਨ ੧੮੫੯ ਤੀਕ ਸਰਕਾਰ ਵਿਰੋਧੀਆਂ ਨੂੰ ਵਾਪਸ ਘਰ ਆਉਣ ਦੀ ਆਗਿਆ ਦਿਤੀ ਗਈ। ਜੋ ਐਲਾਨ ਉਸ ਵੇਲੇ ਕੀਤਾ ਗਿਆ ਸੀ। ਉਸਦਾ ਸਾਰਅੰਸ ਯਾ ਖਾਸ ਹਿਸਾ ਥਲੇ ਦਰਜ:—

ਈਸਟ ਇੰਡੀਆ ਕੰਪਨੀ ਨੇ ਹਿੰਦੁਸਤਾਨ ਵਿਖੇ ਜੋ ਰਾਜ ਕਾਇਮ ਕਰ ਰਖਿਆ ਸੀ। ਓਹ ਹੁਣ ਮਹਾਰਾਣੀ ਵਿਕਟੋਰੀਆ ਦੇ ਹਥਾਂ ਵਿਖੇ ਆ ਗਿਆ ਹੈ, ਉਹਨਾਂ ਦਾ

ਪ੍ਰਤੀਨਿਧ (ਕਾਇਮ ਮੁਕਾਮ) ਦੀ ਹੈਸੀਅਤ ਵਿਖੇ ਹਿੰਦੁਸਤਾਨ ਵਿਚ ਵਾਇਸਰਾਇ ਹਿੰਦ ਦੇ ਨਾਮ ਸੇ ਰਿਹਾ ਕਰੇਗਾ। ਇਹ ਹਿੰਦ ਵਿਚ ਰਾਜ ਕਰਨਗੇ ਅਤੇ ਸਮੇਂ ਸਮੇਂ ਸਿਰ ਜੋ ਹੁਕਮ ਇਨ੍ਹਾਂ ਨੂੰ ਵਲਾਇਤ ਵਲੋਂ ਆਉਂਦੇ ਰਿਹਾ ਕਰਨਗੇ ਉਹਨਾਂ ਦਾ ਇਹ ਪਰਚਾਰ ਕਰੇਗਾ ਕੰਪਨੀ ਦੇ ਸਮੂੰਹ ਨੌਕਰ ਅਤੇ ਸਿਪਾਹੀ ਆਪਣੀਆਂ ਨੌਕਰੀਆਂ ਪਰ ਜਿਉਂ ਦੇ ਤਿਉਂ ਰਹਿਣਗੇ। ਉਹਨਾਂ ਨੂੰ ਓਹ ਸਾਰੇ ਹੁਕਮ ਮੰਨਣੇ ਪੈਣਗੇ ਜੋ ਸਮੇਂ ਸਮੇਂ ਨਾਲ ਮਿਲਦੇ ਰਹਿਣਗੇ। ਦੇਸੀ ਰਾਜਿਆਂ ਨਾਲ ਜਿਨਾਂ ਸ਼ਰਤਾਂ ਪਰ ਕੰਪਨੀ ਨੇ ਸੁਲਾਹ ਕੀਤੀ ਹੈ ਓਹ ਸ਼ਰਤਾਂ ਅੱਖਰ ਬਾ ਅੱਖਰ ਮੰਨੀਆਂ ਜਾਣਗੀਆਂ ਅਗੇ ਨੂੰ ਨਾ ਤਾਂ ਦੂਸਰਿਆਂ ਦਾ ਇਲਾਕਾ ਖੋਹਿਆ ਜਾਊਗਾ ਅਤੇ ਨਾ ਹੀ ਦੂਜਿਆਂ ਨੂੰ ਇਲਾਕਾ ਖੋਹਣ ਦਾ ਮੌਕਾ ਦਿਤਾ ਜਾਵੇਗਾ। ਹਿੰਦੁਸਤਾਨ ਦੀ ਪਰਜਾ ਬਾਰੇ ਸਾਡਾ (ਅੰਗਰੇਜ਼ਾਂ ਦਾ) ਓਹੀ ਖਿਆਲ ਹੋਊਗਾ ਜੋ ਸਾਡੇ ਰਾਜ ਦੇ ਹੋਰ ਮੁਲਕਾਂ ਦੀ ਪਰਜਾ ਬਾਬਤ ਸਾਡਾ ਹੈ।

ਅਸੀਂ ਹਿੰਦ ਵਾਸੀਆਂ ਦੇ ਸਾਥ ਕੀਤੀ ਗਈ ਪ੍ਰਤੱਗਿਆ ਨੂੰ ਦਿਲੋਂ ਜਾਨ ਥੀਂ ਮੰਨਾਂਗੇ, ਹਿੰਦੀਆਂ ਨੂੰ ਸਾਡੇ ਮਜ਼ੁਬੀ ਭਾਵ ਮੰਨਣ ਵਾਸਤੇ (ਈਸਾਈਅਤ) ਪਰ ਮਜਬੂਰ ਨਹੀਂ ਕੀਤਾ ਜਾਵੇਗਾ। ਕਿਸੀ ਭੀ ਮਜ਼ੁਬ ਦਾ ਪੁਰਸ਼ ਆਪਣੇ ਧਾਰਮਕ ਵਿਚਾਰਾਂ ਦੇ ਕਾਰਨ ਨਾ ਤਾਂ ਸਾਡੀ ਕ੍ਰਿਪਾ ਦਾ ਪਾਤਰ ਬਣ ਸਕੇਗਾ ਅਤੇ ਨਾ ਹੀ ਸਾਡੇ ਵਲੋਂ ਉਸ ਨੂੰ ਕਿਸੇ ਤਰਾਂ ਦਾ ਦੁਖ ਦਿਤਾ ਜਾਵੇਗਾ। ਕਿਸੇ ਭੀ ਰਾਜ ਅਧਿਕਾਰੀ ਨੂੰ ਦੂਸਰਿਆਂ ਦੇ ਮਜ਼ੁਬ ਵਿਖੇ ਦਖਲ ਦੇਣ ਦਾ ਅਖਤਿਆਰ ਨਹੀਂ ਹੋਵੇਗਾ। ਸਮੂੰਹ ਮਜ਼ੁਬਾਂ ਧਰਮਾਂ, ਸੰਪਰਦਾਵਾਂ ਦੇ ਮਨੁਖ ਆਪੋ ਆਪਣੀ

ਯੋਗਤਾ ਅਨੁਸਾਰ ਬਗੈਰ ਕਿਸੀ ਪਖਪਾਤ ਦੇ ਨੌਕਰੀਆਂ ਕਰ ਸਕਿਆ ਕਰਨਗੇ। ਕਾਨੂੰਨ ਘੜਨ ਵੇਲੇ ਹਿੰਦੁਸਤਾਨ ਦੀਆਂ ਰਸਮਾਂ ਰੀਤਾਂ ਦਾ ਖਾਸ ਧਿਆਨ ਰਖਿਆ ਜਾਇਆ ਕਰੇਗਾ। ਅਸੀ ਉਨ੍ਹਾਂ ਅਪ੍ਰਾਧੀਆਂ ਪਰ ਤਰਸ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨੇ ਆਪਣੇ ਹਥਾਂ ਨਾਲ ਕਿਸੀ ਅੰਗ੍ਰੇਜ਼ ਦੀ ਹੱਤਿਆ ਨਹੀਂ ਕੀਤੀ। ਇਨਸਾਫ ਦੀ ਨਿਗਾਹ ਨਾਲ ਦੂਜੇ ਮਾਨੁਖਾਂ ਪਰ ਦਯਾ ਨਹੀਂ ਕੀਤੀ ਜਾ ਸਕਦੀ।

ਜਿਨ੍ਹਾਂ ਪੁਰਸ਼ਾਂ ਨੂੰ ਜਾਣ ਬੁਝਕੇ ਹੱਤਿਆਰਿਆਂ ਨੂੰ ਸ਼ਰਣ ਦਿਤੀ, ਜਾਂ ਲੋਕਾਂ ਨੂੰ ਉਕਸਾਇਆ ਉਨ੍ਹਾਂ ਨੂੰ ਰਖਿਆ ਦਾ ਬਚਨ ਦਿਤਾ ਜਾ ਸਕਦਾ ਹੈ। ਉਨ੍ਹਾਂ ਨੂੰ ਸਜ਼ਾ ਦੇਣ ਲਗਿਆਂ ਇਸ ਬਾਤ ਦਾ ਪੂਰਨ ਤੌਰ ਪਰ ਖਿਆਲ ਰਖਿਆ ਜਾਊਗਾ ਕਿਉਨ੍ਹਾਂ ਨੇ ਝੂਠੀਆਂ ਅਫਵਾਹਾਂ ਦੇ ਦੱਕੇ ਵਿੱਚ ਫਸਕੇ ਕਹਾਂ ਤੀਕਰ ਕੰਮ ਕੀਤਾ ਹੈ, ਅਖੀਰ ਜੋ ਪੁਰਸ਼ ਸਰਕਾਰ ਦੇ ਬਰ-ਖਿਲਾਫ਼ ਹਥਿਆਰ ਲਈ ਫਿਰਦੇ ਹਨ ਉਨ੍ਹਾਂ ਦੇ ਅਪਾਧ ਬਿਲਾ ਕਿਸੀ ਸ਼ਰਤ ਦੇ ਮੁਆਫ ਕੀਤੇ ਜਾਂਦੇ ਹਨ, ਓਹ ਚੁਪਚਾਂਦ ਆਪਣੇ ਘਰਾਂ ਵਿਚ ਪਹੁੰਚਕੇ ਆਪਣੇ ਕੰਮ ਕਾਜ ਕਰਨੇ ਲਗ ਜਾਵਣ। ਮੁਆਫ ਕਰਨੇ ਦਾ ਸਮਾ ੧ ਜਨਵਰੀ ਸੰਨ ੧੮੫੯ ਤੀਕਰ ਰੱਖਿਆ ਗਿਆ ਹੈ। ... ... ਇਹ ਸਾਡੀ ਦਿਲੀ ਮਨਸ਼ਾ ਹੈ ਕਿ ਹਿੰਦ ਵਿਚ ਸ਼ਾਂਤੀ ਪੂਰਬਕ ਕਾਰੀਗਰੀ ਦੀ ਤ੍ਰੱਕੀ ਹੋਵੇ, ਹਿੰਦੁਸਤਾਨ ਦੇ ਲਾਭ ਵਾਸਤੇ ਰਾਜ ਕੀਤਾ ਜਾਵੇ, ਪਰਜਾ ਦੇ ਐਸ੍ਵਰਜ ਵਿਖੇ ਸਾਡੀ ਤਾਕਤ (ਸ਼ਕਤ), ਸੰਤੋਖ ਵਿੱਚ, ਸਾਡੀ ਦ੍ਰਿੜ੍ਹਤਾ ਅਤੇ ਕ੍ਰਿਤਗਯਤਾ ਵਿੱਚ ਸਾਡਾ ਇਨਾਮ ਹੈ। ਕਰਤਾਰ ਸਾਨੂੰ ਤਾਕਤ ਦੇਵੇ ਕਿ ਪਰਜਾ ਦੇ

ਫਾਇਦੇ ਵਾਸਤੇ ਅਸੀਂ ਆਪਣੀਆਂ ਆਸਾਂ ਨੂੰ ਕੰਮ ਵਿਚ ਲਿਆ ਸਕੀਏ। ਆਦਿ

ਇਸ ਐਲਾਨ ਨੇ ਦੇਸ ਵਿੱਚ ਅਮਨ ਪੈਦਾ ਕਰ ਦਿਤਾ, ਇਸ ਬਾਤ ਨੂੰ ਅੰਗ੍ਰੇਜ਼ ਜਾਂ ਹਿੰਦ ਦੀ ਪਰਜਾ ਜਾਣ ਸਕਦੀ ਹੈ ਕਿ ਅੰਗ੍ਰੇਜ਼ਾਂ ਨੇ ਹਿੰਦੁਸਤਾਨ ਦੇ ਲਾਭ ਹਿਤ ਕੀ ਕੁਛ ਕੀਤਾ ਹੈ।

ਗਦਰ ਥੀਂ ਪਿੱਛੋਂ

ਫਸਾਦ ਦਾ ਮੁਖ ਸਥਾਨ ਅਵਧ ਦਾ ਇਲਾਕਾ ਸੀ, ਓਥੇ ਦੇ ਕਮਿਸ਼ਨਰ ਨੂੰ ਅਖਤਿਆਰ ਦਿਤੇ ਗਏ ਕਿ ਓਹ ਜਿਸਦਾ ਵਿਰਸਾ ਚਾਹੁਣ ਜ਼ਬਤ ਕਰ ਲੈਣ। ੧ ਫ਼ਰਵਰੀ ਸੰਨ ੧੮੫੮ ਤੋਂ ਦਿਲੀ ਅਤੇ ਉਸਦੇ ਗਿਰਦੇ ਦੇ ਇਲਾਕੇ ਪੰਜਾਬ ਨਾਲ਼ ਮਿਲਾਕੇ, ਪੰਜਾਬ ਦੇ ਲਾਟ ਸਰ ਜਾਨ ਲਾਰੰਸ (ਲਾਹੌਰ ਵਿਖੇ ਇਸੇ ਸਾਹਿਬ ਦਾ ਬੁਤ ਖੜ੍ਹਾ ਕੀਤਾ ਗਿਆ ਸੀ) ਨੂੰ ਵਧ ਅਖਤਿਆਰ ਦਿਤੇ ਗਏ। ਇਸੇ ਨੂੰ ਦਿੱਲੀ ਵਾਪਸ ਲੈਣ ਦੇ ਕਾਰਨ ਸੰਨ ੧੮੬੪ ਵਿਖੇ ਸਰੋਮਨੀ ਲਾਟ ਨੀਯਤ ਕਰ ਦਿਤਾ ਗਿਆ ਸੀ।

ਸਤਵੰਜੇ ਦਾ ਗਦਰ ਫੌਜਾਂ ਵਿੱਚ ਹੀ ਰਿਹਾ, ਪਰਜਾ ਵਿਚ ਨਹੀਂ ਆਇਆ ਸੀ, ਜਿਸ ਕਾਰਨ ਛੇਤੀ ਸ਼ਾਂਤੀ ਹੋ ਗਈ। ਬਲਕੇ ਪਰਜਾ ਨੇ ਰਖਿਆ ਵਿਚ ਕਾਫੀ ਹਿਸਾ ਲਿਆ, ਫੌਜਾਂ ਵਿਚੋਂ ਭੀ ਥੋੜੇ ਆਦਮੀ ਸਨ ਬਹੁਤੇ ਪੱਖ ਪਰ ਰਹੇ। ਤਦ ਭੀ ਅੰਗ੍ਰੇਜ਼ਾਂ ਨੂੰ ਫੌਜਾਂ ਭਰਤੀ ਕਰਨ ਦਾ ਫਿਕਰ ਪਿਆ, ਗ਼ਦਰ ਥੀਂ ਪਹਿਲਾਂ ਅੰਗ੍ਰੇਜ਼ਾਂ ਪਾਸ ਦੋ ਲੱਖ ਅਠੱਤੀਸ ਕੁ ਹਜ਼ਾਰ ਸਿਪਾਹ ਸੀ, ਜਿਨ੍ਹਾਂ ਵਿਚ ਅਠੱਤੀ ਕੁ ਹਜ਼ਾਰ ਗੋਰਾ ਫੌਜ ਸੀ,

ਉਸ ਵੇਲੇ ਗੋਲਾ ਬਰੂਦ ਖਾਨੇ ਤੇ ਬਹੁਤ ਸਾਰੇ ਜੰਗੀ ਸਾਮਾਨ ਹਿੰਦੀ ਫੌਜਾਂ ਦੇ ਸਪੁਰਦ ਸਨ । ਬੰਗਾਲ ਦੇ ਇੱਕ ਲੱਖ ਅਠੱਤੀਸ ਹਜ਼ਾਰ ਸਿਪਾਹ ਵਿਚ, ਇਕ ਲੱਖ ਬੀਸ ਹਜ਼ਾਰ ਵਿਰੋਧਤਾ ਵਿਚ ਸ਼ਾਮਲ ਹੋ ਗਏ ਸਨ, ਪਰ ਇਨ੍ਹਾਂ ਵਿਚੋਂ ਬਹੁਤ ਘੱਟ ਬਚੇ, ਲਗਪਗ ਮਾਰੇ ਹੀ ਗਏ, ਬੰਗਾਲ ਦੀ ਫੌਜ ਤਾਂ ਖਤਮ ਹੀ ਹੋ ਚੁਕੀ ਸੀ, ਗੋਲੀਆਂ, ਫਾਂਸੀਆਂ ਨਾਲ ਖਤਮ ਕਰ ਦਿਤੇ ਗਏ ਸਨ, ਅਗੇ ਨੂੰ ਗੋਲਾ ਬਾਰੂਦ ਆਦਿ ਅੰਗ੍ਰੇਜ਼ਾਂ ਦੇ ਸਪੁਰਦ ਕਰ ਦਿਤਾ ਗਿਆ, ਅਤੇ ਬੰਗਾਲ ਵਿਚ ਅੰਗ੍ਰੇਜ਼ੀ ਫੌਜ ਵਧਾਈ ਗਈ ਪੰਜਾਬ ਤੇ ਬੰਗਾਲ ਵਿਚ ਅਧੇ ਅੰਗ੍ਰੇਜ਼ ਰਖੇ ਜਾਣ ਲਗੇ, ਹਿੰਦ ਦੇ ਰਾਜਿਆਂ ਨੇ ਗਦਰ ਵਿਚ ਚੰਗੀ ਮਦਦ ਦਿਤੀ ਸੀ, ਇਸ ਕਰਕੇ ਅਗੇ ਨੂੰ ਲਾਰਡ ਡਲਹੌਜੀ ਦੀ ਪਾਲਿਸੀ ਨੂੰ ਰੱਦੀ ਕਰਕੇ ਹਿੰਦੀ ਰਾਜੇ ਸੰਤਾਨ ਦਰ ਸੰਤਾਨ ਮੌਰੂਸੀ ਬਣਾ ਦਿਤੇ ਗਏ, ਇਨ੍ਹਾਂ ਨੂੰ ਧਿਰ (ਪੱਖ) ਮੰਨਿਆਂ ਗਿਆ। ਮਤਬੰਨੇ ਕਰਨ ਦੇ ਅਧਿਕਾਰ ਭੀ ਦਿਤੇ, ਅਰਥਾਤ ਉਸ ਵੇਲੇ ਦੇ ਰਜਵਾੜੇ ਲਾਭਮੰਦ ਸਮਝੇ ਗਏ।

ਪਾਰਲੀਮੈਂਟ ਰਾਜ ਦੇ ਕਰਮਚਾਰੀਆਂ ਨੇ ਹਿੰਦ ਵਿਚ ਅੰਗ੍ਰੇਜ਼ੀ ਭਾਸ਼ਾ ਨੂੰ ਪ੍ਰਧਾਨ ਬਣਾਕੇ ਦਫਤ੍ਰਾਂ ਵਿਚ ਅੰਗ੍ਰੇਜ਼ੀ ਜਾਰੀ ਕੀਤੀ, ਕਲਰਕ ਪੈਦਾ ਕਰਨ ਹਿਤ ਅੰਗ੍ਰੇਜ਼ੀ ਭਾਸ਼ਾ ਦੇ ਆਸ਼੍ਰਮ ਜਾਰੀ ਕੀਤੇ। ਯੂਨੀਵਰਸਟੀਆਂ ਬਣਾਈਆਂ, ਅੰਗ੍ਰੇਜ਼ੀ ਭਾਸ਼ਾ ਲਿਪਟਿਆ ਈਸਾਈ ਮਤ ਅਤੇ ਪਛਮੀ ਸਭਯਤਾ ਦਾ ਪ੍ਰਚਾਰ ਚੱਲ ਪਿਆ। ਹਿੰਦੁਸਤਾਨ ਵਿੱਚ ਅੰਗ੍ਰੇਜ਼ੀ ਪੜ੍ਹਨ ਵਾਲਿਆਂ ਨੇ ਸੁਤੇ ਹੀ ਅੰਗ੍ਰੇਜ਼ਾਂ ਦਾ ਪਹਿਰਾਨ, ਟੋਪੀ, ਕੋਟ, ਪਤਲੂਨ ਟਾਈ, ਨਿੱਕਰ, ਘੋੜਾਂ, ਖਾਣ, ਪੀਣ, ਬੈਠਕ ਉਠਕ, ਰਸਮੋ

ਰਿਵਾਜ਼ ਆਦਿ ਬਿਨਾਂ ਤਾੜਨਾ ਜਾਂ ਦੁਖ ਦੇ ਖੁਸ਼ੀ ਨਾਲ ਕਬੂਲ ਕਰ ਲਿਤੇ, ਚਾਹੇ ਓਹ ਈਸਾਈ ਨਾਂ ਭੀ ਕਹੌਣ ਪਰ ਵਰਤੋਂ ਵਿਹਾਰ ਤੇ ਅਮਲਾਂ ਵਿਚ ਈਸਾਈ ਮਤ ਨਾਲੋਂ ਵਖ ਨਹੀਂ ਕਹੇ ਜਾ ਸਕਦੇ। ਬਲਕੇ ਕਿਤਨੇ ਹੀ ਬ੍ਰਾਹਮਣ ਜੋ ਇਸ ਦੇਸ ਦੇ ਧਾਰਮਕ ਆਗੂ ਮੰਨੇ ਜਾਂਦੇ ਸਨ ਅਗੇ ਵਧਕੇ ਈਸਾਈ ਪਹਿਰਾਨ ਨੂੰ ਗ੍ਰਹਿਣ ਕਰਦੇ ਆ ਰਹੇ ਹਨ, ਅਤੇ ਹਿੰਦੀ ਸਭਯਤਾ ਤੇ ਖਾਣਪੀਣ (ਹਿੰਦੂ ਭੋਜਨ ਤੇ ਸੁੱਚਤਾ ਦੇ ਨਿਯਮ ਆਦਿ) ਖਤਮ ਕਰਦੇ ਜਾ ਰਹੇ ਹਨ। ਜੋ ਈਸਾਈਅਤ ਦਾ ਪੂਰਨ ਅਸਰ ਹੋ ਚੁਕਿਆ ਕਿਹਾ ਜਾ ਸਕਦਾ ਹੈ।

ਹਿੰਦ ਵਿਚ ਹਿੰਦ ਡੰਡਾਵਲੀ ਜਾਂ ਤਾਜੀਰਾਤ ਹਿੰਦ ਆਦਿ ਦੁਆਰੇ-ਕਾਨੂੰਨ ਨੇ ਕਚਹਿਰੀਆਂ, ਹਾਈ ਕੋਰਟਾਂ ਦਾ ਜਾਲ ਇਤਨਾ ਤਣ ਦਿਤਾ ਹੈ ਜਿਸਨੂੰ ਕਿ ਕਦੀ ਕੋਈ ਤੋੜ ਨਹੀਂ ਸਕਦਾ, ਇਹ ਮੁਕੱਦਮੇ ਬਾਜੀ (ਝਗੜੇ) ਤਿੰਨ ਕਾਲ ਭੀ ਸੁਤੰਤ੍ਰਤਾ ਦਾ ਮੂੰਹ ਨਹੀਂ ਦੇਖਣ ਦਿੰਦੇ, ਪਰ ਬਣਿਆਂ ਸਭ ਕੁਛ ਹਿੰਦੀਆਂ ਦੀ ਅਭਿਲਾਖਾ ਅਤੇ ਹਥਾਂ ਨਾਲ ਹੈ। ਗ਼ਦਰ ਥੀਂ ਪਿਛੋਂ ਖੁਫੀਆ ਪੋਲੀਸ (ਸੀ. ਆਈ. ਡੀ.) ਤੇ ਪੋਲੀਸ ਦਾ ਮਹਿਕਮਾ ਤੇ ਅਧਿਕਾਰ ਐਸੇ ਬਣੇ ਕਿ ਕੋਈ ਬਾਤ ਲੁਕੀ ਛਿਪੀ ਤੇ ਦਬਾ ਥੀਂ ਰਹਿਤ ਰਹਿ ਨਹੀਂ ਸਕਦੀ ਸੀ, ਤਾਰਾਂ, ਡਾਕਖਾਨਿਆਂ ਨਹਿਰਾਂ ਰੇਲਾਂ ਦਾ ਮਹਿਕਮਾ ਬਾਪਾਰ ਅਤੇ ਅੰਗ੍ਰੇਜ਼ੀ ਰਾਜ ਦੀਆਂ ਬਰਕਤਾਂ (ਤਾਕਤਾਂ) ਨੂੰ ਵਧੌਣ ਖਾਤਰ ਐਸੇ ਬਣੇ ਹਨ ਕਿ ਜਿਨ੍ਹਾਂ ਨੂੰ ਪਰਜਾ ਸਲਾਂਹਦੀ ਤੇ ਸੁਖ ਲੈਂਦੀ ਹੋਈ ਰਜ ਨਹੀਂ ਸਕਦੀ "ਕਾਰਖਾਨਿਆਂ ਤੇ ਮਸ਼ੀਨਰੀ ਤੇ ਹਥਿਆਰ ਨਾ ਬਣੌਣ ਤੇ ਨਾ ਰਖਣ ਦੇ ਕਾਨੂੰਨ, ਸੈਨ

੧੮੫੭ ਤੋਂ ਪਿਛੋਂ ਬਣੇ ਹਨ ।"

ਇਹ ਠੀਕ ਦਿਸ ਰਿਹਾ ਹੈ ਕਿ ਅੰਗ੍ਰੇਜ਼ੀ ਰਾਜ ਅਮਨ ਦਾ ਰਾਖਾ ਹੈ । ਪਰ ਹਿੰਦੁਸਤਾਨ ਦੀ ਸੂਰਮਤਾ, ਸਭਯਤਾ ਰਸਮੋ ਰਿਵਾਜ, ਭਾਈ ਚਾਰਕ ਪਿਆਰ-ਭਾਉ ਭਗਤੀ, ਦੇਸ ਦਾ ਪਿਆਰ ਇਤਫਾਕ (ਮਿਲ ਵਰਤੋਂ) ਕੁਰਬਾਨੀ, ਉੱਚ ਆਚਰਨ ਖਾਣ ਪੀਣ, ਜਪ ਤਪ, ਸਬਰ ਸੰਤੋਖ, ਸ਼ਾਂਤੀ, ਪਹਿਰਾਨ, ਕ੍ਰਿਤ ਕਮਾਈ, ਆਦਿ ਸਭ ਕੁਝ ਬਦਲ ਗਿਆ ਜਾਂ ਗੁਮਰਾਹ ਹੁੰਦਾ ਜਾ ਰਿਹਾ ਹੈ ਇਕਾਂਤ ਵਾਸ ਭਜਨ ਬੰਦਗੀ, ਸਾਦਾ ਪਹਿਰਾਨ ਤੇ ਖਾਣ ਪੀਣ ਸੁਪਨਾ ਬਣ ਰਹੇ ਹਨ ।

ਪੂਰਬੀ ਖਾਲਸਾ ਦਰਬਾਰ

ਸਤਲੁਜੋਂ ਪਾਰ ਦੇ ਸਿੱਖ ਰਈਸ ਜੋ ਸਤਿਲੁਜ ਥੀਂ ਲਾਕੇ ਜਮਨਾ ਤੀਕਰ ਅਮਨ ਦਾ ਰਾਜ ਕਰਦੇ ਸਨ, ਇਹਨਾਂ ਦਾ ਰਾਜ ਦਿੱਲੀ ਨੂੰ ਟਕਰਾਂਦਾ ਸੀ। ਇਹ ਵਡੇ ਵਡੇ ਰਈਸ ਦਰਜਨ ਥੀਂ ਜ਼ਿਆਦਾ ਸਨ। ਪਰ ਵੱਡਾ ਇਲਾਕਾ ਪਟਿਆਲੇ ਦਾ ਸੀ, ਇਹ ਫੂਲ ਦੀ ਮਿਸਲ ਨਾਮ ਸੇ ਜੀਂਦ ਨਾਭਾ ਪਟਿਆਲਾ, ਤਿੰਨਾਂ ਸ਼ਾਖਾਂ ਵਿਚ ਹੋ ਗਏ। ਇਸ ਮਿਸਲ ਨਾਲ ਸ਼ੇਰੇ ਪੰਜਾਬ ਦੇ ਰਿਸ਼ਤੇਦਾਰੀ ਤੇ ਖਾਲਸਾ ਭਾਈ ਚਾਰੇ ਦੇ ਸਨਬੰਧ ਬਹੁਤ ਗਹਿਰੇ ਸਨ ਇਹ ਕੁਛ ਹੁੰਦਿਆਂ ਭੀ ਸ਼ੇਰੇ ਪੰਜਾਬ ਇਨ੍ਹਾਂ ਨੂੰ ਆਪਣੇ ਅਧੀਨ ਕਰ ਲੈਣ ਦਾ ਦਿਲੀ ਇਰਾਦਾ ਰਖਦਾ ਸੀ, ਪਰ ਇਸ ਵਿਚ ਉਸ ਨੂੰ ਸਫਲਤਾ ਨਾ ਹੋ ਸਕੀ, ਸੰਨ ੧੮੪੨ ਈ: ਵਿਚ ਲਾਹੌਰ ਦਰਬਾਰ ਨੇ ਅੰਗ੍ਰੇਜ਼ਾਂ ਦੀ ਕਾਬਲ ਨੂੰ ਫਤਹ ਕਰਨ ਵਾਲੀ ਜੰਗ ਵਿਚ ਵਾਇਦੇ ਮੂਜਬ ਮੱਦਦ ਕੀਤੀ ਪਰ, ਸਤਲੁਜੋਂ ਪਾਰ ਦੇ ਸਿਖ ਰਈਸਾਂ ਦਾ ਚਿੱਤ ਅੰਗ੍ਰੇਜ਼ਾਂ ਨਾਲ ਨਹੀਂ ਸੀ, ਕੇਵਲ ਰਾਜਾ ਦੇਵੇਂਦਰ ਸਿੰਘ ਨਾਭਾ ਨੇ ਅੰਗ੍ਰੇਜ਼ਾਂ ਵਲ ਪੱਖ ਰਖਿਆ। ਖਾਲਸਾ ਰਿਆਸਤ ਕੈਂਥਲ ਦੀ ਜ਼ਬਤੀ ਵੇਲੇ ਭੀ ਫੂਲਕੀਆਂ ਰਿਆਸਤਾਂ ਨੇ ਅੰਗ੍ਰੇਜ਼ਾਂ ਨਾਲ ਨਾਰਾਜ਼ਗੀ ਜ਼ਾਹਰ ਕੀਤੀ, ਪਰ ਪੇਸ਼ ਕੋਈ ਨਹੀਂ ਜਾ ਸਕੀ।

ਖਾਲਸਾ ਦਰਬਾਰ ਲਾਹੌਰ ਨਾਲ ਅੰਗ੍ਰੇਜ਼ਾਂ ਦਾ ਜੰਗ ਲਗਣ ਵੇਲੇ ਨਾਭੇ ਨੇ ਲਾਹੌਰ ਦਾ ਪੱਖ ਪਾਲਿਆ ਜਿਸ ਕਰਕੇ ਇਲਾਕਾ ਡਬਰਾਉ ਤੇ ਅਮਲੋਹ ਪ੍ਰਗਣੇ ਅੰਗ੍ਰੇਜ਼ਾਂ ਨੇ ਜ਼ਬਤ ਕਰ ਲਿਤੇ, ਇਸਦੇ ਪਿਛੋਂ ਹੋਰ ਭੀ ਇਲਾਕਾ ਜ਼ਬਤ ਕਰਕੇ ਰਾਜਾ ਦੇਵਿੰਦਰ ਸਿੰਘ ਨਾਭਾ ਨੂੰ ਗੱਦੀ ਤੋਂ ਉਤਾਰ ਦਿਤਾ ਗਿਆ ਇਸਤਰਾਂ ਸਤਲੁਜੋਂ ਪਾਰ ਦੇ ਕਈ ਸਿੱਖ ਰਈਸ ਜਮਾਂ ਖ਼ਤਮ ਹੋ ਗਏ, ਰੁੜ੍ਹ ਲਾਵਲਦੀ ਦੇ ਕਾਨੂੰਨ ਨੇ ਸਿਖ ਰਿਆਸਤਾਂ ਨੂੰ ਅੰਗ੍ਰੇਜ਼ੀ ਇਲਾਕੇ ਵਿਚ ਰਲਾ ਦਿਤਾ, ਲਾਹੌਰ ਦਰਬਾਰ ਦੀ ਤਬਾਹੀ ਦੇ ਪਿਛੋਂ ਸਤਲੁਜੋਂ ਪਾਰ ਦੇ ਰਈਸ ਚਿਤੋਂ ਚਾਹੁੰਦੇ ਚਾਹੇ ਕੁਛ ਸਨ ਪਰ ਆਪਣੇ ਬਚਾਉ ਲਈ ਓਹ ਆਪਣੀ ਵਫਾਦਾਰੀ ਸਾਬਤ ਰਖਣ ਹਿਤ ਯਤਨ ਕਰਦੇ ਰਹੇ। ਜਿਸ ਕਰਕੇ ਓਹ ਬਚੇ ਰਹੇ। ਸੰਨ ੧੮੫੭ ਦੇ ਗਦਰ ਵਿਚ ਸਿਖ ਰਿਆਸਤਾਂ ਨੇ ਵਸ਼ੇਸ਼ ਕਰਕੇ ਪਟਿਆਲੇ ਨੇ ਜੋ ਮੱਦਦ ਅੰਗ੍ਰੇਜ਼ਾਂ ਦੀ ਕੀਤੀ, ਉਸਦੀ ਕੋਈ ਭੀ ਕੀਮਤ ਨਹੀਂ ਪਾ ਸਕਦਾ, ਕਹਿਣਾ ਪਵੇਗਾ ਕਿ ਅੰਗ੍ਰੇਜ਼ਾਂ ਨੂੰ ਖੁੱਸਿਆ ਰਾਜ ਮੁੜ ਦਲੌਣ ਵਾਲੇ ਸਿੱਖ ਰਈਸ ਸਨ, ਸਮੇਂ ਦੇ ਅੰਗ੍ਰੇਜ਼ ਜਿੰਮੇਵਾਰ ਅਫਸਰਾਂ ਨੇ ਆਪਣੀ ਕਲਮ ਨਾਲ ਭੀ ਲਿਖਿਆ ਹੈ:—

੧੮੫੭-੫੮ ਦੇ ਗ਼ਦਰ ਸਮੇਂ ਮਹਾਰਾਜਾ ਪਟਿਆਲਾ ਨੇ ਗੌਰਮਿੰਟ ਦੀ ਭਾਰਤ ਦੇ ਦੂਜੇ ਸਾਰੇ ਰਾਜਿਆਂ ਨਾਲੋਂ ਵੱਧ ਚੜ੍ਹ ਕੇ ਸਹਾਇਤਾ ਕੀਤੀ। ਉਹ ਸਿੱਖਾਂ ਦਾ ਮੰਨਿਆਂ ਹੋਇਆ ਜੱਥੇਦਾਰ ਸੀ, ਉਹਦੀ ਨਾ ਨੁੱਕਰ ਤੇ ਗੈਰ-ਵਫ਼ਾਦਾਰੀ ਦੇ ਬਹੁਤ ਭੈੜੇ ਨਤੀਜੇ ਨਿਕਲਦੇ। ਇਸਦੇ ਉਲਟ ਉਸਦੀ ਲਿਆਕਤ ਆਚਰਣ ਤੇ ਉੱਚ ਰੁਤਬਾ ਉਸ ਨੂੰ ਗੌਰਮਿੰਟ ਦੇ ਵਿਰੁਧ ਇਕ

ਨਾ ਭੁਲਣ ਵਾਲਾ ਲੀਡਰ ਬਣਾ ਦਿੰਦਾ। ਪਰ ਉਸ ਨੇ ਵਫ਼ਾਦਾਰੀ ਤੇ ਸ਼ੁਕਰ ਗੁਜ਼ਾਰੀ ਦਾ ਖਿਆਲ ਰੱਖਦਿਆਂ ਹੋਇਆਂ ਬਿਨਾ ਕਿਸੇ ਝਿਝਕ ਆਪਣੀ ਸਾਰੀ ਤਾਕਤ ਤੇ ਅਸਰ ਰਸੂਖ ਅੰਗ੍ਰੇਜ਼ਾਂ ਦੇ ਹਵਾਲੇ ਕਰ ਦਿੱਤਾ। ਗ਼ਦਰ ਦੀ ਨਾਜ਼ਕ ਹਾਲਤ ਵਿਚ ਵੀ ਉਸ ਨੇ ਇਕ ਮਿੰਟ ਲਈ ਆਪਣੀ ਵਫਾਦਾਰੀ ਵਿਚ ਫ਼ਰਕ ਨਹੀਂ ਆਉਣ ਦਿੱਤਾ। ਸਗੋਂ ਇਸ ਦੇ ਉਲਟ ਆਪਣੇ ਜ਼ੋਰ ਨੂੰ ਦੂਣਾ ਕਰ ਦਿੱਤਾ ਜਦੋਂ ਕੇ ਘੱਟ ਵਫਾਦਾਰ ਮਿੱਤ੍ਰਾਂ ਨੇ ਉਹਨਾਂ ਦਾ ਸਾਥ ਛਡਨ ਨੂੰ ਠੀਕ ਸਮਝਿਆ। (ਦੀ ਰਾਜਾ ਆਫ ਦੀ ਪੰਜਾਬ ੧੨੧੩,੧੪,੧੬-੧)

ਉਕਤ ਲਿਖਤ ਥੀਂ ਜਾਣਿਆਂ ਜਾ ਸਕਦਾ ਹੈ ਕਿ ਅੰਗ੍ਰੇਜ਼ੀ ਸਰਕਾਰ ਨੇ ਤਾਂ ਦੋਸਤੀ ਦੇ ਪ੍ਰਣ ਨੂੰ ਭੰਗ ਕਰਕੇ ਖਾਲਸਾ ਦਰਬਾਰ ਲਾਹੌਰ ਪਰ ਕਬਜ਼ਾ ਕਰ ਲਿਆ ਪਰ ਸਿੱਖਾਂ ਨੇ ਫੇਰ ਭੀ ਸੰਨ ੧੮੫੭-੫੮ ਦੇ ਗ਼ਦਰ ਵਿੱਚ ਅੰਗ੍ਰੇਜ਼ਾਂ ਨੂੰ ਬਚਾਕੇ ਪੂਰਨ ਦੋਸਤੀ ਨਿਭਾਈ, ਜਿਨ੍ਹਾਂ ਪੂਰਬੀਆਂ ਨੇ ਪੰਜਾਬੀਆਂ ਦੇ ਰਾਜ ਨੂੰ ਅੰਗ੍ਰੇਜ਼ਾਂ ਨਾਲ ਰਲਕੇ ਬਰਬਾਦ ਕੀਤਾ ਸੀ, ਉਨ੍ਹਾਂ ਨੂੰ ਪੂਰਨ ਸਜ਼ਾ ਭੀ ਭੁਗਤਾਈ।

ਪੂਰਬੀ ਖਾਲਸਾ ਦਰਬਾਰ ਦੀਆਂ ਹਦਾਂ ਜਮਨਾ ਤੋਂ ਅਗੇ ਦਿਲੀ ਨੂੰ ਜਾ ਟਕਰਾਂਦੀਆਂ ਸਨ। ਏਧਰ ਸਰਦਾਰ ਬਘੇਲ ਸਿੰਘ ਜੈਸੇ ਜਥੇਦਾਰਾਂ ਦੇ ਇਲਾਕੇ ਸਨ ਜੋ ਸਭ ਲਾਵਲਦੀ ਦੇ ਕਾਨੂੰਨ ਵਿਚ ਖਤਮ ਹੋਏ। ਸਿੱਖ ਰਾਜ ਅਸਲੋਂ ਪਸ਼ਾਵਰ ਥੀਂ ਲਾਕੇ ਦਿਲੀ ਤੀਕਰ ਸੀ, ਜੇ ਸਿੱਖ ਦਿਲੀ ਮਾਰਕੇ ਨਾ ਵਾਪਸ ਕਰਦੇ, ਇਹ ਸਾਰੇ ਹਿੰਦੁਸਤਾਨ ਦੇ ਰਾਜੇ ਹੁੰਦੇ, ਜਥੇਦਾਰਾਂ ਦੀ ਬੇਇਤਫ਼ਾਕੀ ਨਾਲ ਦਿਲੀ ਦਾ ਤਾਜ ਤਖਤ

ਮੁਗਲ ਬਾਦਸ਼ਾਹਾਂ ਨੂੰ ਆਪ ਬਖਸ਼ ਦਿਤਾ, ਸਿਰਫ ਗੁਰਦ੍ਵਾਰਿਆਂ ਦੀ ਸੇਵਾ ਪਲੇ ਰਖੀ। ਮਿਸਲਾਂ ਦੇ ਰਾਜ ਵੇਲੇ ਭਾਂਵੇ' ਆਪੀ ਧਾਪੀ ਆ ਗਈ ਸੀ, ਪਰ ਬਾਹਰੋਂ ਆਏ ਗਨੀਮਾਂ ਲਈ ਇੱਕ ਮੁੱਠ ਹੋਕੇ ਮਾਰ ਕਰਦੇ ਤੇ ਨਠਾ ਦਿੰਦੇ ਸਨ । ਮਿਸਲਾਂ ਦੇ ਰਾਜ ਸਮੇਂ ਭੀ ਸਿੱਖ ਹਿੰਦੂ ਮੁਸਲਮਾਨ ਏਕਾ ਸੀ, ਸਾਰੇ ਸਿੱਖਾਂ ਦੇ ਅਮਨ ਨੂੰ ਪਸੰਦ ਕਰਦੇ ਮੁਗਲ ਸ਼ਾਹੀ ਵਿਚ ਰੋਜ ਦੀਆਂ ਲੁਟਾਂ ਤਬਾਹ ਕਰਦੀਆਂ ਰਹਿੰਦੀਆਂ, ਸਿਖਾਂ ਨੇ ਕਾਬਲ ਕੰਧਾਰ ਪਰ ਭੀ ਸਿਕਾ ਬਿਠਾਇਆ। ਸ਼ੇਰੇ ਪੰਜਾਬ ਦੀ ਇਹ ਭਾਰੀ ਭੁਲ ਸੀ ਕਿ ਉਸਨੇ ਪਾਰਲੀਮੈਂਟ ਨਾ ਬਣਾਈ, ਮਿਸਲਾਂ ਨੂੰ ਮਾਰਕੇ ਉਨ੍ਹਾਂ ਦੇ ਸਰਦਾਰ ਨੌਕਰ ਰਖੇ । ਰਾਜੇ, ਵਜੀਰ ਅਨਮਤੀ ਕਰ ਦਿਤੇ, ਹੁਣ ਭੀ ਸਿਖ ਰਾਜੇ ਅਨਮਤੀ ਵਜੀਰ ਰਖਕੇ ।ਸਿਖਾਂ ਨੂੰ ਪਿਛੇ ਸੁਟਦੇ ਰਹੇ ਹਨ, ਸਿੱਖ ਵਜੀਰ ਨਾ ਰਖਣ ਵਾਲਾ ਸਿਖ ਰਾਜਾ ਕਦੀ ਭੀ ਸੁਖ ਪ੍ਰਾਪਤ ਨਹੀਂ ਕਰ ਸਕਦਾ।

ਸਿਖ ਰਈਸਾਂ ਦੇ ਹਾਲ ਦੀ ਕਿਤਾਬ ਵਖਰੀ ਲਿਖੀ ਜਾ ਰਹੀ ਹੈ, ਪਰ ਖਾਲਸਾ ਦਰਬਾਰ ਦੇ ਸਿਲਸਿਲੇ ਵਿਚ ਮੌਜੂਦਾ ਵਡੇ ਰਈਸਾਂ ਦਾ ਸੰਖੇਪ ਜੀਵਨ ਅਗੇ ਦਰਜ ਕੀਤਾ ਜਾਂਦਾ ਹੈ। ਪੂਰਬੀ ਖਾਲਸਾ ਦਰਬਾਰ ਦੇ ਹੁਣ ਭੀ ਕਾਫੀ ਰਈਸ ਹਨ ਪਰ ਰਿਆਸਤਾਂ ਦੀ ਸ਼ਕਲ ਵਿਚ ਪਟਿਆਲਾ, ਨਾਭਾ ਜੀਂਦ, ਕਪੂਰਥਲਾ, ਫਰੀਦ ਕੋਟ, ਕਲਸੀਆ (ਛਛਰੌਲੀ) ਗਿਣੇ ਜਾਂਦੇ ਹਨ, ਜਿਨ੍ਹਾਂ ਦੀ ਸਰਕਾਰ ਅੰਗ੍ਰੇਜ਼ੀ ਵਲੋਂ ਸਲਾਮੀ ਤੇ ਨਜ਼ਰਾਂ ਆਦਿ ਨੀਯਤ ਹਨ। ਜਿਹਾ ਕਿ:—

੧, ਨਾਭਾ ਰਿਆਸਤ

ਪਹਿਲੇ ਰਾਜਿਆਂ ਦੇ ਹਾਲਾਤ ਪ੍ਰਸੰਗ ਅਨੁਸਾਰ ਪਿਛੇ ਆ ਚੁਕੇ ਹਨ, ਨਾਭੇ ਦਾ ਰਾਜਾ ਭਗਵਾਨ ਸਿੰਘ ਲਾ-ਵਲਦ ਜਾਣ ਕਰਕੇ, ਸਰਦਾਰ ਬੱਡਰੁਖਾਂ (ਪਿਛਲਾ ਖਾਨਦਾਨ) ਦੇ ਸ: ਸੁਖਾ ਸਿੰਘ ਦਾ ਸਪੁਤ੍ਰ ਹੀਰਾ ਸਿੰਘ ੧੦ ਅਗਸਤ ਸੰਨ ੧੮੭੧ ਈ: (ਭਾਦ੍ਰੋਂ ਸੰਮਤ ੧੮੨੮) ਨੂੰ ਨਾਭੇ ਦੇ ਤਖਤ ਪਰ ਬੈਠਿਆ, ਰਾਜਾ ਹੀਰਾ ਸਿੰਘ ਬੜਾ ਨੀਤੀ ਨਿਪੁੰਨ ਸੀ। ਇਸਦਾ ਜਨਮ ੬ ਪੋਹ ਸੰਮਤ ੧੯੦੦ (੧੮੪੩ ਈ:) ਦਾ ਸੀ। ਹਿੰਦੂ ਸਿੱਖੀ ਦਾ ਪੱਕਾ ਸ੍ਰਧਾਲੂ, ਇਸਨੇ ਕੂਕਾ ਮੁਹਿਮ ਨੂੰ ਦਬੌਣ ਹਿਤ ਜੋ ਕਿ ਸੰਨ ੧੮੨੮ ਦੇ ਮਾਘ ਮਹੀਨੇ ਸ਼ੁਰੂ ਹੋਈ ਅੰਗ੍ਰੇਜ਼ਾਂ ਦੀ ਸਿਰੋਂ ਪਰੇ ਮੱਦਦ ਕਰਕੇ ਨਾਮ ਪਾਇਆ, ਆਪ ਰਾਜ ਅੰਗ੍ਰੇਜ਼ੀ ਦੇ ਪੱਕੇ ਵਫਾਦਾਰ ਹੋਣ ਕਰਕੇ ਬਹੁਤ ਉਚੇ ਮਾਣ ਦੇ ਭਾਗੀ ਬਣੇ, ਆਪ ਨੂੰ ਜੀ. ਸੀ. ਐਸ. ਆਈ. ਜੀ. ਸੀ. ਆਈ. ਈ. ਆਦਿਕ ਖਿਤਾਬ ਮਿਲੇ ਸੰਨ ੧੯੧੧ ਦੇ ਦਿਲੀ ਦਰਬਾਰ ਵਿਚ ਮੌਰੂਸੀ ਮਹਾਰਾਜਾ ਪਦਵੀ ਮਿਲੀ ਆਪ ਦੀ ਰਾਇ ਦਾ ਅੰਗ੍ਰੇਜ਼ਾਂ ਵਿਚ ਖਾਸ ਸਤਿਕਾਰ ਸੀ। ਆਪ ਉੱਚ ਆਚਰਨ ਤੇ ਦਾਨ ਕਰਨ ਵਿੱਚ ਪ੍ਰਸਿੱਧ ਸਨ, ਰਯਤ ਵਿੱਚ ਦੌਰੇ ਕਰਕੇ ਕਈ ਕਈ ਝਗੜੇ ਆਪ ਨਬੇੜਦੇ ਸਨ। ਲੋਕੀਂ ਨਰਮ ਤੇ ਮਿਠੀ ਪਾਲਿਸੀ ਪਰ ਅਤੀ ਖੁਸ਼ੀ ਰਹਿੰਦੇ। ਆਪ ਨੇ ਨਾਭਾ ਰਾਜ ਨੂੰ ਚੰਗੀ ਤ੍ਰੱਕੀ ਦਿਤੀ ਮਹਾਰਾਜਾ ਹੀਰਾ ਸਿੰਘ ਜੀ ੨੫ ਦਸੰਬਰ ਸੰਨ ੧੯੧੧ ਈ: (੧੧ ਪੋਹ ਸੰਮਤ ੧੯੬੮ ਬਿ:) ਨੂੰ ਸੁਰਗਵਾਸ ਹੋਏ। ਇਸ ਮਹਾਰਾਜਾ

ਨੇ ਖਾਲਸਾ ਕਾਲਜ ਅਮ੍ਰਿਤਸਰ ਨੂੰ ਚੋਖੀ ਮਦਦ ਦਿਤੀ ਤੇ ਮੈਕਾਲਿਫ ਸਾਹਿਬ ਨੂੰ ਸਿਖ-ਰਿਲੀਜਨ ਗ੍ਰੰਥ ਲਿਖਣ ਲਈ ਭਾਰੀ ਸਹਾਇਤਾ ਦਿਤੀ, ਵਿਦਜਾ ਦਾ ਭੀ ਪ੍ਰਚਾਰ ਕੀਤਾ।

ਪਟਿਆਲੇ ਦੀ ਗੱਦੀ

ਪਟਿਆਲਾ ਪਤਿ ਮਹਾਰਾਜਾ ਸਾਹਿਬ ਸਿੰਘ ਜੀ ਦਾ ਦੇਹਾਂਤ ੨੬ ਮਾਰਚ ਸੰਨ ੮੧੩ ਈ: (ਚੇਤ੍ਰ ੧੮੬੯ ਬਿ:) ਨੂੰ ਹੋਇਆ, ਇਨ੍ਹਾਂ ਦੇ ਸਮੇਂ ਵਿਚ ਸਤਲੁਜੋਂ ਪਾਰ ਦੀਆਂ ਸਾਰੀਆਂ ਰਿਆਸਤਾਂ ਸਰਕਾਰ ਅੰਗ੍ਰੇਜ਼ੀ ਦੇ ਮਾਤਹਿਤ ਹੋਈਆਂ, ਖਾਲਸਾ ਦਰਬਾਰ ਲਾਹੌਰ ਵਲੋਂ ਸ਼ੇਰੇ ਪੰਜਾਬ ਨੇ ਜੋ ਅਹਿਦ-ਨਾਮਾ ਅੰਗ੍ਰੇਜ਼ਾਂ ਨਾਲ ਕੀਤਾ ਇਹ ਪਿਛੋਂ ਹੋਇਆ, ਇਸਤਰ੍ਹਾਂ ਪੱਛਮੀ ਤੇ ਪੂਰਬੀ ਖਾਲਸਾ ਦਰਬਾਰ ਦੋ ਹਿਸਿਆਂ ਵਿਚ ਵੰਡਿਆ ਜਾਣ ਕਰਕੇ ਸਿਖ ਪੰਥ ਦੀ ਸਮੁੱਚੀ ਤਾਕਤ ਨੂੰ ਧੱਕਾ ਲਗਿਆ ਮਹਾਰਾਜਾ 'ਸਾਹਿਬ ਸਿੰਘ' ਦਾ ਸਪੁੱਤ੍ਰ ਕਰਮ ਸਿੰਘ ੩੦ ਜੂਨ ਸੰਨ ੧੮੧੩ ਨੂੰ ਰਾਜ ਸਿੰਘਾਸਨ ਪਰ ਬੈਠਿਆ, ਉਸ ਵੇਲੇ ਪੰਦ੍ਰਾਂ ਸਾਲਾਂ ਦਾ ਹੋਣ ਕਰਕੇ ਰਾਜ ਦਾ ਪ੍ਰਬੰਧ ਰਾਣੀ ਆਸ ਕੌਰ ਅਤੇ ਮਿਸਰ ਨੌਧੇ ਦੇ ਸਪੁਰਦ ਰਿਹਾ ਪਰ ਮਿਸਰ ਨੌਧੇ ਨੇ ਚਾਲਾਂ ਨਾਲ ਸਿੱਖ ਰਾਜ ਨੂੰ ਹਿੰਦੂ ਢਾਲਣਾ ਵਿਚ ਢਾਲਿਆ 'ਰਾਜਾ ਕਰਮ ਸਿੰਘ' ਨੂੰ ਸੰਨ ੧੮੧੦ ਵਿਖੇ ਮਹਾਰਾਜਾ ਪਦਵੀ ਸਰਕਾਰ ਅੰਗ੍ਰੇਜ਼ੀ ਨੇ ਦਿਤੀ, ਸੰਨ ੧੮੧੮ ਵਿਚ ਮਹਾਰਾਜਾ ਨੇ ਆਪ ਰਾਜ ਕਰਨਾ ਆਰੰਭ ਕੀਤਾ। ਇਹ ਮਹਾਰਾਜਾ ਬਹੁਤ ਸਿਆਣਾ ਤੇ ਸਿੱਖ ਧਰਮ ਵਿਚ ਪੱਕਾ ਸੀ। ਰਿਆਸਤ ਦੇ ਗੁਰਦੁਆਰੇ ਇਸੇ ਨੇ ਪਕੇ ਬਣਵਾਏ ਤੇ ਜਗੀਰਾਂ

ਭੀ ਲਾਈਆਂ। ਇਸ ਦਾ ਦੇਹਾਂਤ ੨੩ ਸਤੰਬਰ ਸੰਨ ੧੮੪੫ ਈ: (ਸੰਮਤ ੧੯੦੨ ਬਿ:) ਵਿਖੇ ਹੋਇਆ।

ਉਪ੍ਰੰਤ ਇਨ੍ਹਾਂ ਦਾ ਸਪੁੱਤ੍ਰ ਨਰੇਂਦ੍ਰ ਸਿੰਘ ੧੮ ਜਨਵਰੀ ਸੰਨ ੧੮੪੬ (ਸੰਮਤ ੧੯੦੨) ਨੂੰ ਪਟਿਆਲੇ ਦੇ ਤਖਤ ਪਰ ਬੈਠਿਆ ਉਸ ਵੇਲੇ ਇਹ ਤੇਈਸ ਸਾਲਾਂ ਦਾ ਸੀ, ਮਹਾਰਾਜਾ ਨਰੇਂਦਰ ਸਿੰਘ ਨੇ ਸੰਨ ੧੮੫੭ ਦੇ ਗ਼ਦਰ ਵਿਚ ਸਰਕਾਰ ਅੰਗ੍ਰੇਜ਼ੀ ਦੀ ਸਿਰੋਂ ਪਰੇ ਮੱਦਦ ਕਰਕੇ ਅਰਥਾਤ ਅੰਗ੍ਰੇਜ਼ਾਂ ਦੀ ਰਖਿਆ ਕਰਕੇ ਭਾਰੀ ਅਹਿਸਾਨ ਕੀਤਾ, ਜੇ ਸਿੱਖ ਉਸ ਵੇਲੇ ਅੰਗ੍ਰੇਜ਼ਾਂ ਦੀ ਮਦਦ ਨਾ ਕਰਦੇ ਉਸ ਭਿਆਨਕ ਘਮੇਂ ਵਿਚ ਅੰਗ੍ਰੇਜ਼ੀ ਰਾਜ ਲਈ ਸ਼ਾਂਤੀ ਹੋਣੀ ਅਸੰਭਵ ਸੀ।

੩. ਮਹਾਰਾਜਾ ਨਰਿੰਦਰ ਸਿੰਘ ਦੀ ਹਿੰਮਤ ਨਾਲ ਫੂਲਕੀਆਂ ਰਿਆਸਤਾਂ ਨੂੰ ਅੰਗ੍ਰੇਜ਼ੀ ਰਾਜ ਦੀ ਹੋਂਦ ਨਾਲ ਕਾਇਮ ਰਹਿਣ ਹਿਤ, ਚੰਗੀਆਂ ਸ਼ਰਤਾਂ ਪ੍ਰਾਪਤ ਹੋਈਆਂ। ਵਸ਼ੇਸ਼ ਕਰਕੇ ਮਤਬੰਨਾ ਕਰਨਾ ਅਤੇ ਪ੍ਰਾਣ ਦੰਡ (ਫਾਂਸੀ) ਦੇਣ ਦੇ ਅਧਿਕਾਰ ਮਿਲੇ ਅਤੇ ਐਸੇ ਅਹਿਦਨਾਮੇ ਲਿਖੇ ਗਏ ਕਿ ਤਿੰਨਾਂ ਰਿਆਸਤਾਂ ਦੇ ਮਹਾਰਾਜਿਆਂ ਨੂੰ ਰਲਕੇ ਆਪਸ ਵਿਚ ਦੀ ਰਾਇ ਨਾਲ ਰਾਜ ਤਖਤ ਸੰਭਾਲਨ ਦੇ ਅਧਿਕਾਰ ਹਨ। ਐਸੇ ਨੇਮਾਂ ਥੀਂ ਬਿਨਾ ਸਿੱਖ ਰਿਆਸਤਾਂ ਦੇ ਗੁੰਮ ਹੋਣ ਦੇ ਕਈ ਖਤਰੇ ਵਾਪਰ ਸਕਦੇ ਸਨ, ਮਹਾਰਾਜਾ ਨਰਿੰਦਰ ਸਿੰਘ ਦਾ ਦੇਹਾਂਤ ਉਨਤਾਲੀ ਸਾਲਾਂ ਦੀ ਉਮਰ ਵਿਚ ੧੩ ਨਵੰਬਰ ਸੰਨ ੧੮੬੨ (ਸੰਮਤ ੧੯੧੯) ਨੂੰ ਹੋਇਆ।

੪. ਮਹਾਰਾਜਾ ਨਰਿੰਦਰ ਸਿੰਘ ਜੀ ਦਾ ਸਪੁੱਤ੍ਰ ਮਹਾਰਾਜਾ ਮਹਿੰਦਰਸਿੰਘ ਦਸਾਂ ਸਾਲਾਂ ਦੀ ਉਮਰ ਵਿੱਚ ੨੯ ਜਨਵਰੀ

ਸੰਨ ੧੮੬੨ ਨੂੰ ਪਟਿਆਲੇ ਦੀ ਗੱਦੀ ਪਰ ਬੈਠਿਆ, ਫਰਵਰੀ ਸੰਨ ੧੮੭੦ ਈ: ਨੂੰ ਰਾਜ ਦਾ ਪ੍ਰਬੰਧ ਸੰਭਾਲਿਆ।

ਅੰਗ੍ਰੇਜ਼ੀ ਵਿਦਯਾ ਪਾਕੇ ਇਨ੍ਹਾਂ ਨੇ ਕਾਫੀ ਸਕੂਲ ਖੋਲ੍ਹੇ ਆਪ ਨੇ ੨੯ ਮਾਰਚ ੧੮੭੫ ਈ: ਨੂੰ ਮਹਿੰਦਰ ਕਾਲਜ ਪਟਿਆਲਾ ਦੀ ਨੀਂਹ ਰੱਖੀ, ਜਿਸ ਵਿਖੇ ਹੁਣ ਤੀਕਰ ਮੁਫਤ ਵਿਦਯਾ ਦੇਣ ਦਾ ਪ੍ਰਬੰਧ ਚਲਿਆ ਆ ਰਿਹਾ ਹੈ । ਇਹ ਰਾਜਾ ਮਹਾਂਦਾਨੀ ਸੀ ਆਪ ਦਾ ਦੇਹਾਂਤ ਬਹੁਤ ਛੇਤੀ ੧੪ ਅਪ੍ਰੈਲ ਸੰਨ ੧੮੭੬ (ਸੰਮਤ ੧੯੩੩ ਬਿ:) ਨੂੰ ਹੋਇਆ । ਇਸ ਮਹਾ-ਰਾਜਾ ਨੇ ਸਵਾ ਕ੍ਰੋੜ ਰੁਪਿਆ ਖਰਚਕੇ ਰਯਤ ਦੇ ਸੁਖ ਲਈ ਰੋਪੜ ਵਾਲੀ ਨਹਿਰ ਦਾ ਪਾਣੀ ਲਿਤਾ, ਸੰਨ ੧੮੭੩ ਵਿਚ ਬੰਗਾਲ ਦੇ ਕਾਲ ਪੀੜਤਾਂ ਨੂੰ ਦਸ ਲੱਖ ਰੁਪਿਆ ਦਿਤਾ, ਪੰਜਾਬ ਯੂਨੀਵਰਸਟੀ ਨੂੰ ਸੱਤਰ ਹਜ਼ਾਰ ਸਹਾਇਤਾ ਘਲੀ, ਇਸਤਰ੍ਹਾਂ ਦੇ ਚੰਗੇ ਕੰਮ ਕੀਤੇ।

੫. ਮਹਾਰਾਜਾ ਮਹਿੰਦਰਸਿੰਘ ਜੀ ਦਾ ਸਪੁੱਤ੍ਰ ਮਹਾਰਾਜਾ ਰਾਜਿੰਦਰ ਸਿੰਘ ੬ ਜਨਵਰੀ ਸੰਨ ੧੮੭੭ ਨੂੰ ਰਾਜ ਸਿੰਘਾਸਨ ਪਰ ਬੈਠਿਆ, ਇਸ ਵੇਲੇ ਆਪਦੀ ਉਮਰ ਪੰਜਕੁ ਸਾਲਾਂ ਦੀ ਹੋਣ ਕਰਕੇ ਕੌਂਸਲ ਆਫਰੀਜੈਂਸੀ ਰਾਜ ਪ੍ਰਬੰਧ ਕਰਦੀ ਰਹੀ ਆਪ ਨੇ ਸੰਨ ੧੮੯੦ ਵਿਖੇ ਰਾਜ ਪ੍ਰਬੰਧ ਸੰਭਾਲ ਲਿਆ, ਇਨ੍ਹਾਂ ਦੀ ਸ਼ਾਦੀ ਵਾਇਸਰਾਇ ਹਿੰਦ ਲਾਟ ਪੰਜਾਬ ਤੱਕ ਦੇ ਵਡੇ ਵਡੇ ਅੰਗ੍ਰੇਜ਼ ਅਫਸਰ ਤੇ ਸਭ ਮਹਾਰਾਜੇ ਭੀ ਸ਼ਾਮਲ ਹੋਏ।

ਮਹਾਰਾਜਾ ਰਾਜਿੰਦਰ ਸਿੰਘ ਅਠਾਈਕੁ ਸਾਲਾਂ ਦੀ ਉਮਰ ਵਿਚ ਨਵੰਬਰ ੧੯੦੦ ਈ: ਨੂੰ ਚਲਾਣਾ ਕਰ ਗਿਆ।

ਮਹਾਰਾਜਾ ਦਲੀਪ ਸਿੰਘ

ਅਤੇ

ਉਸਦੀ ਮਾਤਾ ਦੇ ਸੰਖੇਪ ਹਾਲ

ਸਿਖ ਰਾਜ ਨੂੰ ਬਰਬਾਦ ਕਰਨੇ ਵਾਲੇ ਉਸ ਸਮੇਂ ਦੇ ਡੋਗਰੇ, ਬ੍ਰਾਹਮਣ ਆਗੂਆਂ ਨੇ ਖਾਹਮਖਾਹ ਸਿਖ ਫੌਜਾਂ ਨੂੰ ਭੜਕਾ ਕੇ ਅੰਗ੍ਰੇਜ਼ਾਂ ਨਾਲ ਜੰਗ ਕਰਕੇ ਸਿਖਾਂ ਨੂੰ ਫਰੇਬ ਨਾਲ ਮਰਵਾਇਆ ਜਿਸ ਦਾ ਫਲ ੨੯ ਮਾਰਚ ਸੰਨ ੧੮੪੯ ਈ: ਨੂੰ ਮਹਾਰਾਜਾ ਨੂੰ ਯਤੀਮ ਅਤੇ ਨਾਬਾਲਗੀ ਹਾਲਤ ਵਿਚ ਰਾਜਗੱਦੀ ਤੋਂ ਵਖ ਕੀਤਾ ਗਿਆ। ਡਾ: ਜਾਨਲੋਗਿਨ ਦੇ ਸਾਥ ਫਤਹ ਗੜ੍ਹ ਜ਼ਿਲਾ ਫਰੱਰਖਾਬਾਦ ਯੂ. ਪੀ. ਵਿਖੇ ਘਲਿਆ ਗਿਆ ਇੱਕਰ ਮਾਂ ਪੁਤਰ ਦਾ ਮਿਲਾਪ ਭੀ ਟੁਟ ਗਿਆ ਧਾਰਮਕ ਸਿਖਿਆ ਵਾਸਤੇ ਕੋਈ ਖਾਸ ਸਿਖ ਨਾਲ ਨਹੀਂ ਸੀ।

ਮਹਾਰਾਜਾ ਨੂੰ ਪਹਿਲਾਂ ਤਾਂ ਮਨਸੂਰੀ ਆਦਿ ਪਹਾੜਾਂ ਪਰ ਸੈਰ ਕਰਵਾਈ ਗਈ ਸੀ, ਪੰਜਾਬੀਆਂ ਦੀ ਥਾਂ ਹਿੰਦੁਸਤਾਨੀ ਨੌਕਰ ਬਦਲੇ ਗਏ ਬਾਹਦ ਵਿਚ ਕਲਕੱਤੇ ਰਖਿਆ ਗਿਆ ਉਪਰੰਤ ਵਲਾਇਤ ਨੂੰ ਘਲਿਆ ਗਿਆ ਸੀ।

ਮਹਾਰਾਣੀ ਜਿੰਦ ਕੌਰ ਨੂੰ ੧੯ ਅਗਸਤ ਸੰਨ ੧੮੪੯ ਈ: ਨੂੰ ਚਿਨਾਰ (ਮਿਰਜ਼ਾ ਪੁਰ ਯੂ. ਪੀ.) ਦੇ ਕਿਲ੍ਹੇ ਵਿਚ

ਰਖਿਆ। ਇਥੇ ਦੁਖੀ ਹਾਲਤ ਵਿਚ ਚੋਰੀ ਨਾਲ ਫਕੀਰਾਂ ਦਾ ਭੇਖ ਧਾਰਕੇ ਇਲਾਕਾ ਨੈਪਾਲ ਵਿਚ ਜਾ ਰਹੀ । ਬਾਦ ਵਿਚ ਮਹਾਰਾਜਾ ਦਲੀਪ ਸਿੰਘ ੮ ਮਾਰਚ ਸੰਨ ੧੮੫੩ ਈ: ਨੂੰ ਈਸਾਈ ਬਣਿਆਂ। ਦਲੀਪ ਸਿੰਘ ਨੇ ਆਪਣੇ ਕੇਸ ਤੋਹਫੇ ਦੇ ਤੌਰ ਪਰ ਲੇਡੀ ਲੋਗਿਨ ਦੀ ਭੇਟਾ ਕੀਤੇ। ਸਿਖਾਂ ਵਲੋਂ ਨਫਰਤ ਹੁੰਦੀ ਗਈ। ਸੰਨ ੧੮੫੨ ਈ: ਤਕ ਤਾਂ ਮਹਾਰਾਜਾ ਨੂੰ ਫਤਹ ਗੜ੍ਹ ਦੇ ਗਿਰਦੇ ਹੀ ਸੈਰ ਕਰਵਾਇਆ। ਮਹਾਰਾਜਾ ਦੇ ਨਾਲ ਧਾਰਮਕ ਸਿਖਿਆ ਤੇ ਸਤਸੰਗ ਦੇ ਦਾਤੇ ਡਾਕਟਰ ਜਾਨ ਲੋਗਿਨ, ਫਕੀਰ ਜ਼ਹੂਰਉੱਦੀਨ, ਅਜੁਧਿਆ ਪ੍ਰਸ਼ਾਦ ਅਤੇ ਗੁਲਾਬ ਰਾਇ ਪਰੋਹਿਤ ਆਦਿ ਸਨ, ਪੜ੍ਹਾਈ ਲਈ ਭਜਨ ਲਾਲ ਜੈਸੇ ਈਸਾਈ ਸੀ ਜਿਨ੍ਹਾਂ ਨੂੰ ਕਿ ਸਿਖ ਧਰਮ ਨਾਲ ਕਿੰਚਤ ਭੀ ਪ੍ਰੇਮ ਨਹੀਂ ਸੀ। ਦਸਿਆ ਹੈ ਕਿ ਮਹਾਰਾਜਾ ਸਾਹਿਬ ਦੀ ਮੰਗ ਪਰ ਲਾਰਡ ਡਲਹੌਜ਼ੀ ਸਾਹਿਬ ਵਲੋਂ ਬਤੌਰ ਸਿਰੋਪਾਉ ਦੇ ਇਕ ਅੰਜੀਲ ਭੇਟਾ ਹੋਈ, ਜਿਸ ਪਰ ਲਿਖਿਆ ਸੀ ਇਹ ਪਵਿਤ੍ਰ ਪੁਸਤਕ ਜਿਸ ਵਿਚੋਂ ਕਿ ਈਸ਼ਵਰ ਦੀ ਕ੍ਰਿਪਾ ਨਾਲ ਉਸ ਨੂੰ ਸਾਰੇ ਜਹਾਨ ਦੀਆਂ ਪਾਤਸ਼ਾਹੀਆਂ ਨਾਲੋਂ ਉੱਤਮ ਰਾਜ ਪ੍ਰਾਪਤ ਹੋਇਆ ਹੈ। (ਪੰ: ਹ:)

---

*ਮਹਾਰਾਜਾ ਦਲੀਪ ਸਿੰਘ ਦੀਆਂ ਤਿੰਨ ਸ਼ਾਹਜ਼ਾਦੀਆਂ ਸਨ, ਜਿਨ੍ਹਾਂ ਦੇ ਨਾਮ ਮਿਸ ਬਾਮਬਾ, ਸਦਰ ਲੈਂਡ (ਇਸਦੀ ਸ਼ਾਦੀ ਡਾਕਟਰ ਸਦਰ ਲੈਂਡ ਪ੍ਰਿੰਸੀਪਲ ਮੈਡੀਕਲ ਕਾਲਜ ਲਾਹੌਰ ਨਾਲ ਹੋਈ ਸੀ) ਦੂਜੀ ਕੈਥਰੀਨ, ਤੀਜੀ ਸੂਫੀਆਂ ਦਲੀਪ ਸਿੰਘ ਸੀ।

ਮਹਾਰਾਜਾ ਸਾਹਿਬ ੧੯ ਅਪ੍ਰੈਲ ਸੰਨ ੧੮੫੪ ਨੂੰ ਇੰਗਲੈਂਡ ਨੂੰ ਲਿਜਾਏ ਗਏ ਉਥੇ ਜਾਕੇ ੭ ਜੂਨ ਸੰਨ ੧੮੬੪ ਈ: ਨੂੰ ਇਨ੍ਹਾਂ ਦੀ ਸ਼ਾਦੀ ਈਸਾਈ ਰਸਮ ਨਾਲ ਇਕ ਜਰਮਨ ਸੌਦਾਗਰ ਦੀ ਬੇਟੀ ਮਿਸ ਬਾਂਮਬਾ ਮਿਉਲਰ ਨਾਲ ਕਰਵਾਈ ਗਈ। ਜਿਸ ਤੋਂ ਤਿੰਨ ਲੜਕੇ ਅਰ *ਤਿੰਨ ਬੀਬੀਆਂ ਹੋਈਆਂ ਸਨ। ਸ਼ਾਹਜ਼ਾਦਿਆਂ ਦੇ ਨਾਮ ਵਿਕਟਰ ਦਲੀਪ ਸਿੰਘ (Victor D. S) ਫਰੈਡ੍ਰਿਕ (Frederik D. S.) ਐਡਵਰਡ (Edward. D. S.) ਦਲੀਪ ਸਿੰਘ ਰਖੇ ਗਏ।

ਮਹਾਰਾਣੀ ਮਿਸ ਬਾਮਬਾ ੧੫ ਸਤੰਬਰ ਸੰਨ ੧੮੮੭ (ਕਈ ਸੰਨ ੧੮੯੦ ਲਿਖਦੇ ਹਨ) ਨੂੰ ਚਲਾਣਾ ਕਰ ਗਈ ਸੀ।

ਮਹਾਰਾਜਾ ਦੀ ਦੂਜੀ ਸ਼ਾਦੀ ਅੰਗ੍ਰੇਜ਼ ਲੇਡੀ ਮਿਸ ਏ. ਡੀ. ਵੈਥੇਰਿਲ (A. D. Wetherill) ਨਾਲ ਕਰਾਈ ਗਈ ਇਹ ਮਹਾਰਾਣੀ ਮਹਾਰਾਜਾ ਸਾਹਿਬ ਦੇ ਦੇਹਾਂਤ ਪਿਛੋਂ ਕਾਫੀ ਸਮਾਂ ਜ਼ਿੰਦਾ ਰਹੀ। ਮਹਾਰਾਣੀ ਜਿੰਦ ਕੌਰ ਸ੍ਰਕਾਰ ਦੀ ਕ੍ਰਿਪਾ ਹੋਣੇ ਪਰ ਸੰਨ ੧੮੬੧ ਈ: ਵਿਚ ਆਪਣੇ ਪੁਤ੍ਰ ਨਾਲ ਇੰਗਲੈਂਡ ਨੂੰ ਗਈ ਅਰ ਪਹਿਲੀ ਅਗਸਤ ਸੰਨ ੧੮੬੩ ਨੂੰ ਚਲਾਣੇ ਕਰ ਗਈ।

ਮਹਾਰਾਜਾ ਦਲੀਪ ਸਿੰਘ ਦੀਆਂ ਚਿਠੀਆਂ

ਖਰਚ ਘਟ ਜਾਣ ਪਰ ਮਹਾਰਾਜਾ ਦਲੀਪ ਸਿੰਘ ਨੇ ਆਪਣੇ ਨਿਰਬਾਹ ਲਈ ਬਹੁਤ ਯਤਨ ਕੀਤੇ, ਕਿਥੇ ਪੰਜਾਬ ਦਾ ਬਾਦਸ਼ਾਹ ਕਿਥੇ ਖਰਚ ਲਈ ਝਗੜਨਾ। ਉਸਨੇ ਆਪਣੀ ਮਾਤਾ ਦਾ ਮ੍ਰਿਤਕ ਸੰਸਕਾਰ ਕਰਕੇ ਬੰਬਈ ਤੋਂ ਵਾਪਸੀ ਵੇਲੇ ਮਿਸਰ ਦੀ ਇਕ ਰਾਜ ਕੁਮਾਰੀ ਨਾਲ ਸ਼ਾਦੀ ਕਰ ਲਈ ਸੀ।

ਉਸਦਾ ਖਰਚ ਹੋਰ ਭੀ ਵਧ ਗਿਆ ਮਹਾਰਾਜਾ ਨੇ ੩੧ ਅਗਸਤ ਸੰਨ ੧੮੮੨ ਈ: ਨੂੰ ਲੰਡਨ ਦੇ ਦੀ ਟਾਈਮਜ਼ ਅਖਬਾਰ ਵਿੱਚ, ਆਪਣੀ ਫਰਯਾਦ ਪੂਰਤ ਇਕ ਪੱਤ੍ਰ ਭੀ ਛਪਾਈ, ਜਿਸਦਾ ਭਾਵਰਥ ਇਉਂ ਸੀ, "ਭੈਰੋਵਾਲ ਦੀ ਸੁਲਾਹ ਮੁਜਬ ਮੈਂ ਅੰਗ੍ਰੇਜ਼ਾਂ ਦੀ ਰਖਿਆ ਵਿਚ ਆਇਆ ਸਾਂ। ਮੁਲਤਾਨ ਵਿਖੇ ਮੂਲ ਰਾਜ ਨੇ ਬਗਾਵਤ ਦਾ ਝੰਡਾ ਖੜਾ ਕੀਤਾ ਸੀ। ਉਸਨੂੰ ਦਬੌਣ ਵਿੱਚ ਜਾਣ ਬੁਝਕੇ ਦੇਰੀ ਕਰਨ ਕਰਕੇ ਸਾਰੇ ਪੰਜਾਬ ਅੰਦਰ ਬਗਾਵਤ ਭੜਕ ਉਠੀ। ਸਾਥ ਹੀ ਲਾਰਡ ਡਲਹੌਜੀ ਨੇ ਇਹ ਭੀ ਐਲਾਨ ਕੀਤਾ ਸੀ ਕਿ ਜੋ ਭੀ ਇਸ ਬਗਾਵਤ ਵਿਚ ਹਿਸਾ ਨਹੀਂ ਲੈਣਗੇ, ਉਨ੍ਹਾਂ ਨੂੰ ਕੋਈ ਭੀ ਸਜ਼ਾ ਨਹੀਂ ਦਿਤੀ ਜਾਊਗੀ। ਪ੍ਰੰਤੂ ਜਦੋਂ ਦੇਸ ਵਿਚ ਸੰਪੂਰਨ ਅਮਨ ਹੋ ਗਿਆ, ਤਾਂ ਲਾਰਡ ਡਲਹੌਜ਼ੀ ਲਾਲਚ ਵਿੱਚ ਫਸ ਗਿਆ। ਭੈਰੋਵਾਲ ਦੇ ਸੁਲਾਹਨਾਮੇ ਤੋੜਕੇ ਪੰਜਾਬ ਜ਼ਬਤ ਕਰ ਲਿਤਾ ਗਿਆ, ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ੇ ਖਾਨੇ ਦੇ ਕੀਮਤੀ ਅਨਮੋਲ ਬਸਤ੍ਰ ਜਵਾਹਰਾਤ ਤੇ ਹੀਰੇ ਆਦਿਕ ਸਭ ਕੁਛ ਨੀਲਾਮ ਕਰ ਦਿਤਾ ਗਿਆ । ਇਨ੍ਹਾਂ ਦੀ ਕੀਮਤ ਢਾਈ ਲੱਖ ਪੌਂਡ ਵੱਟੀ ਗਈ। ਜਿਸ ਫੌਜ ਨੂੰ ਬਗਾਵਤ ਦਬਾਣ ਹਿਤ ਘਲਿਆ ਗਿਆ ਸੀ, ਉਸ ਵਿਖੇ ਇਸ ਰਕਮ ਵਿਚੋਂ ਬਹੁਤ ਸਾਰਾ ਹਿਸਾ ਵੰਡ ਦਿਤਾ ਗਿਆ । ਮੈਂ ਬਿਲਕੁਲ ਨਿਰਦੋਸ਼ ਹਾਂ ਮੈਨੇ ਅੰਗ੍ਰੇਜ਼ੀ ਹਕੂਮਤ ਵਿਰੁਧ ਉਂਗਲ ਤੱਕ ਨਹੀਂ ਸੀ ਉਠਾਈ। ਸ਼ਾਇਦ ਏਸੇ ਕਰਕੇ ਮੇਰੇ ਸਾਥ ਇਤਨੀ ਬੇ-ਇਨਸਾਫ਼ੀ ਕੀਤੀ ਜਾ ਰਹੀ ਹੈ।

(ਸੰਨ) ੧੮੫੦ ਈਸਵੀ ਵਿੱਚ ਮੇਰੇ ਸੂਬੇ ਦੀ ਆਮਦਨ

ਪਿਛਲਿਆਂ ਸਾਲਾਂ ਨਾਲੋਂ ਪੰਜਾਹ ਲਖ ਵਧ ਗਈ ਸੀ । ਇਸ ਪਿਛੋਂ ਹੋਰ ਭੀ ਵਧ ਗਈ। ਮੈਂ ਨਾ-ਬਾਲਗੀ ਦੀ ਹਾਲਤ ਵਿਚ ਉਸ-ਸ਼ਰਤ ਨਾਮੇ ਪਰ ਦਸਤਖਤ ਕੀਤੇ ਸਨ, ਇਸ ਵਾਸਤੇ ਓਹ ਸ਼ਰਤਨਾਮਾ ਕਾਨੂੰਨ ਦੇ ਬਰਖਿਲਾਫ ਹੈ। ਪ੍ਰੰਤੂ ਇਸ ਥੀਂ ਮੇਰਾ ਇਹ ਭਾਵ ਨਹੀਂ ਕਿ ਮੈਂ ਮੁੜਕੇ ਪੰਜਾਬ ਦਾ ਰਾਜਾ ਬਣਨਾ ਚਾਹੁੰਦਾ ਹਾਂ। ਮੈਂ ਮਹਾਰਾਣੀ ਵਿਕਟੋਰੀਆ ਦੀ ਪਰਜਾ ਹੋਣ ਵਿਚ ਹੀ ਸੰਤੁਸ਼ਟ ਹਾਂ ਕਿਉਂਕਿ ਮਹਾਰਾਣੀ ਜੀ ਮੇਰੇ ਕ੍ਰਿਪਾਲੂ ਸਨੇਹੀਆਂ ਵਿਚੋਂ ਹਨ। ਸੰਨ ੧੮੪੯ ਈਸਵੀ ਦੇ ਸ਼ਰਤਨਾਮੇ ਮੂਜਬ ਮੇਰੀ ਜ਼ਾਤੀ ਜਾਇਦਾਦ ਨਹੀਂ ਜ਼ਬਤ ਕੀਤੀ ਜਾ ਸਕਦੀ ਪਰ ਓਹ ਭੀ ਸਖਤ ਬੇਇਨਸਾਫੀ ਨਲ ਮੇਰੇ ਬਚਪਨ ਵਿਚ ਮੈਥੋਂ ਖੋਹ ਲਈ ਸੀ। ਸੰਨ ੧੮੪੯ ਈ: ਵਿਚ ਇਸ ਜਾਇਦਾਦ ਦੀ ਆਮਦਨੀ (ਨਿਜ ਦੀ ਜੱਦੀ ਮਲਕੀਅਤ) ਇਕ ਲੱਖ ਤੀਸ ਹਜ਼ਾਰ ਪੌਂਡ ਸਾਲਾਨਾ ਸੀ। ਮੇਰੇ ਉਸ ਕੀਮਤੀ ਸਾਮਾਨ ਦਾ ਮੁਲ ਸਰ ਲੋਗਨ ਨੇ ਕੇਵਲ ਬੀਸ ਹਜ਼ਾਰ ਪੌਂਡ ਪਾਇਆ ਸੀ ਜੇਹੜਾ ਕਿ ਫਤੇ ਗੜ੍ਹ ਮੇਰੇ ਪਾਸ ਸੀ ਤੇ ਸਤਵੰਜਾ ਦੀ ਗ਼ਦਰ ਵਿੱਚ (੧੯੧੪ ਬਿ: ਦਾ ਗਦਰ) ਲੁਟਿਆ ਗਿਆ ਸੀ, ਇਸ ਥੀਂ ਬਿਨਾ ਮੇਰਾ ਬਹੁਤ ਸਾਰਾ ਕੀਮਤੀ ਸਾਮਾਨ ਪਹਿਲਾਂ ਹੀ ਫ਼ਰੋਖਤ ਕਰ ਦਿਤਾ ਗਿਆ ਸੀ । ਜਿਸਦਾ ਮੁਲ ਚੀਸ ਲੱਖ ਪੌਂਡ ਸੀ। ਉਸ ਰਕਮ ਵਿਚੋਂ ਮੈਨੂੰ ਇਕ ਪਾਈ ਤੱਕ ਨਹੀਂ ਦਿਤੀ ਗਈ। ... ...

ਮੇਰੇ ਪਰ ਹੋਰ ਭੀ ਬੇਇਨਸਾਫੀ ਕੀਤੀ ਗਈ ਕਿ ਮੇਰੇ ਕਈ ਕਰਮਚਾਰੀ ਮੇਰੀਆਂ ਦਿਤੀਆਂ ਜਾਗੀਰਾਂ ਪਰ ਐਸ਼ ਦੀ ਜਿੰਦਗੀ ਗੁਜ਼ਾਰ ਰਹੇ ਹਨ, ਪਰ ਮੈਂ ਉਨ੍ਹਾਂ ਦਾ ਮਾਲਕ ਹੋਕੇ

ਤੇ ਅੰਗ੍ਰੇਜ਼ ਦੇ ਵਿਰੁਧ ਉਂਗਲੀ ਤੀਕਰ ਨਾ ਉਠਾਕੇ ਇਸ ਦੁਰਦਿਸ਼ਾ ਤੀਕ ਆਣ ਪਹੁੰਚਿਆ ਹਾਂ, ਇਸ ਦਾ ਕਾਰਨ ਇਹ ਹੈ ਕਿ ਓਦੋਂ ਮੈਂ ਅੰਗ੍ਰੇਜ਼ਾਂ ਦੀ ਰਖਿਆ ਵਿਚ ਅਤੇ ਉਨ੍ਹਾਂ ਦੇ ਕਬਜ਼ੇ ਵਿਚ ਸਾਂ। ਮੈਨੂੰ ਅੰਗ੍ਰੇਜ਼ੀ ਹਕੂਮਤ ਪੱਚੀਸ ਹਜ਼ਾਰ ਪੌਂਡ ਸਾਲਾਨਾ ਦੇਣ ਤੇ ਹੀ ਰਾਜ਼ੀ ਹੋ ਸਕੀ ਹੈ ਤੇ ਇਸ ਰਕਮ ਵਿਚੋਂ ਭੀ ਮੇਰੇ ਲਈ ਸਿਰਫ ਤੇਰਾਂ ਹਜ਼ਾਰ ਪੌਂਡ ਰਹਿ ਗਿਆ ਹੈ। ਕਿਤਨਾ ਜ਼ੁਲਮ ਹੈ ਕਿ ਮੇਰੀ ਮੌਤ ਪਿਛੋਂ ਮੇਰੀ ਜਾਇਦਾਦ ਵੇਚ ਦਿਤੀ ਜਾਵੇਗੀ। ਜਿਸਦਾ ਭਾਵ ਇਹ ਹੋਊਗਾ ਕਿ ਮੇਰੀ ਇਸਤ੍ਰੀ ਤੇ ਮੇਰੇ ਬਚੇ ਮੇਰੀ ਮੌਤ ਪਿਛੋਂ ਆਪਣੇ ਰਹਾਇਸ਼ੀ ਮਕਾਨਾਂ ਥੋਂ ਭੀ ਹਥ ਧੋ ਬਹਿਣਗੇ।

ਉਕਤ ਭਾਵ ਦੇ ਕਈ ਪਤ੍ਰ ਛਪਦੇ ਰਹੇ ਪਰ ਇਹ ਸਾਰੇ ਨਿਸਫਲ ਹੀ ਜਾਂਦੇ ਰਹੇ। ਕਿਉਂਕਿ ਅਸਲ ਸਮਾਂ ਗੁਜਰ ਚੁਕਿਆ ਸੀ, ਜਿਨ੍ਹਾਂ ਅਹਿਲਕਾਰਾਂ ਨੂੰ ਗਦਾਰੀ ਬਦਲੇ ਇਨਾਮ ਖੁਨਾਮ ਜਗੀਰਾਂ ਆਦਿ ਮਿਲ ਚੁਕੀਆਂ ਸਨ, ਓਹ ਕਦੋਂ ਚਾਹੁੰਦੇ ਸਨ ਕਿ ਮਹਾਰਾਜਾ ਦਾ ਕੋਈ ਉਜ਼ਰ ਸੁਣ ਲਿਆ ਜਾਵੇ ਅਤੇ ਅਸੀਂ ਖਾਲੀ ਹਥੀਂ ਹੋ ਜਾਈਏ।

ਮਹਾਰਾਜਾ ਹਾਲੀ ਸਿਖ ਨਹੀ ਸਜਿਆ ਸੀ ਪਰ ਸਿੱਖਾਂ ਵਿੱਚ ਪਿਆਰ ਸਿੱਖੀ ਦਾ ਸੀ ਸਿਖ ਧਰਮੀ ਰਾਜ ਨਾਲੋਂ ਸਿਖ ਧਰਮ ਨੂੰ ਮੁਖ ਮੰਨਦੇ ਹਨ, ਭਾਵੇਂ ਮਹਾਰਾਜਾ ਨੇ ਈਸਾਈ ਅਸਰ ਨੂੰ ਬਚਪਨ ਵਿਚ ਗ੍ਰਹਿਣ ਕਰਕੇ ਕੇਸ ਕਤਲ ਕਰਵਾਏ ਸਨ ਪਰ ਪਤਤ ਪੁਰਸ਼ ਨਾਲ ਸਿੱਖਾਂ ਦਾ ਕੁਦਰਤੀ ਪਿਆਰ ਨਹੀਂ ਰਹਿੰਦਾ ਜਿਸ ਕਰਕੇ ਐਸੀ ਪਤ੍ਰਕਾ ਦਾ ਘਟ ਹੀ ਅਸਰ ਹੋਇਆ। ਅਖੀਰ ਉਸ ਨੂੰ ਦੇਸ਼ ਦਾ ਪਿਆਰ ਜਾਗਿਆ,

ਦਸਿਆ ਹੈ ਕਿ ਉਸਨੇ ਇਕ ਚਿੱਠੀ ਅਪਣੇ ਰਿਸ਼ਤੇਦਾਰ ਸ: ਸੰਤਾ ਸਿੰਘ ਜੀ ਨੂੰ ਇੱਕੁਰ ਦੀ ਲਿਖੀ ਸੀ, 'ਮੇਰੇ ਪਿਆਰੇ ਸਰਦਾਰ ਜੀ ! ਆਪਦੀ ਚਿੱਠੀ ਮਿਲਣ ਪੁਰ ਮੈਨੂੰ ਅਤਯੰਤ ਖੁਸ਼ੀ ਹੋਈ, ਮੈਂ ਤੁਸਾਡਾ ਧੰਨਜਵਾਦੀ ਹਾਂ ਕਿ ਆਪਨੇ ਆਪਣੀ ਸੇਵਾ ਪੇਸ਼ ਕੀਤੀ ਹੈ, ਪਰ ਮੈਨੂੰ ਹੁਣ ਕਿਸੀ ਵਸਤੂ ਦੀ ਜ਼ਰੂਰਤ ਨਹੀਂ ਹੈ। ਕਿਉਂਕਿ ਸਰਕਾਰ ਅੰਗ੍ਰੇਜ਼ੀ ਨੇ ਮੇਰੇ ਨਾਲ ਇਨਸਾਫ ਕਰਨੋਂ ਇਨਕਾਰ ਕਰ ਦਿਤਾ ਹੈ, ਇਸ ਲਈ ਮੈਂ ਪਹਿਲੀ ਦਸੰਬਰ ਨੂੰ ਇੰਗਲੈਂਡ ਤੋਂ ਰਵਾਨਾ ਹੋ ਜਾਵਾਂਗਾ, ਤੇ ਪੂਰਨ ਖਾਮੋਸ਼ੀ ਨਾਲ ਦਿੱਲੀ ਵਿਚ ਬਾਕੀ ਦਾ ਜੀਵਨ ਬਤੀਤ ਕਰਾਂਗਾ, ਕਿਉਂਕਿ ਹੁਣ ਮੈਂ ਗ੍ਰੀਬ ਹਾਂ।

ਮਹਾਰਾਜਾ ਨੇ ਇਸ ਭਾਵ ਦੀ ਚਿਠੀ ੭ ਅਕਤੂਬਰ ਸੰਨ ੧੮੮੫ ਈ: ਨੂੰ ਲਿਖੀ ਸੀ, ਤੁਰਨ ਥੀਂ ਪਹਿਲਾਂ ਸਰਕਾਰ ਦੇ ਰੋਕਣ ਪਰ ਇਹ ਇਕਰਾਰ ਹੋਗਿਆ ਕਿ ਓਹ ਦੇਸ਼ ਜਾਕੇ ਸਰਕਾਰ ਦੀ ਨਿਗਰਾਨੀ ਹੇਠਾਂ ਰਹੇਗਾ, ਉਸਨੇ ਆਪਣੀ ਭਾਰੀ ਜਾਇਦਾਦ ਜੋ ਉਥੇ ਪੈਦਾ ਕੀਤੀ ਸੀ ਕੌਡੀਆਂ ਦੇ ਭਾਉ ਵੇਚ ਸੁਟੀ। ਸਾਰੀ ਤਯਾਰੀ ਕਰਕੇ ਉਸਨੇ ਹਿੰਦਵਾਸੀਆਂ ਦੇ ਨਾਮ ਇਕ ਚਿਠੀ ਇਸ ਭਾਵ ਦੀ ਲਿਖੀ 'ਮੇਰੇ ਪਿਆਰੇ ਦੇਸ਼ ਵਾਸੀਓ ! ਮੈਨੂੰ ਹਿੰਦੁਸਤਾਨ ਵਿਚ ਵਸਣ ਦਾ ਕਦੀ ਖਿਆਲ ਨਹੀਂ ਸੀ ਆਇਆ, ਪਰ ਸਤਿਗੁਰੂ ਦੀ ਪ੍ਰੇਰਨਾ ਨਾਲ ਆਪਣੀ ਇਛਾ ਨਾ ਹੋਣ ਦੇ ਹੁੰਦਿਆਂ ਮੈਂ ਆਪਣੇ ਵਤਨਾਂ ਨੂੰ ਆ ਰਿਹਾ ਹਾਂ। ਪਿਆਰੇ ਵੀਰੋ ! ਮੈਂ ਸਿੱਖ ਮਤ ਤਿਆਗਕੇ, ਈਸਾਈ ਮਤ ਗ੍ਰਹਿਣ ਕਰਨ ਕਰਕੇ, ਤੁਸਾਂ ਥੋਂ ਸਚੇ ਦਿਲੋਂ ਖਿਮਾ ਮੰਗਦਾ ਹਾਂ, ਕਿਉਂਕਿ ਜਿਸ ਸਮੇਂ ਮੈਂ ਈਸਾਈ ਮਤ ਧਾਰਨ ਕੀਤਾ ਸੀ,

ਉਸ ਵੇਲੇ ਮੇਰੀ ਉਮਰ ਬਹੁਤ ਛੋਟੀ ਸੀ ਤੇ ਮੈਨੂੰ ਕਿਸੇ ਬਾਤ ਦੀ ਸਮਝ ਨਹੀ ਸੀ, ਮੇਰੀ ਦਿਲੀ ਇਛਾ ਹੈ ਕਿ ਮੈਂ ਪੰਜਾਬ ਆਵਾਂ, ਪਰ ਪੰਜਾਬ ਵਿਚ ਨਾ ਅਟਕਣ ਲਈ ਮਜਬੂਰ ਹਾਂ, ਇਸ ਲਈ ਆਪਣੇ ਹਮਵਤਨਾ ਨੂੰ ਇਹ ਚਿੱਠੀ ਲਿਖ ਰਿਹਾ ਹਾਂ। ੨੫ ਮਾਰਚ ਸੰਨ ੧੮੮੬।

'ਇਸ ਚਿਠੀ ਨੇ ਜੋਸ਼ ਪੈਦਾ ਕਰ ਦਿਤਾ, ਪਰ ਪਰਤੀਤ ਹੁੰਦਾ ਹੈ ਕਿ ਇਹ ਚਿਠੀ ਬਨੌਟੀ ਸੀ, ਜੋ ਉਸ ਦੀਆਂ ਤਕਲੀਫਾਂ ਵਧੌਣ ਹਿਤ ਲਿਖਵਾਈ ਗਈ ਹੋਊ ਤਾਂ ਕਿ ਪੰਜਾਬੀਆਂ ਵਿਚ ਜੋਸ਼ ਵਧੇ ਤੇ ਇਸ ਨੂੰ ਮੁੜ ਵਲਾਇਤ ਹੀ ਔਣਾ ਪਵੇ। ਉਸ ਸਮੇਂ ਦੁਧ ਦੇ ਉਬਾਲੇ ਵਤ ਤੌੜੀ ਦੇ ਕੰਡੇ ਫੂਕਣ ਤੋਂ ਵਧ ਬਾਤ ਹੀ ਨਹੀ ਸੀ ਜੇ ਦਸ ਹਮਦਰਦੀ ਸਨ ਤਾਂ ਸੈਂਕੜੇ ਗਦਾਰ ਬਣ ਚੁਕੇ ਸਨ ਦਸਿਆ ਹੈ ਕਿ ਨੌ ਮਾਰਚ ਸੰਨ ੧੮੮੬ ਦੀ ਇਕ ਚਿਠੀ ਸ: ਸੰਤ ਸਿੰਘ ਨੂੰ ਲਿਖੀ ਗਈ, ਜਿਸਦਾ ਭਾਵ ਹੈ 'ਮੇਰੇ ਸਰਦਾਰ ਜੀ ! ਤੁਸਾਡੀ ਚਿਠੀ ਪੜ੍ਹਕੇ ਬਹੁਤ ਖੁਸ਼ੀ ਹੋਈ ਪਰ ਮੈਂ ਤੁਸਾਨੂੰ ਸਲਾਹ ਦਿਆਂਗਾ ਕਿ ਤੁਸੀ ਹਕੂਮਤ ਦੀ ਆਗਿਆ ਬਿਨਾ ਮੇਰੇ ਨਜਦੀਕ ਨਾ ਆਓ ! ਇਸਤਰਾਂ ਸ਼ਾਇਦ ਤੁਸਾਨੂੰ ਹਕੂਮਤ ਵਲੋਂ ਕੋਈ ਤਕਲੀਫ ਨਾ ਪਹੁੰਚੇ। ਮੈਂ ਆਪਣੇ ਪਰਵਾਰ ਸਣੇ ੩੧ ਮਾਰਚ ਨੂੰ ਇੰਗਲੈਂਡ ਥੀਂ ਰਵਾਨਾ ਹੋ ਪਵਾਂਗਾ, ਪਰ ਕੁਝ ਦਿਨ ਦੇਰ ਹੋ ਸਕਦੀ ਹੈ। ਮੈਨੂੰ ਇਹ ਦਸਣ ਦੀ ਲੋੜ ਨਹੀਂ ਭਾਸਦੀ ਕਿ ਮੇਰੇ ਅੰਮ੍ਰਿਤ ਛਕਣ ਸਮੇਂ ਤੁਹਾਡੇ ਦਰਸ਼ਨ ਕਰਕੇ ਮੈਨੂੰ ਕਿੰਨੀ ਖੁਸ਼ੀ ਹੋਵੇਗੀ। ਮੈਨੂੰ ਭਰੋਸਾ ਹੈਕਿ ਮੇਰੇ ਵੀਰ ਠਾਕਰਸਿੰਘ ਸੰਧਾਵਾਲੀਏ ਅੰਮ੍ਰਿਤ ਛਕਾਉਣਗੇ। ਮੈਂ ਹਿੰਦੁਸਤਾਨ ਪਹੁੰਚਣ

ਲਈ ਬਹੁਤ ਉਤਾਵਲਾ ਹੋ ਰਿਹਾ ਹਾਂ। ਸਰਕਾਰ ਮੈਨੂੰ ਸ਼ਮਾਲ ਮਗਰਬੀ ਪ੍ਰਾਂਤਾਂ ਵਿਚ ਰਖਣੋਂ ਡਰਦੀ ਹੈ, ਤੇ ਖਾਹਿਸ਼ ਕਰਦੀ ਹੈ ਕਿ ਮੈਂ ਉਟਾਕ ਮੰਡ ਵਿਚ ਹੀ ਰਹਾਂ। ਪਰ ਮੈਂ ਪੂਰਨ ਭਰੋਸਾ ਵਾਹਿਗੁਰੂ ਪੁਰ ਰਖਿਆ ਹੋਇਆ ਹੈ, ਤੇ ਹੁਣ ਜਦ ਕਿ ਮੈਂ ਉਨ੍ਹਾਂ ਦੀ ਚਰਨੀ ਪੈ ਗਿਆ ਹਾਂ ਤਾਂਓਹ ਮੈਨੂੰ ਭੁਲਾਣਗੇ ਨਹੀਂ।........

ਨੋਟ--ਜੇ ਦੀਰਘ ਵਿਚਾਰ ਨਾਲ ਤਕੀਏ ਐਸੀਆਂ ਚਿਠੀਆਂ ਦੀ ਲੋੜ ਨਹੀਂ ਸੀ। ਪ੍ਰਤੀਤ ਹੁੰਦਾ ਹੈ ਕਿ ਐਸੀਆਂ ਇਹ ਚਿਠੀਆਂ ਉਸ ਨੂੰ ਹਿੰਦੁਸਤਾਨ ਵਿਚ ਔਣੋ ਰੋਕਣ ਦਾ ਸਾਮਾਨ ਬਣੀਆਂ। ਦਸਿਆ ਹੈ ਕਿ ਮਹਾਰਾਜਾ ਹਾਲੀਂ ਅਦਨ ਹੀ ਪਹੁੰਚਿਆ ਸੀ ਕਿ ਉਸਨੂੰ ਰੋਕ ਲਿਤਾ ਗਿਆ ਕਿਹਾ ਜਾਂਦਾ ਹੈ ਕਿ ਉਥੇ ਮਹਾਰਾਜਾ ਨੇ ਸਿਖ ਫੌਜੀਆਂ ਪਾਸੋਂ ਅੰਮ੍ਰਿਤ ਭੀ ਛਕ ਲਿਆ ਸੀ, ਟਾਈਮਜ਼ ਆਫ ਇੰਡੀਆ ਵਿਚ ਇਸ ਬਾਰੇ ਮਹਾਰਾਜਾ ਵਲੋਂ ਲਿਖਿਆ ਸੀ, 'ਮੈਨੂੰ ਬਿਨਾ ਵਰੰਟੋ ਹੀ ਅਦਨ ਵਿਚ ਗ੍ਰਿਫਤਾਰ ਕਰ ਲਿਆ ਗਿਆ, ਤੇ ਇਕ ਵਾਰੰਟ ਉਦੋਂ ਜਾਰੀ ਕੀਤਾ ਜਦ ਕਿ ਮੈਂ ਅਦਨ ਵਿਚ ਠਹਿਰਿਆ ਹੋਇਆ ਸਾਂ ਮੈਂ ਸਿੱਖ ਮਤ ਗ੍ਰਹਿਣ ਕੀਤਾ ਸੀ।'

ਹੋ ਸਕਦਾ ਹੈ ਆਪ ਨੇ ਫੌਜੀਆਂ ਪਾਸੋਂ ਅੰਮ੍ਰਿਤ ਪਾਨ ਕੀਤਾ ਹੋਵੇ। ਬਿਨਾ ਹਕੂਮਤ ਦੀ ਮਨਸ਼ਾ ਦੇ ਟਾਈਮਜ਼ ਆਫ-ਇੰਡੀਆ ਦੀ ਤਾਕਤ ਹੀ ਕੀ ਸੀ ਕਿ ਕੋਈ ਪੱਤ੍ਰ ਜੋਸ਼ ਦੇਣ ਵਾਲੀ ਛਪ ਸਕੇ। ਇਨ੍ਹਾਂ ਗੁਝੀਆਂ ਬਾਤਾਂ ਦਾ ਭੇਦ ਜਾਣਨਾ ਕਠਨ ਹੈ। ਦੇਸ਼ ਵਿਚ ਸੈਂਕੜੇ ਗਦਾਰ ਹੋ ਚੁਕੇ ਸਨ ਜੋ ਮਹਾਰਾਜੇ ਦਾ ਔਣਾ ਨਿਜ ਲਈ ਦੁਖਦਾਈ ਮੰਨਦੇ ਸਨ। ਮਹਾਰਾਜਾ

ਨੇ ਅਦਨੋ ਬਧੇਰੀਆਂ ਤਾਰਾਂ ਅਤੇ ਚਿਠੀਆਂ ਆਪਣੀ ਨਿਰਦੋਸ਼ਤਾ ਵਾਰੇ ਦਿਤੀਆਂ ਪਰ ਪੁਛਦਾ ਕੌਣ ਸੀ। ਆਪਨੂੰ ਲੰਦਨ ਲੈ ਜਾਇਆ ਗਿਆ ਅਖੀਰ ਉਸਨੇ ਫਰਾਂਸ, ਰੂਸ ਜਰਮਨ ਆਦਿਕ ਮੁਲਕਾਂ ਵਿਚ ਵਧੇਰੇ ਫੇਰੇ ਪਾਏ, ਵਜ਼ੀਫਾ ਜ਼ਬਤ ਕਰਾਇਆ ਖੁਆਰੀ ਝਲਕੇ ਮੁਆਫੀ ਭੀ ਮੰਗੀ ਸੀ।

ਮਹਾਰਾਜਾ ਹਾਲੀ ਮਾਸਕੋ (ਰੂਸ) ਵਿਚ ਸੀ, ਪਿਛੋਂ ੧੫ ਦਸੰਬਰ ਸੰਨ ੧੮੮੭ ਈ: ਨੂੰ ਮਹਾਰਾਣੀ ਬੰਬਾ ਪ੍ਰਾਣ ਤਯਾਗ ਗਈ। ਉਸ ਲਈ ਇਹ ਬਹੁਤ ਕਾਰੀ ਸਟ ਸੀ।

ਅਗੇ ਲਿਖੇ ਭਾਵ ਦੀ ਚਿਠੀ ਤੋਂ ਹਵਾਲਾ ਮਿਲਦਾ ਹੈ 'ਕੇਵਲ ਗਿਆਰਾਂ ਸਾਲਾਂ ਦੀ ਉਮਰ ਵਿਚ ਮੈਥੋਂ ਮੇਰੇ ਰਾਖਿਆਂ ਨੇ ਪੰਜਾਬ ਖੋਹਕੇ ਸ਼ਰਤ-ਨਾਮੇ ਪੁਰ ਮੇਰੇ ਜ਼ਬਰਦਸਤੀ ਦਸਖਤ ਕਰਵਾ ਲਏ। ਹੁਣ ਉਹ ਸ਼ਰਤਾਂ ਮਨਜ਼ੂਰ ਨਹੀਂ। ਮੈਂ ਰੂਸੀ ਫੌਜਾਂ ਦੀ ਮਦਦ ਨਾਲ ਆਪਣਾ ਮੁਲਕ ਵਾਪਸ ਲੈਣ ਹਿੰਦੁ-ਸਤਾਨ ਆ ਰਿਹਾ ਹਾਂ, ਪਰ ਹੁਣ ਮੈਂ ਮਹਾਰਾਜਾ ਕੀ ਰਿਹਾ ਬਿਲਕੁਲ ਗਰੀਬ ਹਾਂ। ਜੇ ਮੇਰੇ ਹਮ-ਵਤਨ, ਮੇਰੀ ਸਹਾਇਤਾ ਕਰਨ ਤਾਂ ਮੈਨੂੰ ਆਪਣੇ ਮਕਸਦ ਵਿਚ ਕਾਮਯਾਬੀ ਯਕੀਨੀ ਹੈ। ਸਾਰੇ ਹਿੰਦੀ ਵੀਰਾਂ ਨੂੰ ਕੇਵਲ ਇਕ ਇਕ ਪੈਸਾ ਮਹੀਨਾ ਤੇ ਪੰਜਾਬ ਵਾਸੀਆਂ ਨੂੰ ਇਕ ਇਕ ਆਨਾ ਮਹੀਨਾ ਇਸ ਫੰਡ ਲਈ ਜਮਾਂ ਕਰਨ ਦੀ ਅਪੀਲ ਕਰਦਾ ਹਾਂ।

(ਮਹਾਰਾਜ ਦਲੀਪ ਸਿੰਘ)

ਨੋਟ:—ਐਸੀ ਪਤ੍ਰਕਾਵਾਂ ਦੇ ਲੇਖਾਂ ਥੀ ਇਹ ਭੀ ਅਨਭਵ ਕੀਤਾ ਜਾ ਸਕਦਾ ਹੈ, ਮੁਮਕਿਨ ਹੈ ਕਿਸੀ ਵਿਰੋਧੀ ਨੇ ਹੀ ਮਹਾਰਾਜਾ ਦੇ ਨਾਮ ਐਸੀ ਪੱਤ੍ਰ ਲਿਖਕੇ 'ਰੂਸ ਨੂੰ ਹੋਰ

ਐਕੜਾਂ ਦਾ ਸਮਿਆਨਾ ਬਣਾਇਆ ਹੋਵੇ' ਤਾਂ ਕਿ ਓਹ ਮੁੜ ਹਿੰਦੁਸਤਾਨ ਵਿਚ ਪੈਰ ਹੀ ਨਾ ਪਾ ਸਕੇ।

ਮਹਾਰਾਜਾ ਦਲੀਪ ਸਿੰਘ ਆਪਣੇ ਰਾਜ ਦੀ ਪ੍ਰਾਪਤੀ ਜਾਂ ਦੁਖ ਦੀ ਨਵਿਰਤੀ ਲਈ ਯੂਰਪ ਦੇ ਕਈ ਮੁਲਕਾਂ ਵਿਚ ਘੁੰਮਿਆਂ, ਪਰ ਉਲਟਾ ਹੋਰ ਭੀ ਦੁਖੀ ਹੋਇਆ। ਅਦਨ ਥੀਂ ਵਾਪਸ ਹਿੰਦੁਸਤਾਨ ਨੂੰ ਆ ਰਿਹਾ, ਜਬਰਨ ਰੋਕਿਆ ਗਿਆ ਸੀ। ਇਕ ਉਸ ਦੀ ਵਲੋਂ ਅਖਬਾਰਾਂ ਦੁਆਰੇ ਚਿਠੀ ਭੀ ਛਪੀ ਸੀ, ਜਿਸ ਦਾ ਉਲਥਾ ਪੰਜਾਬੀ ਅਖਬਾਰਾਂ ਵਿਚ ਭੀ ਛਪਿਆ ਸੀ, ਪਾਠਕਾਂ ਦੀ ਗ਼ਿਆਤ ਵਾਸਤੇ ਨਕਲ ਹੇਠਾਂ ਦਰਜ ਹੈ। ਇਹ ਪਿਛਲੀਆਂ ਨਾਲੋਂ ਹੋਰ ਰੰਗਤ ਵਿਚ ਹੈ।

ਪਿਆਰੇ ਖਾਲਸਾ ਜੀ ! ਤਥਾ ਪੰਜਾਬੀ ਭਰਾਵੋ !

ਸਤਿਗੁਰੂ ਦੀ ਪਰੇਰਨਾ ਨਾਲ ਮੇਰੇ ਮਨ ਵਿਚ ਅਜੇਹੀ ਇਛਾ ਪ੍ਰਗਟ ਹੋ ਗਈ ਹੈ ਕਿ ਆਪਣੀ ਜਨਮ ਭੂਮੀ ਪੰਜਾਬ ਵਿਚ ਆ ਕੇ ਇਕ ਸਾਧਾਰਨ ਤੇ ਗਰੀਬ ਪੁਰਸ਼ ਵਾਂਗੂੰ ਰਹਾਂ। ਭਾਵੇਂ ਮੈਂ ਆਪਣਾ ਮੂੰਹ ਪੰਜਾਬ ਵਿਚ ਕਿਸੇ ਨੂੰ ਭੀ ਨਾਂ ਦਿਖਾਉਣ ਲਈ ਦ੍ਰਿੜ ਸੰਕਲਪ ਕੀਤਾ ਹੋਇਆ ਸੀ ਅਤੇ ਨਾ ਹੀ ਮੈਂ ਆਪਣਾ ਕਲੰਕਤ-ਮੂੰਹ ਦਿਖਾਉਣ ਯੋਗ ਹਾਂ। ਵਾਹਿਗੁਰੂ ਸਰਬ ਸ਼ਕਤੀ ਵਾਨ ਦੀ ਇਛਾ ਹੀ ਹੁੰਦੀ ਹੈ, ਮੂਲ ਕੀ ਮੈਂ ਆਉਂਦਾ ਹਾਂ।

ਖਾਲਸਾ ਭਰਾਵੋ ! ਮੈਂ ਆਪਣੇ ਪਿਤਾ ਪਿਤਾਮਾ ਦਾ ਨਾਮ ਕਲੰਕਤ ਕੀਤਾ ਅਤੇ ਆਪਣਾ ਧਰਮ ਤਿਆਗ ਕਰਕੇ ਈਸਾਈ ਬਣਿਆਂ। ਖਿਮਾਂ ਕਰਨਾ। ਮੈਂ ਬਚਪਨ ਵਿਚ ਈਸਾਈ ਬਣਾਇਆ ਗਿਆ ਸਾਂ ਅਤੇ ਅਸਮਰਥ ਸਾਂ ਜੋ ਇਸ

ਦੇ ਉਲਟ ਚੂੰ ਭੀ ਕਰਦਾ। ਹੁਣ ਮੈਂ ਆਪਣਾ ਧਰਮ ! ਹਾਂ ਸੱਚਾ ਧਰਮ !! ਸਿਖ ਧਰਮ !!! ਗ੍ਰਹਿਣ ਕਰ ਲੀਤਾ ਹੈ, ਮੈਂ ਹੁਣ ਸ੍ਰੀ ਗੁਰੂ ਨਾਨਕ ਦੇਵ ਤਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨਿਆਂ ਪੁਰ ਚਲਾਂਗਾ। ਆਪਣਾ ਪਿਆਰਾ ਪੰਜਾਬ ਅਤੇ ਆਪਣੇ ਪਿਆਰੇ ਭਰਾ ਖਾਲਸਾ ਜੀ ਨੂੰ ਦੇਖਣ ਲਈ ਮੈਂ ਬੇਹਬਲ ਹੋਇਆ ੨ ਹਾਂ, ਪਰੰਤੂ ਸ਼ਾਇਦ ਹੀ ਮੈਂ ਪਾਪੀ ਅਤੇ ਅਭਾਗੇ ਨੂੰ ਸ੍ਵਦੇਸ਼ ਦਰਸ਼ਨ ਦਾ ਸੁਭਾਗ ਸਮਾਂ ਪ੍ਰਾਪਤ ਕਰਨ ਦਿਤਾ ਜਾਵੇ। ਮੈਂ ਅੰਗਰੇਜ਼ੀ ਹਕੂਮਤ ਉਤੇ ਪੂਰਾ ਪੂਰਾ ਵਿਸ਼ਵਾਸ਼ ਕੀਤਾ ਸੀ, ਜਿਸ ਦਾ ਪੂਰਾ ਪੂਰਾ ਫਲ ਪਾ ਲੀਤਾ ਹੈ।

ਵਾਹਗੁਰੂ ਜੀ ਕਾ ਖਾਲਸਾ,
ਵਾਹਗੁਰੂ ਜੀ ਕੀ ਫਤਹ॥

ਆਪਦਾ—ਅਭਾਗਾ ਦਲੀਪ ਸਿੰਘ
੨੫ ਮਾਰਚ ੧੮੮੬

ਨੋਟ—ਦੀ ਟਾਈਮਜ਼ ਆਦਿਕ ਅੰਗਰੇਜ਼ੀ ਅਖਬਾਰਾਂ ਵਿਚ ਸੰਨ ੧੮੮੨ ਵਿਚ ਭੀ ਕਿਤਨੇ ਹੀ ਪੱਤ੍ਰ ਛਪਦੇ ਰਹੇ ਪੰਜਾਬ ਵਿਚ ਉਸ ਵੇਲੇ ਅੰਗਰੇਜ਼ੀ ਦਾ ਪਰਚਾਰ ਨਹੀਂ ਸੀ ਲਿਖਤਾਂ ਅਣਡਿੱਠ ਹਾਲਤ ਵਿਖੇ ਰਹੀਆਂ ਕਈਆਂ ਨੇ ਪਰਾਈ-ਵੇਟ ਪੱਤ੍ਰਾਂ ਦੀ ਨਕਲ ਭੀ ਦਿਤੀ ਹੈ ਜੋ ਸ: ਸੰਤ ਸਿੰਘ ਐਮਾਂ (ਅਮ੍ਰਿਤਸਰ) ਦੇ ਨਾਮ ਦੇ ਸਨ।

ਦਸਿਆ ਹੈ ਕਿ ਇਹ ਸਰਦਾਰ ਸੰਤ ਸਿੰਘ ਜੀ ਰਿਸ਼ਤੇ ਵਿਚੋਂ ਮਹਾਰਾਜਾ ਦੇ ਫੁਫੜ ਸਨ।

ਅੰਤਿਕਾ

ਮਹਾਰਾਣੀ ਜਿੰਦ ਕੌਰ ਕਿਲਾ ਚੁਨਾਰ ਦੀ ਕੈਦ ਵਿਚ ਸੀ, ਉਸ ਨੇ ਆਪਣੀ ਅਜ਼ਾਦੀ ਲਈ ਬਹੁਤ ਯਤਨ ਕੀਤੇ, ਅੰਤ ਤੰਗ ਆ ਕੇ ੧੮ ਅਪਰੈਲ ਸੰਨ ੧੮੪੯ ਈ:ਦੀ ਰਾਤ ਨੂੰ ਕਿਲੇ ਵਿਚੋਂ ਗੋਲੀਆਂ ਦਾ ਭੇਸ ਵਟਾ ਕੇ ਨਿਕਲ ਗਈ, ਸਫਰ ਦੇ ਅਨੇਕਾਂ ਦੁਖੜੇ ਸਹਾਰਦੀ ਰਿਆਸਤ ਨੈਪਾਲ ਵਿਚ ਜਾ ਨਿਕਲੀ, ਉਥੇ ਦੇ ਰਾਣਾ ਜੰਗ ਬਹਾਦਰ ਨੇ ਸ਼ੇਰੇ ਪੰਜਾਬ ਦੇ ਕੀਤੇ ਅਹਿਸਾਨਾਂ ਨੂੰ ਯਾਦ ਕਰਕੇ ਮਹਾਰਾਣੀ ਨੂੰ ਜੀ ਆਇਆਂ ਨੂੰ ਕਿਹਾ।

ਪੰਜਾਬ ਦੀ ਰਾਜ ਮਾਤਾ ਨੂੰ ਉਸ ਦੀ ਇਛਾ ਅਨੁਸਾਰ ਰਿਹਾਇਸ਼ ਕਰਾਕੇ ਬੀਸ ਹਜ਼ਾਰ ਰੁਪਿਆ ਸਾਲਾਨਾ ਪਿਨਸ਼ਨ ਖਰਚ ਵਜੋਂ ਲਗਾ ਦਿਤਾ, ਮਹਾਰਾਜਾ ਦਲੀਪ ਸਿੰਘ ਈਸਾਈ ਕੌਮ ਦੇ ਅਸਰ ਹੇਠਾਂ ਆ ਕੇ ੮ ਮਾਰਚ ਸੰਨ ੧੮੫੩ ਈ: ਨੂੰ ਸਿਖ ਧਰਮ ਛਡਕੇ ਈਸਾਈ ਹੋ ਗਿਆ ਸੀ ਅਖੀਰ ੧੯ ਅਪਰੈਲ ਸੰਨ ੧੮੫੪ ਨੂੰ ਕਲਕਤੇ ਤੋਂ ਜਹਾਜ਼ ਚੜ੍ਹਾ ਕੇ ਇੰਗਲੈਂਡ ਵਿਚ ਲੈ ਜਾਇਆ ਗਿਆ, ਮਾਤਾ ਅਤੇ ਪੁਤ੍ਰ ਦਾ ਵਿਛੋੜਾ ਅਸਹਿ ਸੀ ਪਰ ਪਰਾਏ ਵਸ ਪਏ ਕੀ ਕਰ ਸਕਦੇ ਸਨ।

ਰਾਜ ਮਾਤਾ ਆਪਣੇ ਪੁਤ੍ਰ ਦੇ ਵਿਛੋੜੇ ਵਿਚ ਰੋਂਦੀ ਧੋਂਦੀ ਅਖੀਆਂ ਗਵਾਕੇ ਅੰਧੀ ਹੋ ਗਈ। ਚੌਦਾਂ ਸਾਲਾਂ ਪਿਛੋਂ ਮਾਂ ਪੁਤ੍ਰ ਦਾ ਮਿਲਾਪ ਹੋਇਆ।

ਮਹਾਰਾਜਾ ਨੇ ਬਹੁਤ ਯਤਨਾਂ ਤੇ ਤਰਲਿਆਂ ਨਾਲ

ਹਿੰਦੁਸਤਾਨ ਦੀ ਵਾਪਸੀ ਲਈ ਆਗਿਆ ਮੰਗੀ ਪਰ ਉਸ ਨੂੰ ਕਲਕਤੇ ਔਣ ਦੀ ਆਗਿਆ ਮਿਲੀ, ਪੰਜਾਬ ਦੀ ਧਰਤੀ ਵਿਚ ਪੈਰ ਪੌਣ ਦੀ ਇਜਾਜ਼ਤ ਨਹੀਂ ਸੀ। ਓਹ ਦਸੰਬਰ ਪਤ ਵਿਚ ਜਹਾਜ਼ ਪਰ ਸਵਾਰ ਹੋਕੇ ਜਨਵਰੀ ਸੰਨ ੧੮੬੧ ਵਿਚ ਕਲਕਤੇ ਆਇਆ, ਏਧਰੋਂ ਰਾਜ ਮਾਤਾ ਨੂੰ ਮਿਲਣ ਹਿਤ ਨੈਪਾਲ ਖਬਰ ਘਲੀ, ਰਾਜਾ ਜੰਗ ਬਹਾਦਰ ਵਲੋਂ ਇਸ ਸ਼ਰਤ ਪਰ ਉਸ ਨੂੰ ਆਗਿਆ ਮਿਲੀ ਕਿ ਓਹ ਫ਼ੇਰ ਨੈਪਾਲ ਨਹੀਂ ਆ ਸਕਗੀ।

ਮਹਾਰਾਣੀ ਪੁਤ੍ਰ ਨੂੰ ਮਿਲਣ ਲਈ ਬਹੁਤ ਉਤਾਵਲੀ ਸੀ, ਮਹੀਨਾ ਫਰਵਰੀ ਵਿਚ ਕਲਕਤੇ (ਰਾਣੀ ਗੰਜ) ਪੁਤ੍ਰ ਨੂੰ ਮਿਲੀ ਦੋਵੇਂ ਮਾਂ ਪੁਤ੍ਰ ਮਿਲਕੇ ਧਾਹਾਂ ਮਾਰਕੇ ਰੋਂਦੇ ਰਹੇ। ਮਹਾਰਾਣੀ ਨੇ ਪੁਤ੍ਰ ਦਾ ਸਿਰ ਪਵਿਤ੍ਰ ਕੇਸਾਂ ਥੀਂ ਬਿਨਾਂ ਟੋਹਕੇ ਹੋਰ ਭੀ ਵਿਰਲਾਪ ਕੀਤਾ ਕਿ ਹਾਏ ! ਸ਼ੇਰੇ ਪੰਜਾਬ ਦਾ ਪੁਤ੍ਰ ਜਿੰਦ ਜਾਨ ਤੋਂ ਪਿਆਰੇ ਕੇਸ ਕਟਵਾ ਕੇ ਰਾਜ ਦੇ ਨਾਲ ਹੀ ਧਰਮ ਭੀ ਹਾਰ ਬੈਠਾ ! ਮਾਤਾ ਦਾ ਵਿਰਲਾਪ ਮਹਾਰਾਜੇ ਪਰ ਇਤਨਾ ਅਸਰ ਕਰ ਗਿਆ ਕਿ ਉਸਨੇ ਪਿਛਲੀ ਭੁਲ ਮੰਨਕੇ ਕਟੜ ਸਿਖ ਬਣਨ ਦਾ ਪ੍ਰਣ ਕੀਤਾ।

ਮਹਾਰਾਜਾ ਚਾਹੁੰਦਾ ਸੀ ਕਿ ਗਰਮੀਆਂ ਵਿਚ ਕਿਸੇ ਪਹਾੜ ਪਰ ਰਹਾਂ, ਪਰ ਸਰਕਾਰ ਮਹਾਰਾਣੀ ਨੂੰ ਪਾਸ ਰਹਿਣ ਦੇਣਾ ਨਹੀਂ ਚਾਹੁੰਦੀ ਸੀ ਉਧਰ ਮਾਤਾ ਪੁਤ੍ਰ ਪਾਸੋਂ ਵਖ ਰਹਿਣਾਂ ਮੌਤ ਸਮਝਦੀ ਸੀ, ਦਸਿਆ ਹੈ ਕਿ ਲੰਕਾ ਵਿਚ ਰਹਿਣ ਦੀ ਤਜਵੀਜ਼ ਸੋਚੀ ਜਾ ਰਹੀ ਸੀ ਕਿ ਚੀਨ ਤੋਂ ਆਈਆਂ ਖਾਲਸਾ ਫੌਜਾਂ ਦੇ ਸਪਾਹੀਆਂ ਨੇ ਪਤਾ ਲਗਣ ਪਰ ਸਪੈਨਸਿਜ਼ ਹੋਟਲ

ਵਿਚ ਜਾ ਕੇ ਮਹਾਰਾਜੇ ਨਾਲ ਹਿਤ ਜ਼ਾਹਰ ਕੀਤਾ, ਜਿਸ ਦਾ ਫਲ ਇਹ ਮਿਲਿਆਂ ਗਿਆ, ਕਿ ਮਹਾਰਾਜਾ ਦੇ ਇਥੇ ਰਹਿਣ ਨਾਲ ਬਗਾਵਤ ਦਾ ਭੈ ਹੈ ਮਹਾਰਾਜਾ ਨੂੰ ਫੌਰਨ ਵਾਪਸ ਵਲਾਇਤ ਜਾਣ ਦਾ ਪ੍ਰਬੰਧ ਕੀਤਾ ਗਿਆ।

ਮਾਂ ਪੁਤ੍ਰ ਨੂੰ ਜਹਾਜ਼ ਚੜ੍ਹਾਕੇ ਜੁਲਾਈ ਸੰਨ ੧੮੬੧ ਨੂੰ ਇੰਗਲੈਂਡ ਲੈ ਜਾਇਆ ਗਿਆ ਉਥੇ ਦੇ ਰਖਵਾਲੇ ਚਾਹੁੰਦੇ ਸਨ ਕਿ ਮਹਾਰਾਣੀ ਵਾਪਸ ਹਿੰਦ ਵਿਚ ਚਲੀ ਜਾਵੇ, ਪਰ ਹਿੰਦੀ ਚਾਹੁੰਦੇ ਸਨ ਉਥੇ ਹੀ ਰਹੇ 'ਤਾਂ ਕਿ ਆਕੇ ਕੋਈ ਪਵਾੜਾ ਨਾਂ ਪਾਵੇ' ਅਖੀਰ ਰਾਜ ਮਾਤਾ ਨੂੰ ਪੁਤ੍ਰ ਤੋਂ ਵਖ ਕਰਕੇ ਕੈਨ ਸਿੰਗਾਟਨ ਸ਼ਹਿਰ ਦੇ ਐਬਿੰਗਡਨ ਹਾਉਸ ਵਿਖੇ ਰਿਹਾਇਸ਼ ਦਿਤੀ ਗਈ।

ਮਹਾਰਾਜਾ ਦਾ ਚਿਤ ਪ੍ਰਸੰਨ ਰਖਣ ਲਈ ਉਸ ਨੂੰ ਸਟਾਰ ਆਫ ਇੰਡੀਆ ਦਾ ਉਚਾ ਖਿਤਾਬ ਦੇ ਕੇ ਇਜ਼ਤ ਕੀਤੀ ਗਈ।

ਸਰਕਾਰ ਨੇ ਵਲਾਇਤ ਵਿਚ ਜਾਇਦਾਦ ਖਰੀਦਣ ਲਈ ਰੁਪਿਆ ਭੀ ਦਿਤਾ ਸੰਨ ੧੮੬੨ ਈ: ਵਿਖੇ ਮਹਾਰਾਜੇ ਨੇ ਦੋ ਕੁ ਲੱਖ ਪੌਂਡ ਦੀ ਜਾਇਦਾਦ ਹੈਦਰੂਪ ਵਿਖੇ ਖਰੀਦ ਲਿਤੀ, ਜੋ ਹਿੰਦੁਸਤਾਨ ਨੂੰ ਔਣ ਦੇ ਖਿਆਲ ਨਾਲ ਕੌਡੀਆਂ ਦੇ ਭਾਉ ਦੇਣੀ ਪਈ ਸੀ।

ਮਹਾਰਾਜਾ ਮੁੜ ਉਥੇ ਦਾ ਬਾਸ਼ਿੰਦਾ ਬਣ ਕੇ ਰਿਹਾ ਪਰ ਉਸ ਦੀ ਮਾਤਾ ਪਹਿਲੀ ਅਗਸਤ ਸੰਨ ੧੮੬੩ ਨੂੰ ਚਲਾਣੇ ਕਰ ਗਈ, ਮਹਾਰਾਜਾ ਲਈ ਉਸ ਦਾ ਵਿਛੋੜਾ ਅਸਹਿ ਸੀ।

ਉਸ ਦਾ ਚਿਤ ਆਪਣੇ ਵਤਨ ਔਣ ਵਾਸਤੇ ਬਹੁਤ ਉਤਾਵਲਾ ਹੋ ਗਿਆ, ਮਹਾਰਾਣੀ ਦੀ ਮੁਰਦਾ ਲੋਥ ਨੂੰ ਭੀ ਪੰਜਾਬ ਵਿਚ ਸਸਕਾਰੇ ਜਾਣ ਦੀ ਇਛਾ ਭੀ ਪੂਰਨ ਨਾ ਹੋ ਸਕੀ, ਜਿਸ ਕਰਕੇ ਮਹਾਰਾਜਾ ਨੇ ਆਗਿਆ ਲੈ ਕੇ ਆਪਣੀ ਮਾਤਾ ਦੀ ਲੋਥ ਦੀ ਭਭੂਤੀ ਦਾ ਅੰਤਮ ਸਸਕਾਰ ਬੰਬਈ ਉਤਰਕੇ ਦਰਿਆਇ ਨਰਬਦਾ ਆਪਣੀ ਹਥੀਂ ਕੀਤਾ, ਉਦਾਸੀ ਦੀ ਹਾਲਤ ਵਿਚ ਮਹਾਰਾਜਾ ਨੇ ਵਾਪਸ ਵਲੈਤ ਨੂੰ ਜਾਂਦਿਆਂ ਮਿਸਰ ਦੇ ਸਕੰਦਰੀਆ ਸ਼ਹਿਰ ਦੇ ਇਕ ਜਰਮਨ ਸੌਦਾਗਰ ਮੂਲਰ ਨਾਮੀ ਦੀ ਲੜਕੀ ਬੰਬਾ ਨਾਲ ੭ ਜੂਨ ਸੰਨ ੧੮੬੪ ਨੂੰ ਸ਼ਾਦੀ ਕੀਤੀ।

ਜਿਸ ਥੀਂ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਪੈਦਾ ਹੋਈਆਂ, ਮਹਾਰਾਜੇ ਦੇ ਪਿਨਸ਼ਨ ਦੇ ਘਟਣ ਅਤੇ ਖਰਚਾਂ ਦੇ ਵਧਣ ਅਤੇ ਅਗਲੇ ਗੁਜ਼ਰਾਨ ਹਿਤ ਮਹਾਰਾਜੇ ਨੇ ਬਹੁਤ ਵਾ ਵੇਲਾ ਕੀਤਾ ਪਰ ਬਣਿਆਂ ਕੁਛ ਨਾ। ਅਖੀਰ ਮਹਾਰਾਜੇ ਦੀ ਨੇਕ ਅਤੇ ਯੋਗ ਸਾਥਨ ਮਹਾਰਾਣੀ ਬੰਬਾ ਮੂਲਰ ੧੫ ਦਸੰਬਰ ਸੰਨ ੧੮੮੭ ਵਿਚ ਲੰਡਨ ਵਿਖੇ ਚਲਾਣੇ ਕਰ ਗਈ, ਉਸ ਦੇ ਵਿਛੋੜੇ ਨੇ ਮਹਾਰਾਜਾ ਨੂੰ ਭਾਰੀ ਚੋਟ ਲਾਈ। ਮਹਾਰਾਜਾ ਉਸ ਵੇਲੇ ਰੂਸ ਦੀ ਮਦਦ ਦੀ ਆਸ਼ਾ ਵਿਚ ਭਟਕਦਾ ਫਿਰਦਾ ਸੀ।

ਬਾਲਗ ਹੋਕੇ ਮਹਾਰਾਜਾ ਦਲੀਪ ਸਿੰਘ ਆਪਣਾ ਤਖਤ ਪ੍ਰਾਪਤ ਕਰਨ ਲਈ ਤਰਲੇ ਬਹੁਤ ਮਾਰਦਾ ਰਿਹਾ ਪਰ ਹੁਣ ਉਸਦੀ ਕੋਈ ਵਟਤ ਨਹੀਂ ਸੀ, ਸਮਾਂ ਬੀਤ ਚੁਕਿਆ ਸੀ ਉਸਦੇ ਹਥ ਵਿਚ ਸਵਾਏ ਝੂਰਨ ਤੋਂ ਹੋਰ ਕੋਈ ਤਾਕਤ

ਨਹੀਂ ਸੀ। ਜੂਨ ਸੰਨ ੧੮੮੯ ਈ: ਵਿਚ ਰੂਸ ਨੇ ਪੰਜਾਬੀਆਂ ਅਤੇ ਸਿਖ ਭਰਾਵਾਂ ਨੂੰ ਚਿਠੀ ਲਿਖੀ ਸੀ ਪਰੰਤੂ ਪੰਜਾਬੀ ਭਰਾਵਾਂ ਨੇ ਉਸ ਨੂੰ ਕੋਰਾ ਜਵਾਬ ਲਿਖ ਘਲਿਆ। ਉਸ ਵੇਲੇ ਸਿਖਾਂ ਦੀ ਇਕ ਇਕਤ੍ਰਤਾ ਗੁਜਰਾਂਵਾਲੇ ਭੀ ਹੋਈ ਸੀ ਪੰਜਾਬੀਆਂ ਵਲੋਂ ਨਿਰਾਸਤਾ ਪਹੁੰਚਣੇ ਪਰ ਉਸ ਦੀਆਂ ਉਮੈਦਾਂ ਪਰ ਪਾਣੀ ਫਿਰ ਗਿਆ ਮਹਾਰਾਜਾ ਨੇ ਫਰਾਂਸ, ਰੂਸ ਆਦਿ ਮੁਲਕਾਂ ਵਿਚ ਫਿਰਕੇ ਭੀ ਮਦਦ ਲਈ ਯਤਨ ਕੀਤੇ ਪਰ ਉਸ ਨੂੰ ਮੁੜ ਪੰਜਾਬ ਦੀ ਧਰਤੀ ਪਰ ਪੈਰ ਧਰਨਾ ਨਾ ਹੀ ਨਸੀਬ ਹੋਇਆ। ਸਾਰੇ ਟੱਕਰਾਂ ਮਾਰਕੇ ਮੁੜ ਸੰਨ ੮੧ ਵਿਚ ਲੰਡਨ ਆਕ ਭੁਖੇ ਮਰਦੇ ਨੇ ਮੁਆਫੀ ਮੰਗੀ, ਤਾਂ ਕਿਤੇ ਸਰਕਾਰ ਦੀ ਕ੍ਰਿਪਾ ਨਾਲ ਦੋਬਾਰਾ ਪਿਨਸ਼ਨ ਮਿਲਣ ਲਗੀ ਬੰਦਰਗਾਹ ਅਦਨ ਥੀਂ ਵਾਪਸ ਹੋਣੇ ਪਰ ਮਹਾਰਾਜਾ ਸਾਹਿਬ ਨੇ ਪਿਨਸ਼ਨ ਬੰਦ ਕਰਵਾ ਲਈ ਪਰ ਖਰਚ ਵਲੋਂ ਸਖਤ ਤੰਗੀ ਹੋਈ, ਅਖੀਰ ਮਹਾਰਾਣੀ ਵਿਕਟੋਰੀਆ ਪਾਸੋਂ ਮੁਆਫ਼ੀ ਮੰਗੀ ਤਾਂ ਕਿਤੇ ਮੁੜ ਪਿਨਸ਼ਨ ਜਾਰੀ ਹੋਈ। ਮਹਾਰਾਜਾ ਦੇ ਪਰਿਵਾਰ ਵਿਚ ਈਸਾਈ ਰਸਮ ਘਰ ਕਰ ਰਈ ਸੀ, ਸਿਖਾਂ ਦੀ ਸੰਗਤ ਦਾ ਉਸ ਨੂੰ ਸਮਾਂ ਨਹੀਂ ਮਿਲ ਸਕਿਆ।

ਮਹਾਰਾਣੀ ਜਿੰਦ ਕੌਰ ਦੀ ਸਿਖਿਆ ਕਰਕੇ ਉਸਨੇ ਗਿਰਜੇ ਜਾਣਾ ਛਡ ਦਿਤਾ ਸੀ ਅਤੇ ਮੁੜ ਅੰਮ੍ਰਿਤ ਭੀ ਪਾਨ ਕੀਤਾ ਅਸਲੋਂ ਈਸਾਈ ਬਣੌਨ ਵੇਲੇ ਮਹਾਰਾਜਾ ਦਲੀਪ ਸਿੰਘ ਮਾਸੂਮ ਬੱਚਾ ਸੀ, ਉਸ ਦੀ ਨਿਗਾਹ ਵਿਚ ਦੋਸਤ ਦੁਸਮਨ ਸਮਾਨ ਸਨ, ਵੈਰ ਭਾਵਾਂ ਤੋਂ ਬਰੀ ਸੀ। ਸ਼ਸਤ੍ਰ ਚੁਕਣਾ ਹਾਲੇ ਨਹੀਂ ਜਾਣਦਾ ਸੀ, ਹੁਕਮ ਨਹੀਂ ਦੇ ਸਕਦਾ ਸੀ।

ਹਾਨੀ ਲਾਭ ਸਮਝਣ ਦੀ ਹਾਲੀ ਬਾਲਕ ਬੁਧੀ ਸੀ। ਓਹ ਬਤੌਰ ਯਤੀਮ ਦੇ ਸਰਕਾਰ ਅੰਗਰੇਜ਼ੀ ਦਾ ਪਾਲਕ ਪੁਤ੍ਰ ਹੋਕੇ ਸ਼ਰਨਾਗਤ ਸੀ। ਸੰਸਾਰ ਦੀ ਸਭਯਤਾ ਅਰ ਬਜ਼ੁਰਗਤਾ, ਬਚਿਆਂ ਦਾ ਕਸੂਰ ਹੁੰਦਾ ਭੀ ਉਨਾਂ ਨੂੰ ਖਿਮਾਂ ਦੇ ਅਧਿਕਾਰੀ ਮੰਨਦੀ ਹੈ, ਸਰਕਾਰ ਅੰਗਰੇਜ਼ੀ ਦਾ ਰੈਜ਼ੀਡੈਂਟ ਸਾਹਿਬ ਜਿਸ ਨੂੰ ਕਿ ਪ੍ਰਬੰਧ ਦੇ ਪੂਰਨ ਅਧਿਕਾਰ ਸਨ ਉਸ ਦੇ ਸਿਰ ਜ਼ਿੰਮੇ-ਵਾਰੀਆਂ ਦਾ ਭਾਰ ਸੀ ਬਾਗੀਆਂ, ਅਪ੍ਰਾਧੀਆਂ ਨੂੰ ਸਜ਼ਾ ਦੇਣਾ ਉਸਦਾ ਧਰਮ ਤੇ ਪ੍ਰਬੰਧ ਸੀ ਮਹਾਰਾਜਾ ਤਾਂ ਉਨਾ ਦਾ ਪਾਲਕ ਪੁਤ੍ਰ ਬਣ ਰਿਹਾ ਸੀ। ਪਰ ਹੋਣ ਹਾਰ ਪ੍ਰਬਲ ਹੈ ਕਸੇ ਦੇ ਵਸ ਵਿਚ ਕੁਛ ਨਹੀਂ ਹੈ।

ਮਹਾਰਾਜਾ ਦਲੀਪ ਸਿੰਘ ਦੇ ਲੜਕੇ ਲੜਕੀਆਂ ਨੇ ਭੀ ਇੰਗਲੈਂਡ ਵਿਚ ਵਿਦਿਆ ਪਾਈ। ਪੰਜਾਬ ਵਿਚ ਉਨਾਂ ਨੂੰ ਔਣ ਦਾ ਅਵਸਰ ਨਹੀਂ ਮਿਲਿਆ, ਸ਼ਾਦੀਆਂ ਭੀ ਈਸਾਈ ਰਸਮ ਨਾਲ ਉਧਰੇ ਹੋਈਆਂ। ਮਹਾਰਾਜਾ ਦੀ ਇਕ ਸ਼ਾਹਜ਼ਾਦੀ ਨੇ ਲਾਹੌਰ (ਪੰਜਾਬ) ਵਿਖੇ ਆਕੇ ਡਾਕਟਰ ਸਦਰ ਲੈਂਡ ਨਾਲ ਸ਼ਾਦੀ ਕੀਤੀ ਸੀ। ਇਹ ਆਪਣਾ ਨਾਮ ਪ੍ਰਿੰਸਿਜ਼ ਬਾਮਬਾ ਸਦਰ ਲੈਂਡ ਲਿਖਦੀ ਸੀ। ਸ਼ਾਹਜ਼ਾਦੇ ਉਧਰੇ ਰਹੇ। ਵਡੇ ਨੇ ਬਵੰਜਾ ਸਾਲਾਂ ਦੀ ਉਮਰ ਵਿਚ ਸੰਨ ੧੯੧੮ ਵਿਚ ਚਲਾਣੇ ਕੀਤੇ। ਇਸ ਨੇ ਫੌਜੀ ਸਰਵਸ ਕੀਤੀ ਸੀ।

ਫਰੈਡਰਿਕ ਨੇ ਐਟਨ ਦੇ ਕਾਲਜ ਮੈਗਡੇਲੈਨਸ ਵਿਚ ਐਮ. ਏ. ਕਰਕੇ ਨੌਕਰੀ ਕੀਤੀ ਇਹ ਸੰਨ ੧੯੧੪ ਦੇ ਮਹਾ ਜੁਧ ਵਿਖੇ ਫਰਾਂਸ ਵਿਚ ਜੰਗੀ ਸੇਵਾ ਪਰ ਭੀ ਰਿਹਾ। ਇਸ ਦਾ

ਦੇਹਾਂਤ ਅਠਵਿੰਜਾ ਸਾਲਾਂ ਦੀ ਉਮਰ ਵਿਚ ਅਗਸਤ ਸੰਨ ੧੯੨੬ ਈ: ਵਿਚ ਹੋਇਆ। ਤੀਸਰੇ ਲੜਕੇ ਦਾ ਕੋਈ ਇਲਮ ਨਹੀਂ ਅਰ ਨਾਂਹੀ ਅਗੇ ਵੰਸ ਦਾ ਪਤਾ ਹੈ।

ਮਹਾਰਾਜਾ ਦੀ ਪਹਿਲਾਂ ਰਿਹਾਇਸ਼ ਸ਼ਹਿਰ ਨਾਰਫ਼ੌਕ ਦੇ ਇਕ ਹੋਟਲ ਵਿਚ ਰਖੀ ਗਈ ਪਰ ਵਧ ਸਮਾਂ ਫਰਾਂਸ ਵਿਚ ਗੁਜ਼ਾਰਿਆ ਜਿਥੇ ਕਿ ਆਪਦਾ ਦੇਹਾਂਤ ਗਰਾਂਡ ਹੋਟਲ ਵਿਚ ੨੨ ਅਕਤੂਬਰ ਸੰਨ ੧੮੯੩ ਨੂੰ ਫਰਾਂਸ ਦੇ ਇਕ ਹੋਟਲ ਵਿਚ ਹੋਇਆ। ਦਸਿਆ ਹੈ ਕਿ ਮਹਾਰਾਜਾ ਨੇ ਬੰਦਰ-ਗਾਹ ਅਦਨ ਪਰ ਸਿਖਾਂ ਪਾਸੋਂ ਅੰਮ੍ਰਿਤ ਛਕਿਆ ਸੀ ਪਰ ਮ੍ਰਿਤਕ ਸੰਸਕਾਰ ਈਸਾਈ ਰਸਮ ਨਾਲ ਹੋਇਆ ਮਹਾਰਾਜਾ ਦਲੀਪ ਸਿੰਘ ਨੇ ਕੁਲ ਉਮਰ ਪਚਵੰਜਾ ਕੁ ਸਾਲ ਭੋਗੀ।

ਆਪ ਦੀ ਦੇਹ ਨੂੰ ਅੰਗਰੇਜ਼ੀ ਪ੍ਰਬੰਧ ਵਿਚ ੨੯ ਅਕਤੂਬਰ ਸੰਨ ੧੮੯੩ ਈ: ਨੂੰ ਇੰਗਲੈਂਡ ਲਿਆ ਕੇ ਐਲਵੇਡਨ ਮਹਿਲ ਦੀ ਕਬਰਾਂ ਵਿਚ (ਦਫਨ) ਦਬਾਇਆ ਗਿਆ, ਇਥੇ ਹੀ ਇਨਾਂ ਦੀ ਸੁਪਤਨੀ ਮਹਾਰਾਣੀ ਬੰਬਾ ਮੂਲਰ ੧੫ ਦਸੰਬਰ ਸੰਨ ੧੮੮੭ ਨੂੰ ਦਫਨਾਈ ਗਈ ਸੀ।

ਕਾਇਦੇ ਮੂਜਬ ਤਾਂ ਮਹਾਰਾਜੇ ਨੇ ਅਮ੍ਰਿਤ ਛਕ ਕੇ ਚਲਾਣੇ ਕੀਤੇ ਸਨ, ਪਰ ਮੁੜ ਉਸਨੂੰ ਸਿਖ ਧਰਮ ਨਾਲ ਪਿਆਰ ਰਖਣ ਦੀ ਸਿਖਿਆ ਨਹੀਂ ਮਿਲਦੀ ਰਹੀ ਹੁਣ ਉਸ ਦਾ ਅਤੇ ਉਸਦੀ ਪਤਨੀ ਦਾ ਨਿਸ਼ਾਨ ਇੰਗਲੈਂਡ ਦੀਆਂ ਕਬਰਾਂ ਹੀ ਹਨ।

ਉਪ ਭਾਸ਼ਾ

ਪਾਠਕਾਂ ਦੀ ਸਾਧਾਰਨ ਵਾਕਫੀ ਲਈ "ਖਾਲਸ ਦਰਬਾਰ ਦੇ ਪੂਰਬੀ ਹਿਸੇ ਦੇ ਨਿਸ਼ਾਨਾਂ ਵਲ ਇਸ਼ਾਰਾ ਕਰਕੇ ਧਯਾਨ ਦਲਾਇਆ ਜਾਂਦਾ ਹੈ 'ਕਿ ਜਿਸ ਤਰਾਂ ਸਿਖਾਂ ਨੇ ਆਪਣੀ ਅਨਗਹਿਲੀ ਅਤੇ 'ਮੈਨੂੰ ਕੀ ਪਿਆ' ਦੀ ਢਿਲਤਾ ਨਾਲ ਸਿਖ ਰਾਜ ਗਵਾ ਲਿਆ ਓਹੀ ਬਾਤ ਤਾਂ ਇਸ ਵੇਲੇ ਨਹੀਂ ਦੋਹਰਾਈ ਜਾ ਰਹੀ'? ਅਨਮਤੀਏ ਪੋਪ (ਬ੍ਰਾਹਮਣ) ਹੁਣ ਭੀ ਖਾਲਸਾ ਰਿਆਸਤਾਂ ਨੂੰ ਹਿੰਦੂ ਰਿਆਸਤਾਂ ਬਣਾ ਜਾਂ ਖਾਤਮੇ ਦੀ ਢੰਗ ਰਚਕੇ ਸਿਖਾਂ ਨਾਲ ਫਰੇਬ ਤਾਂ ਨਹੀਂ ਕਰੀ ਜਾ ਰਹੇ ? ਵਿਸਥਾਰ ਪੂਰਬਕ ਹਾਲਾਤ 'ਖਾਲਸਾ ਪੰਥ ਦੀ ਵਿਥਿਆ' ਵਿਖੇ ਲਿਖੇ ਗਏ ਹਨ।

ਲਾਲ ਸਿੰਘ ਗਜਾਨੀ
ਕਰਤਾ ਸਿਖ ਕਾਨੂੰਨ ਆਦਿ

ਮਹਾਰਾਜਾ ਰਿਪੁਦਮਨ ਸਿੰਘ ਨਾਭਾ

ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦਾ ਜਨਮ ਮਹਾਰਾਣੀ ਜਸਮੇਰ ਕੌਰ (ਲੌਂਗੋਵਾਲ) ਦੀ ਕੁਖੋਂ ੨੨ ਫਗਣ ਸੰਮਤ ੧੯੩੯ (ਸੰਨ ੧੮੮੩) ਨੂੰ ਹੋਇਆ। ੨੯ ਜੇਠ ਸੰਮਤ ੧੯੫੮ ਨੂੰ ਇਨਾਂ ਦੀ ਸ਼ਾਦੀ ਸ: ਗੁਰਦਿਆਲ ਸਿੰਘ ਮਾਨ ਦੀ ਸਪੁਤ੍ਰੀ ਜਗਦੀਸ਼ ਕੌਰ ਨਾਲ ਹੋਈ।

ਮਹਾਰਾਜਾ ਰਿਪਦਮਨ ਸਿੰਘ ਟਿਕਾ ਹੋਣ ਦੀ ਹਾਲਤ ਵਿਚ ਗੁਰਸਿਖੀ ਅਤੇ ਵਿਦਿਆ ਵਿਚ ਨਿਪੁੰਨ ਸੀ। ਅੰਗਰੇਜ਼ੀ ਚੰਗੀ ਜਾਣਨੇ ਕਰਕੇ ਸੰਨ ੧੯੦੬ ਤੋਂ ੮ ਤੀਕਰ ਵਾਇਸ-ਰਾਇ ਹਿੰਦ ਦੀ ਲੈਜਿਸਲੇਟਿਵ ਕੌਂਸਲ ਦੇ ਐਡੀਸ਼ਨਲ ਮੈਂਬਰ ਰਹੇ। ਸਿਖ ਅਨੰਦ ਮੈਰਜ ਐਕਟ ਦਾ ਬਣਨਾ ਆਪਦੀ ਪਰੇਰਨਾ ਅਤੇ ਕੋਸ਼ਸ਼ ਸੀ।

ਆਪਨੇ ਸੰਨ ੧੯੧੦ ਵਿਚ ਯੂਰਪ ਵਿਖੇ ਵਿਚਰਕੇ ਬਹੁਤ ਵਾਕਫੀ ਹਾਸਲ ਕੀਤੀ। ਆਪ ਦੇ ਧਾਰਮਕ ਉਸਤਾਦ ਪੰਥ ਰਤਨ ਸਰਦਾਰ ਕਾਹਨ ਸਿੰਘ ਜੀ ਨਾਭਾ ਰਹੇ। ਆਪ ਸਿੰਘ ਸਭਾ ਖਿਆਲਾਂ ਦੇ ਮੁਖੀਏ ਅਤੇ ਪੰਥ ਸੇਵਕਾਂ ਦੇ ਵਡੇ ਕਦਰਦਾਨ ਬਣੇ।

ਟਿਕਾ ਸਾਹਿਬ ਦੀ ਹਾਲਤ ਵਿਚ ਬੀਬੀ ਰਿਪੁਦਮਨ ਕੌਰ ਦੀ ਸ਼ਾਦੀ ਹਿੰਦੂਆਂ ਦੇ ਹੋਣ ਤੋਂ ਆਪ ਨੇ ਬਹੁਤ ਦੁਖ ਮੰਨਿਆਂ ਸੀ। ਸੰਨ ੧੯੧੦ ਈ: ਤੋਂ ਜਾਕੇ ਯੂਰਪ ਵਿਚ ੑ੧ ਤਕ ਰਹਿਣ ਸਮੇਂ ੨੫ ਦਸੰਬਰ ਸੰਨ ੧੯੧੧ ਨੂੰ ਮਹਾਰਾਜਾ ਹੀਰਾ ਸਿੰਘ ਜੀ ਚਲਾਣੇ ਕਰ ਗਏ। ਜਿਸ

ਕਾਰਨ ਵਲੈਤੋਂ ਆਕੇ ੨੪ ਜਨਵਰੀ ਸੰਨ ੧੯੧੨ ਈ: (੧੧ ਮਾਘ ਸੰਮਤ ੧੯੬੮) ਨੂੰ ਨਾਭਾ ਦੀ ਰਾਜ ਗਦੀ ਪਰ ਬੈਠੇ।

ਸਰਕਾਰ ਅੰਗਰੇਜ਼ੀ ਵਲੋਂ ੨੦ ਦਸੰਬਰ ਸੰਨ ੧੯੧੨ ਨੂੰ ਗੱਦੀ ਨਸ਼ੀਨੀ ਦਾ ਸਿਰੋਪਾਇ ਮਿਲਿਆ। ਗੱਦੀ ਨਸ਼ੀਨੀ ਦੀ ਰਸਮ ਆਪ ਹੀ ਕਰਨ ਕਰਕੇ ਅਤੇ ਯੂਰਪ ਦੇ ਮਹਾਂ ਜੁਧ ਵਿਚ ਪਹਿਲਾਂ ਖੁਲ ਦਿਲੀ ਨਾਲ ਸਹਾਇਤਾ ਨਾ ਕਰਨ ਕਰਕੇ ਸਰਕਾਰ ਨੂੰ ਇਨਾਂ ਪਰ ਕਈ ਸ਼ਕ ਹੋ ਗਏ। ਭਾਵੇਂ ਰਿਆਸਤ ਵਲੋਂ ਸੰਨ ੧੯੧੮ ਈ: ਨੂੰ ਨਾਭਾ ਦੀ ਅਕਾਲ ਇਨਫੈਂਟਰੀ ਮੈਸੋਪੋਟੇਮੀਆਂ ਜੰਗ ਵਿਚ ਗਈ ਅਤੇ ਬਹੁਤ ਨਾਮ ਪਾਇਆ, ਉਸ ਵੇਲੇ ਲਖਾਂ ਰੁਪਏ ਸਹਾਇਤਾ ਲਈ ਦਿਤੇ।

੧੯੧੯ ਈ: ਵਿਖੇ ਅਫਗਾਨ ਜੰਗ ਵਿਚ ਈਰਾਨ ਆਦਿ ਵਿਚ ਮੱਦਦ ਦਿਤੀ ਪਰ ਉਹ ਤਾਰ ਨਾ ਬਝੀ ਜਿਸ ਕਰਕੇ ਕਮੀਨੇ ਪੁਰਸ਼ਾਂ ਨੇ ਮਹਾਰਾਜਾ ਨੂੰ ਨੁਕਸਾਨ ਪਹੁੰਚਾਨ ਵਾਸਤੇ ਯਤਨ ਆਰੰਭ ਦਿਤੇ। ਆਪ ਜੀ ਦੀ ਦੂਜੀ ਸ਼ਾਦੀ ੧੦ ਅਕਤੂਬਰ ਸੰਨ ੧੯੧੮ ਨੂੰ ਸਰਦਾਰ ਪਰੇਮ ਸਿੰਘ ਜੀ ਰਾਇਪੁਰੀਏ ਦੀ ਸਪੁਤ੍ਰੀ ਸਰੋਜਨੀ ਦੇਵੀ ਨਾਲ ਹੋਈ, ਜਿਸ ਤੋਂ ੨੧ ਸਤੰਬਰ ਸੰਨ ੧੯੧੯ ਈ: ਨੂੰ ਟਿੱਕਾ ਪਰਤਾਪ ਸਿੰਘ ਦਾ ਜਨਮ ਹੋਇਆ। ਲਾਲਚੀ ਪੁਰਸ਼ਾਂ ਨੇ ਦੋ ਤਰਫੀ ਲੂਤੀਆਂ ਲਾਕੇ ਆਪਣੀ ਸ੍ਵਾਰਥ ਸਿਧੀ ਵਾਸਤੇ ਮਹਾਰਾਜਾ ਪਟਿਆਲਾ ਅਤੇ ਨਾਭਾ ਵਿਚਕਾਰ ਝਗੜੇ ਪਵਾ ਦਿਤੇ, ਬਹੁਤ ਨਾਜ਼ਕ ਹਾਲਤ ਹੁੰਦੀ ਗਈ।

ਇਹ ਝਗੜਾ ਪੰਥ ਲਈ ਭੀ ਸਖਤ ਦੁਖਦਾਈ ਤੇ ਨੁਕਸਾਨ ਦਾ ਕਾਰਨ ਸਿਧ ਹੋਇਆ। ਜੁਲਾਈ ਸੰਨ ੧੯੨੩ ਈ: (੨੫ ਹਾੜ ਸੰਮਤ ੧੯੮੦ ਬਿ:) ਨੂੰ ਮਹਾਰਾਜਾ ਰਿਪਦਮਨ ਸਿੰਘ ਜੀ ਨੂੰ ਸਰਕਾਰ ਨੇ ਗੱਦੀਓਂ ਉਤਾਰਕੇ ਤਿੰਨ ਲਖ ਰੁਪਏ ਸਾਲਾਨਾ ਖਰਚ ਬੰਧਕੇ ਸਮੇਤ ਪਰਿਵਾਰ ਦੇ ਦੇਹਰਾ ਦੂਨ ਵਿਚ ਘਲ ਦਿਤਾ।

ਆਪ ਦੀ ਥਾਂ ਕੰਮ ਕਰਨ ਵਾਸਤੇ ਸਰਕਾਰ ਨੇ ਮਿ: ਜੇ ਵਿਲਸਨ ਜੋਹਨਸਟਨ ਐਂਡ ਮਜਿਸਟਰੇਟ ਨੀਯਤ ਕਰ ਦਿਤਾ।

ਸ਼ੋਕ! ਕਈ ਪੁਰਸ਼ਾਂ ਨੇ ਮਹਾਰਾਜਾ ਤੇ ਇਲਜ਼ਾਮ ਥਪ ਕੇ ਤਿੰਨ ਲਖ ਰੁਪਏ ਦੀ ਬਜਾਏ ੧੯ ਫਰਵਰੀ ਸੰਨ ੧੯੨੮ ਦੇ ਸਰਕਾਰੀ ਐਲਾਨ ਦੁਆਰਾ ਇਕ ਲਖ ਬੀਸ ਹਜ਼ਾਰ ਰੁਪਏ ਸਾਲਾਨਾ ਖਰਚ ਕਰ ਦਿਤਾ। ੨੭ ਫਰਵਰੀ ਸੰਨ ੧੯੨੮ ਨੂੰ ਦੇਹਰਾ ਦੂਨ ਰਿਹਾਇਸ਼ ਹਾਲਤ ਵਿਚ ਟਿੱਕਾ ਪ੍ਰਤਾਪ ਸਿੰਘ ਜੀ ਨੂੰ ਨਾਭੇ ਦਾ ਮਹਾਰਾਜਾ ਨੀਯਤ ਕਰਕੇ ਮਹਾਰਾਜੇ ਤੋਂ ਵਖ ਕਰ ਦਿਤਾ ਗਿਆ। ਮਹਾਰਾਜਾ ਰਿਪਦਮਨ ਸਿੰਘ ਦੇ ਨਾਮ ਨਾਲੋਂ ਮਹਾਰਾਜਾ ਦੀ ਪਦਵੀ ਹਟਾਈ ਗਈ ਅਤੇ ਮਹਾਰਾਜੇ ਨੂੰ ਕੋਡੀ ਕਨਾਲ (ਇਲਾਕਾ ਮਦਰਾਸ ਜ਼ਿਲਾ ਮਦੁਰਾ) ਦੀ ਪਹਾੜੀ ਪਰ ਨਿਗਰਾਨੀ ਹੇਠ ਰਖਿਆ ਗਿਆ।

ਆਪ ਵਿਚ ਸਿਖ ਧਰਮ ਦਾ ਜਜ਼ਬਾ ਕੰਮ ਕਰ ਰਿਹਾ ਸੀ, ਸੰਨ ੧੯੦੭ ਵਿਚ ੧੪ ਨੰਬਰ ਸਿਖ ਪਲਟਨ ਦੇ ਸੂਬੇਦਾਰ ਵਿਸਾਖਾ ਸਿੰਘ ਦਾ ਅੰਗਰੇਜ਼ੀ ਕਰਨੈਲ ਨੂੰ ਸਲੂਟ ਨਾ

ਕਤਨ ਕਰਕੇ ਨਾਮ ਕਟ ਦਿਤਾ ਸੀ। ਇਸ ਬਾਰੇ ਆਪ ਨੇ ਹਿੰਦ ਦੇ ਸੈਕਟਰੀ ਐਡਮਿਨਿਸਟ੍ਰੇਟਵ ਡੀਪਾਰਟਮੈਂਟ ਨੂੰ ਬਹੁਤ ਜ਼ੋਰਦਾਰ ਪੱਤ੍ਰ ਲਿਖੇ, ਸਰ ਲੂਈ ਡੇਨ ਲਾਟ ਸਾਹਿਬ ਪੰਜਾਬ ਦੇ ਦੌਰੇ ਸਮੇਂ ਆਉ ਭਾਗਤ ਨਾ ਕਰਕੇ ਉਸਨੇ ਆਪਣੀ ਹੱਤਕ ਮੰਨਕੇ ਸਖਤ ਸ਼ਕਾਇਤ ਕੀਤੀ ਸੀ, ਕਿ ਮਹਾਰਾਜਾ ਨਾਭਾ ਨੇ ਸਰਕਾਰ ਹਿੰਦ ਦੇ ਕਾਇਮ ਮੁਕਾਮ ਦੀ ਸਖਤ ਹੱਤਕ ਕੀਤੀ ਹੈ, ਉਪਰੰਤ ਵਾਇਸ ਰਾਇ ਹਿੰਦ ਦੇ ਲਾਹੌਰ ਦਰਬਾਰ ਵਿਚ ਨਾ ਪਹੁੰਚਣ ਕਰਕੇ ਬਹੁਤ ਸ਼ਕ ਵਧ ਗਏ।

ਨਾਭੇ ਪਟਿਆਲੇ ਦਾ ਝਗੜਾ ਕੇਵਲ ਘਰੋਗੀ ਸੀ। ਪਰ ਸਰਕਾਰ ਦੀ ਰੰਜਸ ਦਾ ਕਾਰਨ ਗਦੀਓਂ ਉਤਾਰਨ ਦਾ ਕਾਰਨ ਬਣਗਿਆ ਮਹਾਰਾਜਾ ਨਾਭਾ ਦੇਸ਼ ਭਗਤ ਭੀ ਸੀ, ਉਸ ਨੇ ਹਿੰਦੂ ਯੂਨੀਂ ਵਰਸਟੀ ਬਨਾਰਸ ਨੂੰ ਲਖ ਰੁਪਿਆ ਦਾਨ ਦਿਤਾ ਅਤੇ ਲੁਦਿਹਾਨਾ ਵਿਖੇ ਪੰਜਾਹ ਹਜ਼ਾਰ ਰੁਪਿਆ ਸਹਾਇਤਾ ਦੇਕੇ ਮਾਲਵਾ ਖਾਲਸਾ ਹਾਈ ਸਕੂਲ ਦੀ ਨੀਹ ਰਖੀ।

ਮਹਾਰਾਜਾ ਨੇ ਦੇਹਰਾ ਦੂਨ ਤੋਂ ਫਰਵਰੀ ਸੰਨ ੧੯੨੭ ਨੂੰ ਹਜ਼ੂਰ ਸਾਹਿਬ ਪਹੁੰਚਕੇ ਅੰਮ੍ਰਿਤ ਛਕ ਕੇ 'ਨਾਮ' "ਗੁਰਚਰਨ ਸਿੰਘ" ਰਖਾ ਲਿਆ, ਵਜ਼ੀਫ਼ੇ ਦੀ ਕਾਫੀ ਰਕਮ ਸਹਾਇਤਾ ਦਿੰਦਾ ਰਿਹਾ। ਮਹਾਰਾਜਾ ਦੀ ਜ਼ਿੰਦਗੀ ਦੇ ਹਾਲ ਬਹੁਤ ਅਸਚਰਜ ਤੇ ਦੁਖ ਭਰੇ ਹਨ ਜੋ ਮਹਾਰਾਜਾ ਦਲੀਪ ਸਿੰਘ ਨਾਲੇ ਮਿਲਦੇ ਜੁਲਦੇ ਹੈਨ। ਪਹਿਲਾਂ ਭੀ ਇਸ ਰਾਜ ਦੇ ਰਾਜਾ ਜਸਵੰਤ ਸਿੰਘ ਦੇ ਸਪੁਤ੍ਰ ਰਾਜਾ ਦਵਿੰਦਰ ਸਿੰਘ ਨੂੰ ਗਦੀਓਂ ਉਤਾਰਕੇ ਸਰਕਾਰ ਨੇ ਜਲਾ

ਵਤਨ ਕੀਤਾ ਸੀ।

ਉਸ ਪਰ ਇਹ ਇਲਜ਼ਾਮ ਸੀ ਕਿ ਉਸ ਨੇ ਖਾਲਸਾ ਦਰਬਾਰ ਲਾਹੌਰ ਅਤੇ ਅੰਗਰੇਜ਼ਾਂ ਦੀ ਜੰਗ ਸਮੇਂ 'ਅੰਗਰੇਜ਼ੀ ਸਰਕਾਰ ਦਾ ਸਾਥ ਨਹੀਂ ਦਿਤਾ' ਉਸ ਵੇਲੇ ਨਾਭੇ ਦਾ ਇਲਾਕਾ ਡਬਰਾਉਂ ਤੇ ਅਮਲੋਹ, ਜ਼ਬਤ ਹੋ ਗਏ ਸਨ, ਮੌਜੂਦਾ ਹਾਲਤ ਦੀ ਤਰਾਂ ਹੀ ਰਾਜਾ ਦਵਿੰਦਰ ਸਿੰਘ ਦੇ ਸਪੁਤ੍ਰ ਭਰਪੂਰ ਸਿੰਘ ਨੂੰ ਗੱਦੀ ਦਿਤੀ ਗਈ ਸੀ, ਰਾਜਾ ਭਰਪੂਰ ਸਿੰਘ ਨੇ ਸਤਵੰਜੇ ਦੇ ਗਦਰ ਵਿਚ ਅੰਗਰੇਜ਼ਾਂ ਦੀ ਦਿਲੋਜਾਨ ਨਾਲ ਮੱਦਦ ਕੀਤੀ ਤਾਂ ਕਿਤੇ ਜ਼ਬਤ ਇਲਾਕੇ ਵਾਪਸ ਹੋ ਕੇ ਤੇ ਅਗੇ ਨੂੰ ਵਫਾਦਾਰ ਰਹਿਣ ਦੀ ਸ਼ਰਤ ਪਰ ਜ਼ਿਲਾ ਬਾਵਲ ਤੇ ਕਾਂਨਟੀ ਦਾ ਸਵਾ ਕੁ ਲਖ ਦਾ ਇਲਾਕਾ ਇਨਾਮ ਵਿਚ ਦਿਤਾ, ਰਾਜਾ ਦਵਿੰਦਰ ਸਿੰਘ ਭੀ ਮਹਾਰਾਜਾ ਗੁਰ ਚਰਨ ਸਿੰਘ ਦੀ ਤਰਾਂ ਜਲਾਵਤਨੀ ਵਿਚ ਚਲਾਣੇ ਕਰ ਗਿਆ ਸੀ, ਮਹਾਰਾਜਾ ਗੁਰ ਚਰਨ ਸਿੰਘ ਦੀ ਬਹਾਲੀ ਹਿਤ ਸ਼੍ਰੋਮਣੀ ਕਮੇਟੀ ਨੇ ਜੈਤੋ ਮੋਰਚਾ ਭੀ ਲਾਇਆ ਪਰ ਅਨਮਤੀ ਲੀਡਰਾਂ ਨੇ ਉਸ ਨੂੰ ਫੇਹਲ ਕਰਵਾ ਦਿਤਾ ਸੀ, ਸਿਖਾਂ ਵਿਚ ਕਮਜ਼ੋਰੀ ਆਣ ਲਗੀ।

ਮਹਾਰਾਜਾ ਗੁਰਚਰਨ ਸਿੰਘ ਦੇ ਰਾਜ ਤਿਆਗ ਅਤੇ ਦੁਖਾਂ ਸਬੰਧੀ ਬਹੁਤ ਕੁਛ ਲਿਖਿਆ ਮਿਲਦਾ ਹੈ। ਆਪ ਦਾ ਦੇਹਾਂਤ ਕੋਡੀ ਕਨਾਲ (ਇਲਾਕਾ ਮਦਰਾਸ) ਵਿਖੇ ੧੩ ਦਸੰਬਰ ਸੰਨ ੧੯੪੨ ਮੁਤਾਬਿਕ ੨੮ ਮਘਰ ਸੰਮਤ ੧੯੯੯ ਨੂੰ ਹੋਇਆ, ਸਰਕਾਰ ਅੰਗਰੇਜ਼ੀ ਵਲੋਂ ਮਹਾਰਾਜਾ ਪ੍ਰਤਾਪ ਸਿੰਘ ਜੀ ਨੂੰ ਅਖੀਰ ਦਮਾਂ ਤੱਕ ਭੀ ਪਿਤਾ ਨੂੰ ਮਿਲਣ

ਦੀ ਆਗਿਆ ਨਾ ਦਿਤੀ ਗਈ।

ਵਰਤਮਾਨ ਮਹਾਰਾਜਾ ਪ੍ਰਤਾਪ ਸਿੰਘ ਜੀ ਨਾਭਾ

ਜਿਸ ਵੇਲੇਆਪਦੇ ਪਿਤਾ ਮਹਾਰਾਜਾ ਰਿਪੁਦਮਨ ਸਿੰਘ (ਗੁਰਚਰਨ ਸਿੰਘ ਡੇਹਰਾ ਦੂਨ ਵਿਖੇ ਸਰਕਾਰ ਦੀ ਨਿਗਰਾਨੀ ਵਿਚਸਨ, ਆਪ ਦੀ ਉਮਰ ਅਠ ਕੁ ਸਾਲਦੀ ਸੀ, ਮਹਾਰਾਜਾ ਨੂੰ ਕੁੜਾਈ ਕਨਾਲ ਘਲਕੇ ਪਿਤਾ ਨਾਲੋਂ ਵਿਛੋੜ ਕੇ ਇਨਾਂ ਦੀ ਮਾਤਾ (ਮਹਾਰਾਣੀ ਸਰੋਜ ਨੀ ਨੈਡੋ) ਸਮੇਤ ਦੇਹਰਾ ਦੂਨ ਰਖ ਕੇ ਮਹਾਰਾਜਾ ਹੋਣਾ ਮਨਾਲਿਆ। ਜਿਸ ਪਰ ੨੩ ਫਰਵਰੀ ਸੰਨ ੧੯੨੮ ਈ: ਨੂੰ ਵਾਇਸਰਾਇ ਹਿੰਦ ਦੇ ਏਜੰਟ ਨੇ ਦੇਹਰਾ ਦੂਨ ਪਹੁੰਚ ਕੇ ਹੁਕਮ ਸੁਣਾਇਆ ਕਿ ਆਪ ਨੂੰ ਸਹਿਨਸ਼ਾਹ ਨੇ, ਮਹਾਰਾਜਾ ਹੋਣਾ ਮੰਨ ਲਿਤਾ ਹੈ, ਉਸ ਸਮੇਂ ਤੋਂ ਆਪ ਮਹਾਰਾਜਾ ਸ਼ਬਦ ਨਾਲ ਨਿਵਾਜੇ ਗਏ ਤੇ ਹਰ ਪ੍ਰਕਾਰ ਦਾ ਪ੍ਰਬੰਧ ਸਰਕਾਰ ਅੰਗਰੇਜ਼ੀ ਨੇ ਸੰਭਾਲ ਲਿਤਾ।

ਮਹਾਰਾਣੀ ਅਤੇ ਮਹਾਰਾਜਾ ਪ੍ਰਤਾਪ ਸਿੰਘ ਦਾ ਮੇਲ ਮਹਾਰਾਜਾ ਗੁਰਚਰਨ ਸਿੰਘ ਨਾਲ ਕਤਈ ਬੰਦ ਕਰ ਦਿਤਾ ਆਪ ਕੁਛ ਸਮਾਂ ਦੇਹਰਾ ਦੂਨ ਰਹਿਕੇ ਵਿਦਿਆ ਪਰਾਪਤ ਕਰਦੇ ਰਹੇ, ਅਖੀਰ ਆਪ ਨੂੰ ਮਾਤਾ ਨਾਲੋਂ ਭੀ ਵਖ ਕਰ ਕੇ ਯੂਰਪ ਵਿਖੇ ਲੈ ਜਾਕੇ ਪੜ੍ਹਾਇਆ ਗਿਆ, ਜਿਥੇ ਕਿ ਆਪ ਨੇ ਈਸਾਈ ਅਸਰ ਨਾਲ ਕੇਸਾਂ ਦੀ ਬੇਅਦਬੀ ਕੀਤੀ, ਖਾਲਸਾ ਪੰਥ ਵਲੋਂ ਨਫਰਤ ਦਾ ਜੋਰ ਪੈਣ ਪਰ ਆਪ ਦੇ ਕੇਸ ਰਖਵਾਏ ਗਏ। ਅਗੇ ਨੂੰ ਸਿਖ ਧਰਮ ਵਿਚ ਪੱਕੇ ਰਹਿਣ ਦਾ ਪ੍ਰਣ ਕੀਤਾ।

ਆਪ ਦੇ ਨਾਮ ਨਾਲ ਇਕਰ ਦਾ ਖਿਤਾਬ ਲਿਖਿਆ ਜਾਂਦਾ ਹੈ 'ਹਿਜ਼ ਹਾਈ ਨੈਸ' ਫਰਜੰਦੇ ਅਰਜ਼ਮੰਦ, ਅਕੀਦਤ ਪੈਵੰਦ ਦੌਲਤੇ ਇੰਗਲਿਸ਼ੀਆ ਬੈਰਾੜ ਵੰਸ, ਸਿਰ ਮੌਰ, ਰਾਜਾਏ ਰਾਜਗਾਨ ਮਹਾਰਾਜਾ ਪ੍ਰਤਾਪ ਸਿੰਘ ਮਾਲਵਿੰਦਰ ਬਹਾਦੁਰ।

ਨੋਟ—ਚੌਧਰੀ ਤਿਲੋਕ ਦਾ ਘਰ ਹੋਣ ਕਰਕੇ ਰਿਆਸਤ ਨਾਭਾ ਦੇ ਮਹਾਰਾਜੇ ਭਾਈ ਚਾਰੇ ਦੇ ਲਿਹਾਜ਼ ਨਾਲ ਵਡੇ ਢਾਂ ਹਨ।

ਨਾਭਾ ਰਿਆਸਤ ਦਾ ਰਕਬਾ ੯੬੮ ਨੌ ਸੌ ਅਠਾਹਠ ਮਰੱਬਾ ਮੀਲ ਹੈ। ਸਲਾਨਾ ਆਮਦਨ ਪਚੀਸ ਤੀਸ ਲਾਖ ਰੁਪਏ ਹੈ ਪੌਣੇ ਕੁ ਤਿੰਨ ਲੱਖ ਦੀ ਅਬਾਦੀ ਹੈ।

ਮਹਾਰਾਜਾ ਭੂਪਿੰਦਰ ਸਿੰਘ ਜੀ ਪਟਿਆਲਾ

ਮਹਾਰਾਜਾ ਰਾਜਿੰਦਰ ਸਿੰਘ ਜੀ ਦੇ ਸਪੁਤ੍ਰ ਭੂਪਿੰਦਰ ਸਿੰਘ ਜੀ ਨਵੰਬਰ ਸੰਨ ੧੯੦੦ ਵਿਖੇ ਪਿਤਾ ਦੇ ਚਲਾਣੇ ਪਰ ਨੌ ਕੁ ਸਾਲਾਂ ਦੀ ਉਮਰ ਵਿੱਚ ਤਖਤ ਨਸ਼ੀਨ ਹੋਏ। ਨਾਬਾਲਗੀ ਦੇ ਸਮੇਂ ਕੌਂਸਲ ਆਫ ਰੀਜੈਂਸੀ ਕਾਇਮ ਰਹੀ। ਅਕਤੂਬਰ ਸੰਨ ੧੯੦੯ ਨੂੰ ਰਾਜ ਪ੍ਰਬੰਧ ਸੰਭਾਲਿਆ। ਮਹਾਰਾਜਾ ਭੂਪਿੰਦਰ ਸਿੰਘ ਜੀ ਨੂੰ ਆਪਣੀ ਉਚ ਲਿਆਕਤ ਦੇ ਕਾਰਨ ਹਿੰਦੁਸਤਾਨ ਭਰ ਦੇ ਰਈਸਾਂ ਵਿਚੋਂ ਸਰੋਮਣੀ

ਮੰਨਿਆਂ ਗਿਆ। ਅੰਗਰੇਜ਼ ਭੀ ਆਪ ਦੀ ਲਿਆਕਤ ਅਤੇ ਰਾਜਨੀਤੀ ਦੇ ਸਿਕੇ ਨੂੰ ਮੰਨਦੇ ਸਨ। ਹਿੰਦੁਸਤਾਨ ਭਰ ਦੇ ਰਾਜਿਆਂ ਮਹਾਰਾਜਿਆਂ ਨੇ ਜਨਵਰੀ ਸੰਨ ੧੯੨੬ ਵਿਖੇ ਆਪ ਨੂੰ ਨਰੇਂਦ੍ਰ ਮੰਡਲ ਦਾ ਚਾਂਸਲਰ ਥਾਪਿਆ, ਆਪ ਨੇ ਇਸ ਸਰੋਮਣਤਾ ਨੂੰ ਪਾਕੇ ਅਮਲੀ ਸਬੂਤ ਦਿਤਾ ਕਿ ਸਿਖ ਮਹਾਰਾਜੇ ਹਿੰਦੁਸਤਾਨ ਦੇ ਵਡੇ ਤੋਂ ਵਡੇ ਰਾਜਿਆਂ ਵਿਚ ਆਪਣੀ ਉਚ ਲਿਅਕਤ ਦਾ ਪ੍ਰਤੱਖ ਸਬੂਤ ਹਨ।

ਸਰਕਾਰ ਅੰਗਰੇਜ਼ੀ ਵਲੋਂ ਜਿਤਨੇ ਖਿਤਾਬ ਆਪ ਨੂੰ ਪ੍ਰਾਪਤ ਹੋਏ ਸ਼ਾਇਦ ਹੀ ਕਿਸੇ ਹਿੰਦੁਸਤਾਨ ਦੇ ਰਈਸ ਨੂੰ ਮਿਲੇ ਹੋਣ। ਮਹਾਰਾਜਾ ਭੂਪਿੰਦਰ ਸਿੰਘ ਜੀ ਸੰਨ ੧੯੧੮ ਈ: ਵਿਚ ਹਿੰਦੁਸਤਾਨ ਵਲੋਂ 'ਇੰਪੀਰੀਅਲ ਵਾਰ ਕਾਨਫਰੈਂਸ ਵਿਖੇ ਰੂਲਿੰਗ ਪ੍ਰਿੰਸਜ਼ ਵਲੋਂ ਪ੍ਰਤਿਨਿਧ ਬਣਕੇ ਇੰਗਲੈਂਡ ਪਹੁੰਚੇ ਸਨ। ਉਸ ਵੇਲੇ ਯੂਰਪ ਦੇ ਕਈ ਮੁਲਕਾਂ ਵਲੋਂ ਭੀ ਆਪ ਦੀ ਉਚ ਲਿਆਕਤ ਦੀ ਪ੍ਰਸੰਸਾ ਹੋਈ ਅਤੇ ਵਡੇ ਵਡੇ ਖਿਤਾਬ ਦਿਤੇ ਗਏ।

ਮਹਾਰਾਜਾ ਭੂਪਿੰਦਰ ਸਿੰਘ ਦਾ ਖਿਤਾਬ ਇਕਰ ਦਾ ਸੀ.—

"ਮੇਜਰ ਜਨਰਲ ਹਿਜ਼ ਹਾਈਨੈਸ ਫਰਜੰਦੇ ਖਾਸ, ਦੌਲਤੇ ਇੰਗਲਸ਼ੀਆ, ਮਨਜ਼ੂਰੇ ਜ਼ਮਾਨਾ ਅਮੀਰੁਲ ਉਮਰਾ ਮਹਾਰਾਜਾ-ਧਿਰਾਜ ਰਾਜੇਸ਼ਰ ਮਹਾਰਾਜਾ ਰਾਜਾਏ ਰਾਜਗਾਨ ਸਰ ਭੂਪਿੰਦਰ ਸਿੰਘ ਮਹੇਂਦਰ ਬਹਾਦਰ ਜੀ. ਸੀ. ਐਸ. ਆਈ॥ ਜੀ. ਸੀ. ਆਈ. ਈ॥ ਜੀ. ਸੀ. ਬੀ. ਓ.॥ ਜੀ. ਬੀ ਈ.॥ ਏ. ਡੀ. ਸੀ.॥ ਐਫ. ਆਰ. ਜੀ. ਐਸ.॥ ਐਫ. ਜ਼ੈਡ.

ਐਸ. ॥ ਐਮ. ਆਰ. ਏ. ਐਸ. ॥ ਐਮ. ਆਰ. ਐਸ. ਏ ॥ ਐਫ ਆਰ. ਆਈ. ॥ ਐਫ. ਆਰ. ਐਚ. ਐਸ. ॥ ਆਦਿ ਆਦਿ ਬਹੁਤ ਸਾਰੇ ਖਿਤਾਬ ਮਿਲੇ ਇਥੇ ਹੀ ਬਸ ਨਹੀਂ ਬਿਲਜੀਅਮ, ਇਟਲੀ, ਫਰਾਂਸ ਵਲੋਂ ਭੀ ਆਪ ਨੂੰ ਖਿਤਾਬਾਂ ਨਾਲ ਸਨਮਾਨਿਆ ਗਿਆ।

ਪਟਿਆਲਾ ਰਿਆਸਤ ਦਾ ਰਕਬਾ ਪੰਜ ਹਜ਼ਾਰ ਚਾਰ ਸੌ ਬਾਰਾਂ ਮਰੱਬਾ ਮੀਲਾਂ ਵਿਚ ਹੈ ਅਤੇ ਸਵਾਕੁ ਕਰੋੜ ਰੁਪਏ ਦੀ ਆਮਦਨੀ ਅਤੇ ਪੰਦਰਾ ਕੁ ਲੱਖ ਦੀ ਮਰਦਮ ਸ਼ੁਮਾਰੀ ਹੈ।

ਭਾਂਵੇਂ ਖਾਲਸਾ ਪੰਥ ਵਿਚ ਮਹਾਰਾਜਾ ਭੁਪਿੰਦਰ ਸਿੰਘ ਦੀਆਂਕਈਕੁ ਪੰਥਵਿਰੁਧ ਕਾਰਰਵਾਈਆਂ ਤੋਂ ਘਿਰਣਾਰਹੀ ਫਿਰ ਭੀ ਕਾਫੀ ਹਿਸਾ ਆਪ ਨੂੰ ਪੰਥ ਵਿਚ ਬਤੌਰ ਜਥੇਦਾਰ ਦੇ ਸਤਕਾਰਦਾ ਰਿਹਾ।

ਦਾਨੀ ਹੋਣ ਦਾ ਆਪ ਵਿਚ ਖਾਸ ਗੁਣ ਸੀ। ਪੰਥਕ ਕੰਮਾਂ ਵਿਚ ਭੀ ਇਸ ਮਹਾਰਾਜੇ ਨੇ ਕਾਫੀ ਹਿਸਾ ਲਿਤਾ, ਆਪ ਦਾ ਦੇਹਾਂਤ ੨੪ ਮਾਰਚ ਸੰਨ ੧੯੩੮ ਈ: [੧੦ ਚੇਤਰ ਸੰਨ ੧੯੯੪] ਨੂੰ ਹੋਇਆ।

ਨੋਟ:–ਪਟਿਆਲੇ ਦੇ ਮਹਾਰਾਜਿਆਂ ਦਾ ਮਾਣ! ਖਾਲਸਾ ਪੰਥ ਵਿਚ ਬਾਬਾ ਆਲਾ ਸਿੰਘ ਜੀ ਤੋਂ ਲੈਕੇ ਬਤੌਰ ਜਥੇਦਾਰ ਦੇ ਰਿਹਾ ਹੈ।

★

ਵਰਤਮਾਨ ਮਹਾਰਾਜਾ ਯਾਦਵਿੰਦ੍ਰ ਸਿੰਘ ਜੀ ਪਟਿਆਲਾ

ਮਹਾਰਾਜਾ ਯਾਦਵਿੰਦ੍ਰ ਸਿੰਘ ਜੀ ਦਾ ਜਨਮ ਸਰਦਾਰ ਬਹਾਦਰ ਜਨਰਲ ਗੁਰਨਾਮ ਸਿੰਘ ਜੀ ਦੀ ਸਪੁਤ੍ਰੀ ਬਖਤਾਵਰ ਕੌਰ ਜੀ ਦੇ ਉਦਰ ਥੀਂ ੭ ਜਨਵਰੀ ਸੰਨ ੧੯੧੩ ਈ: [ਮੁਤਾਬਿਕ ੨੫ ਪੋਹ ਸੰਮਤ ੧੯੬੯ ਬਿ:] ਨੂੰ ਹੋਇਆ। ਮਹਾਰਾਜਾ ਭੂਪਿੰਦਰ ਸਿੰਘ ਜੀ ਦੇ ਚਲਾਣੇ ਪਿਛੋਂ ਮਾਰਚ ਸੰਨ ੧੯੩੮ [ਸੰਮਤ ੧੯੯੪] ਵਿਖੇ ਰਾਜ ਗੱਦੀ ਪਰ ਸ਼ਸੋਭਤ ਹੋਏ।

ਆਪ ਦੀ ਪਹਿਲੀ ਸ਼ਾਦੀ ਮਹਾਰਾਜਾ ਭੂਪਿੰਦਰ ਸਿੰਘ ਜੀ ਦੇ ਜ਼ੋਰ ਸਾਯਾ ਰਾਜ ਪੂਤਾਂ ਦੇ ਹੋਈ ਪਰ ਆਪ ਨੇ ਦੂਜੀ ਸ਼ਾਦੀ ਗੁਰੂ ਘਰ ਦੀ ਮਰਯਾਦਾ ਅਨੁਸਾਰ ਸਰਦਾਰ ਹਰਚੰਦ ਸਿੰਘ ਜੀ [ਜੇਜੀ] ਰਈਸ ਦੀ ਸਪੁਤ੍ਰੀ ਨਾਲ ਕਰਵਾਈ। ਆਪਨੇ ਮਹਾਰਾਜਾ ਭੂਪਿੰਦਰ ਸਿੰਘ ਜੀ ਦੇ ਸਮੇਂ ਦੇ ਪੰਥ ਨਾਲ ਕਈ ਪਏ ਤਫਰਕੇ ਦੂਰ ਕਰਕੇ ਖਾਲਸਾ ਪੰਥ ਵਿਚ ਕਾਫੀ ਰਸੂਖ ਅਤੇ ਪਰੇਮ ਹਾਸਲ ਕਰ ਲਿਆ। ਅਜਕਲ ਪੰਥ ਵਿਚ ਮਹਾਰਾਜਾ ਯਾਦਵਿੰਦ੍ਰ ਸਿੰਘ ਜੀ ਦਾ ਕਾਫੀ ਸਤਿਕਾਰ ਹੈ।

ਪਟਿਆਲਾ ਰਿਆਸਤ ਵਿਖੇ ਗੁਰਮੁਖੀ ਨੂੰ ਅਦਾਲਤੀ ਬੋਲੀ ਬਣੌਣ ਨਾਲ ਆਪ ਨੂੰ ਬਹੁਤ ਮਾਨ ਪਰਾਪਤ ਹੋ ਗਇਆ, ਹੋਰ ਭੀ ਆਪਨੇ ਪਟਿਆਲਾ ਪਰਜਾ ਦੇ ਸੁਖ ਲਈ ਕਈ

ਕੰਮ ਕੀਤੇ ਹਨ। ਵਸ਼ੇਸ਼ ਕਰਕੇ ੨ ਨਵੰਬਰ ਸੰਨ ੧੯੪੬ (੧੭ ਕਤਕ ਸੰਮਤ ੨੦੦੩) ਨੂੰ ਜੋ ਫਰਮਾਨ ਸ਼ਾਹੀ ਜਾਰੀ ਕੀਤਾ ਹੈ ਖਾਸ ਮਹਾਨਤਾ ਰਖਦਾ ਹੈ। ਜਿਸ ਦੁਆਰੇ ਆਪ ਨੇ ਗੁਰਦੁਆਰਿਆਂ ਦਾ ਪ੍ਰਬੰਧ ਸਿਖ ਪਬਲਿਕ ਦੇ ਹੱਥ ਵਿਚ ਦੇ ਦਿਤਾ ਹੈ, ਅਤੇ ਸਿਖ ਕੌਮ ਨੂੰ ਅਪਣਾਇਆ ਹੈ ਪਟਿਆਲਾ ਪਰਜਾ ਲਈ ਚੰਗੀਆਂ ਸਹੂਲਤਾਂ ਤੇ ਰਿਆਇਤਾਂ ਦਿਤੀਆਂ ਹਨ। ਇਸ ਤੋਂ ਪਹਿਲਾਂ ਨਾਮਧਰੀਕ ਅਛੂਤ ਸਿਖਾਂ ਨੂੰ ਕਾਸ਼ਤ ਕਾਰ ਕਰਾਰ ਦੇਕੇ ਕਾਫੀ ਜਸ ਖਟਿਆ ਹੈ।

ਰਿਆਸਤ ਫਰੀਦ ਕੋਟ

ਇਸ ਦਾ ਰਕਬਾ ੬੪੩ ਛੀ ਸੌ ਤ੍ਰਿਤਾਲੀ ਮਰੱਬਾ ਮੀਲ ਦਾ ਹੈ ਪੌਣੇ ਕੁ ਦੋ ਲੱਖ ਦੀ ਆਬਾਦੀ ਹੋਣ ਕਰ ਕੇ ਛੋਟੀ ਜਹੀ ਸਿਖ ਰਿਆਸਤ ਹੈ। ਇਸ ਦੀ ਕਾਇਮੀ ਸਤਵੇਂ ਗੁਰੂ ਜੀ ਦੀ ਬਖਸ਼ਸ਼ ਨਾਲ ਹੋਈ ਰਿਆਸਤ ਤਾਂ ਇਹ ਬੀਸ ਕੁ ਲੱਖ ਰੁਪਏ ਦੀ ਆਮਦਨੀ ਦੀ ਹੈ ਪਰ ਇਹ ਸੁੰਦਰਤਾ ਤੇ ਤ੍ਰਕੀ ਦਾ ਨਮੂਨਾ ਹੈ। ਰਾਜਾ ਬਿਕਰਮ ਸਿੰਘ ਜਿਨ੍ਹਾਂ ਦਾ ਨਾਮ ਫਰੀਦ ਕੋਟ ਵਾਲਾ ਟੀਕਾ ਛਪਵੌਣ ਕਰਕੇ ਪ੍ਰਸਿਧ ਹੈ ਇਨਾ ਦਾ ਦੇਹਾਂਤ ੮ ਅਗਸਤ ਸੰਨ ੧੮੯੮ ਵਿਖੇ ਹੋਇਆ ਇਨ੍ਹਾ ਦੇ ਸਪੁਤ੍ਰ ਰਾਜਾ ਬਲਬੀਰ ਸਿੰਘ ੧੬ ਦਸੰਬਰ ਸੰਨ ੧੮੯੮ ਈ: ਨੂੰ ਰਾਜ ਤਖਤ ਪਰ ਬੈਠ ਪਰ ਇਹ ਸੰਨ ੧੯੦੬ ਵਿਚ ਚਲਾਣਾਂ ਕਰ ਗਏ। ਆਪ ਦੇ ਉਲਾਦ ਕੋਈ ਨਹੀਂ ਸੀ ਜਿਸ ਕਰਕੇ ਆਪ ਦੇ ਛੋਟੇ ਭਾਈ ਸਰ ਰਾਜਿੰਦਰ ਸਿੰਘ ਜੀ ਦੇ ਸਪੁਤ੍ਰ ਬ੍ਰਿਜਇੰਦਰ ਸਿੰਘ ਜੀ ਨੂੰ ੧੯੦੬

ਵਿਚ ਮਤਬੰਨਾ ਕਰ ਲਿਆ ਸੀ।

ਕੌਰ ਬ੍ਰਿਜਇੰਦਰ ਸਿੰਘ ੧੫ ਮਾਰਚ ਸੰਨ ੧੯੦੯ ਨੂੰ ਫਰੀਦ ਕੋਟ ਦੇ ਰਾਜ ਸਿੰਘਾਸਨ ਪਰ ਬੈਠਿਆ। ਇਸ ਨੇ ਉਚ ਦਰਜੇ ਦੀ ਵਿਦਿਆ ਪ੍ਰਾਪਤ ਕੀਤੀ। ਆਪ ਨੂੰ ਸਰਕਾਰ ਅੰਗਰੇਜ਼ੀ ਨੇ ਮਹਾਰਾਜਾ ਦੀ ਪਦਵੀ ਦਿਤੀ, ਹੋਰ ਭੀ ਕਾਫੀ ਅਖ਼ਤਿਆਰ ਦਿਤੇ ਗਏ, ਫਰੀਦ ਕੋਟ ਦੇ ਮਹਾਰਾਜਿਆਂ ਨੇ ਜੋ ਸੇਵਾ ਸਰਕਾਰ ਅੰਗਰੇਜ਼ੀ ਦੀ ਕੀਤੀ ਹੈ ਉਸ ਦਾ ਸਾਨੀ ਸ਼ਾਇਦ ਹੀ ਕੋਈ ਹੋਵੇ। ਮਹਾਰਾਜਾ ਬ੍ਰਿਜਇੰਦਰ ਸਿੰਘ ਬਾਈਸ ਸਾਲਾਂ ਦੀ ਉਮਰ ਵਿਚ ੨੨ ਦਸੰਬਰ ਸੰਨ ੧੯੧੮ ਨੂੰ ਅਕਾਲ ਚਲਾਣਾ ਕਰ ਗਿਆ ਇਨਾਂ ਦਾ ਸੋਕ ਚਾਰੇ ਪਾਸੀ ਮਨਾਇਆ ਗਿਆ।

ਵਰਤਮਾਨ ਮਹਾਰਾਜਾ ਹਰਿਇੰਦਰ ਸਿੰਘ ਜੀ ਫਰੀਦ ਕੋਟ

ਮਹਾਰਾਜਾ ਬ੍ਰਿਜਇੰਦਰ ਸਿੰਘ ਜੀ ਦੇ ਸਪੁਤ੍ਰ ਹਰ-ਇੰਦਰ ਸਿੰਘ ਜੀ ਮੌਜੂਦਾ ਹੁਕਮਰਾਨ ਹਨ, ਜਿਨਾਂ ਦਾ ਜਨਮ ੨੯ ਫਰਵਰੀ ਸੰਨ ੧੯੧੫ ਨੂੰ ਮਹਾਰਾਣੀ ਮਹਿੰਦਰ ਕੌਰ ਜੀ ਸਪੁਤ੍ਰੀ ਸ: ਜੀਉਣ ਸਿੰਘ ਜੀ ਰਈਸ ਸ਼ਾਹਜਾਦਪੁਰ ਦੇ ਉਦਰੋਂ ਹੋਇਆ। ਮਹਾਰਾਜਾ ਹਰਇੰਦਰ ਸਿੰਘ ਜੀ ੨੩ ਦਸੰਬਰ ਸੰਨ ੧੯੨੮ ਈ: ਨੂੰ ਰਾਜ ਗਦੀ ਪਰ ਵਿਰਾਜੇ।

ਮਹਾਰਾਜਾ ਦੇ ਨਾਮ ਨਾਲ ਇੱਕਰ ਦੇ ਖਿਤਾਬ ਵਰਤੇ ਜਾਂਦੇ ਹਨ:-

"ਹਿਜ਼ ਹਾਈ ਨੈਸ, ਫਰਜ਼ੰਦੇ ਸ਼ਆਦਤ ਨਿਸ਼ਾਨ ਹਜ਼ਰਤੇ, ਕੈਸਰ ਹਿੰਦ, ਬਰਾੜ ਵੰਸ ਮਹਾਰਾਜਾ ਹਰਇੰਦਰ ਸਿੰਘ ਬਹਾਦੁਰ ਫਰੀਦ ਕੋਟ ਆਦਿ" ਸਰਕਾਰ ਵਲੋਂ ਹੋਰ ਭੀ ਖਿਤਾਬ ਮਿਲੇ ਹਨ।

ਇਸ ਰਿਆਸਤ ਦਾ ਨੰਬਰ ਪੰਜਾਬ ਵਿਚ ਤੇਰਵਾਂ ਹੈ ਮਹਾਰਾਜਾ ਸਿਖ ਧਰਮ ਵਿਖੇ ਪੱਕਾ ਹੋਣ ਕਰਕੇ ਖਾਲਸਾ ਪੰਥ ਵਿਚ ਇਨਾ ਦੀ ਕਾਫੀ ਇਜ਼ਤ ਹੈ। ਆਪ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਧਾਨ ਚੁਣੇ ਗਏ ਹਨ। ਨਵੰਬਰ ਸੰਨ ੧੯੨੧ ਤੋਂ ਇਸ ਰਿਆਸਤ ਦਾ ਸਨਬੰਧ ਏ. ਜੀ. ਜੀ. ਪੰਜਾਬ ਸਟੇਟਸ ਹੈ ਨਾਲ ਰਿਆਸਤ ਦੇ ਤੋਸ਼ੇ ਖਾਨੇ ਵਿਖੇ ਸ੍ਰੀ ਗੁਰੂ ਦਸਮੇਸ਼ ਜੀ ਦੀ ਬਖਸ਼ਸ਼ ਇਕ ਤਲਵਾਰ ਅਤੇ ਢਾਲ ਹੈ ਜੋ ਗੁਰੂ ਜੀ ਨੇ ਚੌਧਰੀ ਕਪੂਰ ਸਿੰਘ ਜੀ (ਰਾਜ ਦੇ ਬਾਨੀ) ਨੂੰ ਸਿਰੋਪਾਓ ਦਿਤਾ ਸੀ। ਇਸ ਰਾਜ ਦੀ ਬੰਸਾਵਲੀ ਬਰਾੜ ਤੋਂ ਚਲਦੀ ਹੈ 'ਬਰਾੜ ਕੌਮ' ਦਾ ਗੁਰੂ ਆਗਿਆ ਵਿਚ ਰਹਿਣ ਦਾ ਜਿਕਰ ਜਫਰ ਨਾਮਹ ਵਿਚ ਆਇਆ ਹੈ।

"ਹਮਹ ਕੌਮ ਬੈਰਾੜ ਹੁਕਮੇ ਮਰਾਸਤ"

ਨੋਟ:–ਇਸ ਰਿਆਸਤ ਦੇ ਬਜੁਰਗ ਬਰਾੜ, ਦੁਲ, ਰਤਨ ਪਾਲ ਸੰਘਰ, ਚੌਧਰੀ ਭੱਲਣ, ਅਗੇ ਚੌਧਰੀ ਕਪੂਰ ਸਿੰਘ ਜਿਸ ਦਾ ਦੇਹਾਂਤ ਸੰਨ ੧੭੦੮ ਈ: ਵਿਖੇ ਹੋਇਆ। ਬੈਰਾੜ ਅਤੇ ਸਿਧੂ ਪਿਛੋਂ ਇਕੋ ਸਾਖ ਵਿਚ ਜਾ ਰਲਦੇ ਹਨ। ਵਾਸਤਵ ਵਿਚ ਪਟਿਆਲਾ ਨਾਭਾ ਜੀਂਦ ਫਰੀਦ ਕੋਟ ਦੇ ਮਹਾਰਾਜੇ ਪਿਛੋਂ ਇਕੋ ਖਾਨਦਾਨ ਦੇ ਰਤਨ ਹਨ।

ਵਰਤਮਾਨ ਮਹਾਰਾਜਾ ਰਣਬੀਰ ਸਿੰਘ ਜੀ ਜੀਂਦ

ਰਾਜਾ ਸਰੂਪ ਸਿੰਘ ਦਾ ਵੱਡਾ ਪੁਤ੍ਰ ਟਿਕਾ ਰਣਧੀਰ ਸਿੰਘ ਸੰਮਤ ੧੮੮੭ ਬਿ: ਵਿਚ ਜਨਮਕੇ ਸੰਮਤ ੧੯੦੫ ਬ: ਵਿਚ ਪਿਤਾ ਦੀ ਹੋਂਦ ਵਿਚੇ ਚਲਾਣੇ ਕਰ ਗਿਆ ਸੀ। ਦੂਜਾ ਪੁਤ੍ਰ ਰਘੁਬੀਰ ਸਿੰਘ ਜੋ ੧੧ ਜਨਵਰੀ ਸੰਨ ੧੮੩੩ ਈ: ਨੂੰ ਮਹਾਰਾਣੀ ਕ੍ਰਿਸ਼ਨ ਕੌਰ ਦੇ ਉਦਰੋਂ ਜਨਮਿਆ ਇਹ ੩੧ ਮਾਰਚ ਸੰਨ ੧੮੬੪ ਨੂੰ ਜੀਂਦ ਦੀ ਗੱਦੀ ਪਰ ਬੈਠਿਆ ਸੰਗਰੂਰ ਸ਼ਹਿਰ ਦੀ ਵਧ ਆਬਾਦੀ ਇਸੇ ਨੇ ਕੀਤੀ।

ਆਪ ਦੇ ਗ੍ਰਿਹ ਵਿਖੇ ਟਿਕਾ ਬਲਬੀਰ ਸਿੰਘ ਦਾ ਜਨਮ ਸੰਨ ੧੯੧੩ ਈ: ਵਿਚ ਹੋਇਆ। ਰਾਜਾ ਰਘਬੀਰ ਸਿੰਘ ਜੀ ਦੀ ਸਪੁਤ੍ਰੀ ਦੀ ਸ਼ਾਦੀ ਸ: ਲਹਿਣਾ ਸਿੰਘ ਕਲਸੀਆ ਨਾਲ ਹੋਈ। ਰਾਜਾ ਰਘਬੀਰ ਸਿੰਘ ਨੂੰ ਸੰਨ ੧੮੭੬ ਵਿਚ ਜੀ. ਸੀ. ਐਸ. ਆਈ. ਦਾ ਖਿਤਾਬ ਪ੍ਰਾਪਤ ਹੋਇਆ ਤੇ ਰਾਜਾਏ ਰਾਜਗਾਨ ਥਾਪੇ ਗਏ।

ਆਪ ਦਾ ਟਿਕਾ ਬਲਬੀਰ ਸਿੰਘ ਸੰਨ ੧੮੮੩ ਵਿਚ ਚਲਾਣਾ ਕਰ ਗਿਆ, ਆਪ ਨੇ ਪਿਛੋਂ ੭ ਮਾਰਚ ਸੰਨ ੧੮੮੭ ਈ: ਵਿਚ ਚਲਾਣਾ ਕੀਤਾ "ਆਪਦੇ ਟਿਕਾ ਬਲਬੀਰ ਸਿੰਘ ਦੇ ਗ੍ਰਿਹ ਵਿਖੇ ੧੧ ਅਕਤੂਬਰ ਸੰਨ ੧੮੭੯ ਈ: ਨੂੰ

ਟਿਕਾ ਰਣਬੀਰ ਸਿੰਘ ਜਨਮਿਆਂ" ਜਿਸ ਕਰਕੇ ਪੋਤੇ ਨੂੰ ਗੱਦੀ ਮਿਲੀ।

ਟਿੱਕਾ ਰਣਬੀਰ ਸਿੰਘ (ਮੌਜੂਦਾ ਮਹਾਰਾਜਾ ਸਾਹਿਬ ਜੀ) ਉਸ ਵੇਲੇ ਅੱਠ ਕੁ ਸਾਲਾਂ ਦਾ ਸੀ। ਆਪ ਨੂੰ ਰਾਜਾ ਰਘਬੀਰ ਸਿੰਘ ਦੇ ਚਲਾਣੇ ਪਰ ਰਾਜ ਸਿੰਘਾਸਨ ਪਰ ਬਿਠਾਇਆ ਗਿਆ। ਸੰਨ ੧੮੯੯ ਈ: ਵਿਖੇ ਰਾਜ ਕਰਨ ਦੇ ਪੂਰਨ ਅਖਤਿਆਰ ਮਿਲੇ। ਇਸ ਮਹਾਰਾਜਾ ਦੇ ਅਹਿਦ ਵਿਚ ਸ਼ੁਰੂ ਵਿਚ ਰਾਜ ਦੀ ਬਹੁਤ ਤ੍ਰਕੀ ਹੋਈ। ਮਹਾਰਾਜਾ ਨੂੰ ਕੰਨਾਂ ਥੀਂ ਬੋਲਾ ਹੋਣ ਦੀ ਮਰਜ਼ ਨਾਲ ਉਕਾਹੀ ਸੁਣਨੋ ਰਹਿ ਗਿਆ, ਜਿਸ ਕਾਰਨ ਵਜ਼ੀਰਾਂ ਦੀ ਤਾਕਤ ਵਧਦੀ ਗਈ।

ਮਹਾਰਾਜਾ ਨੂੰ ਸ਼ਿਕਾਰ ਦਾ ਪਰੇਮ ਬਹੁਤ ਹੈ, ਆਪ ਸਿਖੀ ਵਲੋਂ ਭੀ ਪਤਤ ਹੋਏ, ਪਰ ਰਾਜ ਘਰਾਣੇ ਵਿਚ ਸਾਰੇ ਕਾਰਜ ਗੁਰਮਤ ਅਨੁਸਾਰ ਕਰੌਂਦੇ ਹਨ, ਵਾਸਤਵ ਵਿਚ ਮਹਾਰਾਜਾ ਰਣਬੀਰ ਸਿੰਘ ਬਹੁਤ ਸਾਧੂ ਸੁਭਾਉ ਤੇ ਨਿਰਛਲ ਮਹਾਰਾਜਾ ਹੈ।

ਆਪਦੀ ਸਰਕਾਰ ਅੰਗਰੇਜ਼ੀ ਵਿਖੇ ਬਹੁਤ ਇਜ਼ਤ ਹੈ ਆਪ ਦੇ ਨਾਮ ਨਾਲ ਬਹੁਤ ਵਡੇ ਵਡੇ ਖਿਤਾਬ ਸ਼ਸ਼ੋਭਿਤ ਹਨ, ਜਿਹਾ ਕਿ:-

ਬਰਿਗਡੀਅਰ ਹਿਜ਼ ਹਾਈ ਨੈਸ, ਫਰਜੰਦੇ ਦਿਲਬੰਦ, ਰਸੂਖੁਲ ਇਤਕਾਦ, ਦਉਲਤੇ ਇੰਗਲਿਸ਼ੀਆ ਰਾਜਾਏ ਰਾਜਗਾਨ ਸਰ ਰਣਬੀਰ ਸਿੰਘ ਰਾਜਿੰਦਰ ਬਹਾਦੁਰ ਜੀ. ਸੀ. ਆਈ ਕੇ. ਸੀ. ਐਸ. ਆਈ. ਇਕਰ ਦੇ ਹੋਰ ਭੀ ਖਿਤਾਬ ਹਨ, ਰਿਆਸਤ ਦੀ ਸਲਾਮੀ ਤੇਰਾਂ ਤੋਪਾਂ ਦੀ ਹੈ, ਪਰ ਇਸ

ਮਹਾਰਾਜੇ ਦੀ ਖਾਸ ਤੌਰ ਪਰ ਪੰਦਰਾਂ ਤੋਪਾਂ ਦੀ ਹੈ।

ਨੋਟ:-ਰਿਆਸਤ ਜੀਂਦ ਮਹਾਰਾਜਿਆਂ ਦਾ ਸਿਖ ਪੰਥ ਨਾਲ ਬਹੁਤ ਪਿਆਰ ਰਿਹਾ ਹੈ। ਰਾਜਾ ਸਰੂਪ ਸਿੰਘ ਜੀ ਨੇ ਬੇਮਿਸਾਲ ਕੁਰਬਾਨੀ ਕਰਕੇ ਗੁਰਦੁਆਰਾ ਸੀਸ ਗੰਜ ਦਿਲੀ ਦੀ ਜਗਾ ਸਰਕਾਰ ਅੰਗਰੇਜ਼ੀ ਪਾਸੋਂ ਹਾਸਲ ਕੀਤੀ ਸੀ, ਇਥੇ ਮੁਸਲਮਾਨਾਂ ਨੇ ਮਸੀਤ ਬਣਾਕੇ ਗੁਰੂਸਥਾਨ ਦੀ ਬੇਅਦਬੀ ਕੀਤੀ ਹੋਈ ਸੀ।

ਪੰਥ ਸੇਵਕ ਰਾਜਾ ਸਰੂਪ ਸਿੰਘ ਦੇ ਚਲਾਣੇ ਪਿਛੋਂ ਮੁਸਲਮਾਨਾ ਨੇ ਵਾਇਸਰਾਇ ਤੀਕ ਝਗੜ ਕੇ ਮਸੀਤ ਪੌਣ ਦੀ ਮੁੜ ਡਿਗਰੀ ਹਾਸਲ ਕਰ ਲਿਤੀ। ਰਾਜਾ ਰਘਬੀਰ ਸਿੰਘ ਨੇ ਭੀ ਬਜ਼ੁਰਗਾਂ ਦੀ ਸ਼ਾਨ ਲਈ ਸਿਖੀ ਪਰੇਮਨੂੰ ਅਗੇ ਵਧਾਇਆ ਤ ਇੰਗਲੈਂਡ ਦੀ ਪ੍ਰਿਤੀਵੀ ਕੌਂਸਲ ਵਿਚ ਅਪੀਲ ਕੀਤੀ, ਬੇਅੰਤ ਰੁਪਿਆ ਮੁਕਦਮੇਂ ਪਰ ਖਰਚ ਕੀਤਾ। ਜਿਥੋਂ ਹੁਕਮ ਲਗਿਆ ਕਿ ਗਦਰ ਦੇ ਦਿਨਾਂ ਵਿਚ ਫੌਜੀ ਅਦਾਲਤ ਦੇ ਕੀਤੇ ਫੈਸਲੇ ਅਟੱਲ ਰਹਿਣਗੇ। ਰਾਜਾ ਰਘਬੀਰ ਸਿੰਘ ਜੀ ਨੇ ਇਸਤਰਾਂ ਫਤਹ ਕਰਕੇ ਸਿਖੀ ਪਰੇਮ ਦਾ ਡੰਕਾ ਬਜਾ ਦਿਤਾ, ਇਸਤਰਾਂ ਜੀਂਦ ਦੇ ਰਾਜਿਆਂ ਦੀ ਸੇਵਾ ਪੰਥ ਵਿਚ ਮਹਾਨ ਉਘੀ ਰਹੀ ਹੈ।

ਹੁਣ! ਜੀਂਦ ਦੇ ਸ਼ਾਹੀ ਖਾਨਦਾਨ ਵਿਚ ਮੁੜ ਬਜ਼ੁਰਗਾਂ ਦੀ ਖਾਲਸਾ ਧਾਰਨਾਂ ਪਰ ਪੂਰਨੇ ਪੌਣ ਦੇ ਆਸਾਰ ਪੈਦਾ ਹੋ ਰਹੇ ਹਨ।

★ ★

ਰਿਆਸਤ ਕਲਸੀਆ (ਛਛਰੌਲੀ)

ਜ਼ਿਲਾ ਅੰਬਾਲੇ ਵਿਚ ਰਾਜ ਧਾਨੀ ਛਛਰੌਲੀ ਹੈ, ਜਿਸ ਨੂੰ ਰਿਆਸਤ ਕਲਸੀਆ ਭੀ ਕਿਹਾ ਜਾਂਦਾ ਹੈ, ਕਿਉਂਕਿ ਇਨਾਂ ਦੇ ਬਜੁਰਗਾਂ ਦਾ ਪਿਛਾ ਨਗਰ ਕਲਸੀਆ, ਜਿਲਾ ਲਾਹੌਰ ਦਾ ਸੀ। ਸ: ਗੁਰਬਖਸ਼ ਸਿੰਘ ਜੀ ਨੇ ਸੰਧੂ ਜਿਮੀਦਾਰਾਂ ਵਿਚੋਂ ਨਿਕਲਕੇ ਅੰਮ੍ਰਿਤ ਛਕ ਖਾਲਸਾ ਧਰਮ ਧਾਰਨ ਕੀਤਾ, ਖਾਲਸਾ ਪੰਥ ਦੀ ਮਦਦ ਨਾਲ ਇਲਾਕਾ ਮਾਰਕੇ ਛਛਰੌਲੀ ਰਾਜ ਧਾਨੀ ਥਾਪੀ।

ਸ: ਗੁਰਬਖਸ਼ ਸਿੰਘ ਜੀ ਪਹਿਲਾਂ ਕਰੋੜੀਆ ਮਿਸਲ ਵਿਚ ਰਲਕੇ ਪੰਥ ਸੇਵਾ ਕਰਦਾ ਸੀ, ਛਛਰੌਲੀ ਮਾਰ ਕੇ ਰਿਆਸਤ ਬਨਾਈ, ਆਪਦੇ ਪਿਛੋਂ ਸ: ਜੋਧ ਸਿੰਘ, ਸ: ਸੋਭਾ ਸਿੰਘ, ਸ: ਬਿਸ਼ਨ ਸਿੰਘ, ਸ: ਰਣਜੀਤ ਸਿੰਘ, ਹੁਕਮਰਾਨ ਰਹੇ ਅਤੇ ਖਾਲਸਾ ਪੰਥ ਨਾਲ ਚੰਗੇ ਸਬੰਧ ਰਖਦੇ ਰਹੇ।

ਸ: ਰਣਜੀਤ ਸਿੰਘ ਦਾ ਦੇਹਾਂਤ ਸੰਨ ੧੯੦੮ ਵਿਚ ਹੋਇਆ। ਆਪ ਦਾ ਟਿਕਾ ਰਵੀਸ਼ੇਰ ਸਿੰਘ ਰਾਜ ਸਿੰਘਾਸਨ ਪਰ ਬੈਠਿਆ ਆਪ ਨੂੰ ਰਾਜਾ ਦੀ ਪਦਵੀ ਹਾਸਲ ਹੋਈ ਆਪਦੀ ਪਹਿਲੀ ਜ਼ਿੰਦਗੀ ਸਿਖ ਜੀਵਨ ਦਾ ਨਮੂਨਾ ਰਹੀ, ਪਿਛੋਂ ਆਕੇ ਪਤਤ ਪੁਣੇ ਦੀ ਲਹਿਰ ਵਿਚ ਫਸੇ। ਆਪ ਦੀ ਸ਼ਾਦੀ ਮਹਾਰਾਜਾ ਗੁਰਚਰਨ ਸਿੰਘ ਜੀ ਨਾਭਾ ਦੀ ਸਪੁਤ੍ਰੀ ਨਾ ਹੋਈ ਸੀ, ਮਹਾਰਾਜਾ ਰਣਬੀਰ ਸਿੰਘ ਜੀ ਦੇ ਆਪ ਭਾਣ ਲਗਦੇ ਸਨ, ਆਪ ਬੀਮਾਰੀ ਦਾ ਇਲਾਜ ਕਰੌਣ ਵਾਸ

ਵਲਾਇਤ ਗਏ ਜਿਥੇ ਕਿ ਆਪ ਜਨਵਰੀ ਸੰਨ ੧੯੪੭ ਈ: ਵਿਚ ਸੁਰਗਵਾਸ ਹੋ ਗਏ।

ਵਰਤਮਾਨ ਮਹਾਰਾਜਾ ਜਗਜੀਤ ਸਿੰਘ ਜੀ ਕਪੂਰਥਲਾ

ਨਵਾਬ ਕਪੂਰ ਸਿੰਘ ਜਥੇਦਾਰ ਸਰਦਾਰ ਦੇ ਨਾਮ ਪਰ ਉਨਾਂ ਦੇ ਧਰਮ ਪੁਤ੍ਰ ਸਰਦਾਰ ਜਸਾ ਸਿੰਘ ਜੀ (ਆਹਲੂ-ਵਾਲੀਆ) ਜਥੇਦਾਰ ਨੇ ਰਿਆਸਤ ਕਪੂਰ ਥਲਾ ਕਾਇਮ ਕੀਤਾ ਸੀ। ਇਸ ਦਾ ਜ਼ਿਕਰ ਪਿਛੇ ਕਾਫੀ ਆਇਆ ਹੈ, ਸਰਦਾਰ ਫਤਹ ਸਿੰਘ ਬਹਾਦਰ ਨੇ ਸ਼ੇਰੇ ਪੰਜਾਬ ਨਾਲ 'ਪਗ ਵਟ ਭਾਈ' ਹੋਣ ਦਾ ਪਿਆਰ ਅਮਲੀ ਤੌਰ ਪਰ ਨਿਭਾਇਆ, ਰਿਆਸਤ ਕਪੂਰ ਥਲਾ ਜ਼ਿਲਾ ਹੁਸ਼ਿਆਰ ਪੁਰ, ਫੀਰੋਜ ਪੁਰ ਜਾਲੰਧਰ ਦੇ ਵਿਚਕਾਰ ਹੈ। ਇਸ ਦਾ ਰਕਬਾ ੬੫੨ ਛੀ ਸੌ ਬਵੰਜਾ ਮਰੱਬਾ ਮੀਲ ਦਾ ਹੈ। ਤਿੰਨ ਕੁ ਲੱਖ ਦੀ ਆਬਾਦੀ ਹੈ। ਪੰਜਾਹ ਕੁ ਲੱਖ ਰੁਪਏ ਦੀ ਸਾਲਾਨਾ ਆਮਦਨ ਹੈ।

ਇਹ ਰਿਆਸਤ ਸਿਖ ਪੰਥ ਦੀ ਮਦਦ ਨਾਲ ਕਾਇਮ ਹੋਣ ਕਰਕੇ ਸਿਖਾਂ ਦਾ ਕੇਂਦਰ ਰਹੀ ਹੈ। ਕੁਝ ਸਮੇਂ ਤੋਂ ਮਹਾਰਾਜਿਆਂ ਦੀ ਸਿਖੀ ਵਲੋਂ ਢਿਲਤਾ ਹੋਣ ਕਰਕੇ ਅਤੇ ਕੇਸਾਂ ਵਲੋਂ ਮੂੰਹ ਮੋੜਨ ਕਰਕੇ ਸਿਖੀ ਸਪਿਰਟ ਮੱਧਮ ਪੈਂਦੀ ਜਾ ਰਹੀ ਹੈ। ਜੋ ਪੰਥ ਲਈ ਮਹਾਨ ਘਾਟੇ ਦਾ ਕਾਰਨ ਹੈ।

ਕਪੂਰ ਥਲੇ ਦੇ ਰਾਜਾ ਰਣਧੀਰ ਸਿੰਘ ਜੀ ਦਾ ਸਪੁਤ੍ਰ

ਖੜਗ ਸਿੰਘ ਜੋ ਕਿ ੧੮੭੦ ਈ: ਵਿਖੇ ਰਾਜ ਗੱਦੀ ਪਰ ਬੈਠਿਆ ਸੀ, ਦੀਮਾਗ ਦਾ ਰੋਗੀ ਹੋਣ ਕਰਕੇ ਸੰਨ ੧੮੭੭ ਈ: ਵਿਚ ਚਲਾਣੇ ਕਰ ਗਿਆ ਸੀ, ਜਿਸ ਕਰਕੇ ਸਿਖ ਰਾਜ ਵਿਚ ਹਿੰਦੂਆਂ ਦਾ ਅਸਰ ਵਧਣ ਲਗਾ। ਇਨਾਂ ਦਾ ਟਿਕਾ ਜਗਜੀਤ ਸਿੰਘ ਛੋਟੀ ਉਮਰ ਵਿਚ ਹੀ ੧੬ ਅਕਤੂਬਰ ਸੰਨ ੧੮੭੭ ਨੂੰ ਰਾਜ ਗੱਦੀ ਪਰ ਬੈਠਿਆ।

ਇਨਾਂ ਨੂੰ ਪਛਮੀ ਸਭਤਾ ਦੀ ਲਾਗ ਲਗੀ ਤੇ ਗੁਰਮੁਖੀ ਵਿਦਿਆ ਤੇ ਗੁਰਮਤ ਵਲੋਂ ਊਣੇ ਰਖਕੇ ਅੰਗਰੇਜ਼ੀ ਤਾਲੀਮ ਦਿਤੀ, ਸਿਖ ਧਰਮ ਦੀ ਘਟ ਵਾਕਫੀ ਹੋਣ ਕਰਕੇ ਇਹ ਪਤਤ ਲਹਿਰ ਵਿਚ ਖਚਤ ਹੋ ਗਏ। ਬਜ਼ੁਰਗਾਂ ਦੀ ਕਰਣੀ ਕਮਾਈ ਵਲ ਘਟ ਧਿਆਨ ਗਿਆ, ਆਪਨੇ ਸੰਨ ੧੮੯੦ ਈ: ਵਿਖੇ ਰਾਜ ਪ੍ਰਬੰਧ ਨੂੰ ਆਪ ਸੰਭਾਲਿਆ।

ਮਹਾਰਾਜਾ ਜਗਜੀਤ ਸਿੰਘ ਨੂੰ ਵਲਾਇਤ ਦੀ ਸੈਰ ਦਾ ਬਹੁਤ ਪਰੇਮ ਹੈ, 'ਰਾਜ ਘਰਾਣੇ ਵਿਚ ਗੁਰਮਤ ਦੀ ਥਾਂ ਪੋਪ ਲੀਲਾ ਨੇ ਭੀ ਆ ਮੱਲੀ'।

ਆਪ ਸਰਕਾਰ ਅੰਗਰੇਜ਼ੀ ਦੇ ਵਡੇ ਵਫਾਦਾਰ ਹਨ, ਆਪ ਦੇ ਨਾਮ ਨਾਲ ਵਡੇ ਵਡੇ ਖਿਤਾਬ ਸ਼ਸ਼ੋਭਤ ਹਨ, ਜੈਸਾ ਕਿ:-

ਕਰਨੈਲ ਹਿਜ਼ ਹਾਈ ਨੈਸ, ਫਰਜੰਦੇ ਦਿਲਬੰਦ, ਰਸੀਖੁਲ ਇਤਕਾਦ ਦੌਲਤੇ ਇੰਗਲਿਸ਼ੀਆ, ਰਾਜਾਏ ਰਾਜਗਾਨ ਮਹਾਰਾਜਾ ਜਗਜੀਤ ਸਿੰਘ ਸੀ. ਐਸ. ਆਈ. ਸੀ. ਆਈ. ਜੀ. ਬੀ. ਈ. ਆਦਿ ਵਾਲੀਏ ਰਿਆਸਤ ਕਪੂਰ ਥਲਾ ਹੋਰ ਭੀ ਕਾਫੀ ਖਿਤਾਬ ਹਨ।

ਮਹਾਰਾਜਾ ਸਾਹਿਬ ਦੇ ਵਡੇ ਸਪੁਤ੍ਰ ਟਿਕਾ ਪਰਮ-ਜੀਤ ਸਿੰਘ ਜੀ ਦਾ ਜਨਮ ੧੯ ਮਈ ਸੰਨ ੧੮੯੨ ਈ: ਦਾ ਹੈ ਅਜਕਲ ਇਸ ਰਾਜ ਘਰਾਨੇ ਵਿਖੇ ਮੁੜ ਕੇਸ ਰਖਣ ਦੀ ਖਾਲਸਾ ਮਰਯਾਦਾ ਦਾ ਪਰੇਮ ਜਾਰੀ ਹੋ ਰਿਹਾ ਹੈ।

ਨੋਟ:- ਰਿਆਸਤ ਕਪੂਰਥਲਾ ਖਾਲਸਾ ਪੰਥ ਦੀ ਕੁਰਬਾਨੀਆਂ ਨਾਲ ਕਾਇਮ ਹੋਈ ਹੈ, ਨਵਾਬ ਕਪੂਰ ਸਿੰਘ ਜੀ ਜਥੇਦਾਰ ਸ: ਜਸਾ ਸਿੰਘ ਜੀ ਜਥੇਦਾਰ ਨੂੰ ਖਾਲਸਾ ਪੰਥ ਵਿਚ ਅਦੁਤੀ ਮਾਣ ਸੀ। ਮੌਜੂਦਾ ਸ਼ਾਹੀ ਖਾਨਦਾਨ ਨੂੰ ਉਨਾ ਦੀ ਕਰਣੀ ਕਮਾਈ ਸਿਖੀ ਸਿਦਕ ਦਾ ਨਮੂਨਾ ਬਣਕੇ ਖਾਲਸਾ ਪੰਥ ਵਿਚ ਹਮੇਸ਼ਾਂ ਲਈ ਉਚ ਮਾਣ ਪ੍ਰਾਪਤ ਕਰਨਾ ਚਾਹੀਦਾ ਹੈ।

—:ਇਤੀ:—

ਨੋਟ:--ਇਸ ਤੋਂ ਅਗਲੇ ਹਿਸੇ ਵਿਖੇ ਖਾਲਸਾ ਪੰਥ ਅਤੇ ਮਿਸਲਾਂ ਦੇ ਸਰਦਾਰਾਂ ਅਤੇ ਸਿਖ ਰਈਸਾਂ ਦੇ ਅਜ ਤਕ ਹਾਲਾਤ ਦਰਜ ਹਨ। ਉਸ ਹਿਸੇ ਦਾ ਨਾਮ **''ਖਾਲਸਾ ਪੰਥ ਦੀ ਵਿਥਿਆ''** ਹੈ।

ਦਾਸ ਲਾਲ ਸਿੰਘ ਗਜਾਨੀ,
ਫਰਵਰੀ ਸੰਨ ੧੯੪੭।

ਗੁਰਮਤ ਪ੍ਰਚਾਰ ਦੇ ਗ੍ਰੰਥ

ਪੰਚ ਖਾਲਸਾ ਨਿਤਨੇਮ	।–)	ਗੁਰੂ ਡੰਮ ਪ੍ਰਚਾਰਕ ਮਹੰਤ	[illegible]
ਕੀਰਤਨ ਪ੍ਰਕਾਸ਼	।)	ਦਸਮ ਗ੍ਰੰਥ ਨਿਰਣਯ	॥=)
ਗੁਰ ਗਿਆਨ ਪ੍ਰਕਾਸ਼	੧)	ਗੁਰਮੰਤ੍ਰ ਪ੍ਰਬੋਧ	।)
ਖਾਲਸਾ ਰਹਿਤ ਪ੍ਰਕਾਸ਼	।–)	ਜ਼ਫਰ ਨਾਮਾ ਸਟੀਕ	॥)
ਗੁਰਮਤੇ ਪ੍ਰਕਾਸ਼	=)	ਗਹਿਣਾ ਪ੍ਰਹਾਰ	[illegible]
ਭਗਉਤੀ ਪ੍ਰਬੋਧ	੧)	ਕਕਾਰ ਫ਼ਿਲਾਸਫ਼ੀ	[illegible]
ਹਮ ਹਿੰਦੂ ਨਹੀਂ	੨)	ਖਾਲਸਾਨੀਤੀਧਰਮ ਸ਼ਾਸਤ੍ਰ	੩॥)
ਵਿਹਾਰ ਸੁਧਾਰ	।॥)	ਸਿਖ ਕਾਨੂੰਨ	੨॥)
ਖਾਲਸਾ ਪੰਚ ਤੰਤ੍ਰ	੨)	ਤਵਾਰੀਖ ਗੁਰੂ ਖਾਲਸਾ ਪੰਥ	
ਬੁਧ ਪ੍ਰਕਾਸ਼ ਸਟੀਕ	।–)	ਤਿੰਨ ਭਾਗ	[illegible]
ਨੀਤੀ ਸਾਰ ਸਟੀਕ	।)	ਮੁਕੰਮਲ	੧੫)
ਮਾਧਵ ਨਲ ਕਾਮ ਕੰਦਲਾ	੧)	ਗੁਰਮਤ ਨਿਰਣਯ ਭੰਡਾਰ	੭)
ਮਨਮਤ ਪ੍ਰਹਾਰ ਮੰਜਰੀ	।)	ਕਠਨ ਪਾਠਾਂ ਦੀ ਕੁੰਜੀ	੩॥)
ਖਾਲਸਾਰਾਜ ਕਿਵੇਂਗਿਆ	≡)	ਸਿਖਾਂ ਨੇ ਰਾਜ ਕਿਵੇਂ ਲਿਆ ?	੩)

ਮੰਗੌਣ ਦਾ ਪਤਾ:–

ਮੈਨੇਜਰ ਪੁਸਤਕ ਭੰਡਾਰ ਪੰਚ ਖੰਡ

ਡਾਕਘਰ ਭਸੌੜ ਰਿਆਸਤ ਪਟਿਆਲਾ

—ਅਤੇ—

ਭਾਈ ਜਵਾਹਰ ਸਿੰਘ ਕਿਰਪਾਲ ਸਿੰਘ

ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅਮ੍ਰਿਤਸਰ